
ਪੰਜਾਬ ਦਾ ਦੁਖਾਂਤ



ਖੁਸ਼ਵੰਤ ਸਿੰਘ
ਕੁਲਦੀਪ ਨਈਅਰ

© ਲੇਖਕ

ISBN : 978-93-82289-17-3
ਨਵੀਂ ਸੋਧੀ ਹੋਈ ਪਹਿਲੀ ਐਡੀਸ਼ਨ- ਜੂਨ 2012
ਮੁੱਲ : **125-00**



ਪ੍ਰਕਾਸ਼ਕ:-

ਭਾਈ ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)
ਫੋਨ : 91-183-2542346, 2547974, 5011003
ਫੈਕਸ : 91-183-5017488
E.Mail : csjssales@hotmail.com
csjspurchase@yahoo.com
csjsexport@gmail.com
Web site : www.csjs.com

ਇਸ ਪੁਸਤਕ ਵਿਚ ਛਪੇ ਤੱਥ, ਰੈਫਰੈਂਸ, ਜਾਣਕਾਰੀ ਆਦਿ ਸਭ ਦੀ ਜ਼ਿੰਮੇਵਾਰੀ ਲੇਖਕ ਦੀ ਹੈ। ਪ੍ਰਕਾਸ਼ਕ ਇਸ ਪੁਸਤਕ ਵਿਚ ਛਪੀ ਕਿਸੇ ਜਾਣਕਾਰੀ ਤੱਥਾਂ ਆਦਿ ਲਈ ਜ਼ਿੰਮੇਵਾਰ ਨਹੀਂ ਹੈ।

(Printed and bounded in India)


ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਤਤਕਰਾ

ਪੰਜਾਬ ਦਾ ਦੁਖਾਂਤ	5
ਕੁਲਦੀਪ ਨਈਅਰ ਦੀ ਭੂਮਿਕਾ	7
ਖ਼ੁਸ਼ਵੰਤ ਸਿੰਘ ਦੀ ਭੂਮਿਕਾ	10
ਉਤਪੱਤੀ-ਕਾਂਡ	17
ਤਬਾਹੀ ਦੇ ਰਾਹ 'ਤੇ	32
ਓਪਰੇਸ਼ਨ ਬਲਿਊ ਸਟਾਰ	98
ਫੱਟਾਂ 'ਤੇ ਮਲ੍ਹਮ	122
ਕੀ ਕੀਤਾ ਜਾ ਸਕਦਾ ਹੈ ?	136

★

ਪੰਜਾਬ ਦਾ ਦੁਖਾਂਤ



ਖੁਸ਼ਵੰਤ ਸਿੰਘ
ਕੁਲਦੀਪ ਨਈਅਰ

ਪੰਜਾਬ ਦਾ ਦੁਖਾਂਤ

ਓਪਰੇਸ਼ਨ ਬਲਿਊ ਸਟਾਰ। ਜੂਨ 1984 ਦੇ ਪਹਿਲੇ ਹਫਤੇ ਅੰਮ੍ਰਿਤਸਰ ਵਿਖੇ ਗੋਲਡਨ ਟੈਂਪਲ ਉਤੇ ਖ਼ੂਨੀ ਧਾਵਾ। ਸਿੱਖ ਦੁਖੀ ਤੇ ਪੀੜਤ। ਪੰਜਾਬ ਦੇ ਹਿੰਦੂਆਂ ਨੇ ਭਿੰਡਰਾਂਵਾਲੇ ਦੀ ਮੌਤ 'ਤੇ ਸੁਖ ਦਾ ਸਾਹ ਲਿਆ ਤੇ ਦਹਿਸ਼ਤ-ਪਸੰਦੀ ਦਾ ਭੋਗ ਪੈਣ ਦੀ ਆਸ ਅਤੇ ਦੋਵੇਂ ਕਮਿਊਨਿਟੀਆਂ ਇਕ ਦੂਜੇ ਦੇ ਜਜ਼ਬਾਤ ਤੋਂ ਅਭਿਜ। ਇਹ ਹੈ ਪੰਜਾਬ ਦਾ ਦੁਖਾਂਤ ਅਤੇ 1947 ਤੋਂ ਪਿੱਛੋਂ ਭਾਰਤੀ ਰਾਸ਼ਟਰੀਅਤਾ ਦਾ ਸਭ ਤੋਂ ਵੱਡਾ ਸੰਕਟ।

ਇਹ ਸਭ ਕੁਝ ਕਿਉਂ ਹੋਇਆ, ਇਸ ਪੁਸਤਕ ਵਿਚ ਇਹੋ ਦੱਸਣ ਦਾ ਜਤਨ ਕੀਤਾ ਗਿਆ ਹੈ ਤੇ ਹੁਣ ਕੀ ਕੀਤਾ ਜਾ ਸਕਦਾ ਹੈ, ਇਸ ਨੂੰ ਜਾਣਨ ਦਾ ਜਤਨ ਕੀਤਾ ਗਿਆ ਹੈ। ਦੋ ਸਿਰਕੱਢ ਲੇਖਕਾਂ ਨੇ ਹਿੰਦੂ ਤੇ ਸਿੱਖਾਂ ਵਿਚ ਪਏ ਵਿਸ਼ਾਲ ਪਾੜੇ ਦੀ ਇਤਿਹਾਸਕ—ਤੇ ਵਧੇਰੇ ਪਿੱਛੇ ਜਿਹੇ ਦੀ—ਉਤਪਤੀ ਨੂੰ ਜਾਣਨ ਪਛਾਣਨ ਦੀ ਕੋਸ਼ਿਸ਼ ਕੀਤੀ ਹੈ। ਕਰਤੇ ਸੱਤਾ ਪ੍ਰਾਪਤੀ ਲਈ ਉਸ ਸਨਕੀ ਖੇਡ ਅਤੇ ਰਾਜਸੀ ਚਾਲਾਂ ਨੂੰ ਵੀ ਉਘਾੜ ਕੇ ਪੇਸ਼ ਕਰਦੇ ਹਨ ਜਿਨ੍ਹਾਂ ਨੇ ਭਿੰਡਰਾਂਵਾਲੇ ਨੂੰ ਉਚ-ਦੁਮਾਲੜਾ ਬਣਾਉਣ ਲਈ ਰਾਹ ਖੋਲ੍ਹਿਆ ਅਤੇ ਫੇਰ ਇਹਦੇ ਨਤੀਜੇ ਦੇ ਤੌਰ 'ਤੇ ਆਖ਼ਰਕਾਰ ਗੋਲਡਨ ਟੈਂਪਲ ਉਤੇ ਹੀ ਫ਼ੌਜੀ ਚੜ੍ਹਾਈ ਕਰਨੀ ਪਈ। ਓਪਰੇਸ਼ਨ ਬਲਿਊ ਸਟਾਰ ਨੂੰ ਵੇਰਵੇ ਵਿਚ ਬਿਆਨਿਆ ਗਿਆ ਹੈ ਅਤੇ ਇਸ ਕਾਰਵਾਈ ਦੀ ਉਚਿਤਤਾ ਅਤੇ ਇਹਦੇ ਸਿਰੇ ਚੜ੍ਹਾਉਣ ਦੇ ਢੰਗ-ਤਰੀਕਿਆਂ ਬਾਰੇ ਅਤੇ ਬਲਿਊ ਸਟਾਰ ਪਿੱਛੋਂ 'ਮਲ੍ਹਮ ਲਾਉਣਾ' ਦੇ ਅਕਸਰ ਭੱਦੇ ਤਰੀਕਿਆਂ ਬਾਰੇ ਬਹਿਸ-ਗੋਚਰੇ ਸਵਾਲ ਉਠਾਏ ਗਏ ਹਨ। ਪੰਜਾਬ ਵਿਖੇ ਵਾਤਾਵਰਨ ਵਿਚ ਨਫ਼ਰਤ ਭਰੀ ਪਈ ਹੈ, ਅਫਵਾਹਾਂ ਉਡ ਰਹੀਆਂ ਹਨ ਅਤੇ ਸ਼ੱਕ ਸ਼ੁਬ੍ਹੇ ਤੇ ਕੁੜੱਤਣ ਪਾਏ ਜਾਂਦੇ ਹਨ।

ਇਹ ਸਿਰਕੱਢ ਲੇਖਕ ਹਨ ਖੁਸ਼ਵੰਤ ਸਿੰਘ ਅਤੇ ਕੁਲਦੀਪ ਨਈਅਰ।

ਖੁਸ਼ਵੰਤ ਸਿੰਘ ਪੰਜਾਬੀ ਜਗਤ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਹਨੇ ਪਾਕਿਸਤਾਨ ਮੇਲ (ਏ ਟਰੇਨ ਟੂ ਪਾਕਿਸਤਾਨ) ਅਤੇ ਸਿੱਖ ਇਤਿਹਾਸ ਲਿਖ ਕੇ ਸਾਹਿਤ ਸੰਸਾਰ ਵਿਚ ਨਾਮਣਾ ਖੱਟਿਆ। ਫੇਰ ਪੱਤਰਕਾਰੀ ਦੇ ਖੇਤਰ ਵਿਚ ਪ੍ਰਸਿੱਧੀ ਦੀ ਸਿਖਰ ਛੁਹੀ ਜਦੋਂ ਉਹਨੇ 1969 ਵਿਚ ਦਿ ਇਲਸਟਰੇਟਿਡ ਵੀਕਲੀ ਆਫ਼ ਇੰਡੀਆ ਦਾ ਐਡੀਟਰ ਲੱਗ ਕੇ ਇਸ ਰਸਾਲੇ ਨੂੰ ਚਾਰ-ਚੰਨ ਲਾਏ। ਉਹ ਦਿ ਹਿੰਦੁਸਤਾਨ ਟਾਈਮਜ਼ ਦਾ ਐਡੀਟਰ ਵੀ ਲੱਗਿਆ ਰਿਹਾ ਹੈ। ਉਹ ਅਕਸਰ ਵਿਵਾਦੀ ਪਰ ਸਦਾ ਹੀ ਟੁੰਬਣ ਵਾਲਾ ਪੱਤਰਕਾਰ ਰਿਹਾ ਹੈ। ਵੱਖ-ਵੱਖ ਅਖ਼ਬਾਰਾਂ ਤੇ ਰਸਾਲਿਆਂ ਵਿਚ ਉਹਦੇ ਕਾਲਮ ਬੜੀ ਦਿਲਚਸਪੀ ਨਾਲ ਪੜ੍ਹੇ ਜਾਂਦੇ ਹਨ।

ਕੁਲਦੀਪ ਨਈਅਰ ਦੇਸ਼ ਦਾ ਇਕ ਸਿਖਰਲੀ ਪੱਧਰ ਦਾ ਰਾਜਸੀ ਪੱਤਰਕਾਰ ਤੇ ਅਖ਼ਬਾਰ-ਨਵੀਸ ਹੈ। ਉਹਨੇ ਰਾਜਸੀ ਮਸਲਿਆਂ ਤੇ ਕਈ ਬੈੱਸਟ-ਸੈੱਲਰ ਕਿਤਾਬਾਂ ਵੀ ਲਿਖੀਆਂ ਹਨ ਜਿਨ੍ਹਾਂ ਵਿਚੋਂ ਕੁਝ ਇਹ ਹਨ : ਨਾਜ਼ੁਕ ਵਰ੍ਹੇ (Critical Years) ਤੇ ਸਤਰਾਂ ਵਿਚਕਾਰ (Between the Lines) ਅਤੇ ਫ਼ੈਸਲਾ (Judgement), ਇਹ ਸਭ ਅੰਗਰੇਜ਼ੀ ਵਿਚ ਹਨ।

—ਪ੍ਰਕਾਸ਼ਕ

ਕੁਲਦੀਪ ਨਈਅਰ ਦੀ ਭੂਮਿਕਾ

ਪੰਜਾਬ ਦਾ ਦੁਖਾਂਤ ਇਹ ਹੈ ਕਿ ਹੁਣ ਪੰਜਾਬ ਵਿਚ ਕੋਈ ਪੰਜਾਬੀ ਨਹੀਂ ਰਹੇ—ਇਥੇ ਬੱਸ ਸਿੱਖ ਤੇ ਹਿੰਦੂ ਰਹਿੰਦੇ ਹਨ। ਜੇ ਕੋਈ ਪੰਜਾਬੀ ਬਚ ਰਹੇ ਹਨ ਤਾਂ ਉਹ ਪੰਜਾਬ ਤੋਂ ਬਾਹਰ ਰਹਿੰਦੇ ਹਨ ਤੇ ਉਹ ਵੀ ਹੁਣ ਆਪਣੇ-ਆਪਣੇ ਧਰਮ ਅਨੁਸਾਰ ਵੰਡੇ ਜਾ ਰਹੇ ਹਨ। ਮੈਂ ਇਹ ਕਿਤਾਬ ਇਸ ਆਸ ਵਿਚ ਲਿਖ ਰਿਹਾ ਹਾਂ ਕਿ ਉਹਨਾਂ ਦੇ ਸਾਹਮਣੇ, ਬਾਕੀ ਦੇਸ਼ ਦੇ ਸਾਹਮਣੇ ਘਟਨਾਵਾਂ ਦਾ ਸੱਚਾ ਬ੍ਰਿਤਾਂਤ ਰੱਖ ਕੇ, ਇਸ ਖ਼ਤਰੇ-ਪਈ ਜਾਤੀ ਨੂੰ ਬਚਾਵੁਣ ਵਿਚ ਸਹਾਈ ਹੋ ਸਕਾਂ।

ਕੌੜੀ ਗੁੱਝੀ ਮਸ਼ਕਰੀ ਇਹ ਹੈ ਕਿ ਪੰਜਾਬ ਵਿਚ ਝਗੜੇ ਦੀਆਂ ਜੜ੍ਹਾਂ ਪੰਜਾਬੀ ਬੋਲਦੇ ਰਾਜ ਦੀ ਸਿਰਜਣਾ ਵਿਚ ਮਿਲਦੀਆਂ ਹਨ—ਬੋਲੀ ਜੋ ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਦੋਹਾਂ ਦੀ ਮਾਂ-ਬੋਲੀ ਹੈ। ਇਹ ਸਿਰਜਣਾ ਸਟੇਟਸ ਰੀਆਰਗੇਨਾਈਜ਼ੇਸ਼ਨ ਕਮਿਸ਼ਨ (1955) ਦੀ ਚੇਤਾਉਣੀ ਦੀ ਬਾਵਜੂਦ ਕੀਤੀ ਗਈ : "ਪ੍ਰਸਤਾਵਤ ਰਾਜ ਨਾ ਹੀ ਭਾਸ਼ਾਈ ਮਸਲੇ ਨੂੰ ਨਜਿਠ ਸਕੇਗਾ ਅਤੇ ਨਾ ਹੀ ਫਿਰਕੂ ਮਸਲੇ ਨੂੰ, ਅਤੇ ਅੰਦਰਲੇ ਖਿਚਾਉ ਨੂੰ ਦੂਰ ਕਰਨ ਦੀ ਥਾਂ, ਜੋ ਭਾਸ਼ਾਈ ਤੌ ਪ੍ਰਾਦੇਸ਼ਕ ਗਰੋਹਾਂ ਵਿਚ ਨਹੀਂ ਸਗੋਂ ਫਿਰਕੂ ਗਰੋਹਾਂ ਵਿਚਕਾਰ ਮੌਜੂਦ ਹੈ, ਇਹ ਇਸ ਵੇਲੇ ਮੌਜੂਦ ਜਜ਼ਬਾਤ ਨੂੰ ਹੋਰ ਵਧਾ ਦੇਵੇਗੀ।"

ਪਰ ਜਦੋਂ ਦੇਸ਼ ਵਿਚ ਹੋਰਨੀਂ ਥਾਈਂ ਭਾਸ਼ਾਈ ਰਾਜ ਬਣਾਏ ਰਾਜ ਰਹੇ ਸਨ, ਪੰਜਾਬੀ ਸੂਬੇ ਲਈ ਅਕਾਲੀ ਮੰਗ ਤੋਂ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ। ਜਦੋਂ ਉਹਨਾਂ ਦੀ ਐਜੀਟੇਸ਼ਨ ਆਪਣੀ ਸਿਖਰ 'ਤੇ ਪਹੁੰਚੀ, ਲਾਲ ਬਹਾਦਰ ਸ਼ਾਸਤਰੀ ਗ੍ਰਹਿ ਮੰਤਰੀ ਸੀ, ਉਹ ਅਕਾਲੀਆਂ ਨਾਲ ਸਮਝੌਤੇ ਦਾ ਚਾਹਵਾਨ ਸੀ। "ਮੁਸਲਮਾਨ ਸਾਡੇ ਨਾਲ ਨਹੀਂ, ਅਸੀਂ ਸਿੱਖਾਂ ਨੂੰ ਵੱਖ ਨਹੀਂ ਕਰ ਸਕਦੇ", ਉਹ ਆਖਦਾ। ਉਹਦੇ ਪ੍ਰਧਾਨ ਮੰਤਰੀ ਬਣਨ ਤੇ ਪੰਜਾਬ ਨੂੰ ਵੰਡ ਕੇ ਇਹ ਰਾਜ ਕਾਇਮ ਕਰਨ ਦਾ ਫ਼ੈਸਲਾ ਕੀਤਾ ਗਿਆ।

ਜਦੋਂ ਇਹ ਤਜਵੀਜ਼ ਕਾਂਗਰਸ ਵਰਕਿੰਗ ਕਮੇਟੀ ਸਾਹਮਣੇ, 1965 ਵਿਚ ਰੱਖੀ ਗਈ ਤਾਂ ਮੋਰਾਰਜੀ ਡੇਸਾਈ, ਰਾਮਸੁਭਾਗ ਸਿੰਘ, ਜਿਹੜਾ ਉਦੋਂ ਬਿਹਾਰ ਤੋਂ ਕੈਬਨਟ ਮੰਤਰੀ ਸੀ ਅਤੇ ਉੜੀਸਾ ਦੇ ਸਾਬਕ ਮੁੱਖ ਮੰਤਰੀ, ਬਿਜੂ ਪਟਨਾਇਕ ਨੇ ਜੀਹਨੇ ਪੰਜਾਬੀ ਹਿੰਦੂ ਕੁੜੀ ਨਾਲ ਵਿਆਹ ਕੀਤਾ ਹੋਇਆ ਸੀ, ਇਹਦੀ ਵਿਰੋਧਤਾ ਕੀਤੀ। ਬਿਜੂ ਪਟਨਾਇਕ ਫ਼ੌਜੀ ਮਾਮਲਿਆਂ ਤੋਂ ਜਾਣੂ ਹੋਣ ਕਰ ਕੇ, ਸਮਝਦਾ ਸੀ ਕਿ ਸਰਹੱਦੀ ਰਾਜ ਛੋਟਾ ਨਹੀਂ ਹੋਣਾ ਚਾਹੀਦਾ, ਵੱਡਾ ਹੋਣਾ ਚਾਹੀਦਾ ਹੈ।

ਉਹਨਾਂ ਦੇ ਦਲੀਲ ਦਿੱਤੀ ਕਿ ਰਾਜ ਵਿਚ ਪੰਜਾਬੀ ਤੇ ਹਿੰਦੀ-ਬੋਲਦੇ ਇਲਾਕਿਆਂ ਵਿਚਕਾਰ ਸੀਮਾ-ਰੇਖਾ ਅਸਲ ਨਾਲੋਂ ਸਿਧਾਂਤਕ ਵਧੇਰੇ ਹੈ, ਪੱਛਮੀ ਪੰਜਾਬ ਤੋਂ ਵੱਡੀ ਗਿਣਤੀ ਵਿਚ ਪੰਜਾਬੀ-ਬੋਲਦੇ ਲੋਕਾਂ ਦੇ ਵੱਡੇ ਪੈਮਾਨੇ ਤੇ ਰਾਜ ਦੇ ਸਭਨਾਂ ਜ਼ਿਲ੍ਹਿਆਂ ਵਿਚ ਆ ਵੱਸਣ ਨਾਲ, ਇਹ ਰੇਖਾ

ਹੋਰ ਵੀ ਵਧੇਰੇ ਮੱਹਤਾ ਹੋ ਗਈ ਹੋਈ ਹੈ।

ਜਦੋਂ ਸ੍ਰੀਮਤੀ ਗਾਂਧੀ 1966 ਵਿਚ ਪ੍ਰਧਾਨ ਮੰਤਰੀ ਬਣੀ, ਉਹਨੇ ਪੰਜਾਬ ਨੂੰ ਵੰਡਣ ਲਈ ਸ਼ਾਹ ਕਮਿਸ਼ਨ ਥਾਪਿਆ ਅਤੇ ਉਹਨੇ 1950 ਦੀ ਵਿਵਾਦੀ ਮਰਦੁਮ-ਸੁਮਾਰੀ ਦੇ ਆਧਾਰ ਉਤੇ ਹੱਦਬੰਦੀ ਤਹ ਦਿੱਤੀ, ਇਥੋਂ ਤੱਕ ਕਿ ਚੰਡੀਗੜ੍ਹ ਹਰਿਆਣੇ ਨੂੰ ਦੇ ਦਿੱਤਾ।

ਸ੍ਰੀਮਤੀ ਗਾਂਧੀ ਨੇ ਪੰਜਾਬੀ-ਬੋਲਦਾ ਰਾਜ ਕਿਉਂ ਬਣਾਇਆ, ਇਸ ਸੰਬੰਧ ਵਿਚ ਉਹਦੀ ਦਲੀਲ ਵੀ ਸ਼ਾਸਤਰੀ ਵਾਲੀ ਹੀ ਸੀ। ਸ੍ਰੀਮਤੀ ਇੰਦਰਾ ਗਾਂਧੀ ਦੇ ਸਲਾਹਕਾਰਾਂ ਨੇ ਉਹਨੂੰ ਦੱਸਿਆ ਕਿ ਜਵਾਹਰ ਲਾਲ ਨਹਿਰੂ ਘੱਟ-ਗਿਣਤੀਆਂ ਨੂੰ ਸਦਾ ਹੀ ਮੁਖ ਰੱਖਦੇ ਸਨ, ਜੋ ਆਪਣੀ ਵਾਰੀ ਉਹਦੀਆਂ ਹਿਮਾਇਤੀ ਸੀ, ਉਹ ਵੀ ਸਿੱਖਾਂ ਦੀ ਮਿਲਵਰਤਨ ਨੂੰ ਯਕੀਨੀ ਬਣਾ ਸਕਦੀ ਹੈ, ਜਿਹੜੇ ਇਕ ਘੱਟ-ਗਿਣਤੀ ਹਨ।

ਇਸ ਤਰ੍ਹਾਂ ਪੰਜਾਬ ਨੂੰ ਮੁੜ ਕੱਟਿਆ ਗਿਆ ਤੇ ਇਸ ਨੂੰ ਏਡਾ ਛੋਟਾ ਬਣਾ ਦਿੱਤਾ ਗਿਆ ਜੀਹਨੂੰ ਇਕ ਅਕਾਲੀ ਲੀਡਰ ਦੇ ਕਹਿਣ ਅਨੁਸਾਰ, ਬਾਈਸਿਕਲ ਉਤੇ ਇਕ ਦਿਨ ਵਿਚ ਪਾਰ ਕੀਤਾ ਜਾ ਸਕਦਾ ਹੈ। ਇਥੋਂ ਤੱਕ ਕਿ ਕਾਂਗੜੇ ਨੂੰ ਵੀ, ਜਿਸ ਦੀ ਲਿਪੀ ਗੁਰਮਖੀ ਸੀ, ਪੰਜਾਬ ਨਾਲੋਂ ਵੱਖ ਕਰ ਦਿੱਤਾ ਗਿਆ। ਚੰਡੀਗੜ੍ਹ ਨੂੰ ਜਿਹੜਾ ਲਾਹੌਰ ਦੇ ਬਦਲੇ ਪੰਜਾਬੀਆਂ ਨੂੰ ਸੌਗਾਤ ਮਿਲੀ ਸੀ, ਪੰਜਾਬ ਅਤੇ ਨਵੇਂ ਰਾਜ ਹਰਿਆਣਾ ਲਈ ਸਾਂਝੀ ਰਾਜਧਾਨੀ ਗਹਿਣ ਦਿੱਤਾ ਗਿਆ।

ਪੰਜਾਬੀ-ਬੋਲਦੇ ਰਾਜ ਦੀ ਸਿਰਜਣਾ ਪਿੱਛੋਂ ਅਕਾਲੀਆਂ ਨੂੰ ਚਾਹੀਦਾ ਸੀ ਉਹ ਹਿੰਦੂਆਂ ਨੂੰ, ਜਿਹੜੇ ਅਰੰਭ ਤੋਂ ਹੀ ਇਹਦੇ ਵਿਰੁਧ ਸਨ ਤੇ ਜਿਹੜੇ ਡਰਦੇ ਸਨ ਕਿ ਉਹ ਨਵੇਂ ਰਾਜ ਵਿਚ 42 ਫੀਸਦੀ ਰਹਿ ਕੇ ਇਕ ਘੱਟ-ਗਿਣਤੀ ਬਣ ਜਾਣਗੇ, ਮਨਾਉਂਦੇ ਤੇ ਪਤਿਆਉਂਦੇ, ਪਰ ਅਕਾਲੀਆਂ ਨੇ ਆਪਣੀਆਂ ਸਰਗਰਮੀਆਂ ਸਿੱਖਾਂ ਤੱਕ ਹੀ ਸੀਮਿਤ ਰੱਖੀਆਂ, ਇਹਦੇ ਨਾਲ ਉਹਨਾਂ ਨੂੰ ਇਕ ਹੋਂਦ, ਪਛਾਣ (identity) ਦਾ ਅਹਿਸਾਸ ਮਿਲ ਗਿਆ, ਭਰੋਸੇਯੋਗ ਅਨੁਆਈ ਮਿਲ ਗਏ ਅਤੇ ਗੁਰਦੁਆਰਿਆਂ ਦੇ ਫੰਡਾਂ ਉਤੇ ਕੰਟਰੋਲ ਮਿਲ ਗਿਆ ਤੇ ਉਹਨਾਂ ਨੇ ਤਬਦੀਲੀ ਲਈ ਕੋਈ ਲੋੜ ਨਾ ਸਮਝੀ। ਹਿੰਦੂਆਂ ਨੂੰ ਆਪਣੇ ਘੇਰੇ ਵਿਚ ਦਾਖ਼ਲ ਕਰਨਾ ਜਾਂ ਪੰਜਾਬੀ ਪਲੇਟਫਾਰਮ ਬਣਾਉਣਾ ਅਕਾਲੀ ਪਾਰਟੀ ਦੇ ਸੁਭਾਉ ਨੂੰ ਸੂਤ ਨਹੀਂ ਸੀ ਬੈਠਦਾ।

ਏਸ ਸੁੰਗੜੇ ਹੋਏ ਪੰਜਾਬ ਵਿਚ, ਹਿੰਦੂਆਂ ਤੇ ਸਿੱਖਾਂ ਵਿਚਲਾ ਪਾੜਾ ਹੋਰ ਵੀ ਬਹੁਤਾ ਚੌੜਾ ਹੋ ਗਿਆ ਤੇ ਇਕ ਪੰਜਾਬੀ ਦੇ ਨਾਤੇ ਮੈਨੂੰ ਇਹਦਾ ਦੁੱਖ ਹੈ ਤੇ ਪਿੱਛੇ ਜੇਹੇ ਦੀਆਂ ਘਟਨਾਵਾਂ ਨੇ ਤਾਂ ਹੋਰ ਵੀ ਬਹੁਤਾ ਦੁੱਖ ਪੁਚਾਇਆ ਹੈ। ਗੋਲਡਨ ਟੈਂਪਲ ਨੂੰ ਪੁੱਜੇ ਨੁਕਸਾਨ ਤੋਂ ਮੈਨੂੰ ਦੁੱਖ ਪੁੱਜਾ ਹੈ। ਮੈਂ ਭਾਵੇਂ ਹਿੰਦੂ ਹਾਂ, ਮੈਂ ਗੋਲਡਨ ਟੈਂਪਲ ਇੰਨੀ ਬਹੁਤੀ ਵਾਰ ਗਿਆ ਹਾਂ ਕਿ ਗਿਣਤੀ ਯਾਦ ਨਹੀਂ। ਇਹ ਕੋਈ ਵਿਸ਼ੇਸ਼ ਗੱਲ ਨਹੀਂ, ਰਾਜ ਦੇ ਹਿੰਦੂਆਂ ਤੇ ਸਿੱਖਾਂ, ਦੋਹਾਂ ਬਾਰੇ ਹੀ ਇਹ ਗੱਲ ਸੱਚੀ ਹੈ। ਗੋਲਡਨ ਟੈਂਪਲ ਪੰਜਾਬੀ ਪ੍ਰਕਿਰਤੀ, ਪੰਜਾਬੀ ਲੋਕਾਚਾਰ ਦਾ ਅੰਗ ਹੈ ਤੇ ਉਹਦੀ ਦੇਸ਼-ਵਿਆਪੀ ਮਹੱਤਤਾ ਵੀ ਹੈ।

ਖ਼ੁਸ਼ਵੰਤ ਸਿੰਘ ਤੇ ਮੈਂ ਦੋ ਵੱਖ-ਵੱਖ ਕਿਤਾਬਾਂ ਲਿਖਣਾ ਵਿਉਂਤਿਆ ਸੀ, ਪਰ ਇਹਨਾਂ ਨੂੰ ਇਕੋ ਕਿਤਾਬ ਦਾ ਰੂਪ ਦੇਣ ਦਾ ਫ਼ੈਸਲਾ ਕੀਤਾ ਗਿਆ ਤਾਂ ਜੁ ਵਧੇਰੇ ਪੂਰਨ ਤਸਵੀਰ ਪੇਸ਼ ਕੀਤੀ ਜਾ ਸਕੇ। ਅਸਾਂ ਇਕ ਦੂਜੇ ਦੇ ਖੇਤਰ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਹੈ—ਰਾਜਸੀ ਖੇਤਰ ਮੇਰਾ

ਹੈ ਅਤੇ ਇਤਿਹਾਸਕ ਉਹਦਾ, ਪਰ ਕਈ ਥਾਂ ਦੁਹਰਾਉ ਮਿਲ ਸਕਦਾ ਹੈ, ਕਿਉਂ ਜੁ ਅਸਾਂ ਫ਼ੈਸਲਾ ਕੀਤਾ ਸੀ ਕਿ ਪ੍ਰਕਾਸ਼ਤ ਹੋਣ ਤੋਂ ਪਹਿਲਾਂ ਇਕ ਦੂਜੇ ਦੀ ਲਿਖਤ ਨੂੰ ਵੇਖਾਂਗੇ ਨਹੀਂ। ਦੂਜਾ, ਤੀਜਾ ਤੇ ਪੰਜਵਾਂ ਕਾਂਡ ਮੇਰੇ ਹਨ, ਪਹਿਲਾ ਤੇ ਚੌਥਾ ਕਾਂਡ ਉਹਦੇ ਹਨ। ਸਾਡਾ ਮਨੋਰਥ ਇਹ ਰਿਹਾ ਹੈ ਕਿ ਲੋਕਾਂ ਨੂੰ ਉਸ ਦੁਖਾਂਤ ਦੀ ਵਾਰਤਾ ਸੁਣਾਈਏ ਜਿਹੜੀ ਭਾਰਤੀਆਂ ਤੇ ਪੰਜਾਬੀਆਂ ਵਜੋਂ ਸਾਡੇ ਲਈ ਭਾਵੇਂ ਕੇਡੀ ਹੀ ਦੁਖਦਾਈ ਹੈ, ਪਰ ਦੱਸੀ ਹੀ ਜਾਣੀ ਚਾਹੀਦੀ ਹੈ। ਇਸ ਦੁਖਾਂਤ ਦਾ ਇਕ ਅੰਗ ਇਹ ਹੈ ਕਿ ਸੂਰਮਿਆਂ ਦੀ ਭੂਮੀ, ਪੰਜਾਬ ਦੀ ਇਸ ਵਾਰਤਾ ਵਿਚ ਕੋਈ ਸੂਰਮੇ ਨਹੀਂ ਹਨ, ਭਾਵੇਂ ਪੰਜਾਬ ਵਿਚ ਕਰੋੜਾਂ ਲੋਕ ਵੱਸਦੇ ਹਨ।

ਮੈਂ ਵੀ. ਏ. ਮੈਨਨ ਦੇ ਸੁਝਾਆਂ ਲਈ ਉਸ ਦਾ ਅਤੇ ਅਣਥਕ ਟਾਈਪਿੰਗ ਲਈ ਆਰ. ਰਾਮਚੰਦਰਨ ਦਾ ਅਤੇ ਕਰੜੀ ਘਾਲਣਾ ਵਾਲੀ ਖੋਜ ਲਈ ਸ੍ਰੀਮਤੀ ਕਿਸ਼ਵਰ ਆਹਲੂਵਾਲੀਆ ਦਾ ਧੰਨਵਾਦੀ ਹਾਂ।

★

ਖ਼ੁਸ਼ਵੰਤ ਸਿੰਘ ਦੀ ਭੂਮਿਕਾ

ਮੈਂ ਇਸ ਭੂਮਿਕਾ ਨੂੰ ਬੀਤੇ ਕੁਝ ਸਾਲਾਂ ਵਿਚ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਵੱਲ ਆਪਣੇ ਵਤੀਰੇ ਦੀ ਨਿੱਜੀ ਵਿਆਖਿਆ ਦਾ ਰੂਪ ਦੇਣ ਲਈ ਪਾਠਕਾਂ ਤੋਂ ਖਿਮਾਂ ਦਾ ਜਾਚਕ ਹਾਂ। ਅਜਿਹਾ ਕਰਨ ਤੋਂ ਪਹਿਲਾਂ ਮੈਂ ਮੁੜ-ਆਖਣਾ ਚਾਹਾਂਗਾ ਕਿ ਮੈਂ ਪੱਕੇ ਧਾਰਮਿਕ ਵਿਸ਼ਵਾਸਾਂ ਵਾਲਾ ਆਦਮੀ ਕਦੇ ਵੀ ਨਹੀਂ ਸਾਂ ਤੇ ਨਾ ਹੀ ਹੁਣ ਹਾਂ ਤੇ ਮੇਰਾ ਜਜ਼ਬਾਤੀ ਮੋਹ ਸਿੱਖ ਮੱਤ ਨਾਲੋਂ ਵਧੇਰੇ ਕਰਕੇ ਸਿੱਖ ਕਮਿਊਨਿਟੀ ਨਾਲ ਹੈ ਜਿਸ ਨਾਲ ਮੈਂ ਸਬੱਬੋਂ ਹੀ ਆਪਣੇ ਜਨਮ ਸਦਕਾ ਜੁੜਿਆ ਹੋਇਆ ਹਾਂ। ਇਹਦੇ ਨਾਲ ਹੀ ਮੈਂ ਭਾਵੇਂ ਕੱਟੜ ਦੇਸ਼-ਭਗਤ ਨਹੀਂ, ਮੈਂ ਆਪਣੇ ਆਪ ਨੂੰ ਸਦਾ ਹੀ ਸਿੱਖ ਨਾਲੋਂ ਬਹੁਤਾ ਭਾਰਤੀ ਸਮਝਿਆ ਹੈ। ਵਫਾਦਾਰੀਆਂ ਦੀ ਇਹ ਦਰਜਾਬੰਦੀ ਇਹਨੂੰ ਸਪੱਸ਼ਟ ਕਰ ਦੇਵੇਗੀ ਕਿ ਓਪਰੇਸ਼ਨ ਬਲਿਊ ਸਟਾਰ ਦਾ ਮੇਰੇ ਉਤੇ ਏਡਾ ਤਕੜੀ ਤਰ੍ਹਾਂ ਪ੍ਰਤੀਕਰਮ ਕਿਉਂ ਹੋਇਆ। ਮੈਂ ਪੂਜਾ-ਸਥਾਨਾਂ ਨੂੰ ਉਚੇਚੀ ਪਾਵਨਤਾ ਵਾਲੇ ਸਥਾਨ ਨਹੀਂ ਸਮਝਦਾ ਤੇ ਉਹਨਾਂ ਦੀ ਤਾਂ ਗੱਲ ਹੀ ਛੱਡੋ ਜਿਨ੍ਹਾਂ ਦੀ ਅਯੋਗ ਵਰਤੋਂ ਕਰਦਿਆਂ ਉਹਨਾਂ ਨੂੰ ਗੜ੍ਹੀਆਂ ਵਿਚ ਤਬਦੀਲ ਕੀਤਾ ਜਾਂਦਾ ਹੈ ਅਤੇ ਜਿਥੇ ਕਾਨੂੰਨ ਦੇ ਭਗੋੜਿਆਂ ਨੂੰ ਪਨਾਹ ਮਿਲਦੀ ਹੈ। ਜੂਨ 1984 ਦੇ ਪਹਿਲੇ ਹਫਤੇ ਜੋ ਆਖ਼ਰੀ ਸਿੱਟਾ ਨਿਕਲਿਆ, ਮੈਂ ਉਸ ਤੋਂ ਚਿਰੋਕਣਾ ਪਹਿਲਾਂ ਅਕਾਲੀਆਂ ਤੇ ਸਰਕਾਰ, ਦੋਹਾਂ ਨੂੰ ਹੀ ਇਸ ਧਰਮ-ਅਸਥਾਨ ਦੀ ਬੇਅਦਬੀ ਲਈ ਦੋਸ਼ੀ ਠਹਿਰਾਉਂਦਾ ਹਾਂ। ਅਕਾਲੀਆਂ ਨੇ ਜਾਣਦਿਆਂ-ਬੁਝਦਿਆਂ ਜਾਂ ਅਨਜਾਣਪੁਣੇ ਵਿਚ, ਹਥਿਆਰ ਟੈਂਪਲ ਵਿਚ ਬਿਨਾਂ ਰੋਕ ਟੋਕ ਦੇ ਜਾਣ ਦਿੱਤੇ ਅਤੇ ਦਹਿਸ਼ਤਪਸੰਦ ਕਾਰਵਾਈਆਂ ਦੀ ਨਿਖੇਧੀ ਕਰਨੋਂ ਝਕੇ, ਸਗੋਂ ਇਹਨਾਂ ਦੀ ਹੌਸਲਾ-ਅਫਜ਼ਾਈ ਕੀਤੀ। ਇਹ ਹਥਿਆਰ ਅਤੇ ਅਪਰਾਧੀ ਅਨਸਰ ਟੈਂਪਲ ਅੰਦਰ ਪਹੁੰਚ ਗਏ। ਇਹਨਾਂ ਨੂੰ ਰੋਕਣ ਦੀ ਫ਼ਰਜ਼ ਨਿਭਾਉਣੀ ਦੇ ਸੰਬੰਧ ਵਿਚ ਜੁਰਮੀ ਲਾਪਰਵਾਹੀ ਦੇ ਦੋਸ਼ ਤੋਂ ਹਕੂਮਤ ਨੂੰ ਵੀ ਬਰੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਓਪਰੇਸ਼ਨ ਬਲਿਊ ਸਟਾਰ ਤੋਂ ਸਾਲ ਭਰ ਪਹਿਲਾਂ ਤੋਂ ਗੋਲਡਨ ਟੈਂਪਲ ਦੇ ਹਰ ਪ੍ਰਵੇਸ਼-ਦੁਆਰ ਉਤੇ ਹਥਿਆਰਬੰਦ ਪੁਲਿਸ ਦਾ ਪਹਿਲਾ ਲੱਗਿਆ ਰਿਹਾ ਸੀ। ਇਸ ਬਾਰੇ ਕੋਈ ਸ਼ੱਕ ਨਹੀਂ ਕਿ ਜੇ ਪੁਲਿਸ ਦੀ ਮਿਲਭਗਤੀ ਨਾਲ ਨਹੀਂ ਤਾਂ ਇਹਦੀ ਜਾਣਕਾਰੀ ਨਾਲ ਜ਼ਰੂਰ, ਹਥਿਆਰ ਅਤੇ ਮੁਜਰਮ ਦਾਖ਼ਲ ਹੁੰਦੇ ਰਹੇ ਅਤੇ ਅਕਾਲੀਆਂ ਤੇ ਹਕੂਮਤ, ਦੋਹਾਂ ਨੇ ਹੀ ਰਾਜਸੀ ਨਿਬੇੜੇ ਤੇ ਨਾ ਪਹੁੰਚਣ ਵਿਚ, ਜਦੋਂ ਇਹ ਨਿਬੇੜਾ ਸੌਖਿਆਂ ਹੀ ਹੋ ਸਕਦਾ ਸੀ, ਦੂਰ-ਦ੍ਰਿਸ਼ਟਤਾ ਦੀ ਘਾਟ ਅਤੇ ਰਾਜਸੀ ਸੂਝ-ਬੂਝ ਦੇ ਦੀਵਾਲੀਆਪਨ ਦਾ ਵਿਖਾਲਾ ਕੀਤਾ। ਮੈਂ ਇਹ ਵੀ ਮਹਿਸੂਸ ਕੀਤਾ ਕਿ ਭਿੰਡਰਾਂਵਾਲੇ ਤੇ ਉਹਦੇ ਟੋਲੇ ਨਾਲ ਟੱਕਰਣ ਲਈ ਟੈਂਕ ਤੇ ਭਾਰੀ ਤੋਪਾਂ ਭੇਜਣ ਨਾਲੋਂ ਅਤੇ ਹਜ਼ਾਰ ਤੋਂ ਉਪਰ ਨਿਰਦੋਸ਼ ਸ਼ਰਧਾਲੂਆਂ ਨੂੰ ਮਾਰਨ ਨਾਲੋਂ ਜਿਨ੍ਹਾਂ ਵਿਚ ਇਸਤ੍ਰੀਆਂ ਤੇ ਬੱਚੇ ਸ਼ਾਮਿਲ ਸਨ, ਅਕਾਲ ਤਖ਼ਤ ਨੂੰ ਅਤੇ ਮੁਹਾਫ਼ਜ਼ਖ਼ਾਨਿਆਂ ਨੂੰ ਜਿਨ੍ਹਾਂ ਵਿਚ ਗ੍ਰੰਥ ਸਾਹਿਬ ਦੀਆਂ ਹਜ਼ਾਰਾਂ ਹੱਥ-ਲਿਖਤ ਨਕਲਾਂ ਅਤੇ ਹੁਕਮਨਾਮੇ ਪਏ ਸਨ ਜਿਨ੍ਹਾਂ ਉਤੇ ਗੁਰੂਆਂ ਦੇ ਹਸਤਾਖਰ ਸਨ, ਤਬਾਹ ਕਰਨ ਨਾਲੋਂ

ਘੱਟ ਦੁਖਦਾਈ ਢੰਗ ਤਰੀਕੇ ਹੈਸਨ। ਇਹ ਸਰਕਾਰੀ ਥਿਊਰੀ ਕਿ ਹੋਰ ਕੋਈ ਰਾਹ ਹੈ ਹੀ ਨਹੀਂ ਸੀ, ਕੋਰਾ ਝੂਠ ਹੈ, ਝੂਠ ਜਿਸ ਨੂੰ ਸਪੱਸ਼ਟ ਤੌਰ 'ਤੇ ਸਿੱਧ ਕਰਨ ਦੀ ਲੋੜ ਹੈ। ਹੁਣ ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਇਸ ਇਕ ਭਿਆਨਕ ਕਾਰਵਾਈ ਦੇ ਸਿੱਟੇ ਵਜੋਂ ਦੇਸ਼ ਦੀ ਅੱਤ ਸੰਦੇਵਨਸ਼ੀਲ ਸੀਮਾ ਉਤੇ ਵਸਦੇ ਇਕ ਕਰੋੜ ਚਾਲੀ ਲੱਖ ਦੀ ਕਮਿਊਨਿਟੀ ਪੂਰੀ ਤਰ੍ਹਾਂ ਨਿਖੜ ਗਈ, ਕਮਿਊਨਿਟੀ ਜਿਸ ਦੇ ਲੋਕ ਇਹੋ ਨਹੀਂ ਕਿ ਦੇਸ਼ ਦੀਆਂ ਡੀਫੈਂਸ ਸਰਵਿਸਾਂ ਦੀ ਹੀ ਰੀੜ੍ਹ ਦੀ ਹੱਡੀ ਹਨ, ਸਗੋਂ ਦੇਸ਼ ਦੀ ਅੱਧੀਉਂ ਬਹੁਤੀ ਖ਼ੁਰਾਕ ਵੀ ਮੁਹਈਆ ਕਰਦੇ ਹਨ। ਇਹ ਗੱਲ ਮੈਂ ਦੋ ਸਾਲ ਪਹਿਲਾਂ ਅਗਾਊਂ ਵੇਖ ਲਈ ਸੀ। ਪਾਰਲੀਮੈਂਟ ਦੇ ਹਰ ਸਮਾਗਮ ਵਿਚ ਜਦੋਂ ਅਕਾਲੀ-ਹਕੂਮਤ ਗੱਲਾਂਬਾਤਾਂ ਤੇ ਬਹਿਸ ਹੋਈ, ਮੈਂ ਜਲਦੀ ਸਮਝੌਤਾ ਕਰਨ ਦੇ ਪੱਖ ਵਿਚ ਦਲੀਲਾਂ ਦਿੱਤੀਆਂ ਅਤੇ ਸਰਕਾਰ ਨੂੰ ਚੇਤਾਉਣੀ ਦਿੱਤੀ ਕਿ ਗੋਲਡਨ ਟੈਂਪਲ ਵਿਚ ਦਾਖਲ ਹੋਣ ਦੇ ਠੀਕ ਮੌਕੇ ਨੂੰ ਖੁੰਝਾਉਣ ਪਿੱਛੋਂ, ਜਦੋਂ ਡੀ.ਆਈ.ਜੀ. ਪੁਲਿਸ ਅਟਵਾਲ ਨੂੰ ਇਹਦੀਆਂ ਬਰੂਹਾਂ ਉਤੇ ਕਤਲ ਕਰ ਦਿੱਤਾ ਗਿਆ ਸੀ, ਜਦੋਂ ਇਹਨੂੰ ਕਿਲ੍ਹਾਬੰਦ ਹੋਣ ਦਿੱਤਾ ਗਿਆ ਹੈ, ਇਸ ਉਤੇ ਧਾਵਾ ਬੋਲਣਾ ਮੂਰਖਤਾ ਹੋਵੇਗੀ, ਇਥੇ ਅਟੱਲ ਤੌਰ 'ਤੇ ਹੋਣ ਵਾਲਾ ਓੜਕਾਂ ਦਾ ਖ਼ੂਨ-ਖ਼ਰਾਬਾ ਸਮੁੱਚੇ ਸਿੱਖ ਭਾਈਚਾਰੇ ਵਿਚ ਹੀ ਗ਼ੁੱਸੇ ਦੀ ਜ਼ਬਰਦਸਤ ਲਹਿਰ ਦੁੜਾ ਦੇਵੇਗਾ ਅਤੇ ਅਸਲ ਵਿਚ ਇਹ ਗੱਲ ਦੇਸ਼ ਦੀ ਇਕ ਸਜੀਵ ਬਾਂਹ ਨੂੰ ਵੱਢ ਸੁੱਟਣ ਦੇ ਬਰਾਬਰ ਹੋਵੇਗੀ। ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਹੋਏ ਪਾਰਲੀਮੈਂਟ ਦੇ ਆਖ਼ਰੀ ਸਮਾਗਮ ਤੱਕ ਉਸ ਸਮੇਂ ਦੇ ਗ੍ਰਹਿ ਮੰਤਰੀ, ਸ੍ਰੀ ਪੀ.ਸੀ. ਸੇਠੀ ਨੇ (ਅਤੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਤੋਂ ਬਾਹਰ) ਭਰੋਸਾ ਦਿਵਾਇਆ ਕਿ ਗੋਲਡਨ ਟੈਂਪਲ ਉਤੇ ਹਮਲਾ ਕਰਨ ਦਾ ਹਕੂਮਤ ਦਾ ਕੋਈ ਇਰਾਦਾ ਨਹੀਂ। ਫ਼ੌਜੀ ਕਾਰਵਾਈ ਦੇ ਸੰਬੰਧ ਵਿਚ ਮੇਰਾ ਪ੍ਰਤੀਕਰਮ ਸਿੱਖ ਨਾਲੋਂ ਵਧੇਰੇ ਭਾਰਤੀ ਦੇ ਨਾਤੇ ਸੀ। ਮੈਂ ਇਹਦੀ ਨਿਖੇਧੀ ਕੀਤੀ, ਕਿਉਂਜੁ ਇਹਨੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਪਾੜ ਕੇ ਭਾਰਤ ਦੀ ਏਕਤਾ ਨੂੰ ਕਰੀਬ-ਕਰੀਬ ਮਾਰੂ ਸੱਟ ਮਾਰੀ।

ਓਪਰੇਸ਼ਨ ਬਲਿਊ ਸਟਾਰ ਪਿੱਛੋਂ ਮੇਰੇ ਨਾਲ ਨਿਜੀ ਤੌਰ 'ਤੇ ਜੋ ਵਾਪਰਿਆ ਉਹਨੇ ਉਸ ਦੀ ਪੁਸ਼ਟੀ ਕੀਤੀ, ਜਿਸ ਦਾ ਮੈਨੂੰ ਡਰ ਸੀ। ਮੈਂ ਵੂਪਰਟਲ (ਪੱਛਮੀ ਜਰਮਨੀ) ਵਿਚ ਸਾਂ ਜਦੋਂ ਖ਼ਬਰ ਸੁਣੀ ਕਿ ਫ਼ੌਜ ਨੇ ਪੰਜਾਬ ਦਾ ਸ਼ਾਸਨ ਸੰਭਾਲ ਲਿਆ ਹੈ, ਖ਼ਬਰਾਂ ਉਪਰ ਮੁਕੰਮਲ ਸੈਂਸਰਸ਼ਿਪ ਲਾ ਦਿੱਤੀ ਹੈ ਅਤੇ ਪ੍ਰੈਸ ਦੇ ਲੋਕਾਂ ਲਈ ਪੰਜਾਬ ਦੇ ਦਰ ਢੋਹ ਦਿੱਤੇ ਹਨ। ਇਹਦਾ ਤਾਂ ਇਲਮ ਸੀ ਹੀ ਕਿ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਯੂਰਪ ਦੇ ਕੁਝ ਦੇਸ਼ਾਂ ਵਿਚ ਸਿੱਖ ਦਹਿਸ਼ਤ-ਪਸੰਦਾਂ ਦੇ ਸੰਪਰਕ ਸਨ। ਤਲਵਿੰਦਰ ਸਿੰਘ ਨੂੰ ਡੁਸੇਲਡੋਰਫ ਲਾਗੇ ਜੇਲ੍ਹਖ਼ਾਨੇ ਵਿਚ ਰੱਖਿਆ ਹੋਇਆ ਸੀ। ਉਹਨਾਂ ਵੱਲੋਂ ਫ਼ੌਜੀ ਕਾਰਵਾਈ ਵਿਰੁਧ ਕਿਸੇ ਕਿਸਮ ਦਾ ਕੋਈ ਹਿੰਸਕ ਰੋਸ ਪ੍ਰਗਟਾਏ ਜਾਣ ਦੀ ਆਸ ਸੀ। ਭਾਰਤੀ ਦੂਤਾਵਾਸ ਤੇ ਹਵਾਈ ਅੱਡੇ ਜਿਥੋਂ ਦੀ ਏਅਰ ਇੰਡੀਆ ਦੇ ਹਵਾਈ ਜਹਾਜ਼ ਓਪਰੇਟ ਕਰਦੇ ਸਨ, ਉਹਨਾਂ ਦੇ ਅੱਤ ਸੌਖੇ ਨਿਸ਼ਾਨੇ ਹੋਣੇ ਸਨ। ਦੇਸ-ਵਾਪਸੀ ਲਈ ਰਵਾਨਾ ਹੋਣ ਤੋਂ ਪਹਿਲਾਂ ਮੈਂ ਬੋਨ ਵਿਖੇ ਭਾਰਤੀ ਦੂਤਾਵਾਸ, ਰਾਮ ਸਾਥੇ, ਨੂੰ ਟੈਲੀਫੋਨ ਕੀਤਾ ਤੇ ਬੇਨਤੀ ਕੀਤੀ ਕਿ ਫਰੈਂਕਫਰਟ ਏਅਰਪੋਰਟ ਉਤੇ ਜਿਥੇ ਮੈਨੂੰ ਹਵਾਈ ਜਹਾਜ਼ ਤਬਦੀਲ ਕਰਨ ਲਈ ਕੁਝ ਘੰਟੇ ਉਡੀਕਣਾ ਪੈਣਾ ਸੀ, ਰਖਿਅਕ ਮੁਹਈਆ ਕੀਤਾ ਜਾਵੇ। ਮੇਰਾ ਨਾਂ ਭਿੰਡਰਾਂਵਾਲੇ ਦੀ ਹਿਟ-ਲਿਸਟ ਉਤੇ ਚੜ੍ਹਿਆ ਹੋਇਆ ਸੀ, ਕਿਉਂ ਜੁ ਮੈਂ ਉਹਦੇ ਬਾਰੇ ਆਪਣੇ ਕਾਲਮਾਂ ਵਿਚ ਕਦੀ ਬੇਲਿਹਾਜ਼ ਗੱਲਾਂ ਲਿਖ ਚੁਕਿਆ ਸਾਂ ਤੇ ਬੀ.ਬੀ.ਸੀ. ਜਰਮਨ, ਕੈਨੇਡੀਅਨ ਤੇ ਅਮਰੀਕਨ ਰੇਡੀਓ ਤੇ ਟੈਲੀਵਿਯਨ ਉਤੇ ਆਖ ਚੁਕਿਆ ਸਾਂ।

ਮੈਨੂੰ ਗਪਿਆਕ ਦੇ ਦਿੱਤਾ ਗਿਆ। ਅਗਲੀ ਸਵੇਰ (6 ਜੂਨ 1984) ਮੈਂ ਦਿੱਲੀ ਅਪੜਿਆ ਤੇ ਗੋਲਡਨ ਟੈਂਪਲ ਕਾਂਪਲੈਕਸ ਉਤੇ ਹਮਲੇ ਦੀ ਖ਼ਬਰ ਪੜ੍ਹੀ। ਸਰਕਾਰੀ ਪ੍ਰੈਸ-ਇਸ਼ਤਿਹਾਰਾਂ ਵਿਚ ਇਹ ਦੱਸਣ ਦਾ ਯਤਨ ਕੀਤਾ ਗਿਆ ਕਿ ਇਹ ਕਾਰਵਾਈ ਤੇਜ਼ੀ ਨਾਲ ਤੇ ਸਫਲਤਾਪੂਰਵਕ ਸਿਰੇ ਚਾੜ੍ਹ ਦਿੱਤੀ ਗਈ ਹੈ ਅਤੇ ਕਿ ਜਾਨ ਮਾਨ ਨੂੰ ਹਾਨੀ ਬਹੁਤ ਹੀ ਥੋੜ੍ਹੀ ਹੋਈ ਹੈ। ਮੈਨੂੰ ਇਹ ਸੱਚ ਨਹੀਂ ਸੀ ਲੱਗਿਆ। ਮੈਂ ਇਕ ਘੜੀ ਵੀ ਗੁਆਏ ਬਿਨਾਂ ਆਪਣਾ ਰੋਸ ਪ੍ਰਗਟਾਇਆ। ਮੈਂ ਆਪਣੀ ਰਾਜ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਾ ਨਹੀਂ ਸੀ ਚਾਹੁੰਦਾ, ਕਿਉਂਜੁ ਇਸ ਸੂਰਤ ਵਿਚ ਪਾਰਲੀਮੈਂਟ ਵਿਚ ਉਹ ਕੁਝ ਕਹਿਣ ਵਾਲਾ ਕੋਈ ਨਹੀਂ ਸੀ ਹੋਣਾ ਜੋ ਮੈਂ ਕਹਿਣਾ ਚਾਹੁੰਦਾ ਸਾਂ। ਤੇ ਮੈਂ, ਇਸ ਤੋਂ ਛੁੱਟ, ਹੋਰ ਵਧੀਆ ਗੱਲ ਕਰ ਸਕਦਾ ਸਾਂ ਤਾਂ ਇਹ ਕਿ ਦਸ ਸਾਲ ਪਹਿਲਾਂ ਮਿਲੇ ਪਦਮ ਭੂਸ਼ਨ ਅਵਾਰਡ ਨੂੰ ਵਾਪਸ ਕਰ ਸਕਦਾ ਸਾਂ। ਮੈਂ ਰਾਸ਼ਟਰਪਤੀ ਜ਼ੈਲ ਸਿੰਘ ਨਾਲ ਮੁਲਾਕਾਤ ਦਾ ਵਕਤ ਲਿਆ। 8 ਜੂਨ, 1984 ਨੂੰ ਸਵੇਰੇ ਮੈਂ ਅਵਾਰਡ ਵਾਪਸ ਕਰਨ ਬਾਰੇ ਆਪਣਾ ਪੱਤਰ ਨਿੱਜੀ ਤੌਰ 'ਤੇ ਰਾਸ਼ਟਰਪਤੀ ਨੂੰ ਦਿੱਤਾ, ਪੱਤਰ ਜਿਸ ਵਿਚ ਸਰਕਾਰ ਦੀ ਕਾਰਵਾਈ ਵਿਰੁਧ ਮੈਂ ਆਪਣੀ ਨਾਰਾਜ਼ਗੀ ਪ੍ਰਗਟਾਈ ਸੀ।

ਅਗਲੀ ਹੀ ਸਵੇਰ ਮੇਰੇ ਵਿਰੁਧ ਤੂਫ਼ਾਨ ਉਠ ਖੜਾ ਹੋਇਆ। ਮੈਨੂੰ ਤਾਰਾਂ ਤੇ ਪੱਤਰਾਂ ਦਾ ਤਾਂਤਾ ਬੱਝ ਗਿਆ। ਇਹ ਸਭ ਤਾਰਾਂ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਤੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਵਲੋਂ ਸਨ ਜਿਨ੍ਹਾਂ ਵਿਚ ਮੇਰੇ ਇਸ ਕਰਮ ਨੂੰ ਸਲਾਹਿਆ ਗਿਆ ਸੀ, ਚਿੱਠੀਆਂ ਬਹੁਤਾ ਹਿੰਦੂਆਂ ਵਲੋਂ ਆਈਆਂ ਸਨ ਜਿਨ੍ਹਾਂ ਨੇ ਮੈਨੂੰ ਭਿੰਡਰਾਂਵਾਲੇ ਦਾ ਪ੍ਰਤੀਨਿਧੀ ਤੇ ਗ਼ੱਦਾਰ ਆਖਿਆ ਸੀ। ਡਾਕ ਰਾਹੀਂ ਮੈਨੂੰ ਅਜਿਹੇ ਲਿਫ਼ਾਫ਼ੇ ਵੀ ਮਿਲੇ ਜਿਨ੍ਹਾਂ ਵਿਚ ਕੁਥਾਂ ਵਾਲੇ ਵਾਲ ਸਨ—ਭਾਰਤ ਵਿਚ ਨਿਰਾਦਰੀ ਦੀ ਆਖ਼ਰੀ ਸ਼ਕਲ। ਟੈਲੀਫੋਨ ਉਤੇ ਗਾਲ੍ਹਾਂ ਦੀ ਬੁਛਾੜ ਹੁੰਦੀ ਰਹੀ। ਇਸ ਤਰ੍ਹਾਂ ਦੀ ਘਿਣਾਉਣੀ ਅਵਸਥਾ ਮਹੀਨਾ ਭਰ ਜਾਰੀ ਰਹੀ। ਇਕ ਸਿੱਖ ਨੇ ਵੀ ਆਪਣੇ ਪੱਤਰ ਵਿਚ ਇਹ ਨਹੀਂ ਲਿਖਿਆ ਕਿ ਮੈਂ ਗ਼ਲਤ ਗੱਲ ਕੀਤੀ ਹੈ। ਮੈਨੂੰ ਹਿੰਦੂਆਂ ਵਲੋਂ ਭਰਿਆ ਗਿਆ ਹੁੰਗਾਰਾ ਵਧੇਰੇ ਨਿਰਾਸਤਾ-ਭਰਿਆ ਲੱਗਿਆ, ਕਿਉਂਜੁ ਜਿਥੇ ਮੈਂ ਸਿੱਖਾਂ ਨੂੰ (ਤੇ ਮੁਸਲਮਾਨਾਂ ਨੂੰ) ਕਟੜਤਾ ਵੱਲ ਉਨਮੁਖ ਸਮਝਦਾ ਸਾਂ, ਉਥੇ ਹਿੰਦੂਆਂ ਨੂੰ ਧਰਮ ਦੇ ਮਾਮਲਿਆਂ ਵਿਚ ਵਧੇਰੇ ਵਿਸ਼ਾਲ-ਚਿਤ, ਰਵਾਦਾਰ ਤੇ ਸਹਿਨਸ਼ੀਲ ਸਮਝਦਾ ਸਾਂ। ਇਹ ਮੇਰਾ ਇਕ ਭਰਮ ਸਿੱਧ ਹੋਇਆ। ਉਹਨਾਂ ਨੇ ਵੀ ਜਿਨ੍ਹਾਂ ਨੂੰ ਮੈਂ ਉਦਾਰਵਾਦੀ (ਲਿਬਰਲ) ਸਮਝਦਾ ਸਾਂ, ਮੈਨੂੰ ਸਿੱਖ ਫਿਰਕਾਪ੍ਰਸਤ ਆਖ ਕੇ ਭੰਡਿਆ ਤੇ ਇਸ ਤਰ੍ਹਾਂ ਖ਼ੁਦ ਆਪਣੇ ਸਿੱਖ-ਵਿਰੋਧੀ ਤਅਸਬਾਂ ਨੂੰ ਨੰਗਾ ਕੀਤਾ। ਇਹਨਾਂ ਵਿਚ ਗਿਰੀ ਲਾਲ ਜੈਨ, ਐਡੀਟਰ ਦਿ ਟਾਈਮਜ਼ ਆਫ਼ ਇੰਡੀਆ, ਐਮ.ਵੀ. ਕਾਮਥ ਜਿਹੜਾ ਮੇਰੇ ਮਗਰੋਂ ਦਿ ਇਲਸਟਰੇਟਿਡ ਵੀਕਲੀ ਆਫ਼ ਇੰਡੀਆ ਦਾ ਐਡੀਟਰ ਬਣਿਆ, ਐਨ.ਸੀ. ਮੈਨਨ ਜਿਹੜਾ ਮੇਰੇ ਪਿਛੋਂ ਦਿ ਹਿੰਦੁਸਤਾਨ ਟਾਈਮਜ਼ ਦਾ ਐਡੀਟਰ ਬਣਿਆ ਅਤੇ ਵਿਨੋਦ ਮਹਿਤਾ, ਬੰਬਈ ਦੇ ਸੰਡੇ ਆਬਜ਼ਰਵਰ ਦਾ ਐਡੀਟਰ, ਵਰਗੇ ਉਘੇ ਮਨੁੱਖ ਸ਼ਾਮਲ ਹਨ। ਉਹਨਾਂ ਨੇ ਮੇਰੇ ਖ਼ਿਲਾਫ਼ ਸੰਪਾਦਕੀ ਲਿਖੇ—ਮਹਿਤਾ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਕਿ ਮੈਂ ਸਿੱਖ ਤੇ ਇੰਡੀਅਨ, ਦੋਵੇਂ ਨਹੀਂ ਹੋ ਸਕਦਾ। (ਰੋਸ ਵਜੋਂ ਮੈਂ ਉਹਦੇ ਅਖ਼ਬਾਰ ਲਈ ਆਪਣਾ ਕਾਲਮ ਵਾਪਸ ਲੈ ਲਿਆ)। ਪਹਿਲੀ ਵਾਰ ਇਹਨਾਂ ਭਦਰਪੁਰਸ਼ਾਂ ਨੇ ਮੈਨੂੰ ਇਹ ਮਹਿਸੂਸ ਕਰਵਾਇਆ ਕਿ ਮੈਂ ਸੈਕੂਲਰ ਇੰਡੀਆ ਵਿਚ ਨਹੀਂ ਸਗੋਂ ਇਕ ਹਿੰਦੂ ਇੰਡੀਆ ਵਿਚ ਰਹਿ ਰਿਹਾ ਹਾਂ। ਪਰ, ਕਈ ਹਿੰਦੂਆਂ ਨੇ ਮੇਰੀ ਡਟ ਕੇ ਹਿਮਾਇਤ ਕੀਤੀ। ਇਹਨਾਂ ਵਿਚੋਂ ਦੋ ਹਨ, ਰਾਜਮੋਹਨ ਗਾਂਧੀ (ਬਾਪੂ ਤੇ ਸੀ. ਰਾਜ ਗੋਪਾਲਚਾਰੀਆ ਦਾ ਗਰੈਂਡਸਨ) ਅਤੇ ਮਿਸ ਮੁਥੰਮਾ (ਰਿਟਾਇਰਡ

ਰਾਜਦੂਤ) ਮੁਥੰਮਾ ਨੇ ਇੰਡੀਅਨ ਐਕਸਪ੍ਰੈਸ ਵਿਚ ਅੱਤ ਸੁਬੋਧ ਲੇਖ ਲਿਖਿਆ ਜਿਸ ਵਿਚ ਇਸ ਸਿੱਧੀ ਜੇਹੀ ਮੰਨੋਤ ਉਤੇ ਹੈਰਾਨੀ ਪ੍ਰਗਟਾਈ ਕਿ ਉਹ ਜਿਹੜੇ ਅੰਮ੍ਰਿਤਸਰ ਵਿਚ ਆਰਮੀ ਐਕਸ਼ਨ ਨੂੰ ਸਹੀ ਆਖਦੇ ਹਨ ਦੇਸ਼-ਭਗਤ ਹਨ ਅਤੇ ਉਹ ਜਿਹੜੇ ਇਹਨੂੰ ਠੀਕ ਨਹੀਂ ਸਮਝਦੇ, ਗ਼ੱਦਾਰ ਹਨ। ਮੇਰੇ ਲਈ ਹੋਰ ਵੀ ਵਧੇਰੇ ਹੈਰਾਨੀ ਵਾਲੀ ਗੱਲ ਇਹ ਸੀ ਕਿ ਸਜ-ਧੱਖੀ ਹਿੰਦੂ ਸੰਸਥਾਵਾਂ ਸੈਲਫ-ਸਟਾਈਲਡ, ਆਪੇ-ਥਾਪੇ, ਲਿਬਰਲਾਂ ਦੇ ਟਾਕਰੇ ਉਤੇ ਮੇਰੇ ਦ੍ਰਿਸ਼ਟੀਕੋਣ ਨੂੰ ਵਧੇਰੇ ਹਾਂਦਰੂ ਹੁੰਗਾਰਾ ਭਰਦੇ ਸਨ। ਜਿਨ੍ਹਾਂ ਰਸਾਲਿਆਂ ਨੇ ਆਪਣੇ ਪਾਠਕਾਂ ਨੂੰ ਅਪੀਲ ਕੀਤੀ ਕਿ ਮੈਂ ਜੋ ਕੁਝ ਕਹਿੰਦਾ ਹਾਂ ਉਹਨੂੰ ਗੰਭੀਰਤਾ ਨਾਲ ਵਿਚਾਰਨ, ਉਹ ਆਰ.ਐਸ.ਐਸ. ਦਾ ਵੀਕਲੀ ਆਰਗੇਨਾਈਜ਼ਰ ਤੇ ਮਾਸਕ ਸੂਰੀਆ ਹੀ ਹਨ ਤੇ ਇਹ ਦੋਵੇਂ ਹੀ ਬੀਤੇ ਵਿਚ ਮੇਰੀ ਪੜਚੋਲ ਕਰਦੇ ਰਹੇ ਸਨ। ਆਰ.ਐਸ.ਐਸ. ਦੀ ਤਾਮਿਲ ਸ਼ਾਖ਼ ਨੇ ਮਦਰਾਸ ਵਿਖੇ ਆਪਣੇ ਸਾਲਾਨਾ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਵੀ ਮੈਨੂੰ ਸੱਦਾ-ਪੱਤਰ ਭੇਜਿਆ। ਸ਼ਾਖ਼ਾਵਾਂ ਦੇ ਦੋ ਹਜ਼ਾਰ ਤੋਂ ਉਪਰ ਮੈਂਬਰਾਂ ਨੇ ਮੇਰੇ ਵਿਚਾਰ ਸੁਣੇ ਤੇ ਮੈਂ ਜੋ ਸਟੈਂਡ ਲਿਆ ਹੈ ਉਸ ਨੂੰ ਪ੍ਰਵਾਨਗੀ ਦਿੱਤੀ। ਮਤਭੇਦਾਂ ਦੇ ਬਾਵਜੂਦ ਇਹ ਗੱਲ ਤੇ ਅਸੀਂ ਸਹਿਮਤ ਸਾਂ—ਜਿਚਰ ਪੰਜਾਬ ਵਿਚ ਹਿੰਦੂ-ਸਿੱਖ ਮਤਭੇਦ ਦੂਰ ਨਹੀਂ ਹੁੰਦੇ, ਦੇਸ਼ ਤਬਾਹੀ ਅਤੇ ਵਿਖੰਡਨ ਵੱਲ ਤੁਰਿਆ ਜਾਵੇਗਾ।

ਨਾਲੇ ਮੇਰੇ ਘਟਾਵਿਆਂ ਨੇ ਮੇਰੇ ਖ਼ਿਲਾਫ਼ ਖ਼ੁਦ ਮੇਰੇ ਹੀ ਸ਼ਬਦ ਵਰਤਦਿਆਂ ਮੈਨੂੰ ਭੰਡਣ ਦਾ ਜਤਨ ਕੀਤਾ। ਮੈਂ ਕਦੇ ਲਿਖਿਆ ਸੀ, 'ਕਿਸੇ ਸਿੱਖ ਨੂੰ ਖੁਰਚ ਕੇ ਵੇਖੋ ਉਹ ਅਕਾਲੀ ਨਿਕਲੇਗਾ।' ਇਹ ਕਥਨ ਮੇਰੇ 'ਤੇ ਲਾਗੂ ਨਹੀਂ ਹੁੰਦਾ। ਮੈਂ ਬੀਤੇ ਵਿਚ ਵੀ ਆਖਿਆ ਸੀ ਤੇ ਹੁਣ ਮੁੜ ਆਖਦਾ ਹਾਂ ਕਿ ਮੈਂ ਅਕਾਲੀ ਲੀਡਰਾਂ ਨੂੰ ਹਿੰਦੂ-ਸਿੱਖ ਪਾੜੇ ਲਈ ਤੇ ਉਸ ਦੁਖਦਾਈ ਅਵਸਥਾ ਲਈ ਜਿਸ ਵਿਚ ਉਹਨਾਂ ਨੇ ਆਪਣੀ ਕਮਿਊਨਿਟੀ ਨੂੰ ਫਸਾ ਦਿੱਤਾ ਹੋਇਆ ਹੈ, ਮੁੱਖ ਤੌਰ 'ਤੇ ਜ਼ੁੰਮੇਵਾਰ ਸਮਝਦਾ ਹਾਂ। ਉਹ ਨੇੜ-ਦਰਸ਼ੀ ਹਨ, ਸੀਮਿਤ ਰਾਜਸੀ ਯੋਗਤਾ ਤੇ ਦੂਰ-ਦਰਸ਼ਤਾ ਤੋਂ ਹੀਣ ਆਦਮੀਆਂ ਦਾ ਸੁਆਰਥੀ ਟੋਲਾ ਹਨ ਅਤੇ ਖ਼ਤਰੇ ਦੀਆਂ ਬਰੂਹਾਂ ਤੱਕ ਜਾ ਕੇ ਮੁੜਨ ਦੀ ਖੇਡ ਵਿਚ ਹੱਦੋਂ ਅੱਗੇ ਲੰਘ ਜਾਣ ਦੀ ਰੁਚੀ ਰੱਖਦੇ ਹਨ। ਆਪਣੀਆਂ ਕਈ ਐਜੀਟੇਸ਼ਨਾਂ, ਨਹਿਰ ਰੋਕੋ, ਰਸਤਾ ਰੋਕੋ, ਕਾਮ ਰੋਕੋ ਤੇ ਧਰਮ ਯੁੱਧ ਮੋਰਚਾ ਸ਼ੁਰੂ ਕਰਨ ਤੋਂ ਪਹਿਲਾਂ ਉਹ ਜਾਣਦੇ ਸਨ, ਜਾਂ ਜਾਣਨਾ ਚਾਹੀਦਾ ਸੀ ਕਿ ਸਿੱਖਾਂ ਵਿਰੁਧ ਵਿਤਕਰੇ ਦੀ ਗੱਲ ਤਾਂ ਛੱਡੋ, ਉਹਨਾਂ ਨੂੰ ਆਪਣੀ ਵਸੋਂ ਦੇ ਤਨਾਸਬ ਸਦਕਾ ਮਿਲਣ ਵਾਲੇ ਹੱਕ ਤੋਂ ਕਿਤੇ ਵਧੇਰੇ ਵਿਸ਼ੇਸ਼-ਅਧਿਕਾਰ ਪ੍ਰਾਪਤ ਹਨ (ਅਰੁਨ ਸ਼ੋਰੀ ਨੇ ਸਿੱਖਾਂ ਨੂੰ ਠੀਕ ਹੀ 'ਲਡਿਕੀ ਕਮਿਊਨਿਟੀ' ਆਖਿਆ ਹੈ), ਉਹ ਜਾਣਦੇ ਸਨ ਜਾਂ ਜਾਣਨਾ ਚਾਹੀਦਾ ਸੀ ਕਿ ਉਹ ਜਾਂ ਤਾਂ ਕਾਂਗਰਸ ਨਾਲ ਜਾਂ ਕਿਸੇ ਵਿਰੋਧੀ ਪਾਰਟੀ ਨਾਲ ਕਿਸੇ ਤਰ੍ਹਾਂ ਦਾ ਗਠਜੋੜ ਕਰ ਕੇ ਹੀ ਰਾਜਸੀ ਸੱਤਾ ਦੀ ਮੁੜ-ਪ੍ਰਾਪਤੀ ਕਰ ਸਕਦੇ ਹਨ, ਪਰ ਆਪਣੇ ਵਿਚਾਰਹੀਣ ਅਮਲਾਂ ਨਾਲ ਉਹਨਾਂ ਨੇ ਕਾਂਗਰਸ ਤੇ ਵਿਰੋਧੀ ਪਾਰਟੀਆਂ, ਦੋਹਾਂ ਦੀਆਂ ਹਮਦਰਦੀਆਂ ਗੁਆ ਲਈਆਂ ਅਤੇ ਆਪਣੇ ਅਸੰਜਮੀ ਕਥਨਾਂ ਨਾਲ ਦੇਸ਼ ਵੱਲ ਸਿੱਖਾਂ ਦੀ ਵਫਾਦਾਰੀ ਨੂੰ ਬਹੁਤੇ ਭਾਰਤੀਆਂ ਦੀਆਂ ਨਜ਼ਰਾਂ ਵਿਚ ਸ਼ੱਕੀ ਬਣਾ ਦਿੱਤਾ। ਇਹ ਅਕਾਲੀ ਹੀ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਜਿਨ੍ਹਾਂ ਨੂੰ ਭਾਰਤ ਦੇ ਪਹਿਲੇ ਦਰਜੇ ਦੇ ਨਾਗਰਿਕਾਂ ਨਾਲੋਂ ਕੁਝ ਵਧ ਸਮਝਿਆ ਜਾਂਦਾ ਸੀ, ਤੀਜੇ ਦਰਜੇ ਦੇ ਨਾਗਰਿਕਾਂ ਨਾਲੋਂ ਵੀ ਹੇਠਲੇ ਦਰਜੇ ਤਕ ਘਟਾ ਦਿੱਤਾ। ਇਸ ਡਰਾਮੇ ਵਿਚ ਅੱਤ ਚੰਦਰਾ ਰੋਲ ਅਦਾ ਕਰਨ ਵਾਲੇ ਦੋ ਆਦਮੀ ਹਨ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ, ਜੀ.ਐਸ. ਟੌਹੜਾ ਤੇ ਉਹਦੇ ਸ਼ਰੀਕ ਸਹਿਕਾਰ ਜਗਦੇਵ

ਸਿੰਘ ਤਲਵੰਡੀ। ਦੋਵੇਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਆਪਣੀਆਂ ਪੁਜ਼ੀਸ਼ਨਾਂ ਕਾਇਮ ਰੱਖਣ ਲਈ ਲਗਾਤਾਰ ਝਾਂਸਾ ਦਿੰਦੇ ਰਹੇ, ਪੰਜਾਬ ਦੀ ਰਾਜਨੀਤੀ ਵਿਚ ਦਖ਼ਲ ਦਿੰਦੇ ਰਹੇ ਅਤੇ ਪਰੰਪਰਾ ਤੋਂ ਤੇ ਖ਼ੁਦ ਆਪਣੇ ਇਕਰਾਰਾਂ ਤੋਂ ਉਲਟ ਆਪਣੀਆਂ ਪਾਰਲੀਮੈਂਟਰੀ ਸੀਟਾਂ ਨਾਲ ਵੀ ਛਟ ਕੇ ਚੰਬੜੇ ਰਹੇ। ਹਾਊਸ ਦੀ ਕਾਰਵਾਈ ਵਿਚ ਉਹਨਾਂ ਦੀ ਦੇਣ ਨੂੰ ਡਾਕ-ਟਿਕਟ ਦੀ ਪਿੱਠ 'ਤੇ ਲਿਖਿਆ ਜਾ ਸਕਦਾ ਹੈ। ਪ੍ਰਕਾਸ਼ ਸਿੰਘ ਬਾਦਲ, ਬਰਨਾਲਾ ਤੇ ਬਲਵੰਤ ਸਿੰਘ ਵਰਗੇ ਦੂਜੇ ਅਕਾਲੀ ਲੀਡਰਾਂ ਨੇ ਆਜਜ਼ੀ ਨਾਲ ਟੋਹੜਾ ਲਾਈਨ ਅਖ਼ਤਿਆਰ ਕੀਤੀ (ਜੀਹਨੂੰ ਅਕਸਰ ਸੀ.ਪੀ.ਐਮ. ਦਾ ਆਗੂ ਹਰਕਿਸ਼ਨ ਸਿੰਘ ਸੁਰਜੀਤ ਉਲੀਕਦਾ ਸੀ) ਜਾਂ ਆਪਣੀਆਂ ਜਾਗੀਰਾਂ ਤੇ ਕਾਰੋਬਾਰ ਵੱਲ ਧਿਆਨ ਦੇਂਦੇ ਰਹੇ। ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਗੁੱਟ ਦੀ ਪ੍ਰਧਾਨਗੀ ਕਰਦਾ ਰਿਹਾ, ਜਿਸ ਦਾ ਮੁਖ ਕਾਰਜ ਲੜਾਕੇ ਗੁੱਟਾਂ ਨੂੰ ਇਕ ਦੂਜੇ ਦੀ ਧੌਣ ਮਰੋੜਨੋਂ-ਰੋਕਣਾ ਅਤੇ ਏਕੇ ਦਾ, ਜਿਹੜਾ ਹੈ ਹੀ ਨਹੀਂ ਸੀ, ਢੌਂਗ ਕਾਇਮ ਰੱਖਣਾ ਸੀ। ਉਹਨਾਂ ਦੀ ਅੱਤ ਮਾੜੀ ਅਸਫਲਤਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕਾਬੂ ਵਿਚ ਰੱਖਣ ਦੇ ਸੰਬੰਧ ਵਿਚ ਅਸਮਰਥਤਾ ਸੀ, ਲੌਂਗੋਵਾਲ ਨੇ ਤਾਂ ਇਸ ਆਦਮੀ ਦੇ ਰੋਲ ਨੂੰ ਸਾਡਾ ਡੰਡਾ ਦੱਸਿਆ (ਜਿਸ ਨਾਲ ਵਿਰੋਧੀਆਂ ਨੂੰ ਕੁੱਟਣਾ ਹੁੰਦਾ ਹੈ)।

ਪੰਜਾਬ ਵਿਚ ਧਾਰਮਿਕ-ਰਾਜਸੀ ਤਾਕਤ ਵਜੋਂ ਭਿੰਡਰਾਂਵਾਲੇ ਦਾ ਪ੍ਰਗਟ ਹੋਣਾ ਭਵਿੱਖੀ ਇਤਿਹਾਸਕਾਰਾਂ ਲਈ ਇਕ ਅੜਾਉਣੀ ਬਣਿਆ ਰਹੇਗਾ। ਇਹ ਆਦਮੀ ਨਾ-ਹੋਣ-ਸਮਾਨ ਗਿਆਨ ਤੇ ਪਾਰਸਾਈ ਦਾ ਮਾਲਕ ਸੀ। ਅਨਪੜ੍ਹ ਕਿਸਾਨਾਂ ਵਿਚ ਉਹਦੇ ਅਨੁਆਈ ਮੌਜੂਦ ਸਨ, ਪਰ 13 ਅਪ੍ਰੈਲ 1978, ਨੂੰ ਉਹਦੇ ਆਦਮੀਆਂ ਵਲੋਂ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਨਾਲ ਟੱਕਰ ਤੋਂ ਪਹਿਲਾਂ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਤੋਂ ਬਾਹਰ ਉਹਨੂੰ ਲੋਕ ਨਹੀਂ ਸੀ ਜਾਣਦੇ। ਲੁੰਪਨ ਕਿਸਾਨੀ ਅਤੇ ਸਿੱਖ ਆਗੂਆਂ ਤੋਂ ਜਿਨ੍ਹਾਂ ਵਿਚ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਵੀ ਸ਼ਾਮਿਲ ਹਨ, ਮਿਲੇ ਧਿਆਨ ਤੇ ਚਾਪਲੂਸੀ ਸਦਕਾ, ਉਹਦੀ ਖ਼ੁਦਪਸੰਦੀ ਨੂੰ ਖ਼ੁਰਾਕ ਮਿਲੀ। ਉਹ ਆਪਣੇ ਆਪ ਨੂੰ ਅਜੋਕਾ ਗੁਰੂ ਸਮਝਣ ਲੱਗ ਪਿਆ, ਉਹ ਆਪਣੇ ਇਕ ਹੱਥ ਵਿਚ ਸਟੀਲ ਦਾ ਤੀਰ ਰੱਖਦਾ (ਗੁਰੂ ਗੋਬਿੰਦ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਇਸੇ ਤਰ੍ਹਾਂ ਦੇ ਤੀਰ ਰੱਖਦੇ ਸਨ) ਅਤੇ ਆਪਣੇ ਇਰਦ-ਗਿਰਦ ਸ਼ਸਤਰਧਾਰੀ ਲਾਮਡੋਰੀ ਜੋੜ ਲਈ। ਉਹ ਦਰਬਾਰ ਲਾਉਣ ਲੱਗਿਆ, ਪ੍ਰੈਸ ਕਾਨਫ਼ਰੰਸਾਂ ਨੂੰ ਸੰਬੋਧਤ ਹੋਣ ਲੱਗਿਆ ਅਤੇ ਉਹਨਾਂ ਮਾਮਲਿਆਂ ਬਾਰੇ ਜਿਨ੍ਹਾਂ ਬਾਰੇ ਉਹ ਕੱਖ ਨਹੀਂ ਸੀ ਜਾਣਦਾ, ਐਲਾਨ ਕਰਨ ਲੱਗਿਆ। ਉਹ ਜੋ ਕੁਝ ਆਖਦਾ ਉਹ ਹਸਾਉਣਾ ਹੋਣ ਦੀ ਹੱਦ ਤੱਕ ਸਿਧੜ ਹੁੰਦਾ, ਫੇਰ ਉਹ ਹਿੰਦੂਆਂ ਵਿਰੁਧ ਵਿਹੁਲੀ ਨਫ਼ਰਤ ਫੈਲਾਉਣ ਲੱਗ ਪਿਆ। ਅਕਾਲੀ ਆਗੂ ਆਪਣੇ ਪਵਿੱਤਰ ਧਰਮ-ਅਸਥਾਨ ਦੇ ਅੰਦਰ ਉਹਦੇ ਮੂੰਹੋਂ ਨਿਕਲਦੇ ਵਿਹੁਲੇ ਸ਼ਬਦ ਘਬਰਾਹਟ-ਭਰੀ ਚੁੱਪ ਵਿਚ ਸੁਣਦੇ। ਜਾਂ ਤਾਂ ਉਹ ਜੋ ਕੁਝ ਉਹ ਆਖਦਾ ਉਹਦੇ ਨਾਲ ਸਹਿਮਤ ਸਨ ਜਾਂ ਉਹ ਏਡੇ ਡਰੇ ਹੋਏ ਸਨ ਕਿ ਉਹਨੂੰ ਮੂੰਹ ਬੰਦ ਰੱਖਣ ਲਈ ਨਹੀਂ ਸੀ ਕਹਿ ਸਕਦੇ। ਸੰਤ ਭਿੰਡਰਾਂਵਾਲਾ ਹਉਮੈਂ ਦੇ ਸ਼ਿਕਾਰ ਬੰਦੇ ਦੀ ਕਲਾਸਕੀ ਮਿਸਾਲ ਸੀ—ਜੋ ਆਖ਼ਰਕਾਰ ਉਹਦੀ ਅਵੁਨਤੀ ਦਾ ਕਾਰਨ ਬਣੀ।

ਰਾਜਸੀ ਵਿਸ਼ਲੇਸ਼ਕ ਸਦਾ-ਸਦਾ ਲਈ ਇਸ ਬਾਰੇ ਦਲੀਲਾਂ ਦਿੰਦੇ ਰਹਿਣਗੇ ਕਿ ਭਿੰਡਰਾਂਵਾਲਾ ਹਕੂਮਤ ਦੀ ਸਿਰਜਣਾ ਸੀ ਜਾਂ ਅਕਾਲੀਆਂ ਦੀ, ਪਰ ਇਸ ਬਾਰੇ ਕਦੇ ਦੋ ਰਾਵਾਂ ਨਹੀਂ ਹੋਣੀਆਂ ਕਿ ਇਹਨਾਂ ਦੋਹਾਂ ਨੇ ਮਿਲ ਕੇ ਇਕ ਅਜਿਹਾ ਆਦਮੀ ਸਿਰਜ ਧਰਿਆ ਜੀਹਨੇ ਹਿੰਦੂ-ਸਿੱਖ ਏਕੇ ਨੂੰ ਤੇ ਸਾਂਝੇ ਪੰਜਾਬ ਨੂੰ ਮਾਰੂ ਸੱਟ ਮਾਰੀ। ਉਹਦੇ ਜੀਵਨ ਦੇ ਆਖ਼ਰੀ ਦੋ ਸਾਲ ਦੋਹਾਂ

ਕਮਿਊਨਿਟੀਆਂ ਵਿਚਲੇ ਪਾੜੇ ਨੂੰ ਸਦਾ ਵਧੇਰੇ ਚੌੜਾ ਕਰਨ ਦੇ ਲੇਖੇ ਲੱਗੇ। ਕਾਰਜ ਜੋ ਉਹ ਮੁਕਾਏ-ਬਿਨਾਂ ਪਿੱਛੇ ਛੱਡ ਗਿਆ ਹੈ, ਉਹਨੂੰ ਸ਼ਾਇਦ ਉਹਦੀ ਪਰੇਤ-ਆਤਮਾ ਪੂਰਾ ਕਰਨ ਦਾ ਜਤਨ ਕਰੇ ਜਿਹੜੀ ਪੰਜਾਬ ਦੇ ਪਿੰਡਾਂ ਵਿਚ ਗੇੜੇ ਕੱਢਦੀ ਰਹੇਗੀ। ਇਹ ਪੰਜਾਬੀ ਹਿੰਦੂਆਂ ਦੀ ਨੀਂਦ ਵਿਚ ਵਿਘਨ ਪਾਉਂਦੀ ਰਹੇਗੀ ਤੇ ਉਹ ਕਿਤੇ ਹੋਰ ਜਾ ਕੇ ਟਿਕਾਣਾ ਲੱਭਣ ਲਈ ਮਜਬੂਰ ਹੋਣਗੇ, ਇਹ ਤਾਂ ਖ਼ਾਲਿਸਤਾਨ ਦੇ ਪਹਿਲੇ ਸ਼ਹੀਦ—ਅਮਰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ—ਦੇ ਰੱਬੀ ਰੂਪ ਵਿਚ ਪਹਿਲਾਂ ਹੀ ਸੁਰਜੀਤ ਹੋ ਚੁਕੀ ਹੋਈ ਹੈ।

1947 ਵਿਚ ਦੇਸ਼ ਦੀ ਵੰਡ ਤੋਂ ਪਿੱਛੋਂ ਆਪਣੇ ਘਰ-ਘਾਟ ਤੋਂ ਉਖੜੇ ਪੰਜਾਬੀਆਂ ਨੂੰ ਆਪਣੇ ਆਪ ਨੂੰ ਬਹਾਲ ਕਰਨ ਲਈ, ਅਣਥਕ ਘਾਲਣਾ ਘਾਲਦਿਆਂ, ਤਿੰਨ ਦਹਾਕੇ ਲੱਗ ਗਏ, ਉਹਨਾਂ ਨੂੰ ਅਜਿਹੇ ਲੀਡਰ ਪ੍ਰਗਟਾਉਣ ਵਿਚ ਤਿੰਨ ਸਾਲ ਲੱਗੇ ਜਿਨ੍ਹਾਂ ਨੇ ਉਹਨਾਂ ਦੀਆਂ ਪ੍ਰਾਪਤੀਆਂ ਵਿਚ ਹੱਥ ਵਟਾਉਣ ਦੀ ਥਾਂ ਉਹਨਾਂ ਨੂੰ ਸਵੈ-ਨਾਸ਼ ਦੇ ਰਾਹ ਪਾਇਆ। ਉਰਦੂ ਦੇ ਸ਼ਾਇਰ ਨੇ ਉਹਨਾਂ ਦੀ ਹੋਣੀ ਨੂੰ ਠੀਕ ਤਰ੍ਹਾਂ ਬਿਆਨ ਕੀਤਾ ਹੈ :


ਕਯਾ ਇਸ ਲੀਏ ਤਕਦੀਰ ਨੇ ਚੁਨਵਾਏ ਥੇ ਤਿਨਕੇ,
ਕਿ ਬਨ ਜਾਏ ਨਸ਼ੇਮਨ ਤੋ ਕੌਈ ਆਗ ਲਗਾ ਦੇ ?

ਪੰਜਾਬ ਦਾ ਡਰਾਮਾ ਇਕ ਅਜਿਹਾ ਦੁਖਾਂਤ ਹੈ ਜੀਹਦੇ ਡਰਪੋਕ ਅਦਾਕਾਰ ਰੰਗ-ਮੰਚ ਉਤੇ ਆਪਣਾ ਰੋਲ ਅਦਾ ਕਰਦੇ ਹਨ ਅਤੇ ਆਮ ਲੋਕ ਖ਼ਾਮੋਸ਼ ਦਰਸ਼ਕਾਂ ਵਜੋਂ ਵੇਖ ਰਹੇ ਹਨ। ਆਖ਼ਰੀ ਐਕਟ ਵਿਚ ਅਦਾਕਾਰ ਥੀਏਟਰ ਨੂੰ ਹੀ ਅੱਗ ਲਾਉਣ ਲਈ ਰੰਗ-ਮੰਚ ਤੋਂ ਉਤਰਦੇ ਹਨ।

ਇਹ ਕਿਤਾਬ ਕੁਲਦੀਪ ਨਈਅਰ ਤੇ ਮੈਂ ਰਲ ਕੇ ਲਿਖੀ ਹੈ। ਕੁਲਦੀਪ ਦੀ ਦੇਣ ਮੇਰੀ ਦੇਣ ਨਾਲੋਂ ਕਾਫ਼ੀ ਜ਼ਿਆਦਾ ਹੈ। ਇਸ ਭੂਮਿਕਾ ਤੋਂ ਇਲਾਵਾ ਮੈਂ ਸਿਰਫ਼ ਹਿੰਦੂ-ਸਿੱਖ ਪਾੜੇ ਦਾ ਉਤਪਤੀ ਕਾਂਡ ਅਤੇ ਓਪਰੇਸ਼ਨ ਬਲਿਊ ਸਟਾਰ ਦੇ ਸਿੱਟੇ ਬਾਰੇ ਲਿਖਿਆ ਹੈ, ਜਿਸ ਦੀ ਸੁਰਖ਼ੀ ਹੈ, 'ਮਲ੍ਹਮ ਲਾਉਣਾ', ਬਾਕੀ ਸਭ ਕੁਲਦੀਪ ਨਈਅਰ ਦੀ ਰਚਨਾ ਹੈ।

★

ਪੰਜਾਬ ਦਾ ਦੁਖਾਂਤ



ਖੁਸ਼ਵੰਤ ਸਿੰਘ
ਕੁਲਦੀਪ ਨਈਅਰ

ਉਤਪੱਤੀ-ਕਾਂਡ

"ਇਹ ਦੁਨੀਆਂ ਭਰ ਵਿਚ ਸਭ ਤੋਂ ਉਪਜਾਊ ਭੂਮੀ ਹੈ, ਇਸ ਵਿਚ ਜਿਹੜਾ ਮਰਜ਼ੀ ਬੀ ਬੀਜ ਦਿਉ, ਸੋਨਾ ਬਣ ਕੇ ਫੁਟਦਾ ਹੈ", ਪੰਜਾਬ ਦੇ ਮਰਹੂਮ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪੁੱਤਰ ਗੁਰਿੰਦਰ ਸਿੰਘ ਨੇ ਕਿਹਾ। ਪ੍ਰਤਾਪ ਸਿੰਘ ਕੈਰੋਂ ਨੂੰ ਲੋਕ ਨਵੀਨ ਪੰਜਾਬ ਦਾ ਨਿਰਮਾਤਾ ਸਮਝਦੇ ਹਨ, ਉਹਨੂੰ ਫਰਵਰੀ 1965 ਵਿਚ ਦਿੱਲੀ ਦੇ 35 ਕਿਲੋਮੀਟਰ ਉਤਰ-ਪੱਛਮ ਵੱਲ, ਗਰੈਂਡਟਰੰਕ ਰੋਡ ਉਤੇ ਸਫ਼ਰ ਕਰਦਿਆਂ ਕਤਲ ਕਰ ਦਿੱਤਾ ਗਿਆ ਸੀ। ਉਹਦੇ ਨਾਲ ਹੀ ਖ਼ੁਸ਼ਹਾਲ, ਮੁਤਹਿਦ ਹਿੰਦੂ-ਸਿੱਖ ਪੰਜਾਬੀ ਰਾਜ ਦੇ ਸੁਪਨੇ ਵੀ ਮਰ ਗਏ। ਉਹਦੀ ਮੌਤ ਤੋਂ ਸਾਲ ਭਰ ਪਿੱਛੋਂ, ਇਸ ਰਾਜ ਨੂੰ ਤਿੰਨ ਰਾਜਾਂ ਵਿਚ ਵੰਡ ਦਿੱਤਾ ਗਿਆ, ਸਿੱਖ ਬਹੁਗਿਣਤੀ ਵਾਲਾ ਪੰਜਾਬ ਅਤੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਜਿਨ੍ਹਾਂ ਵਿਚ ਹਿੰਦੂ ਭਾਰੀ ਗਿਣਤੀ ਵਿਚ ਹਨ। ਕੁਝ ਚਿਰ ਤਿੰਨੇ ਹੀ ਉੱਨਤੀ ਕਰਦੇ ਰਹੇ, ਪੰਜਾਬ ਨੇ ਆਪਣੇ ਗੁਆਂਢੀਆਂ ਨਾਲੋਂ ਵਧੇਰੇ ਤਰੱਕੀ ਕੀਤੀ। ਪਰ ਸਾਵੇ ਇਨਕਲਾਬ ਦੇ ਦੌਰਾਨ ਜਿਸ ਨੇ ਪੰਜਾਬ ਨੂੰ ਭਾਰਤ ਤੇ ਅੱਤ ਧਨਾਢ ਜ਼ਰਾਇਤੀ ਰਾਜ ਵਿਚ ਤਬਦੀਲ ਕਰ ਦਿੱਤਾ, ਖ਼ੁਸ਼ਹਾਲੀ ਦੇ ਬੀਆਂ ਦੇ ਨਾਲ ਹੀ ਪੰਜਾਬੀ ਹਿੰਦੂਆਂ ਤੇ ਸਿੱਖਾਂ ਵਿਚਕਾਰ ਫੁਟ ਦੇ ਬੀ ਵੀ ਬੀਜੇ ਗਏ। ਇਹਨਾਂ ਨੂੰ ਪ੍ਰਫੁਲਤ ਹੋਣ ਤੇ ਵਿਹੁਲੇ ਝਾੜ-ਝਖਾੜ ਵਾਂਗ ਫੈਲਣ ਦਿੱਤਾ ਗਿਆ ਅਤੇ ਇਹਨੇ ਸਮੁੱਚੇ ਉਤਰੀ ਭਾਰਤ ਦੇ ਰਾਜਸੀ, ਸਮਾਜਕ ਤੇ ਆਰਥਿਕ ਵਾਤਾਵਰਨ ਨੂੰ ਵਿਸ਼ੈਲਾ ਬਣਾ ਦਿੱਤਾ। ਸਾਡੇ ਅਨਾੜੀ ਤੇ ਵਿਚਾਰਹੀਣ ਹਾਕਮ ਇਸ ਝਾੜ-ਝਖਾੜ ਦਾ ਨਾਸ਼ ਕਰਨ ਵਾਲੇ ਇਕੋ-ਇਕ ਸਾਧਨ ਵਜੋਂ ਗੰਨ ਤੇ ਟੈਂਕ ਵਰਤਣ ਬਾਰੇ ਹੀ ਸੋਚ ਸਕੇ। ਬੰਦੂਕਾਂ ਤੇ ਟੈਂਕ ਝਾੜ-ਝਖਾੜ ਨੂੰ ਮੁਕਾ ਨਹੀਂ ਸਕਦੇ, ਸਗੋਂ ਇਹ ਤਾਂ ਜ਼ਮੀਨ ਨੂੰ ਹੋਰ ਵਧੇਰੇ ਜ਼ਰਖੇਜ਼ ਬਣਾਉਂਦੇ ਹਨ, ਜਿਸ ਦਾ ਸਦਕਾ ਇਹ ਝਾੜ-ਝਖਾੜ ਹੋਰ ਵੀ ਤੇਜ਼ੀ ਨਾਲ ਵਧਣ ਫੁਲਣ ਲੱਗਦਾ ਹੈ। ਜਦੋਂ ਮੈਂ 'ਓਪਰੇਸ਼ਨ ਬਲਿਊ ਸਟਾਰ' ਤੋਂ ਜੋ ਫ਼ੌਜ ਨੇ 5 ਤੇ 6 ਜੂਨ, 1984 ਨੂੰ ਸਿਰੇ ਚਾੜ੍ਹਿਆ ਸੀ, ਇਕ ਪੰਦਰਵਾੜੇ ਪਿਛੋਂ ਅੰਮ੍ਰਿਤਸਰ ਗਿਆ ਤਾਂ ਏਸ ਪ੍ਰਫੁਲਣ ਨੂੰ ਮੈਂ ਅੱਖੀਂ ਵੇਖ ਸਕਿਆ।

ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ ਉਤੇ ਉਤਰ ਰਹੇ ਹਵਾਈ ਜਹਾਜ਼ ਦੀ ਬਾਰੀ ਥਾਣੀ ਮੈਨੂੰ ਝੋਨੇ ਦੇ ਜ਼ਮੁਰਦੀ ਖੇਤ ਨਜ਼ਰ ਆਏ। ਘੰਟਾ ਕੁ ਪਹਿਲਾਂ ਤਕੜਾ ਮੀਂਹ ਪੈ ਚੁਕਿਆ ਸੀ ਤੇ ਸਾਰਾ ਆਲਾ-ਦੁਆਲਾ ਹੀ ਵਧੇਰੇ ਤਾਜ਼ਾ, ਵਧੇਰੇ ਸਾਫ਼ ਤੇ ਵਧੇਰੇ ਹਰਿਆਲਾ ਲੱਗਦਾ ਸੀ। ਸ਼ਾਂਤੀ ਤੇ ਖ਼ੁਸ਼ਹਾਲੀ ਦਾ ਦ੍ਰਿਸ਼ ਸੀ ਇਹ !

ਪਰ ਰਾਜਾਸਾਂਸੀ ਪਹੁੰਚਦਿਆਂ ਹੀ ਸ਼ਾਂਤੀ ਤੇ ਸੁਖ-ਚੈਨ ਦਾ ਇਹ ਭਰਮ ਚੂਰ-ਚੂਰ ਹੋ ਗਿਆ। ਥਾਂ-ਥਾਂ ਫ਼ੌਜੀ ਸਾਵੀਆਂ ਵਰਦੀਆਂ ਪਹਿਨੀਂ ਤਿਆਰ-ਬਰ-ਤਿਆਰ ਖਲੋਤੇ ਸਨ, ਮੋਢਿਆਂ ਉਤੇ

ਸਟੇਨਗੰਨਾਂ ਤੇ ਹੱਥ ਖ਼ਤਰਨਾਕ ਤੌਰ 'ਤੇ ਘੋੜਿਆਂ ਦੇ ਨੇੜੇ। ਹਵਾਈ ਜਹਾਜ਼ ਤੋਂ ਹੋਟਲ ਤਕ ਦੇ ਰਾਹ ਉਤੇ ਮੈਂ ਘਾਹੀ ਕੋਰ-ਪੱਥਰਾਂ ਉਤੇ ਬੈਠੇ ਸਿਪਾਹੀਆਂ ਦੀਆ ਅਨੇਕਾਂ ਟੁਕੜੀਆਂ ਕੋਲੋਂ ਦੀ ਲੰਘਿਆ। ਸੜਕਾਂ ਦੇ ਇਕ ਵੱਡੇ ਚੁਰਾਹੇ ਉਤੇ ਟਰੈਫਿਕ ਡਿਊਟੀ ਵਾਲੇ ਪੁਲਸੀਆਂ ਤੋਂ ਇਲਾਵਾ, ਹੋਮ ਗਾਰਦ, ਸੈਂਟਰਲ ਰੀਜ਼ਰਵ ਪੁਲਿਸ ਫੋਰਸ, ਬਾਰਡਰ ਸਕਿਊਰਿਟੀ ਫ਼ੋਰਸ ਤੇ ਬਾਕਾਇਦਾ ਫ਼ੌਜ ਦੇ ਜਵਾਨ ਖੜੇ ਸਨ। ਇਕ ਟਿਕਾਣੇ ਉਤੇ ਤਾਂ ਰੇਤੇ ਦੇ ਬੋਰਿਆਂ ਦਾ ਬਣਿਆ ਇਕ ਬੰਕਰ ਵੀ ਸੀ, ਜਿਸ ਵਿਚੋਂ ਮਸ਼ੀਨਗੰਨ ਦੀ ਨਾਲੀ ਦਾ ਮੂੰਹ ਭੀੜ-ਭਰੇ ਬਾਜ਼ਾਰ ਵੱਲ ਸੇਧਿਆ ਹੋਇਆ ਸੀ।

ਉਹਨਾਂ ਮੈਨੂੰ ਦੱਸਿਆ ਕਿ ਅੰਮ੍ਰਿਤਸਰ ਸਹਿਜੇ-ਸਹਿਜੇ, ਪਰ ਨਿਸ਼ਚੇ ਹੀ ਨਾਰਮਲ ਹੁੰਦਾ ਜਾ ਰਿਹਾ ਹੈ। ਠੀਕ, ਸਿਨਮਿਆਂ ਤੇ ਕੇਫੇਆਂ ਵਿਚ ਭੀੜਾਂ ਸਨ ਜਿਥੇ ਸਾਲ ਭਰ ਪਹਿਲਾਂ ਇਹ ਭੀੜਾਂ ਨਹੀਂ ਸਨ ਹੁੰਦੀਆਂ। ਰਾਮ ਬਾਗ਼ ਵਿਚ ਅੰਮ੍ਰਿਤਸਰ ਕਲੱਬ ਦੇ ਬਾਹਰਵਾਰ ਕਾਰਾਂ, ਸਕੂਟਰਾਂ, ਆਈਸਕਰੀਮ ਦੇ ਚਾਟ ਵੇਚਣ ਵਾਲਿਆਂ ਦੀ ਭਰਮਾਰ ਸੀ, ਪਰ ਚਾਰਦੀਵਾਰੀ ਅੰਦਰਲੇ ਬਾਜ਼ਾਰ ਅਜੇ ਵੀ ਕੁਝ-ਕੁਝ ਸੁੰਨੇ ਦਿੱਸਦੇ ਸਨ। ਮੇਰੀ ਕਾਰ ਗਾਂਧੀ ਗੇਟ ਤੋਂ ਹਾਲ ਬਜ਼ਾਰ ਥਾਣੀ ਲੰਘੀ, ਜਿਥੇ ਆਮ ਤੌਰ 'ਤੇ ਲੋਕਾਂ ਦੀ ਗਹਿਮਾ-ਗਹਿਮੀ ਹੁੰਦੀ ਸੀ, ਪਰ ਹੁਣ ਮੈਨੂੰ ਇਥੇ ਕੋਈ ਟਰੈਫਿਕ ਨਜ਼ਰ ਨਹੀਂ ਸੀ ਆਈ ਤੇ ਮੈਂ ਪੰਜਾਂ ਮਿੰਟਾਂ ਤੋਂ ਵੀ ਘੱਟ ਸਮੇਂ ਵਿਚ ਗੋਲਡਨ ਟੈਂਪਲ ਦੇ ਸਾਹਮਣੇ ਘੰਟਾ ਘਰ ਦੇ ਚੌਕ ਵਿਚ ਪਹੁੰਚ ਗਿਆ। ਕੰਡੇਦਾਰ ਤਾਰਾਂ ਦੀਆਂ ਵਾੜਾਂ ਕਾਰਨ ਮੈਂ ਹੋਰ ਅੱਗੇ ਨਾ ਜਾ ਸਕਿਆ। ਸਾਈਕਲ ਸ਼ੈੱਡ ਦੀ ਕੰਧ ਵੇਖ ਕੇ ਜਿਸ ਦੀ ਅਜੇ ਮੁਰੰਮਤ ਨਹੀਂ ਸੀ ਹੋਈ, ਮੈਨੂੰ ਅਹੁੜਿਆ ਕਿ ਪੰਜ ਤੇ ਛੇ ਜੂਨ ਦੀ ਰਾਤ ਨੂੰ ਕੀ ਕੁਝ ਵਾਪਰਿਆ ਹੋਵੇਗਾ। ਸ਼ੈੱਡ ਦੇ ਪੂਰੇ ਮੱਥੇ ਉਤੇ ਗੋਲੀਆਂ ਦੇ ਨਿਸ਼ਾਨ ਸਨ। ਇਹ ਗੱਲ ਵੀ ਧਿਆਨਯੋਗ ਹੈ ਕਿ ਇਹ ਸਾਈਕਲ ਸ਼ੈੱਡ ਫਾਈਟਿੰਗ ਜ਼ੋਨ (ਰਣ-ਖੇਤਰ) ਵਿਚ ਨਹੀਂ ਸੀ।

ਤਿਪਹਿਰ ਦੇ ਤਿੰਨ ਵਜੇ ਸਨ—ਫ਼ੌਜ ਵਲੋਂ ਗੋਲਡਨ ਟੈਂਪਲ ਦੇ ਗੇਟ ਆਮ ਤੌਰ 'ਤੇ ਚਾਰ ਵਜੇ ਖੋਲ੍ਹੇ ਜਾਂਦੇ ਹਨ। ਜਦੋਂ ਵੀ ਸੂਰਜ ਮੌਨਸੂਨ ਦੇ ਬੱਦਲਾਂ ਨੂੰ ਚੀਰ ਕੇ ਨਿਕਲਦਾ ਤੇ ਤਲਾ ਦਾ ਪਾਣੀ ਤੇਜ਼ ਪੌਣ ਚਲਣ ਨਾਲ ਲਹਿਰਾਉਂਦਾ ਤਾਂ ਹਰਿਮੰਦਰ ਸਹਿਬ ਆਪਣੇ ਜਗਮਗਾਉਂਦੇ ਸੁਨਹਿਰੀ ਗੁੰਬਦਾਂ ਸਦਕਾ ਸਦਾ ਵਾਂਗ ਨੂਰਾਨੀ ਦਿੱਸਦਾ ਸੀ, ਪਰ ਇਥੇ ਸ਼ਰਧਾਲੂ ਕੋਈ ਨਹੀਂ ਸਨ, ਬਸ ਕੋਈ ਟਾਵਾਂ-ਟਾਵਾਂ ਹੀ ਦਿੱਸਦਾ ਸੀ। ਮੈਂ ਪੈਰ ਧੋਤੇ ਤੇ ਸੰਗਮਰਮਰ ਦੀਆਂ ਪੌੜੀਆਂ ਲੱਥਾ। ਪਹਿਲਾਂ ਤਾਂ ਮੈਨੂੰ ਪੁੱਜੇ ਨੁਕਸਾਨ ਦੇ ਕੋਈ ਨਿਸ਼ਾਨ ਨਜ਼ਰ ਨਾ ਆਏ, ਪਰ ਥੋੜੇ ਕਦਮ ਜਾਣ ਤੇ ਹੀ ਮੈਂ ਵੇਖਿਆ ਕਿ ਪਰਕਰਮਾ ਦਾ ਸੰਗਮਰਮਰੀ ਫ਼ਰਸ਼ ਜਿਥੇ ਦਾਨੀ ਸੱਜਣਾਂ ਦੇ ਨਾਵਾਂ ਵਾਲੀਆਂ ਸਿਲਾਂ ਥਾਂ-ਥਾਂ ਲੱਗੀਆਂ ਹੋਈਆਂ ਸਨ, ਉਹ ਅਲੋਪ ਹੋ ਗਿਆ ਹੋਇਆ ਸੀ ਤੇ ਉਹਨਾਂ ਸਿਲਾਂ ਦੀ ਥਾਂ ਸਿਲਖੜੀ ਦੀਆਂ ਨਿਰ-ਚਿਹਰਾ ਵਰਗਾਕਾਰ ਸਿਲਾਂ ਬੀੜ ਦਿੱਤੀਆਂ ਗਈਆਂ ਸਨ ਅਤੇ ਪਰਕਰਮਾ ਦੇ ਪਾਸੇ ਵਾਲਾ ਵਰਾਂਡਾ ਠੀਕ-ਠਾਕ ਕਰਕੇ ਕਲੀ ਕੀਤਾ ਹੋਇਆ ਸੀ। ਫੇਰ ਮੇਰੀ ਨਜ਼ਰ ਦੋ ਬੁਰਜਾਂ, ਰਾਮਗੜ੍ਹੀਆ ਬੁੰਗਿਆਂ, ਉਤੇ ਪਈ ਜਿਹੜੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਣਾਏ ਗਏ ਸਨ। ਇਹਨਾਂ ਬੁਰਜਾਂ ਦੇ ਸਿਰ ਉਡਾ ਦਿੱਤੇ ਗਏ ਸਨ। ਤੀਜਾ ਬੁਰਜ, ਵਾਟਰ ਟਾਵਰ, ਸਹੀ-ਸਲਾਮਤ ਦਿੱਸਦਾ ਸੀ, ਪਰ ਅਸਲ ਵਿਚ ਇਹ ਕੰਮ ਨਹੀਂ ਸੀ ਕਰ ਰਿਹਾ। ਕਿਤੇ ਅੱਧੀ ਪਰਕਰਮਾ ਦਾ ਗੇੜਾ ਕੱਢਣ ਅਤੇ ਬਾਬਾ ਦੀਪ ਸਿੰਘ ਸ਼ਹੀਦ ਦੇ ਗੁਰਦੁਆਰੇ ਅਪੜਨ ਤੇ ਹੀ ਮੈਂ ਟੈਂਪਲ ਕਾਂਪਲੈਕਸ ਨੂੰ ਪੁੱਜੇ ਓੜਕਾਂ ਦੇ ਨੁਕਸਾਨ ਦੇ ਸਬੂਤ ਵੇਖ ਸਕਿਆ। ਅਸਲ ਵਿਚ ਏਸੇ ਪਾਸਿਉਂ ਹੀ ਆਰਮੀ ਟੈਂਕ

ਲੋਹੇ ਦੇ ਗੇਟ ਭੰਨ ਕੇ, ਸੰਗਮਰਮਰੀ ਪੌੜੀਆਂ ਚਿਕਨਾਚੂਰ ਕਰਕੇ ਪਰਕਰਮਾ ਵਿਚ ਦਾਖ਼ਲ ਹੋਏ ਸਨ, ਜਿਸ ਦਾ ਇਕ ਹਿੱਸਾ ਇਹਨਾਂ ਦੇ ਭਾਰ ਹੇਠ ਹੀ ਬਹਿ ਗਿਆ ਹੋਇਆ ਸੀ। ਗੁਰੂ ਕਾ ਲੰਗਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰ ਤੋਂ ਸ਼ੁਰੂ ਹੋਣ ਵਾਲੀਆਂ ਸਭਨਾਂ ਇਮਾਰਤਾਂ ਦੇ ਪੂਰੇ ਸਿਲਸਿਲੇ ਦੇ ਬੂਹੇ ਬਾਰੀਆਂ ਸੜੇ ਹੋਏ ਸਨ। ਕਾਂਪਲੈਕਸ ਦਾ ਦੱਖਣੀ ਪਾਸਾ ਜਿਥੇ ਮੁਹਾਫ਼ਜ਼ਖ਼ਾਨਾ ਸੀ, ਬਾਹਰ-ਵਾਰੋਂ ਸਹੀ-ਸਲਾਮਤ ਦਿੱਸਦਾ ਸੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਨਕਲਾਂ ਦਾ ਪੂਰਾ ਅਮੋਲ ਸੰਗ੍ਰਹਿ (ਜਿਨ੍ਹਾਂ ਵਿਚੋਂ ਕਈ ਨਕਲਾਂ ਭਾਰਤ ਛੱਡ ਕੇ ਪਾਕਿਸਤਾਨ ਜਾਣ ਵਾਲੇ ਮੁਸਲਮਾਨਾਂ ਨੇ ਭੇਂਟ ਕੀਤੀਆਂ ਸਨ) ਅਤੇ ਹੁਕਮਨਾਮੇ ਜਿਨ੍ਹਾਂ ਉਤੇ ਗੁਰੂਆਂ ਦੇ ਦਸਖ਼ਤ ਸਨ, ਅੱਗ ਦੀ ਭੇਟ ਹੋ ਚੁੱਕੇ ਹੋਏ ਸਨ। ਇਥੋਂ ਹੀ ਟੈਂਕ-ਤੋਪਾਂ ਨੇ ਅਕਾਲ ਤਖ਼ਤ ਉਪਰ ਗੋਲੇ ਸੁੱਟੇ ਸਨ ਅਤੇ ਇਹਦੀ ਛੱਤ ਨੂੰ ਉਡਾ ਦਿੱਤਾ ਸੀ ਅਤੇ ਭਿੰਡਰਾਂਵਾਲੇ ਤੇ ਉਹਦੇ ਆਦਮੀਆਂ ਨੂੰ ਖੁੱਲ੍ਹੇ ਸਥਾਨ ਵਿਚ ਆ ਕੇ ਲੜਾਈ ਲੜਨ ਉਤੇ ਮਜਬੂਰ ਕੀਤਾ ਸੀ ਜਿਹੜੀ ਭਾਰੀ ਤਾਕਤ ਦੇ ਸਾਹਮਣੇ ਉਹਨਾਂ ਨੇ ਹਾਰਨੀ ਹੀ ਸੀ। ਇਹ ਟੈਂਕਾਂ ਦੀਆਂ ਭਾਰੀ ਤੋਪਾਂ ਹੀ ਸਨ ਜਿਨ੍ਹਾਂ ਦੇ ਗੋਲਿਆਂ ਨੇ ਦਰਸ਼ਨੀ ਡਿਉੜੀ ਵਿਚ ਮਘੋਰੇ ਕਰ ਦਿੱਤੇ ਸਨ ਤੇ ਇਥੇ ਖਲੋਤੀ ਇਲੈਚੀ ਬੇਰੀ ਦੇ ਵੱਡੇ ਭਾਗ ਨੂੰ ਤੋੜ ਸੁੱਟਿਆ ਸੀ। ਅਕਾਲ ਤਖ਼ਤ ਆਪਣੀਆਂ ਪਵਿੱਤਰ ਯਾਦਗਾਰਾਂ ਸਮੇਤ ਪੂਰੀ ਤਰ੍ਹਾਂ ਤਬਾਹ ਹੋ ਚੁਕਿਆ ਸੀ।

ਚਾਰ ਵਜੇ ਤਕ ਟੈਂਪਲ ਵਿਚ ਹਜ਼ਾਰ ਤੋਂ ਉਪਰ ਲੋਕ ਆ ਚੁਕੇ ਸਨ, ਜਿਨ੍ਹਾਂ ਵਿਚ ਹਿੰਦੂ ਵੀ ਕਾਫ਼ੀ ਸਨ। ਉਹਨਾਂ ਦੇ ਪ੍ਰਤੀਕਰਮ ਟੁੰਬਵੇ ਸਨ। ਹਿੰਦੂਆਂ ਨੂੰ, ਜਾਪਦਾ ਸੀ, ਇਹ ਵੇਖਣ ਵਿਚ ਵਧੇਰੇ ਦਿਲਚਸਪੀ ਸੀ ਕਿ ਆਪਣੇ ਮੰਦਰ ਦੀ ਤਬਾਹੀ ਵੇਖ ਕੇ ਸਿੱਖਾਂ ਤੇ ਕੀ ਪ੍ਰਤੀਕਰਮ ਹੁੰਦਾ ਹੈ। ਇਮਾਰਤਾਂ ਵੇਖ ਕੇ ਸਿੱਖਾਂ ਦੇ ਮੂੰਹ ਟੱਡੇ ਦੇ ਟੱਡੇ ਰਹਿ ਜਾਂਦੇ, ਉਹਨਾਂ ਨੂੰ ਡਿਠੇ ਉਤੇ ਯਕੀਨ ਨਹੀਂ ਸੀ ਆਉਂਦਾ ਲੱਗਦਾ, ਉਹਨਾਂ ਦੀਆਂ ਨਜ਼ਰਾਂ ਵਿਚ ਮੈਨੂੰ ਕੋਈ ਧਾਰਮਿਕ ਉਮਾਹ ਨਹੀਂ ਸੀ ਦਿੱਸਿਆ। ਇੰਜ ਲੱਗਿਆ ਜਿਵੇਂ ਉਹ ਕਿਸੇ ਮਿਊਜ਼ੀਅਮ ਜਾਂ ਤਸਵੀਰਾਂ ਵਾਲੀ ਗੈਲਰੀ ਦਾ ਚੱਕਰ ਲਾ ਰਹੇ ਸਨ। ਹਰਿਮੰਦਰ ਵਿਚ ਵੀ ਇਹੋ ਦ੍ਰਿਸ਼ ਸੀ। ਕੀਰਤਨ ਵੱਲ ਸ਼ਾਇਦ ਹੀ ਕਿਸੇ ਦਾ ਧਿਆਨ ਗਿਆ ਹੋਵੇ। ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਉਹ ਹਰਿਮੰਦਰ ਸਾਹਿਬ ਨੂੰ ਲੱਗੇ ਗੋਲੀਆਂ ਦੇ ਨਿਸ਼ਾਨ ਗਿਣਨ ਲੱਗਦੇ। ਸਰਕਾਰ ਦੇ ਇਸ ਦਾਹਵੇ ਦੇ ਉਲਟ ਕਿ ਫ਼ੌਜ ਦੇ ਸਵੈ-ਕਾਬੂ ਸਦਕਾ ਹਰਿਮੰਦਰ ਨੂੰ ਕੋਈ ਹਾਨੀ ਨਹੀਂ ਪੁੱਜੀ, ਮੈਂ ਸੰਗਮਰਮਰੀ ਕੰਧਾਂ ਵਿਚ ਗੋਲੀਆਂ ਦੇ ਦੋ ਦਰਜਨ ਤੋਂ ਉਪਰ ਤਾਜ਼ਾ ਨਿਸ਼ਾਨ ਗਿਣੇ ਅਤੇ ਉਹ ਸੁਰਾਖ਼ ਵੀ ਤੱਕੇ ਜਿਹੜੇ ਸ਼ਰੈਪਨੇਲ ਗੋਲੀਆਂ ਨੇ ਧਾਤ-ਕੱਜੀਆਂ ਬਾਰੀਆਂ ਬਾਣੀ ਲੰਘ ਕੇ ਬਣਾਏ ਸਨ ਤੇ ਮੁਹਰਾਕਸ਼ੀ ਦੇ ਚਿਤਰਾਂ ਦ ਬਚਾਉ ਕਰਨ ਵਾਲੇ ਸ਼ੀਸ਼ੇ ਤੋੜ ਦਿੱਤੇ ਸਨ। ਸਿੱਖਾਂ ਦੇ ਚਿਹਰੇ ਗ਼ੁੱਸੇ ਨਾਲ ਲਾਲ ਹੋ ਰਹੇ ਸਨ। ਕਈਆਂ ਨੇ ਤਾਂ ਅਪਵਿੱਤਰ ਕਰਤਿਆਂ ਨੂੰ ਉਹ ਪੰਜਾਬੀ ਗਾਲ੍ਹ ਕੀ ਕੱਢੀ ਜੋ ਪਵਿੱਤਰ ਸਥਾਨਾਂ ਵਿਚ ਕਦੇ ਵੀ ਸੁਣਾਈ ਨਹੀਂ ਦਿੰਦੀ। ਕਈਆਂ ਨੇ ਆਪਣੇ ਮੱਥੇ ਗੋਲੀਆਂ ਦੇ ਨਿਸ਼ਾਨਾਂ ਉਤੇ ਮਾਰੇ ਤੇ ਉਹਨਾਂ ਦੀਆਂ ਭੁੱਬਾਂ ਨਿਕਲ ਗਈਆਂ ਤੇ ਅੱਥਰੂ ਵਹਿ ਤੁਰੇ। ਦਰਸ਼ਨੀ ਡਿਉੜੀ ਵਿਚ ਪਰਤ ਕੇ ਮੈਂ ਬਿਰਧ ਤੀਵੀਆਂ ਨੂੰ ਇਲੈਚੀ ਬੇਰੀ ਦਾ ਤਨਾ ਤੇ ਬਾਕੀ ਬਚੀਆਂ ਟਹਿਣੀਆਂ ਘੁਟਦਿਆਂ ਤੱਕਿਆ, ਜਿਵੇਂ ਇਹ ਕੋਈ ਮਨੁੱਖੀ ਦੇਹ ਹੋਵੇ ਜਿਸ ਦੀਆਂ ਲੱਤਾਂ ਬਾਹਾਂ ਕੱਟ-ਵੱਢ ਦਿੱਤੀਆਂ ਗਈਆਂ ਹੋਣ।

ਅਕਾਲ ਤਖ਼ਤ ਦੇ ਬਚੇ-ਖੁਚੇ ਹਿੱਸੇ ਦੁਆਲੇ ਕੰਡੇਦਾਰ ਤਾਰ ਦੀ ਵਾੜ ਕਰ ਦਿੱਤੀ ਗਈ ਹੋਈ

ਸੀ। ਮਲਬੇ ਦੇ ਢੇਰ ਇਕ ਪਾਸੇ ਕਰਕੇ ਲੱਗੇ ਹੋਏ ਸਨ। ਦੋ ਉਚੇ ਨਿਸ਼ਾਨ ਸਾਹਿਬ, ਖ਼ਾਲਸਾ ਪੰਥ ਦੇ ਤਿਕੋਨੇ ਕੇਸਰੀ ਝੰਡੇ ਮੋਨਸੂਨੀ ਹਵਾ ਵਿਚ ਆਕੀ ਅੰਦਾਜ਼ ਵਿਚ ਲਹਿਰਾ ਰਹੇ ਸਨ। ਇਹਨਾਂ ਨਿਸ਼ਾਨ ਸਾਹਿਬਾਂ ਤੋਂ ਛੁੱਟ ਹੋਰ ਕੁਝ ਵੀ ਤਾਂ ਨਿਰ-ਹਾਨੀ ਨਹੀਂ ਸੀ ਰਹਿ ਸਕਿਆ। ਲੋਕ ਛੋਟੀਆਂ-ਛੋਟੀਆਂ ਟੋਲੀਆਂ ਵਿਚ ਜੁੜ ਜਾਂਦੇ ਤੇ ਹੋਰਨਾਂ ਤੋਂ ਜਿਹੜੇ ਇੰਜ ਬਣ ਦੱਸਦੇ ਜਿਵੇਂ ਉਹ ਬਾਕੀਆਂ ਨਾਲੋਂ ਵਧੇਰੇ ਜਾਣਕਾਰੀ ਰੱਖਦੇ ਹਨ, ਆਰਮੀ ਐਕਸ਼ਨ ਬਾਰੇ ਸੁਣਦੇ। ਸੁਣਾਉਣ ਵਾਲੇ ਅੱਤ-ਕਥਨੀ ਤੋਂ ਕੰਮ ਲੈਂਦਿਆਂ ਦੱਸਦੇ ਕਿ ਭਿੰਡਰਾਂਵਾਲੇ ਦੇ ਆਦਮੀਆਂ ਨੇ ਕਿਵੇਂ ਆਖ਼ਰੀ ਸਾਹ ਤਕ ਮੁਕਾਬਲਾ ਕੀਤਾ, ਕਿਵੇਂ ਨਿਰਦੋਸ਼ ਸ਼ਰਧਾਲੂਆਂ ਨੂੰ ਜਿਨ੍ਹਾਂ ਵਿਚ ਇਸਤਰੀਆਂ ਤੇ ਬੱਚੇ ਵੀ ਸਨ, ਗ੍ਰੁੱਸੇ ਵਿਚ ਭਰੇ-ਪੀਤੇ ਫ਼ੌਜੀਆਂ ਨੇ ਆਪਣੇ ਮਰਨ ਵਾਲੇ ਸਾਥੀਆਂ ਦਾ ਬਦਲਾ ਲੈਣ ਲਈ ਮਾਰ ਮੁਕਾਇਆ। ਇਕ ਗੱਭਰੂ ਨੇ ਮੇਰਾ ਧਿਆਨ ਅਕਾਲ ਤਖ਼ਤ ਦੇ ਨਾਲ ਵਾਲੀ ਕੰਧ ਉਤੇ ਲੱਗੇ ਇਕ ਸਾਈਨਬੋਰਡ ਵੱਲ ਦੁਆਇਆ। ਸਪੱਸ਼ਟ ਸੀ ਕਿ ਇਹ ਸਾਈਨਬੋਰਡ ਫ਼ੌਜੀ ਅਧਿਕਾਰੀਆਂ ਨੇ ਟੈਂਪਲ ਕਾਂਪਲੈਕਸ ਉਤੇ ਕਬਜ਼ਾ ਕਰਨ ਤੋਂ ਥੋੜਾ ਪਿੱਛੋਂ ਇਥੇ ਲਾਇਆ ਹੋਵੇਗਾ, ਪਰ ਫੇਰ ਪਬਲਿਕ ਲਈ ਇਹਦੇ ਦਰ ਖੋਲ੍ਹਣ ਉਤੇ ਇਹਨੂੰ ਇਥੋਂ ਲਾਹੁਣਾ ਉਹ ਭੁੱਲ ਗਏ ਸਨ। ਇਸ 'ਤੇ ਲਿਖਿਆ ਸੀ : 'ਇਥੇ ਸਿਗਰਟ ਜਾਂ ਸ਼ਰਾਬ ਪੀਣ ਦੀ ਆਗਿਆ ਨਹੀਂ।' ਤੇ ਸਾਡੇ ਜਵਾਨ ਆਪਣੀ ਲੜਾਈ ਜਿੱਤਣ ਪਿੱਛੋਂ ਇਥੇ ਇਹੋ ਕੁਝ ਕਰਦੇ ਰਹੇ ਸਨ। ਉਹਨਾਂ ਦੀ ਘਬਰਾਹਟ ਅੱਤ-ਉਤੇਜਿਤ ਹੋ ਗਈ ਹੋਈ ਸੀ, ਲੋਥਾਂ ਦੀ ਸੜ੍ਹਾਂਦ ਅਤੇ ਮਰ ਰਹੇ ਲੋਕਾਂ ਦਾ ਕਰਾਹੁਣਾ ਅਸਹਿ ਹੋ ਚੁੱਕੇ ਹੋਏ ਸਨ। ਉਹਨਾਂ ਵਿਚੋਂ ਬਹੁਤਿਆਂ ਨੂੰ ਤਾਂ ਇਹ ਵੀ ਮਲੂਮ ਨਹੀਂ ਸੀ ਕਿ ਤੰਬਾਕੂ ਸਿੱਖਾਂ ਲਈ ਵਿਵਰਜਿਤ ਵਸਤੂ ਹੈ ਜਾਂ ਕਿ ਹਰਿਮੰਦਰ ਤੋਂ ਅਕਾਲ ਤਖ਼ਤ ਨੂੰ ਵਖਰਾਉਣ ਵਾਲਾ ਹਾਤਾ ਮੰਦਰ ਦਾ ਹੀ ਅੰਗ ਹੈ। ਉਹਨਾਂ ਨੇ ਰੰਮ ਤੇ ਸਿਗਰਟਾਂ ਨਾਲ ਆਪਣੇ ਤੰਤੂਆਂ ਦੀ ਕੱਸ ਨੂੰ ਸੁਖਾਵਾਂ ਬਣਾਉਣ ਦੀ ਕੋਸ਼ਿਸ਼ ਕੀਤੀ। "ਉਹ ਪੈਰੀਂ ਬੂਟ ਪਹਿਨੀਂ ਪਰਕਰਮਾਂ ਉਤੇ ਫਿਰਦੇ ਰਹੇ", ਕਿਸੇ ਨੇ ਦੱਸਿਆ। "ਉਹਨਾਂ ਨੇ ਪੰਦਰਾਂ ਪੰਦਰਾਂ ਤੇ ਵੀਹ-ਵੀਹ ਦੇ ਮੁੰਡਿਆਂ ਨੂੰ, ਉਹਨਾਂ ਦੀਆਂ ਪੱਗਾਂ ਨਾਲ ਹੀ ਉਹਨਾਂ ਦੇ ਹੱਥ ਪਿੱਛੇ ਬੰਨ੍ਹ ਕੇ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ", ਕਿਸੇ ਹੋਰ ਨੇ ਆਖਿਆ। "ਉਹਨਾਂ ਨੇ ਪਰਕਰਮਾ ਨਾਲ ਲੱਗਦੇ ਕਮਰਿਆਂ ਵਿਚ ਛੁਪੇ ਹੋਏ ਯਾਤਰੀਆਂ ਨੂੰ ਗੈਸ ਨਾਲ ਮਾਰ ਦਿੱਤਾ ਤੇ ਸਾੜ ਦਿੱਤਾ", ਇਕ ਹੋਰ ਨੇ ਦੱਸਿਆ, "ਉਹਨਾਂ ਦੀਆਂ ਹੱਡੀਆਂ ਇਧਰ ਉਧਰ ਪਈਆਂ ਤੇ ਮੌਤ ਦੀ ਬਦਬੋ ਛੱਡਦੀਆਂ ਅਜੇ ਵੀ ਵੇਖੀਆਂ ਜਾ ਸਕਦੀਆਂ ਹਨ।" ਲੋਕਾਂ ਨੇ ਮਨ ਏਡੇ ਭੜਕੇ ਹੋਏ ਸਨ ਕਿ ਉਹਨਾਂ ਨੂੰ ਜੋ ਵੀ ਦੱਸਿਆ ਜਾਂਦਾ ਉਹਨੂੰ ਮੰਨ ਲੈਂਦੇ ਸਨ। ਉਹਨਾਂ ਨੇ ਤਾਂ ਇਹ ਵੀ ਮੰਨ ਲਿਆ ਕਿ ਭਿੰਡਰਾਂਵਾਲਾ ਅੱਖੀਂ ਘੱਟਾ ਪਾ ਕੇ ਨਿਕਲ ਗਿਆ ਹੈ ਤੇ ਛੇਤੀ ਹੀ ਪਰਤੇਗਾ।

ਹੁਣ ਗੋਲਡਨ ਟੈਂਪਲ ਦੇ ਸਿੱਖਾਂ ਲਈ ਪਹਿਲਾਂ ਵਾਲੇ ਅਰਥ ਨਹੀਂ ਸਨ ਜੋ ਅਰਥ ਤਿੰਨ ਸੌ ਤੇ ਅੱਸੀ ਸਾਲ ਤੱਕ ਇਹਦੇ ਰਹੇ ਸਨ। ਇਹ ਆਪਣੇ ਸੁਨਹਿਰੀ ਗੁੰਬਦਾਂ ਸਦਕਾ ਜਿਨ੍ਹਾਂ ਉਤੇ ਨੀਲੇ ਅਕਾਸ਼ ਵਿਚ ਲੁਕੁਕਦੇ ਮੋਨਸੂਨੀ ਬੱਦਲਾਂ ਦਾ ਚੰਦ੍ਰਮਾ ਤਣਿਆ ਹੋਇਆ ਸੀ ਅਤੇ ਕਬੂਤਰਾਂ ਦੀਆਂ ਡਾਰਾਂ ਸਦਾ ਵਾਂਗ ਹੀ ਉਡ ਰਹੀਆਂ ਸਨ, ਅਜੇ ਵੀ ਸੁੰਦਰ ਦਿਸਦਾ ਸੀ, ਪਰ ਇਸ ਵਿਚ ਵੱਸੀ ਹੋਈ ਰੂਹ ਸਦਾ-ਸਦਾ ਲਈ ਅਲੋਪ ਹੋ ਚੁਕੀ ਦਿੱਸਦੀ ਸੀ। ਮੈਂ ਗੋਲਡਨ ਟੈਂਪਲ ਤੋਂ ਵਿਦਾ ਹੋਣ ਲੱਗਿਆ ਤਾਂ ਪ੍ਰਵੇਸ਼-ਦੁਆਰ 'ਤੇ ਬੈਠੇ ਗੁਲ-ਫਰੋਸ਼ ਨੇ ਮੈਨੂੰ ਆਖਿਆ, "ਇਥੇ ਕੋਈ ਉਪਾਸ਼ਕ ਨਹੀਂ ਹਨ, ਇਹ ਸਭ ਤਮਾਸ਼ਬੀਨ ਹਨ।"

ਸ਼ਾਮੀ ਮੈਂ ਆਪਣੇ ਹੋਟਲ ਦੇ ਕਮਰੇ ਵਿਚ ਅੰਮ੍ਰਿਤਸਰ ਦੇ ਕਈ ਹਿੰਦੂਆਂ ਤੇ ਸਿੱਖਾਂ ਨੂੰ ਮਿਲਿਆ, ਉਹਨਾਂ ਦੀਆਂ ਗੱਲਾਂ ਨੇ ਇਸ ਦੀ ਹੋਰ ਪੁਸ਼ਟੀ ਕੀਤੀ ਕਿ ਦੋਹਾਂ ਜਾਤੀਆਂ ਦੇ ਦਿਲਾਂ ਨੂੰ ਕਦੇ ਵੀ ਪੂਰਾ ਨਾ ਹੋਣ ਵਾਲੀ ਹਾਨੀ ਪੁੱਜੀ ਹੈ, ਜਿਹੜੇ ਅਜੇ ਪਿੱਛੇ ਜੇਹੇ ਤੱਕ ਆਪਣੇ ਆਪ ਨੂੰ ਇਕੋ ਸਮਝਦੀਆਂ ਸਨ, ਉਹਨਾਂ ਦੇ ਧੀਆਂ ਪੁੱਤਰਾਂ ਦੇ ਆਪੋ ਵਿਚ ਵਿਆਹ ਹੁੰਦੇ ਸਨ, ਉਹ ਇਕ ਦੂਜੇ ਦੇ ਧਰਮ-ਅਸਥਾਨਾਂ ਵਿਚ ਜਾ ਕੇ ਪੂਜਾ ਕਰਦੇ ਸਨ ਅਤੇ ਇਕ ਦੂਜੇ ਦੀਆਂ ਖ਼ੁਸ਼ੀਆਂ ਤੇ ਗ਼ਮੀਆਂ ਦੇ ਭਿਆਲ ਸਨ। ਹਿੰਦੂਆਂ ਨੇ ਭਿੰਡਰਾਂਵਾਲੇ ਵਲੋਂ ਫੈਲਾਈ ਗਈ ਦਹਿਸ਼ਤ ਦਾ ਹੀ ਰਾਗ ਅਲਾਪਿਆ, ਪਰ ਫ਼ੌਜ ਵਲੋਂ ਪਹੁੰਚਾਏ ਗਏ ਨੁਕਸਾਨ ਦਾ ਜ਼ਿਕਰ ਨਾ ਕੀਤਾ। ਸਿੱਖਾਂ ਨੇ ਭਿੰਡਰਾਂਵਾਲੇ ਦੇ ਨਫ਼ਰਤ ਭਰੇ ਕਥਨਾਂ ਤੇ ਉਹਦੇ ਬੰਦੂਕਚੀਆਂ ਦੁਆਰਾ ਨਿਰਦੋਸ਼ਾਂ ਦੇ ਬੇਦਰਦੀ ਨਾਲ ਕੀਤੇ ਗਏ ਕਤਲਾਂ ਨੂੰ ਨਜ਼ਰਅੰਦਾਜ਼ ਕੀਤਾ, ਪਰ ਫ਼ੌਜ ਵਲੋਂ ਜਾਨ ਮਾਲ, ਪਵਿੱਤਰ ਸੰਪਤੀ ਦੀ ਅਕਾਰਣ ਤਬਾਹੀ ਬਾਰੇ ਖੋਲ੍ਹ ਕੇ ਦੱਸਿਆ। ਸਿੱਖਾਂ ਦਾ ਗ਼ੁੱਸਾ ਵਧੇਰੇ ਕਰਕੇ ਹਿੰਦੂਆਂ ਵੱਲ ਸੀ : "ਉਹਨਾਂ ਨੇ ਲੱਡੂ ਵੰਡ ਕੇ ਅਕਾਲ ਤਖ਼ਤ ਦੀ ਤਬਾਹੀ 'ਤੇ ਖ਼ੁਸ਼ੀ ਮਨਾਈ, ਉਹਨਾਂ ਨੇ ਜਵਾਨਾਂ ਨੂੰ ਮਿਠਾਈ, ਸਿਗਰਟਾਂ ਤੇ ਸ਼ਰਾਬ ਪੇਸ਼ ਕੀਤੀ। ਉਹਨਾਂ ਨੂੰ ਇਹਦੀ ਉਕਾ ਹੀ ਪਰਵਾਹ ਨਹੀਂ ਕਿ ਸਾਡੇ ਮਨਾਂ ਦੀ ਹਾਲਤ ਕੀ ਹੈ।' ਮੋਟਰ ਸਪੇਅਰ ਪਾਰਟਸ ਤਿਆਰ ਕਰਨ ਵਾਲੇ ਇਕ ਸਿੱਖ ਮੈਨੂਫੈਕਚਰਰ ਨੇ ਮੈਨੂੰ ਆਰਮੀ ਐਕਸ਼ਨ ਪਿੱਛੋਂ ਆਪਣੀ ਪਹਿਲੀ ਦਰਬਾਰ ਸਾਹਿਬ ਦੀ ਫੇਰੀ ਬਾਰੇ ਦੱਸਿਆ : "ਅਸੀਂ ਹਾਲ ਬਾਜ਼ਾਰ ਥੀਂ ਲੰਘ ਰਹੇ ਸਾਂ ਜਦੋਂ ਇਕ ਹਿੰਦੂ ਦੁਕਾਨਦਾਰ ਨੇ ਸਿਗਰਟਾਂ ਦਾ ਇਕ ਪੈਕਟ ਸਾਡੇ ਸਿਰਾਂ ਉਤੋਂ ਦੀ ਬਾਜ਼ਾਰ ਦੇ ਦੂਜੇ ਪਾਸੇ ਆਪਣੇ ਮਿੱਤਰ ਵੱਲ ਸੁੱਟਿਆ ਤੇ ਉਚੀ ਦੇ ਕੇ ਆਖਿਆ, "ਇਹ ਸਿਗਰਟਾਂ ਦਾ ਨਵਾਂ ਬਰਾਂਡ ਹੈ—ਭਿੰਡਰਾਂਵਾਲਾ ਮਾਰਕਾ।"

ਇਹਨਾਂ ਦੋਹਾਂ ਜਾਤੀਆਂ ਵਿਚਕਾਰ ਜੋ ਦੂਨੀਆਂ ਨੂੰ ਅ-ਵੰਡ ਦਿੱਸਦੀਆਂ ਸਨ, ਇਹ ਭਿਆਨਕ ਪਾੜਾ ਕਿਵੇਂ ਪੈਦਾ ਹੋ ਗਿਆ ? ਇਹਦੀਆਂ ਜੜ੍ਹਾਂ ਤਾਂ ਸਿੱਖ ਮੱਤ ਦੇ ਜਨਮ ਤੇ ਇਕ ਵੱਖਰੀ ਧਾਰਮਿਕ ਕਮਿਊਨਿਟੀ ਵਜੋਂ ਇਹਦੀ ਸਿਰਜਣਾ ਵਿਚ ਮਿਲਦੀਆਂ ਹਨ।

ਅਲਹਿਦਾ ਹੋਣ ਵਾਲੇ ਹਰ ਧਾਰਮਿਕ ਗਰੋਹ ਨੂੰ ਸਭ ਤੋਂ ਪਹਿਲਾਂ ਆਪਣੀ ਵੱਖਰੀ ਪਛਾਣ (identity) ਕਾਇਮ ਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਈਸਾਈ ਤੇ ਇਸਲਾਮ ਮੱਤ ਵਰਗੇ ਕੁਝ ਧਰਮਾਂ ਨੇ, ਜਿਹੜੇ ਯਹੂਦੀ ਧਰਮ ਨਾਲੋਂ ਟੁੱਟ ਕੇ ਅੱਡ ਹੋਏ, ਛੇਤੀ ਹੀ ਮੋਢੀ ਧਰਮ ਦੇ ਵਿਰੋਧ ਵਿਚ ਆਪਣੇ ਆਪ ਨੂੰ ਕਾਇਮ ਕਰ ਲਿਆ, ਜੈਨ ਮੱਤ, ਬੁੱਧ ਮੱਤ ਤੇ ਸਿੱਖ ਮੱਤ ਵਰਗੇ ਧਰਮ, ਜਿਹੜੇ ਬ੍ਰਾਹਮਣਵਾਦੀ ਹਿੰਦੂ ਮੱਤ ਨਾਲੋਂ ਟੁੱਟ ਕੇ ਅਲਹਿਦਾ ਹੋ ਗਏ, ਆਪਣੇ ਵੱਖਰੇ ਧਰਮ-ਅਸਥਰਾਂ ਦੀ ਸਥਾਪਤੀ ਤੋਂ ਅਗਾਂਹ ਨਾ ਜਾ ਸਕੇ ਤੇ ਹਿੰਦੂ ਸਮਾਜਕ ਪ੍ਰਣਾਲੀ ਦੇ ਅੰਦਰ-ਅੰਦਰ ਰਹਿ ਕੇ ਹੀ ਇਹ ਕੰਮ ਕੀਤਾ। ਇਹਦਾ ਕਾਰਨ ਵੱਡੀ ਹੱਦ ਤੱਕ ਹਿੰਦੂ ਮੱਤ ਦੀ ਉਦਾਰਤਾ ਸੀ, ਜਿਸ ਵਿਚ ਆਸਤਕਾਂ ਤੇ ਨਾਸਤਕਾਂ, ਇਕ-ਈਸ਼ਵਰਵਾਦੀਆਂ, ਸਰਬ-ਈਸ਼ਵਰਵਾਦ, ਮੁਨਕਰਾਂ ਤੇ ਅਦ੍ਵਿਆਤਵਾਦੀਆਂ, ਬੁੱਤ ਪੂਜਾ ਤੇ ਬੁੱਤਸ਼ਿਕਨਾਂ ਸਭਨਾਂ ਲਈ ਹੀ ਗੁੰਜਾਇਸ਼ ਸੀ। ਉਹਨਾਂ ਵਲੋਂ ਪ੍ਰਗਟਾਏ ਗਏ ਰੋਸ ਦੀ ਵਿਸ਼ੇਸ਼ਤਾ ਬ੍ਰਾਹਮਣਾਂ ਦੀ ਸਰਦਾਰੀ ਅਤੇ ਜਾਤਪਾਤ ਦੇ ਅਤਿਆਚਾਰਾਂ ਵਿਰੁਧ ਬੋਲ ਸਨ। ਇਸ ਤੋਂ ਵੱਧ ਕੁਝ ਖ਼ਾਸ ਨਹੀਂ। ਸਿੱਖ ਮੱਤ ਵੀ ਬ੍ਰਾਹਮਣਵਾਦੀ ਹਿੰਦੂ ਮੱਤ ਦੀ ਜਕੜ ਵਿਚੋਂ ਅੱਡ ਹੋ ਸਕਿਆ, ਪਰ ਜਾਤਪਾਤ ਦੀਆਂ ਜ਼ੰਜੀਰਾਂ 'ਚੋਂ ਆਪਣੇ ਆਪ ਨੂੰ ਮੁਕਤ ਕਰਨ ਵਿਚ ਬਸ ਅੰਸ਼ਕ ਤੌਰ 'ਤੇ ਹੀ ਸਫਲ ਹੋਇਆ। ਜੈਨ ਮੱਤ ਤੇ ਬੁੱਧ ਮੱਤ ਤੋਂ ਉਲਟ, ਜਿਨ੍ਹਾਂ ਨੇ ਆਪਣੇ ਨਿਖੜਵੇਂ ਧਾਰਮਿਕ

ਫ਼ਲਸਫ਼ੇ ਵਿਕਸਤ ਕੀਤੇ, ਸਿੱਖ ਮੱਤ ਨੇ ਵੇਦਾਂਤੀ ਹਿੰਦੂ ਮੱਤ ਦੇ ਬਹੁਤੇ ਮੂਲ ਸਿਧਾਂਤ ਪਰਵਾਨ ਕਰ ਲਏ ਅਤੇ ਮੋਢੀ ਸੰਸਥਾ ਦੇ ਨੇੜੇ-ਨੇੜੇ ਹੀ ਰਿਹਾ। ਇਸ ਲਈ ਵੱਖਰੀ ਧਾਰਮਿਕ ਤੇ ਸਮਾਜਕ ਪਛਾਣ ਕਾਇਮ ਕਰਨ ਦੀ ਸਮੱਸਿਆ ਬੋਧੀਆਂ ਜਾਂ ਜੈਨੀਆਂ ਨਾਲੋਂ ਸਿੱਖਾਂ ਲਈ ਕਿਤੇ ਵਧੇਰੇ ਪੇਚੀਦਾ ਸੀ।

ਸਿੱਖ ਮੱਤ ਦੇ ਮੋਢੀ, ਗੁਰੂ ਨਾਨਕ ਸਾਹਿਬ (1469-1539) ਕਸ਼ੱਤਰੀ ਉਪ-ਜਾਤੀ ਦੇ ਹਿੰਦੂ ਬੇਦੀ ਸਨ। ਉਹਨਾਂ ਨੇ ਇਕੋ ਰੱਬ ਦੀ ਹੋਂਦ ਦਾ ਪ੍ਰਚਾਰ ਕੀਤਾ ਜਿਹੜਾ ਨਿਰੰਕਾਰ (ਆਕਾਰ ਰਹਿਤ) ਹੈ। ਗੁਰੂ ਨਾਨਕ ਸਾਹਿਬ ਨੇ ਮੂਰਤੀ ਪੂਜਾ ਨੂੰ ਰੱਦ ਕੀਤਾ, ਜਾਤਪਾਤ ਦੀ ਨਿਖੇਧੀ ਕੀਤੀ ਅਤੇ ਇਸ 'ਤੇ ਜ਼ੋਰ ਦਿੱਤਾ ਕਿ ਉਹਨਾਂ ਦੇ ਸਾਰੇ ਸ਼ਿਸ਼ (ਜਿਸ ਤੋਂ ਸ਼ਬਦ ਸਿੱਖ ਬਣਿਆ ਹੈ) ਗੁਰੂ-ਕਾ-ਲੰਗਰ ਵਿਚ ਇਕੱਠੇ ਬਹਿ ਕੇ ਖਾਣ। ਆਪਣੇ ਅਨੁਆਈਆਂ ਲਈ ਗੁਰੂ ਜੀ ਨੇ ਪੂਜਾ ਪਾਠ ਲਈ ਵੱਖਰੇ ਸਥਾਨ ਕਾਇਮ ਕੀਤੇ, ਜਿਨ੍ਹਾਂ ਨੂੰ ਪਹਿਲਾਂ ਧਰਮਸ਼ਾਲਾ ਆਖਦੇ ਸਨ ਤੇ ਅੱਗੇ ਚੱਲ ਕੇ ਗੁਰਦੁਆਰੇ ਆਖਣ ਲੱਗੇ। ਅਗਲੇ ਗੁਰੂਆਂ ਨੇ ਇਕ ਨਵੀਂ ਲਿਪੀ, ਗੁਰਮੁਖੀ ਤਿਆਰ ਕਰਕੇ ਜਿਸ ਵਿਚ ਗੁਰੂ ਦੀ ਬਾਣੀ ਦਾ ਸੰਕਲਨ ਕੀਤਾ ਗਿਆ ਅਤੇ ਜਨਮ, ਵਿਆਹ ਤੇ ਮ੍ਰਿਤੂ ਲਈ ਵੱਖਰੀਆਂ ਰਹੁ-ਰੀਤਾਂ ਤੋਰ ਕੇ, ਅਲਹਿਦਗੀ ਦੇ ਇਸ ਅਮਲ ਨੂੰ ਅਗਾਂਹ ਖੜਿਆ। ਪੰਜਵੇਂ ਗੁਰੂ ਅਰਜਨ ਦੇਵ (ਜੋਤੀ ਜੋਤ ਸਮਾਏ: 1606) ਦੇ ਸਮੇਂ ਤਕ, ਸਿੱਖਾਂ ਕੋਲ ਖ਼ੁਦ ਆਪਣਾ ਪਵਿੱਤਰ ਨਗਰ, ਅੰਮ੍ਰਿਤਸਰ ਤੇ ਖ਼ੁਦ ਆਪਣਾ ਪਵਿੱਤਰ ਧਰਮ-ਗ੍ਰੰਥ, ਗ੍ਰੰਥ ਸਾਹਿਬ ਸੀ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਦੋ-ਟੂਕ ਆਖਿਆ :

ਨਾ ਹਮ ਹਿੰਦੂ ਨਾ ਮੁਸਲਮਾਨ॥

ਗੁਰੂ ਅਰਜਨ ਦੇਵ ਜੀ ਦੇ ਪੁੱਤਰ, ਛੇਵੇਂ ਗੁਰੂ ਹਰਿਗੋਬਿੰਦ ਸਾਹਿਬ (1595-1644) ਆਪਣੇ ਸਿੱਖਾਂ ਨੂੰ ਸ਼ਸਤਰਬਧ ਕਰਨ ਲੱਗੇ। ਉਹਨਾਂ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਕਰਕੇ ਅਕਾਲ ਤਖ਼ਤ ਦਾ ਨਿਰਮਾਣ ਕੀਤਾ ਅਤੇ ਇਹਨੂੰ ਮੀਰੀ ਤੇ ਪੀਰੀ ਦੋਹਾਂ ਦਾ ਮਰਕਜ਼ ਥਾਪਿਆ। ਅਕਾਲ ਤਖ਼ਤ ਤੋਂ ਸਿੱਖ ਭਾਈਚਾਰੇ ਲਈ ਹੁਕਮਨਾਮੇ ਜਾਰੀ ਕੀਤੇ ਜਾ ਸਕਦੇ ਸਨ। ਨੌਵੇਂ ਗੁਰੂ ਤੇਗ਼ ਬਹਾਦਰ, ਦਿੱਲੀ ਵਿਚ ਮੁਗ਼ਲ ਦਰਬਾਰ ਸਾਹਮਣੇ ਉਤਰੀ ਹਿੰਦ ਦੇ ਹਿੰਦੂਆਂ ਦੇ ਆਗੂ ਦੀ ਹੈਸੀਅਤ ਵਿਚ ਪ੍ਰਗਟ ਹੋਏ। 1675 ਈਸਵੀ ਵਿਚ ਉਹਨਾਂ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ, ਇਹਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਦੇ ਤਿਲਕ ਲਾਉਣ ਤੇ ਜਨੇਊ ਪਹਿਨਣ ਦੇ ਅਧਿਕਾਰ ਦੀ ਰੱਖਿਆ ਲਈ ਸ਼ਹਾਦਤ ਦੱਸਿਆ।

ਗੁਰੂ ਗੋਬਿੰਦ ਸਿੰਘ ਜੀ ਨੇ, ਜਿਨ੍ਹਾਂ ਨੇ ਸ਼ਾਂਤਮਈ ਸੰਪ੍ਰਦਾਇ ਤੋਂ ਇਕ ਜੁਝਾਰ ਭਰੱਪਣ ਵਿਚ ਤਬਦੀਲ ਕਰਕੇ ਸਿੱਖਾਂ ਦੀ ਅੰਤਮ ਕਾਇਆਕਲਪ ਕੀਤੀ, ਚੰਡੀ, ਸਰੀ ਤੇ ਭਗਵਤੀ ਵਰਗੀਆਂ ਜੰਗਜੂ ਹਿੰਦੂ ਦੇਵੀਆਂ ਦੇ ਕਾਰਨਾਮਿਆਂ ਤੋਂ ਪ੍ਰੇਰਨਾ ਲੀਤੀ। ਇਹਦੇ ਨਾਲ ਹੀ, ਖ਼ਾਲਸਾ ਸਾਜ ਕੇ (ਅਪ੍ਰੈਲ 1699) ਤੇ ਆਪਣੇ ਸਿੱਖਾਂ ਨੂੰ ਕੇਸ ਰੱਖਣ ਲਈ ਆਖ ਕੇ ਤੇ ਕਮਿਊਨਿਟੀ ਨੂੰ ਸਿੰਘ ਦਾ ਨਾਂ ਦੇ ਕੇ, ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ, ਹਿੰਦੂਆਂ ਨਾਲੋਂ ਅੱਡ ਵਿਸ਼ੇਸ਼ ਬਾਹਰੀ ਸ਼ਕਲ ਦੇ ਦਿੱਤੀ। ਫਿਰ ਵੀ ਹਿੰਦੂਆਂ ਤੇ ਸਿੱਖਾਂ ਵਿਚਲੀ ਵੰਡ-ਲੀਕ ਬਹੁਤ ਹੀ ਬਰੀਕ ਜਿਹੀ ਰਹੀ। ਕਿਉਂਜੁ ਇਕ ਤਾਂ ਅਜਿਹੇ ਲੋਕ ਵੀ ਸਨ ਜਿਹੜੇ ਕੇਸ ਤੇ ਦਾਹੜੀ ਨਹੀਂ ਸੀ ਰੱਖਦੇ ਤੇ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਦੱਸਦੇ ਸਨ ਤੇ ਫੇਰ ਉਹ ਹਿੰਦੂ ਵੀ ਸਨ ਜਿਹੜੇ ਗ੍ਰੰਥ ਸਾਹਿਬ ਪੜ੍ਹਨ ਨੂੰ ਤਰਜੀਹ ਦਿੰਦੇ ਸਨ। ਜੀਹਨੂੰ ਉਹ ਸਮਝ ਸਕਦੇ ਸਨ, ਪਰ ਵੇਦਾਂ ਤੇ ਉਪਨਿਸ਼ਦਾਂ ਨੂੰ ਨਹੀਂ ਸੀ ਸਮਝ ਸਕਦੇ। ਹਿੰਦੂਆਂ ਦੇ ਇਸ ਪ੍ਰਾਵਰਗ ਵਿਚ ਬਹੁਤਾ ਸਿੰਧੀ ਹਿੰਦੂ ਆਉਂਦੇ ਹਨ, ਖ਼ਾਸ ਤੌਰ 'ਤੇ ਆਮਿਲ। ਬਹੁਤ ਸਾਰੇ

ਹਿੰਦੂ ਪਰਿਵਾਰ ਆਪਣੇ ਇਕ ਪੁੱਤਰ ਨੂੰ ਕੇਸਧਾਰੀ ਸਿੱਖ ਸਜਾਉਂਦੇ ਸਨ ਅਤੇ ਸ਼ਹਿਰੀ ਕਮਿਊਨਿਟੀਆਂ ਵਿਚ ਹਿੰਦੂ ਤੇ ਸਿੱਖ ਇਕ ਦੂਜੇ ਨਾਲ ਆਪਣੇ ਪੁੱਤਰਾਂ ਧੀਆਂ ਦੇ ਰਿਸ਼ਤੇ ਕਰਦੇ ਰਹੇ।

ਇਹ ਸੂਰਤ ਹਾਲ ਦਹਾਕਿਆਂ ਤਕ ਜਾਰੀ ਰਹੀ ਜਦੋਂ ਖ਼ਾਲਸਾ ਮੁਗ਼ਲ ਜ਼ਬਰ ਜ਼ੁਲਮ ਅਤੇ ਈਰਾਨੀ, ਅਫ਼ਗ਼ਾਨ ਤੇ ਪਠਾਣ ਹਮਲਾਵਰਾਂ ਵਿਰੁਧ ਲੜਦਾ ਰਿਹਾ ਅਤੇ ਸਿੱਖ ਰਾਜ ਦੇ ਸਮੇਂ ਵੀ ਇਹੋ ਅਵਸਥਾ ਕਾਇਮ ਰਹੀ। ਮਹਾਰਾਜਾ ਰਣਜੀਤ ਸਿੰਘ ਬ੍ਰਾਹਮਣ ਪਰੋਹਤਾਂ ਦਾ ਆਦਰ ਮਾਣ ਕਰਕੇ, ਹਿੰਦੂ ਮੰਦਰਾਂ ਵਿਚ ਪੂਜਾ ਕਰਕੇ ਅਤੇ ਹਰਿਦੁਆਰ ਦੀ ਯਾਤਰਾ ਕਰਕੇ ਅਸਲ ਵਿਚ ਸਿੱਖ ਮੱਤ ਨੂੰ ਮੁੜ ਹਿੰਦੂ ਮੱਤ ਵੱਲ ਲੈ ਗਿਆ। ਉਹਨੇ ਗਊ-ਬਧ ਦੀ ਮਨਾਹੀ ਕੀਤੀ ਤੇ ਪੂਰਾ ਹੋਣ ਤੋਂ ਪਹਿਲਾਂ ਉਹਨੇ ਕੋਹਿਨੂਰ ਹੀਰਾ ਹਰਿਮੰਦਰ ਸਾਹਿਬ ਨੂੰ ਨਹੀਂ, ਜੀਹਦੀ ਸਿਰਜਣਾ ਉਹਨੇ ਸੰਗਮਰਮਰ ਤੇ ਸੋਨ-ਪੱਤਰਾਂ ਨਾਲ ਕੀਤੀ ਸੀ, ਸਗੋਂ ਜਗਨਨਾਥ ਦੇ ਮੰਦਰ ਨੂੰ ਭੇਂਟ ਕਰਨ ਦੀ ਇੱਛਾ ਪ੍ਰਗਟਾਈ ਸੀ।

ਹਿੰਦੂ-ਸਿੱਖ ਅਲਹਿਦਗੀ ਦੇ ਅਸਲੀ ਬੀ ਪਹਿਲਾਂ ਫ਼ੈਜਾਂ ਵਿਚ ਭਰਤੀ ਦੇ ਮਾਮਲੇ ਵਿਚ ਸਿਰਫ਼ ਕੇਸਧਾਰੀ ਸਿੱਖਾਂ ਨੂੰ ਹੀ ਘੱਟ-ਗਿਣਤੀ ਦੇ ਵਿਸ਼ੇਸ਼ ਅਧਿਕਾਰ ਦੇ ਕੇ ਅੰਗਰੇਜ਼ਾਂ ਨੇ ਬੀਜੇ ਸਨ, ਫੇਰ ਕਾਨੂੰਨ-ਘੜਨੀਆਂ ਅਸੰਬਲੀਆਂ ਲਈ ਅਲਹਿਦਾ ਚੋਣ-ਪ੍ਰਣਾਲੀ ਲਾਗੂ ਕਰਕੇ ਅਤੇ ਇਹਨਾਂ ਅਸੰਬਲੀਆਂ ਵਿਚ ਸੀਟਾਂ ਰਾਖਵੀਆਂ ਰੱਖ ਕੇ ਅਲਹਿਦਗੀ ਦੀ ਇਸ ਭਾਵਨਾ ਨੂੰ ਹੋਰ ਤਕੜਾ ਕੀਤਾ। ਉਸ ਸਮੇਂ ਦੇ ਸਿੱਖ ਆਗੂਆਂ ਨੇ ਸਮਝ ਲਿਆ ਕਿ ਹਿੰਦੂਆਂ ਨਾਲੋਂ ਵੱਖਰੀ ਪਛਾਣ ਕਾਇਮ ਰੱਖਣ ਨਾਲ ਉਹਨਾਂ ਨੂੰ ਆਰਥਿਕ ਲਾਭ ਮਿਲਣਗੇ। ਸਬੱਬ ਨਾਲ ਏਸੇ ਹੀ ਸਮੇਂ (1870ਵਿਆਂ ਵਿਚ) ਆਰੀਆ ਸਮਾਜ ਲਹਿਰ ਨੇ ਸਿੱਖਾਂ ਨੂੰ ਮੁੜ ਹਿੰਦੂ ਮੱਤ ਦੇ ਅੰਦਰ ਲਿਆਉਣ ਦੀ ਕੋਸ਼ਿਸ਼ ਕੀਤੀ। ਆਰੀਆ ਸਮਾਜੀ ਆਗੂਆਂ ਨੇ ਖ਼ਾਸ ਤੌਰ 'ਤੇ ਇਹਦੇ ਮੋਢੀ ਸਵਾਮੀ ਦਇਆਨੰਦ ਸਰਸਵਤੀ ਨੇ ਸਿੱਖ ਗੁਰੂਆਂ ਤੇ ਗ੍ਰੰਥ ਸਾਹਿਬ ਨੂੰ ਛੁਟਿਆਉਣ ਲਈ ਕੋਝੇ ਸ਼ਬਦ ਵਰਤੇ। ਸਿੱਖਾਂ ਨੇ ਬਦਲੇ ਵਿਚ ਆਰੀਆ ਸਮਾਜੀਆਂ ਦੀ ਨਿਖੇਧੀ ਕੀਤੀ ਅਤੇ ਆਖਿਆ : ਅਸੀਂ ਹਿੰਦੂ ਨਹੀਂ ਹਾਂ। 1920ਵਿਆਂ ਦੀ ਅਕਾਲੀ ਲਹਿਰ ਨੇ ਜਿਸ ਦਾ ਮਨੋਰਥ ਜੱਦੀ ਪੁਜਾਰੀਆਂ ਤੋਂ ਜਿਹੜੇ ਅਕਸਰ ਸਹਿਜਧਾਰੀ ਜਾਂ ਕੇਸਧਾਰੀ ਸਿੱਖ ਸਨ, ਸਿੱਖ ਗੁਰਦੁਆਰਿਆਂ ਦਾ ਕੰਟਰੋਲ ਹਾਸਲ ਕਰਨਾ ਸੀ, ਦੋਹਾਂ ਕਮਿਊਨਿਟੀਆਂ ਵਿਚਲੇ ਫ਼ਰਕਾਂ ਨੂੰ ਹੋਰ ਵਧਾ ਦਿੱਤਾ। ਬ੍ਰਿਟਿਸ ਰਾਜ ਦੇ ਅੰਤਮ ਵਰ੍ਹਿਆਂ ਵਿਚ ਹਿੰਦੂ-ਸਿੱਖ ਪਾੜੇ ਨੂੰ ਹੋਰ ਵਧੇਰੇ ਚੌੜਾ ਹੋਣੋਂ ਕਿਸ ਗੱਲ ਨੇ ਰੋਕਿਆ, ਉਹ ਮੁਸਲਿਮ ਫਿਰਕਾਪ੍ਰਸਤੀ ਦਾ ਜ਼ੋਰ ਫੜਨਾ ਤੇ ਵੱਖਰੇ ਮੁਸਲਿਮ ਰਾਜ ਦੀ ਉਹਦੀ ਮੰਗ ਸੀ। ਪੰਜਾਬ ਵਿਚ ਹੋਏ ਹਰ ਫਿਰਕੂ ਝਗੜੇ ਵਿਚ ਹਿੰਦੂਆਂ ਤੇ ਸਿੱਖਾਂ ਨੇ ਮੁਸਲਮਾਨਾਂ ਵਿਰੁਧ ਸਾਂਝਾ ਮੋਰਚਾ ਬਣਾਇਆ। ਪੰਜਾਬ ਦੀ ਵੰਡ ਤੋਂ ਪਹਿਲਾਂ ਹੋਏ ਸਿਵਲ ਝਗੜੇ ਵਿਚ ਇਹਦਾ ਵੱਡਾ ਸਬੂਤ ਮਿਲਿਆ। ਪਰ ਭਾਰਤ ਤੇ ਪਾਕਿਸਤਾਨ ਵਿਚਕਾਰ ਹੱਦਬੰਦੀ ਹੁੰਦਿਆਂ ਹੀ ਪੰਜਾਬੀ ਹਿੰਦੂ ਅਤੇ ਸਿੱਖਾਂ ਨੂੰ ਪਾਕਿਸਤਾਨ ਛੱਡ ਕੇ ਭਾਰਤ ਆਉਣਾ ਪਿਆ।

ਸੁਆਧੀਨ ਭਾਰਤ ਵਿਚ ਮੁਸਲਿਮ ਦਾਬੇ ਦੇ ਡਰੋਂ ਮੁਕਤ ਹੋ ਕੇ ਪੰਜਾਬੀ ਹਿੰਦੂਆਂ ਤੇ ਸਿੱਖਾਂ ਨੂੰ ਆਪਣੇ ਨਾਤੇ ਦਾ ਮੁੜ-ਨਿਰੂਪਣ ਕਰਨਾ ਪਿਆ। ਯਾਦ ਰਹੇ ਕਿ ਇਕ ਕਮਿਊਨਿਟੀ ਵਜੋਂ ਸਿੱਖਾਂ ਦਾ ਦੇਸ਼-ਵੰਡ ਸਮੇਂ ਬਹੁਤਾ ਨੁਕਸਾਨ ਹੋਇਆ। ਹਿੰਦੂ ਬਹੁਤਾ ਕਰਕੇ ਸ਼ਹਿਰਾਂ ਵਿਚ ਵਸਦੇ ਸਨ, ਜਿਸ ਕਰਕੇ ਉਹ ਆਪਣੀ ਸੰਪਤੀ ਤੇ ਨਕਦੀ ਦਾ ਬਚਾਉ ਕਰ ਸਕੇ, ਜਿਸ ਦਾ ਸਦਕਾ ਉਹ ਸ਼ਹਿਰਾਂ

ਤੇ ਵੱਡੇ ਕਸਬਿਆਂ ਵਿਚ ਆਪਣੇ ਆਪ ਨੂੰ ਮੁੜ-ਬਹਾਲ ਕਰ ਸਕੇ। ਸਿੱਖਾਂ ਦੀ ਬਹੁਗਿਣਤੀ ਕਾਸ਼ਤਕਾਰਾਂ ਦੀ ਸੀ। ਉਹ ਸਿਰਫ਼ ਆਪਣੇ ਘਰ- ਘਾਟ ਹੀ ਨਹੀਂ, ਸਗੋਂ ਆਪਣੀਆਂ ਜ਼ਮੀਨਾਂ ਤੇ ਪਸ਼ੂ ਵੀ ਗੁਆ ਆਏ ਜੋ ਉਹਨਾਂ ਦੀ ਰੋਜ਼ੀ ਦਾ ਇਕੋ-ਇਕ ਸਾਧਨ ਸਨ। ਉਹ ਅ-ਵੰਡੇ ਪੰਜਾਬ ਵਿਚ ਸਭ ਤੋਂ ਅਮੀਰ ਜ਼ਿਮੀਦਾਰ ਸਨ (13 ਫੀਸਦੀ ਵਜੋਂ 40 ਫੀਸਦੀ ਵਸੋਂ ਮਾਲੀਆ ਤੇ ਲਗਾਨ ਦੇਂਦੀ ਸੀ)। ਹੁਣ ਉਹਨਾਂ ਨੂੰ ਪੂਰਬੀ ਪੰਜਾਬ ਦੀ ਬੇਜ਼ਮੀਨ ਮੁਸਲਿਮ ਕਿਸਾਨੀ ਨਾਲ ਸਥਾਨ-ਬਦਲੀ ਕਰਨੀ ਪਈ, ਪੱਛੂ ਤਰਕ ਨਾਲ ਉਹ ਕਹਿੰਦੇ ਕਿ ਜਿਥੇ ਹਿੰਦੂਆਂ ਨੂੰ ਹਿੰਦੁਸਤਾਨ ਤੇ ਮੁਸਲਮਾਨਾਂ ਨੂੰ ਪਾਕਿਸਤਾਨ ਮਿਲਿਆ ਹੈ, ਉਥੇ ਉਹਨਾਂ ਨੂੰ ਗ਼ਰੀਬੀ ਮਿਲੀ ਹੈ।

ਸੁਆਧੀਨਤਾ-ਪ੍ਰਾਪਤੀ ਨਾਲ ਸਿੱਖ ਉਹਨਾਂ ਵਿਸ਼ੇਸ਼-ਅਧਿਕਾਰਾਂ ਤੋਂ ਵੀ ਹੱਥਲ ਹੋ ਗਏ ਜੋ ਉਹਨਾਂ ਨੂੰ ਬ੍ਰਿਟਿਸ਼ ਰਾਜ ਦੇ ਅਧੀਨ ਹਾਸਲ ਸਨ। ਡੀਫੈਂਸ ਸਰਵਿਸਜ਼ ਵਿਚ ਉਹਨਾਂ ਦੀ ਗਿਣਤੀ ਤੇਜ਼ੀ ਨਾਲ ਘਟੀ, ਸੰਵਿਧਾਨ-ਸਭਾਵਾਂ ਵਿਚ ਉਹਨਾਂ ਦੀ ਪ੍ਰਤੀਨਿਧਤਾ ਵੀ ਘੱਟ ਗਈ। ਉਹਨਾਂ ਨੇ ਪਹਿਲੀ ਵਾਰ ਸਮਝਿਆ ਕਿ ਮਾਮਲਾ ਜਦੋਂ ਸਿਰ ਗਿਣਨ ਦਾ ਹੁੰਦਾ ਹੈ, ਉਹ ਹਰ ਸੌ ਭਾਰਤੀਆਂ ਪਿੱਛੇ ਦੋ ਤੋਂ ਵੀ ਘੱਟ ਹਨ। ਇਹਨਾਂ ਦੋ-ਤੋਂ-ਘੱਟ ਵਿਚ ਵੀ ਜਿਹੜੇ ਕੇਸ ਤੇ ਦਾਹੜੀ ਬਸ ਇਕ ਕਰਕੇ ਰੱਖਦੇ ਸਨ ਕਿ ਇਹਨਾਂ ਸਦਕਾ ਵਿਸ਼ੇਸ਼ ਅਧਿਕਾਰ ਮਿਲਦੇ ਹਨ, ਉਹ ਇਹਨਾਂ ਨੂੰ ਹੀ ਤਲਾਂਜਲੀ ਦੇਣ ਲੱਗ ਪਏ, ਕਿਉਂਜੁ ਹੁਣ ਇਹ ਆਰਥਿਕ ਤੌਰ 'ਤੇ ਲਾਹੇਵੰਦ ਨਹੀਂ ਸੀ ਰਹੇ। ਘੱਟ-ਗਿਣਤੀ ਵਾਲਾ ਕਾਂਪਲੈਕਸ ਵਧਣ ਫੁਲਣ ਲੱਗਿਆ ਤੇ ਇਹਦੇ ਨਾਲ ਹੀ ਇਹ ਸ਼ਿਕਵਾ ਵੀ ਪੈਦਾ ਹੋ ਗਿਆ ਕਿ ਕਾਂਗਰਸ ਪਾਰਟੀ ਦੇ ਹਿੰਦੂ ਲੀਡਰਾਂ ਨੇ ਉਹਨਾਂ ਨਾਲ ਧੋਖਾ ਤੇ ਅਨਿਆਂ ਕੀਤਾ ਹੈ।

ਨਵੇਂ ਪੰਜਾਬ ਵਿਚ ਸਿੱਖਾਂ ਨੇ ਆਪਣੇ ਆਪ ਨੂੰ ਪਾਕਿਸਤਾਨ ਨਾਲ ਲੱਗਦੇ ਕੁਝ ਜ਼ਿਲ੍ਹਿਆਂ ਵਿਚ ਹੀ ਬਹੁਗਿਣਤੀ ਵਿਚ ਵੇਖਿਆ। ਉਹਨਾਂ ਸਾਹਮਣੇ ਚੋਣ ਦੇ ਦੋ ਬਦਲ ਸਨ: ਉਹ ਇਕ ਵਿਸਤਾਰੀ ਕਮਿਊਨਿਟੀ ਵਜੋਂ ਦੇਸ਼ ਦੇ ਸਭਨਾਂ ਭਾਗਾਂ ਵਿਚ ਕਾਸ਼ਤਕਾਰਾਂ, ਟਰਾਂਸਪੋਰਟ ਓਪਰੇਟਰਾਂ, ਤਾਜਰਾਂ ਤੇ ਵਪਾਰੀਆਂ ਅਤੇ ਉਦਯੋਗਪਤੀਆਂ ਦੀ ਹੈਸੀਅਤ ਵਿਚ ਆਪਣੇ ਆਪ ਨੂੰ ਸਥਾਪਤ ਕਰਨ, ਜਾਂ ਇਕ ਅਜਿਹੇ ਰਾਜ ਲਈ ਘਾਲਣਾ ਘਾਲਣ, ਜਿਸ ਵਿਚ ਉਹਨਾਂ ਦੀ ਉੱਕਾ ਬਹੁਗਿਣਤੀ ਹੋਵੇ, ਪੰਜਾਬੀ ਸੂਬਾ ਬਣਾਉਣ ਜੋ ਅਸਲ ਵਿਚ ਸਿੱਖ ਰਾਜ ਹੋਵੇਗਾ। ਸੁਆਧੀਨਤਾ-ਪ੍ਰਾਪਤੀ ਤੋਂ ਪਿਛੋਂ ਪਹਿਲੇ ਡੇਢ ਦਹਾਕੇ ਵਿਚ, ਪਹਿਲਾ ਦ੍ਰਿਸ਼ਟੀਕੋਣ ਅਪਣਾਇਆ ਗਿਆ ਅਤੇ ਸਿੱਖ ਆਪਣੇ ਵਤਨੀ ਰਾਜ ਵਿਚ ਖ਼ੁਸ਼ਹਾਲ ਹੋਏ ਅਤੇ ਹਰਿਆਣੇ, ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਅਤੇ ਉਤਰ ਪ੍ਰਦੇਸ਼ ਦੇ ਤਰਾਈ ਇਲਾਕੇ ਵਿਚ ਕਾਸ਼ਤਕਾਰਾਂ ਵਜੋਂ ਉਨਤੀ ਕੀਤੀ। ਉਹਨਾਂ ਨੇ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਉਦਯੋਗ ਕਾਇਮ ਕੀਤੇ ਅਤੇ ਦੇਸ਼ ਦੀ ਟਰਾਂਸਪੋਰਟ ਇੰਡਸਟਰੀ ਵਿਚ ਤਾਂ ਉਹਨਾਂ ਨੇ ਅਸਲ ਵਿਚ ਇਜਾਰਾਦਾਰੀ ਹੀ ਕਾਇਮ ਕਰ ਲਈ। ਇਸ ਪਿਛੋਂ, ਦੂਜਾ ਬਦਲ, ਅਰਥਾਤ ਖ਼ੁਦ ਆਪਣਾ ਸੂਬਾ ਪ੍ਰਾਪਤ ਕਰਨ ਦਾ ਬਦਲ ਪ੍ਰਵਾਨਗੀ ਗ੍ਰਹਿਣ ਕਰਨ ਲੱਗਿਆ। ਹਿੰਦੂਆਂ ਤੇ ਸਿੱਖਾਂ, ਦੋਹਾਂ, ਵਿਚਲੇ ਫਿਰਕੂ ਤੱਤਾਂ ਨੇ ਇਹ ਗੱਲ ਸੰਭਵ ਬਣਾਈ। ਜਦੋਂ ਪੰਜਾਬੀ ਹਿੰਦੂਆਂ ਨੂੰ ਸ਼ੱਕ ਗੁਜ਼ਰਿਆ ਕਿ ਪੰਜਾਬੀ-ਬੋਲਦਾ ਸੂਬਾ ਮੰਗ ਕੇ ਸਿੱਖ ਬਹੁਗਿਣਤੀ ਵਾਲਾ ਰਾਜ ਮੰਗ ਰਹੇ ਹਨ, ਉਹਨਾਂ ਨੂੰ ਇਹ ਐਲਾਨ ਕਰਨ ਉਤੇ ਪਰੇਰਿਆ ਗਿਆ ਕਿ ਉਹਨਾਂ ਦੀ ਮਾਂ-ਬੋਲੀ ਪੰਜਾਬੀ ਨਹੀਂ, ਸਗੋਂ ਹਿੰਦੀ ਹੈ। ਇਸ ਤਰ੍ਹਾਂ ਪੰਜਾਬੀ ਹਿੰਦੂਆਂ ਨੇ, ਖ਼ੁਦ ਆਪਣੇ ਹੱਥਾਂ ਨਾਲ ਪੰਜਾਬੀ ਭੋਂ ਵਿਚੋਂ ਆਪਣੀਆਂ ਜੜ੍ਹਾਂ ਵੱਢ ਧਰੀਆਂ। 1966 ਵਿਚ 60 ਫੀਸਦੀ ਸਿੱਖ ਵਸੋਂ ਵਾਲਾ ਪੰਜਾਬੀ ਸੂਬਾ ਹੋਂਦ ਵਿਚ ਆਇਆ। ਇਸ

ਪਿਛੋਂ ਨਿਸਚੇ ਹੀ ਪੇਸ਼ਗੋਈ ਕੀਤੀ ਜਾ ਸਕਦੀ ਸੀ ਕਿ ਸਿੱਖ ਕਮਿਊਨਿਟੀ ਦਾ ਇਕ ਭਾਗ ਸਦਾ ਵਧੇਰੇ ਖ਼ੁਦਅਖ਼ਤਿਆਰੀ (ਅਟਾਨੋਮੀ) ਦੀ ਮੰਗ ਕਰਨਾ ਜਾਰੀ ਰੱਖੇਗਾ ਅਤੇ ਜੇ ਇਹ ਮੰਗ ਪੂਰੀ ਨਾ ਕੀਤੀ ਗਈ ਤਾਂ ਵਧੇਰੇ ਗਰਮ-ਖ਼ਿਆਲੀਏ ਸਿੱਖ ਸੁਆਧੀਨ ਖ਼ੁਦਮੁਖ਼ਤਾਰ ਸਿੱਖ ਰਾਜ ਲਈ ਐਜੀਟੇਸ਼ਨ ਕਰਨ ਲੱਗਣਗੇ।

ਇਸ ਕ੍ਰਮ-ਵਿਕਾਸ ਵੱਲ ਦੋ ਤੱਤਾਂ ਨੇ ਹਿੱਸਾ ਪਾਇਆ, ਜਿਨ੍ਹਾਂ ਵਿਚੋਂ ਇਕ ਰਾਜਸੀ ਸੀ ਤੇ ਦੂਜਾ ਆਰਥਿਕ। ਅਕਾਲੀਆਂ ਨੇ ਜਿਨ੍ਹਾਂ ਪੰਜਾਬੀ ਸੂਬੇ ਦੇ ਹੱਕ ਵਿਚ ਐਜੀਟੇਸ਼ਨਾਂ ਦਾ ਸੰਗਠਨ ਕੀਤਾ ਸੀ, ਵੇਖ ਲਿਆ ਕਿ ਜਾਇੰਟ-ਇਲੈਕਟੋਰੇਟ ਦੀ ਪ੍ਰਣਾਲੀ ਵਿਚ ਸੱਤਾ ਹਾਸਲ ਕਰਨ ਦੀਆਂ ਉਹਨਾਂ ਦੀਆਂ ਸੰਭਾਨਾਵਾਂ ਬਹੁਤ ਹੀ ਘੱਟ ਹਨ। ਸੱਤਾ-ਪ੍ਰਾਪਤੀ ਲਈ ਉਹਨਾਂ ਨੂੰ ਕਾਂਗਰਸ ਵਿਚੋਂ ਜਾਂ ਹਿੰਦੂ ਫਿਰਕੂ ਪਾਰਟੀਆਂ ਵਿਚੋਂ ਸਾਥੀ ਲੱਭਣੇ ਪੈਣਗੇ ਜਾਂ ਫੇਰ ਉਹ ਇਕ ਅਜਿਹੇ ਰਾਜ ਲਈ ਕੰਮ ਕਰਨ ਜਿਥੇ ਸਿੱਖ ਬਹੁਗਿਣਤੀ 60 ਫੀਸਦੀ ਤੋਂ ਵਧ ਕੇ 80 ਫੀਸਦੀ ਦੇ ਕਰੀਬ-ਕਰੀਬ ਹੋ ਜਾਵੇ। ਜਿਚਿਰ ਸਾਵਾ ਇਨਕਲਾਬ ਜਿਸ ਨੇ ਸਿੱਖ ਕਾਸ਼ਤਕਾਰਾਂ ਨੂੰ ਬੇਮਿਸਾਲ ਤੌਰ 'ਤੇ ਖ਼ੁਸ਼ਹਾਲ ਕੀਤਾ, ਜਾਰੀ ਰਿਹਾ, ਸਿੱਖ ਵਲੋਂ ਸ਼ਿਕਵੇ ਸ਼ਿਕਾਇਤਾਂ ਨਹੀਂ ਸੁਣੀਆਂ ਗਈਆਂ। ਜਦੋਂ ਸਾਵਾ ਇਨਕਲਾਬ ਆਪਣੀ ਪਠਾਰ ਤੇ ਪਹੁੰਚ ਗਿਆ ਅਤੇ ਕਿਸਾਨਾਂ ਨੇ ਸਮਝ ਲਿਆ ਕਿ ਜ਼ਮੀਨ ਤੋਂ ਉਹ ਵਧੇਰੇ ਕੁਝ ਪ੍ਰਾਪਤ ਨਹੀਂ ਕਰ ਸਕਦੇ, ਸ਼ਿਕਵੇ-ਸ਼ਿਕਾਇਤਾਂ ਪੈਦਾ ਹੋਣ ਲੱਗ ਪਈਆਂ। ਹਰ ਪੀੜ੍ਹੀ ਨਾਲ ਪਰਿਵਾਰ ਦਾ ਸਾਈਜ਼ ਵਧਦਾ ਗਿਆ, ਜਿਸ ਦੇ ਕਾਰਨ ਜੋਤ-ਭੋਇੰ ਛੁਟੇਰੀ ਹੁੰਦੀ ਗਈ। ਇਹਦੇ ਨਾਲ ਹੀ ਵਿਦੇਸ਼ਾਂ ਵਲੋਂ ਵਰਕ-ਪਰਮਿਟ ਤੇ ਵੀਜ਼ੇ ਜਾਰੀ ਕਰਨ ਉਤੇ ਰੋਕਾਂ ਲੱਗਣ ਕਾਰਨ ਵਿਦੇਸ਼ਾਂ ਵਿਚ ਵੀ ਰੁਜ਼ਗਾਰ ਦੇ ਰਸਤੇ ਬੰਦ ਹੋ ਗਏ। ਬੇਰੁਜ਼ਗਾਰ ਨੌਜਵਾਨਾਂ ਵਿਚ ਪੜ੍ਹੇ-ਲਿਖਿਆਂ ਦੀ ਸਦਾ-ਵਧੇਰੇ ਵਧਦੀ ਜਾਂਦੀ ਗਿਣਤੀ ਨੂੰ ਖਪਾਣ ਲਈ ਪੰਜਾਬ ਵਿਚ ਕੋਈ ਵੱਡੀ ਸਨਅਤ ਨਹੀਂ ਸੀ। ਇਥੇ ਤਾਂ ਆਟਾ ਪੀਹਣ ਵਾਲੀਆਂ ਮਿੱਲਾਂ, ਕਾਟਨ ਤੇ ਸ਼ੂਗਰ ਮਿੱਲਾਂ ਵੀ ਨਹੀਂ ਸਨ ਜੋ ਪੰਜਾਬ ਦੀ ਕਣਕ, ਝੋਨੇ, ਕਪਾਹ ਤੇ ਗੰਨੇ ਦੀ ਵਾਧੂ ਉਪਜ ਦੀ ਪ੍ਰਾਸੈਸਿੰਗ ਕਰਨ। ਇਹ ਪੜ੍ਹੇ-ਲਿਖੇ ਬੇਕਾਰ ਸਿੱਖ ਨੌਜਵਾਨ ਹੀ ਸਨ ਜੋ ਸਿੱਖ ਮੂਲ-ਸਿਧਾਂਤਵਾਦੀਆਂ (ਫੰਡਾਮੈਂਟਲਿਸਟਾਂ) ਤੇ ਮਾਰਕਸੀਆਂ ਦੇ ਹੱਥਾਂ ਵਿਚ ਲਚਕਦਾਰ ਸਾਮਿਗਰੀ ਬਣ ਗਏ। ਕਈ ਵਾਰ ਰਾਜ ਦੇ ਸ਼ਾਸਨ ਨੂੰ ਜੋਖ਼ਮ ਵਿਚ ਪਾਉਣ ਲਈ ਦੋਹਾਂ ਨੇ ਜਤਨ ਸਾਂਝੇ ਕੀਤੇ।

ਅਕਾਲੀ ਪਾਰਟੀ ਵਲੋਂ ਅਪ੍ਰੈਲ 1973 ਵਿਚ ਅਨੰਦਪੁਰ ਸਾਹਿਬ ਮਤੇ ਦੀ ਪ੍ਰਵਾਨਗੀ ਵਧੇਰੇ ਖ਼ੁਦਅਖ਼ਤਿਆਰੀ ਵਾਲੇ ਪੰਜਾਬ ਵੱਲ ਜਾਂਦੇ ਰਾਹ ਉਤੇ ਇਹ ਅਹਿਮ ਮੀਲ-ਪੱਥਰ ਸੀ। ਸਿੱਖ ਅਲਹਿਦਗੀ ਦੇ ਬੀ ਜਿਹੜੇ ਪਹਿਲਾਂ ਹੀ ਬੀਜੇ ਜਾ ਚੁਕੇ ਸਨ, ਵਧੇਰੇ ਤੇਜ਼ੀ ਨਾਲ ਉਗਮਣ ਲੱਗੇ। ਹੋਰ ਖ਼ੁਦਅਖ਼ਤਿਆਰੀ ਲਈ ਮੰਗ ਤੋਂ ਇਲਾਵਾ, ਮਤੇ ਨੇ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ (ਹਰਿਆਣੇ ਨੂੰ ਖ਼ੁਦ ਆਪਣੀ ਰਾਜਧਾਨੀ ਬਣਾਉਣ ਵਾਸਤੇ ਕਾਫ਼ੀ ਮੁਆਵਜ਼ਾ ਦੇ ਕੇ), ਹਰਿਆਣਾ, ਹਿਮਾਚਲ ਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਸ਼ਾਮਿਲ ਕਰਨ ਲਈ ਰਾਜ ਦੀਆਂ ਸਰਹੱਦਾਂ ਦੇ ਪੁਨਰ-ਸਮਾਯੋਜਨ ਦੀ ਮੰਗ ਕੀਤੀ ਅਤੇ ਇਹਦੇ ਨਾਲ ਹੀ ਰਾਵੀ, ਸਤਲੁਜ ਤੇ ਬਿਆਸ ਦੇ ਪਾਣੀਆਂ ਦੇ ਪੰਜਾਬ ਨੂੰ ਵਧੇਰੇ ਨਿਆਈਂ ਹਿੱਸੇ ਦੀ ਵੀ ਮੰਗ ਕੀਤੀ, ਦਰਿਆ ਜਿਨ੍ਹਾਂ ਦਾ ਇਹ ਇਕੋ-ਇਕ ਤਟਵਰਤੀ ਰਾਜ ਹੈ, ਮੰਗ ਜਿਸ ਵਿਚ ਕੈਨਾਲ ਹੈਡਵਰਕਸ ਅਤੇ ਇਹਨਾਂ ਉਪਰ ਆਧਾਰਤ ਹਾਈਡਰੋ-ਇਲੈਕਟਰਿਕ ਸਥਾਪਨਾਵਾਂ ਉਤੇ ਕੰਟਰੋਲ ਵੀ ਸ਼ਾਮਿਲ ਹੈ।

ਅਕਾਲੀਆਂ ਨੇ ਖ਼ੁਦ ਅਨੰਦਪੁਰ ਸਾਹਿਬ ਮਤੇ ਨੂੰ ਗੰਭੀਰ ਤਰ੍ਹਾਂ ਨਹੀਂ ਲਿਆ। ਲੁਧਿਆਣੇ ਵਿਚ ਇਕ ਸਾਲਾਨਾ ਸਮਾਗਮ ਵਿਚ ਇਹਦੀ ਪੁਸ਼ਟੀ ਕਰਨ ਤੋਂ ਬਿਨਾਂ ਉਹਨਾਂ ਨੇ ਉਦੋਂ ਵੀ ਇਸ ਬਾਰੇ ਕੁਝ ਨਹੀਂ ਕੀਤਾ ਜਦੋਂ ਉਹ ਤਿੰਨ ਸਾਲ ਤਕ ਸੱਤਾ ਵਿਚ ਰਹੇ ਤੇ ਉਦੋਂ ਪ੍ਰਕਾਸ਼ ਸਿੰਘ ਬਾਦਲ ਰਾਜ ਦਾ ਮੁਖ ਮੰਤਰੀ ਸੀ। ਉਹਨਾਂ ਨੇ ਕੇਂਦਰੀ ਸਰਕਾਰ ਉਤੇ ਇਸ ਮਤਲਬ ਲਈ ਦਬਾਉ ਨਾ ਪਾਇਆ ਕਿ ਚੰਡੀਗੜ੍ਹ ਨੂੰ ਉਹਨਾਂ ਦੀ ਅਨਿੰਨ ਰਾਜਧਾਨੀ ਐਲਾਨਿਆ ਜਾਵੇ, ਨਾ ਹੀ ਉਹਨਾਂ ਨੇ ਰਾਜ ਦੀਆਂ ਸਰਹੱਦਾਂ ਦੇ ਪੁਨਰ-ਸਮਾਯੋਜਨ ਲਈ ਹੀ ਐਜੀਟੇਸ਼ਨ ਕੀਤੀ। ਦਰਿਆਈ ਪਾਣੀਆਂ ਦੇ ਪੁਨਰ-ਨਿਰਧਾਰਣ ਬਾਰੇ ਬੱਸ ਜੇ ਕੁਝ ਕੀਤਾ ਤਾਂ ਇਹ ਕਿ ਇਹ ਮਾਮਲਾ ਸੁਪਰੀਮ ਕੋਰਟ ਦੇ ਸਾਹਮਦੇ ਰੱਖਿਆ।

ਅਕਲੀ ਤੇ ਬੀ.ਜੇ.ਪੀ. ਦੌਰ ਵਿਚ ਹੀ ਜੀਹਨੂੰ ਨਰਮ ਸ਼ਬਦਾਂ ਵਿਚ ਜਨਤਾ ਰਾਜ ਵੀ ਆਖਿਆ ਜਾਂਦਾ ਸੀ, ਸਿੱਖ ਮੂਲ-ਸਿਧਾਂਤਵਾਦ ਨੇ ਆਪਣਾ ਕੋਝਾ ਸਿਰ, ਜਰਨੈਲ ਸਿੰਘ ਭਿੰਡਰਾਂਵਾਲਾ ਦੇ ਰੂਪ ਵਿਚ ਚੁਕਿਆ। ਗਿਆਨੀ ਜ਼ੈਲ ਸਿੰਘ ਨੇ ਮੁਖ ਮੰਤਰੀ ਪਦ 'ਤੇ ਪੰਜ ਸਾਲ ਤੱਕ ਟਿਕਣ ਦੇ ਦੌਰਾਨ ਇਹਦੇ ਲਈ ਮੈਦਾਨ ਤਿਆਰ ਕੀਤਾ। ਗੁਰਦੁਆਰਿਆਂ ਦੇ ਪ੍ਰਬੰਧ ਉਤੇ ਅਕਾਲੀਆਂ ਦਾ ਸ਼ਿਕੰਜਾ ਢਿੱਲਾ ਕਰਨ ਲਈ, ਉਹਨੇ ਲਹਿਰ ਚਲਾਈ, ਜਿਸ ਦਾ ਨਿਸ਼ਾਨਾ ਇਹ ਸਾਬਤ ਕਰ ਕੇ ਕਿ ਸੈਕੂਲਰਿਜ਼ਮ ਲਈ ਵਚਨਬਧਤਾ ਦੇ ਬਾਵਜੂਦ ਉਹ ਅਕਾਲੀਆਂ ਨਾਲੋਂ ਵਧੇਰੇ ਸਿਦਕੀ ਸਿੱਖ ਹੋ ਸਕਦਾ ਹੈ, ਅਕਾਲੀ ਬਾਦਬਾਨਾਂ ਵਿਚੋਂ ਧਾਰਮਿਕ ਪੋਣਾਂ ਕੱਢਣਾ ਸੀ। ਕੀਰਤਨ ਦਰਬਾਰੇ ਵਿਸ਼ਾਲ ਪੈਮਾਨੇ ਉਤੇ ਸੰਗਠਤ ਕੀਤੇ ਗਏ, ਪਬਲਿਕ ਫੰਕਸ਼ਨਾਂ ਦਾ ਸ੍ਰੀ ਗਣੇਸ਼ ਅਰਦਾਸ ਨਾਲ ਹੋਣ ਲੱਗਾ, ਅਨੰਦਪੁਰ ਤੋਂ ਪਟਿਆਲਾ ਤੱਕ ਮਾਰਗ ਦਾ ਨਾਂ ਗੁਰੂ ਗੋਬਿੰਦ ਸਿੰਘ ਮਾਰਗ ਰੱਖ ਦਿੱਤਾ ਗਿਆ, ਇਸ ਮਾਰਗ ਉਤੇ ਜਲੂਸ ਵਿਚ ਉਹਨਾਂ ਘੋੜਿਆਂ ਨੂੰ ਲਿਜਾਇਆ ਗਿਆ ਜਿਨ੍ਹਾਂ ਬਾਰੇ ਦੱਸਿਆ ਗਿਆ ਕਿ ਇਹ ਗੁਰੂ ਗੋਬਿੰਦ ਸਿੰਘ ਦੇ ਘੋੜਿਆਂ ਦੀ ਨਸਲ ਵਿਚੋਂ ਹਨ ਅਤੇ ਪਿੰਡ-ਵਾਸੀ ਇਹਨਾਂ ਦੀ ਲਿੱਦ ਸਤਿਕਾਰ ਨਾਲ ਚੁੱਕ ਕੇ ਘਰੀਂ ਲੈ ਗਏ, ਇਕ ਨਵੇਂ ਨਗਰ ਦਾ ਨਾਂ ਗੁਰੂ ਗੋਬਿੰਦ ਸਿੰਘ ਦੇ ਇਕ ਪੁੱਤਰ ਦੇ ਨਾਂ ਉਤੇ, ਸ਼ਹੀਦ ਅਜੀਤ ਸਿੰਘ ਨਗਰ ਰੱਖਿਆ ਗਿਆ ਤੇ ਹੋਰ ਬਹੁਤ ਕੁਝ ਕੀਤਾ ਗਿਆ। ਅੱਤ-ਧਾਰਮਿਕਤਾ ਦੇ ਵਿਖਾਲੇ ਨੇ ਜ਼ੈਲ ਸਿੰਘ ਨੂੰ ਨਿਸਚਿਤ ਤੌਰ 'ਤੇ ਖ਼ੁਦ ਆਪਣੀ ਕਮਿਊਨਿਟੀ ਵਿਚ ਲੋਕ-ਪ੍ਰਿਅ ਬਣਾਇਆ, ਪਰ ਇਹਦੇ ਲਈ ਅੱਗੇ ਚੱਲ ਕੇ ਪੰਜਾਬੀ ਹਿੰਦੂਆਂ ਤੇ ਸਿੱਖਾਂ ਨੂੰ, ਜਿਨ੍ਹਾਂ ਵਿਚ ਜ਼ੈਲ ਸਿੰਘ ਵੀ ਸ਼ਾਮਿਲ ਹੈ, ਮੁੱਲ ਤਾਰਨਾ ਪਿਆ :

ਮਾਝੀ ਕੇ ਦੋਸ਼ ਪੇ ਗਏ ਥੇ ਵੋਹ ਚੜ੍ਹਨੇ, ਮਾਝੀ ਨੇ ਪਟਕਾ ਸੌ ਸੌ ਬਾਰ।

(ਉਹ ਬੀਤੇ ਦੇ ਮੋਢਿਆਂ ਉਤੇ ਚੜ੍ਹਨ ਲਈ ਗਿਆ ਬੀਤੇ ਨੇ ਉਹਨੂੰ ਸੌ ਸੌ ਵਾਰ ਪਟਕਾ ਮਾਰਿਆ)

ਸੱਤਾ ਹੱਥੋਂ ਜਾਣ ਪਿਛੋਂ ਜ਼ੈਲ ਸਿੰਘ ਅਕਾਲੀ ਸਰਦਾਰੀ ਵਿਰੁੱਧ ਜੂਝਣ ਲਈ, ਜਦੋਂ ਉਹ ਮੁੱਖ ਮੰਤਰੀ ਸੀ ਉਸ ਨਾਲੋਂ ਵੀ ਵਧੇਰੇ ਵੱਡਾ ਧਾਰਮਿਕ ਜੋਸ਼ ਵਿਖਾਉਣ ਲੱਗਿਆ। ਅੱਤ-ਧਾਰਮਿਕਤਾ ਦੇ ਜਨਤਕ ਵਿਖਾਲੇ ਤੋਂ ਇਲਾਵਾ ਉਹਨੇ ਸੰਤਾਂ ਦੀ ਖ਼ੁਸ਼ਨੂਦੀ ਵੀ ਹਾਸਲ ਕਰਨ ਦੇ ਜਤਨ ਕੀਤੇ। ਪੰਜਾਬ ਵਿਚ ਸੰਤਾਂ ਦੀ ਭਰਮਾਰ ਹੈ, ਕਰੀਬ-ਕਰੀਬ ਹਰ ਪਿੰਡ ਦਾ ਹੀ ਆਪਣਾ ਬਾਬਾ ਜਾਂ ਸੰਤ ਜੀ ਹੁੰਦਾ ਹੈ। ਇਥੇ ਬੇਅੰਤ ਡੇਰੇ ਹਨ ਜਿਥੇ ਲੋਕਾਂ ਨੂੰ, ਜਿਵੇਂ ਗੁਰਦੁਆਰਿਆਂ ਵਿਚ ਹੁੰਦਾ ਹੈ, ਛਕਣ ਨੂੰ ਪਰਸ਼ਾਦਾ ਤੇ ਰਹਿਣ ਨੂੰ ਟਿਕਾਣਾ ਮਿਲਦਾ ਹੈ। ਇਹਨਾਂ ਡੇਰਿਆਂ ਵਿਚੋਂ ਦਮਦਮੀ ਟਕਸਾਲ, ਜਿਸ

ਦੇ ਨਾਲ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਜੁੜਿਆ ਹੋਇਆ ਹੈ, ਸਭ ਤੋਂ ਵੱਧ ਮਸ਼ਹੂਰ ਹੈ। ਉਸ ਸਮੇਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸੀ ਤੇ ਜ਼ੈਲ ਸਿੰਘ ਕਾਂਗਰਸ ਆਪੋਜ਼ੀਸ਼ਨ ਦਾ ਪ੍ਰਧਾਨ ਸੀ। ਇਸ ਟਕਸਾਲ ਦਾ ਮੁਖੀ ਰੋਡੇ ਪਿੰਡ ਦਾ ਪੈਂਤੀ-ਸਾਲਾ ਨੌਜਵਾਨ ਜਰਨੈਲ ਸਿੰਘ ਸੀ, ਗੱਦੀ 'ਤੇ ਬਹਿਣ ਪਿੱਛੋਂ ਉਸ ਨੇ ਆਪਣੇ ਵਡਿਕੇ ਦਾ ਉਪਨਾਮ ਆਪਣੇ ਨਾਲ ਜੋੜ ਲਿਆ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਖਵਾਉਣ ਲੱਗਿਆ। ਸਿੱਖ ਪਿੰਡਾਂ ਵਿਚ ਉਹਦੀ ਚੰਗੀ ਮਾਨਤਾ ਸੀ ਅਤੇ ਅੰਮ੍ਰਿਤਸਰ ਲਾਗੇ ਮਹਿਤਾ ਚੌਕ ਵਿਚ ਉਹਦੇ ਹੈੱਡਕੁਆਰਟਰ ਵਿਚ ਗਹਿਮਾ-ਗਹਿਮੀ ਰਹਿੰਦੀ ਸੀ। ਜ਼ੈਲ ਸਿੰਘ ਨੇ ਭਿੰਡਰਾਂਵਾਲੇ ਨੂੰ ਆਪਣੇ ਪਾਸੇ ਜਿੱਤ ਲਿਆ ਤੇ ਉਹਨੂੰ ਅਕਾਲੀਆਂ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਪੈਸਾ ਦਿੱਤਾ। ਇਹ ਚਾਲ ਘੁਮੱਟ ਸਿੱਧ ਹੋਈ। ਭਿੰਡਰਾਂਵਾਲੇ ਦੇ ਉਮੀਦਵਾਰ ਹਾਰ ਗਏ ਤੇ ਭਿੰਡਰਾਂਵਾਲਾ ਆਪ ਜਲਦੀ ਹੀ ਅਕਾਲੀਆਂ ਦਾ ਸਾਥੀ ਬਣ ਗਿਆ।

ਭਿੰਡਰਾਂਵਾਲੇ ਦਾ ਪਿਛੋਕੜ ਦਿਲਚਸਪ ਹੈ। ਉਹ ਇਕ ਸਾਧਾਰਨ ਕਿਸਾਨ ਕਾਸ਼ਤਕਾਰ ਜੋਗਿੰਦਰ ਸਿੰਘ ਦੇ ਸੱਤਾਂ ਪੁੱਤਰਾਂ 'ਚੋਂ ਸਭ ਤੋਂ ਛੋਟਾ ਸੀ। ਉਹਦਾ ਜਨਮ ਜ਼ਿਲ੍ਹਾ ਮੋਗਾ ਦੇ ਰੋਡੇ ਪਿੰਡ, 1947 ਵਿਚ ਹੋਇਆ। ਪਰਿਵਾਰ ਏਡਾ ਗ਼ਰੀਬ ਸੀ ਕਿ ਅਕਸਰ ਆਪਣੀਆਂ ਮੱਝਾਂ ਲਈ ਚਾਰਾ ਨਹੀਂ ਮਰੀਦ ਸਕਦਾ। ਜਰਨੈਲ ਸਿੰਘ ਬੱਸ ਪ੍ਰਾਇਮਰੀ ਤਕ ਦੀ ਪੜ੍ਹਾਈ ਹੀ ਕਰ ਸਕਿਆ ਸੀ। ਜਦੋਂ 1965 ਵਿਚ ਉਹਨੂੰ ਭਿੰਡਰਾਂ ਪਿੰਡ ਦੇ ਸੰਤ ਗੁਰਬਚਨ ਸਿੰਘ ਖ਼ਾਲਸਾ ਨੂੰ ਸੌਂਪ ਦਿੱਤਾ ਗਿਆ (ਇਸ ਪਿੰਡ ਦੇ ਨਾਂ 'ਤੇ ਹੀ ਉਹਦੇ ਨਾਂ ਨਾਲ ਭਿੰਡਰਾਂਵਾਲੇ ਲੱਗ ਗਿਆ) ਜਿਹੜਾ ਦਮਦਮੀ ਟਕਸਾਲ ਦਾ ਮੁਖੀ ਸੀ। ਟਕਸਾਲ ਵਿਚ ਸ਼ਾਮਿਲ ਹੋਣ ਤੋਂ ਸਾਲ ਭਰ ਪਿਛੋਂ ਜਰਨੈਲ ਸਿੰਘ ਨੇ ਪ੍ਰੀਤਮ ਕੌਰ ਨਾਲ ਵਿਆਹ ਕਰਵਾਇਆ। ਉਹਨਾਂ ਦੇ ਦੋ ਪੁੱਤਰ ਹੋਏ। ਜਰਨੈਲ ਸਿੰਘ ਨੇ ਸਿੱਖ ਧਾਰਮਿਕ ਗ੍ਰੰਥ ਵਿਚੋਂ ਪੈਰਿਆਂ ਦੇ ਪੈਰੇ ਘੋਟ ਲਏ ਤੇ ਇਸ ਤਰ੍ਹਾਂ ਆਪਣੀ ਸਕੂਲ ਦੀ ਪੜ੍ਹਾਈ ਦੀ ਕਸਰ ਕੱਢੀ। ਉਹਦਾ ਚੇਤਾ ਸ਼ਾਨਦਾਰ ਸੀ ਤੇ ਉਹ ਛੇਤੀ ਹੀ ਉਪਦੇਸ਼ ਦਿੰਦਿਆਂ ਧਾਰਮਿਕ ਗ੍ਰੰਥਾਂ ਦੇ ਹਵਾਲੇ ਦੇਣ ਲੱਗਿਆ। 3 ਅਗਸਤ 1977 ਨੂੰ ਸੰਤ ਕਰਤਾਰ ਸਿੰਘ (ਜਿਹੜਾ ਸੰਤ ਗੁਰਬਚਨ ਸਿੰਘ ਦਾ ਜਾਨਸ਼ੀਨ ਸੀ) ਦੇ ਕਾਰ ਦੇ ਹਾਦਸੇ ਵਿਚ ਪੂਰੇ ਹੋ ਜਾਣ 'ਤੇ, ਜਰਨੈਲ ਸਿੰਘ ਨੂੰ ਦਮਦਮੀ ਟਕਸਾਲ ਦਾ ਮੁਖੀ ਚੁਣ ਲਿਆ ਗਿਆ। ਗੱਦੀ 'ਤੇ ਬਹਿੰਦਿਆਂ ਹੀ ਅਗੇਤਰ, ਸੰਤ ਤੇ ਪਿਛੇਤਰ, ਭਿੰਡਰਾਂਵਾਲੇ, ਉਹਦੇ ਨਾਂ ਨਾਲ ਲੱਗ ਗਏ ਤੇ ਇਸ ਤਰ੍ਹਾਂ ਉਹ ਹੁਣ ਆਪਣੇ ਪੂਰੇ ਨਾਂ—ਸੰਤ ਜਰਨੈਲ ਸਿੰਘ ਭਿੰਡਰਾਂਵਾਲੇ—ਨਾਲ ਜਾਣਿਆ ਜਾਣ ਲੱਗਿਆ।

ਟਕਸਾਲ ਦਾ ਮੁਖੀ ਬਣਨ ਤੋਂ ਥੋੜਾ ਚਿਰ ਹੀ ਪਿਛੋਂ, ਜਰਨੈਲ ਸਿੰਘ ਨੂੰ ਸਿੱਖ ਮੂਲ-ਸਿਧਾਂਤਵਾਦ ਦੇ ਪੁਨਰ-ਜਾਗਰਣ ਦਾ ਅੱਤ ਪ੍ਰਭਾਵਸ਼ਾਲੀ ਸਾਧਨ ਮੰਨਿਆ ਜਾਣ ਲੱਗ ਪਿਆ। ਉਹਨੇ ਪਿੰਡਾਂ ਦਾ ਦੌਰਾ ਲਾਇਆ, ਸਿੱਖ ਨੌਜਵਾਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਏ ਗਏ ਪੰਥ, ਖ਼ਾਲਸਾ ਦੀਆਂ ਸਪਾਰਟਨ ਰਵਾਇਤਾਂ ਵੱਲ ਮੁਹਾਰਾਂ ਮੋੜਨ ਦਾ ਉਪਦੇਸ਼ ਦਿੱਤਾ—ਆਪਣੀਆਂ ਦਾੜ੍ਹੀਆਂ ਨਾ ਛਾਂਗਣ, ਸਿਗਰਟ, ਸ਼ਰਾਬ ਨਾ ਪੀਣ, ਨਸ਼ੇ ਵਾਲੀਆਂ ਚੀਜ਼ਾਂ ਦਾ ਸੇਵਨ ਨਾ ਕਰਨ। ਉਹ ਜਿਥੇ ਕਿਤੇ ਵੀ ਗਿਆ, ਸੈਆਂ ਮਰਦਾਂ ਤੇ ਇਸਤਰੀਆਂ ਨੂੰ ਅੰਮ੍ਰਿਤ ਛਕਾਇਆ। ਉਹਦੀ ਸਿਖਿਆ ਦਾ ਇਕ ਅਟੁੱਟ ਅੰਗ ਇਹ ਸੀ ਕਿ ਸੱਭੇ ਸਿੱਖ, ਆਪਣੇ ਜੋਧੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਪਾਏ ਗਏ ਪੂਰਨਿਆਂ ਉਤੇ ਤੁਰਦਿਆਂ, ਸ਼ਸਤਰਧਾਰੀ ਬਣਨ। ਕਿਰਪਾਨ ਤੋਂ ਇਲਾਵਾ

ਅਨੁਆਈਆਂ ਨੂੰ ਆਧੁਨਿਕ ਸ਼ਸਤਰ, ਜਿਵੇਂ ਕਿ ਰਫ਼ਲਾਂ ਤੇ ਪਸਤੌਲ ਰੱਖਣ ਲਈ ਆਖਿਆ। ਉਹ ਆਪ ਵੀ ਗਲ ਵਿਚ ਰਵਾਲਵਰ ਪਾਈ ਰੱਖਦਾ ਸੀ ਜਿਸ ਦੇ ਨਾਲ ਗੋਲੀਆਂ ਨਾਲ ਭਰੀ ਪੇਟੀ ਹੁੰਦੀ ਸੀ।

ਜਰਨੈਲ ਸਿੰਘ ਛੇਤੀ ਹੀ ਏਡਾ ਅਹਿਮ ਹੋ ਗਿਆ ਕਿ ਪੁਲੀਟੀਕਲ ਪਾਰਟੀਆਂ ਉਹਦੀ ਸਹਾਇਤਾ ਚਾਹੁਣ ਲੱਗੀਆਂ। ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁਕਿਆ ਹੈ, ਰਾਜਸੀ ਸੱਤਾ ਵਜੋਂ ਉਹਦੀ ਸਮਰੱਥਾ ਦਾ ਲਾਭ ਉਠਾਉਣ ਦੀ ਕੋਸ਼ਿਸ਼ ਕਰਨ ਵਾਲਾ ਗਿਆਨੀ ਜ਼ੈਲ ਸਿੰਘ ਸੀ ਜੀਹਨੇ ਕਾਂਗਰਸ ਪਾਰਟੀ ਦੇ ਆਗੂ ਵਜੋਂ ਸੋਚਿਆ ਕਿ ਭਿੰਡਰਾਂਵਾਲਾ ਦੀ ਮਦਦ ਨਾਲ ਉਹ ਸ਼ਾਇਦ ਗੁਰਦੁਆਰਿਆਂ ਉੱਪਰ ਅਕਾਲੀ ਸਰਦਾਰੀ ਦਾ ਖ਼ਾਤਮਾ ਕਰ ਸਕੇ। ਉਦੋਂ ਗਿਆਨੀ ਜੀ ਨੂੰ ਇਹਦਾ ਚਿਤ-ਚੇਤਾ ਵੀ ਨਹੀਂ ਸੀ ਕਿ ਹੋਰ ਕੁਝ ਸਾਲਾਂ ਤੱਕ ਉਹ ਖ਼ੁਦ ਆਪਣੇ ਹੀ ਜਾਲ ਵਿਚ ਫਸ ਜਾਵੇਗਾ।

ਜਰਨੈਲ ਸਿੰਘ 13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਨਾਲ ਖ਼ੂਨੀ ਟਕਰਾਉ ਨਾਲ ਰਾਜਸੀ ਪਿੜ ਵਿਚ ਕੁੱਦਿਆ। ਨਿਰੰਕਾਰੀਆਂ ਤੇ ਕੱਟੜ ਸਿੱਖਾਂ ਵਿਚਕਾਰ ਵੱਡਾ ਫ਼ਰਕ ਇਹ ਹੈ ਕਿ ਜਿਥੇ ਸਿੱਖ ਸਿਰਫ਼ ਦਸਾਂ ਗੁਰੂਆਂ ਨੂੰ ਮੰਨਦੇ ਹਨ ਜਿਨ੍ਹਾਂ ਦੀ ਪਰਗਟ ਦੇਹ ਗ੍ਰੰਥ ਸਾਹਿਬ ਹੈ, ਉਥੇ ਨਿਰੰਕਾਰੀ ਦੇਹਧਾਰੀ ਗੁਰੂ ਨੂੰ ਮੰਨਦੇ ਹਨ। ਦੇਹਧਾਰੀ ਗੁਰੂ ਦੀ ਪੂਜਾ ਕਰਨ ਤੋਂ ਇਲਾਵਾ (ਜੋ ਕੱਟੜ ਸਿੱਖਾਂ ਲਈ ਵਿਵਰਜਤ ਹੈ), ਨਿਰੰਕਾਰੀਆਂ ਦੀਆਂ ਖ਼ੁਦ ਆਪਣੀਆਂ ਦੋ ਪੂਜ-ਪੁਸਤਕਾਂ ਵੀ ਹਨ ਜਿਨ੍ਹਾਂ ਵਿਚ ਅਜਿਹੀਆਂ ਸਤਰਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਕੱਟੜ ਸਿੱਖ ਆਪਣੇ ਗੁਰੂਆਂ ਤੇ ਗੁਰੂ ਗ੍ਰੰਥ ਸਾਹਿਬ ਦੇ ਸੰਬੰਧ ਵਿਚ ਅਪਮਾਨਜਨਕ ਸਮਝਦੇ ਹਨ।

ਨਵੰਬਰ 1973 ਵਿਚ ਅਕਾਲ ਤਖ਼ਤ ਤੋਂ ਇਕ ਹੁਕਮਨਾਮਾ ਜਾਰੀ ਕੀਤਾ ਗਿਆ, ਜਿਸ ਦੇ ਅਨੁਸਾਰ ਨਿਰੰਕਾਰੀਆਂ ਨੂੰ ਭਰੋੜੇ ਐਲਾਨਿਆ ਗਿਅਆ। 1978 ਦੀ ਵੈਸਾਖੀ ਨੂੰ, ਅਖੰਡ ਕੀਰਤਨੀ ਜੱਥੇ ਦੀ ਅਗਵਾਈ ਵਿਚ ਜਿਨ੍ਹਾਂ ਵਿਚ ਭਿੰਡਰਾਂਵਾਲੇ ਦੇ ਕੁਝ ਅਨੁਆਈ ਵੀ ਸ਼ਾਮਿਲ ਸਨ, ਸਿੱਖਾਂ ਦਾ ਇਕ ਜਲੂਸ ਨਿਰੰਕਾਰੀ ਸਮਾਗਮ ਵਾਲੇ ਸਥਾਨ ਵੱਲ ਜਾ ਰਿਹਾ ਸੀ, ਜਿਸ ਉਤੇ ਗੋਲੀ ਚਲਾਈ ਗਈ। ਤੇਰਾਂ ਜਣੇ ਮਾਰੇ ਗਏ, ਜਿਨ੍ਹਾਂ ਵਿਚ ਇਕ ਫ਼ੌਜਾ ਸਿੰਘ ਵੀ ਸੀ ਜਿਸ ਦੀ ਵਿਧਵਾ, ਅਮਰਜੀਤ ਕੌਰ ਅੱਗੇ ਚੱਲ ਕੇ ਅਤਿਵਾਦੀਆਂ ਦੀ ਇਕ ਆਗੂ ਬਣ ਗਈ। ਨਿਰੰਕਾਰੀਆਂ ਨੂੰ ਜਿਨ੍ਹਾਂ ਉਤੇ ਕਤਲ ਦਾ ਦੋਸ਼ ਲਾ ਕੇ ਮੁਕੱਦਮਾ ਚੱਲਿਆ, ਇਸ ਆਧਾਰ 'ਤੇ ਬਰੀ ਕਰ ਦਿੱਤਾ ਗਿਆ ਕਿ ਉਹਨਾਂ ਨੇ ਸਵੈ-ਰਖਿਆ ਵਿਚ ਗੋਲੀ ਚਲਾਈ ਸੀ। ਇਸ ਤੋਂ ਪਿਛੋਂ ਨਿਰੰਕਾਰੀਆਂ ਤੇ ਉਹਨਾਂ ਦੇ ਹਮਦਰਦਾਂ ਵਿਰੁੱਧ ਹਿੰਸਾ ਵਿਚ ਕੋਈ ਕਮੀ ਨਾ ਹੋਈ। ਨਿਰੰਕਾਰੀ ਸੰਪ੍ਰਦਾਇ ਦੇ ਮੁਖੀ, ਬਾਬਾ ਗੁਰਬਚਨ ਸਿੰਘ ਨੂੰ 24 ਅਪ੍ਰੈਲ, 1980 ਨੂੰ ਦਿੱਲੀ ਵਿਚ ਕਤਲ ਕਰ ਦਿੱਤਾ ਗਿਆ। ਪੰਜਾਬ ਵਿਚ ਹਿੰਦੀ-ਗੁਰਮੁਖੀ ਸਮਾਚਾਰ ਪੱਤਰਾਂ ਦੇ ਅੱਤ ਸ਼ਕਤੀਸ਼ਾਲੀ ਸਿਲਸਿਲੇ ਦੇ ਮਾਲਕ ਲਾਲਾ ਜਗਤ ਨਾਰਾਇਣ ਨੂੰ, ਜਿਹੜਾ ਨਿਰੰਕਾਰੀਆਂ ਦਾ ਹਮਦਰਦ ਸੀ, 9 ਸਤੰਬਰ 1981 ਨੂੰ ਕਤਲ ਕਰ ਦਿੱਤਾ ਗਿਆ। ਅੱਗੇ ਚੱਲ ਕੇ ਉਹਦੇ ਪੁੱਤਰ ਰਮੇਸ਼ ਚੰਦਰ ਨੂੰ ਵੀ ਕਤਲ ਕਰ ਦਿੱਤਾ ਗਿਆ। ਮਸੇਂ ਹੀ ਕੋਈ ਸਪਤਾਹ ਅਜਿਹਾ ਲੰਘਦਾ ਹੋਵੇ ਜਦੋਂ ਕੋਈ ਨਾ ਕੋਈ ਨਿਰੰਕਾਰੀ ਜਾਂ ਹੋਰ ਆਦਮੀ ਭਿੰਡਰਾਂਵਾਲੇ ਦੇ ਅਨੁਆਈਆਂ ਦੇ ਗੁੱਸੇ ਦਾ ਸ਼ਿਕਾਰ ਨਾ ਹੋ ਜਾਂਦਾ ਹੋਵੇ।

ਹਿੰਸਾ ਦੇ ਸੰਬੰਧ ਵਿਚ ਵਚਨਬਧ ਇਹ ਮੂਲ-ਸਿਧਾਂਤਵਾਦੀਏ ਅਕਾਲੀਆਂ ਨਾਲ ਕਿਵੇਂ ਮਿਲ ਸਕੇ ਅਤੇ ਅਕਾਲੀ ਲਗਭਗ ਦੋ ਸਾਲ ਤੱਕ ਸ਼ਾਂਤਮਈ ਲਹਿਰ ਕਿਵੇਂ ਚਲਾ ਸਕੇ ਤੇ ਦੋ ਲੱਖ ਤੋਂ ਉੱਪਰ

ਵਾਲੰਟੀਅਰਾਂ ਨੂੰ ਗ੍ਰਿਫ਼ਤਾਰੀ ਦੇਣ ਲਈ ਕਿਵੇਂ ਪ੍ਰੇਰ ਸਕੇ, ਇਹਦੇ ਸਪੱਸ਼ਟੀਕਰਣ ਦੀ ਲੋੜ ਹੈ। ਇਹਨਾਂ ਦੋਹਾਂ ਗਰੁਪਾਂ ਦੇ ਮਨੋਰਥਾਂ ਵਿਚ ਬਹੁਤ ਕੁਝ ਸਾਂਝਾ ਨਹੀਂ ਸੀ। ਅਕਾਲੀ ਮੁਕਾਬਲਤਨ ਖ਼ੁਸ਼ਹਾਲ ਕਿਸਾਨ ਕਾਸ਼ਤਕਾਰਾਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੇ ਸਨ ਜਿਹੜੇ ਸਾਵੇ ਇਨਕਲਾਬ ਸਦਕਾ ਖ਼ੁਸ਼ਹਾਲ ਹੋਏ ਸਨ। ਉਹਨਾਂ ਦਾ ਨਿਸ਼ਾਨਾ ਕਾਂਗਰਸ ਤੋਂ ਰਾਜਸੀ ਸੱਤਾ ਹਥਿਆਣਾ ਸੀ ਅਤੇ ਦਰਿਆਈ ਪਾਣੀਆਂ ਤੇ ਬਿਜਲੀ ਦੀ ਘਣੇਰੀ ਸਪਲਾਈ (ਦੋਵੇਂ ਪੰਜਾਬ ਵਿਚ ਉਪਜਦੇ ਹਨ) ਦੁਆਰਾ ਅਤੇ ਗੰਨੇ ਤੇ ਕਪਾਹ ਦੀਆਂ ਭਰਪੂਰ ਫ਼ਸਲਾਂ ਦੀ ਪ੍ਰਾਸੈਸਿੰਗ ਲਈ ਸ਼ੂਗਰ ਤੇ ਟੈਕਸਟਾਈਲ ਮਿੱਲਾਂ ਵਰਗੇ ਜ਼ਰਈ-ਉਦਯੋਗ ਸਥਾਪਤ ਕਰਕੇ ਅਗਲੀ ਜ਼ਰਾਇਤੀ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣਾ ਸੀ। ਸਿੱਖ ਮੂਲ-ਸਿਧਾਂਤਵਾਦੀ ਜਿਨ੍ਹਾਂ ਵਿਚ ਭਿੰਡਰਾਂਵਾਲੇ ਦੇ ਅਨੁਆਈ, ਅਖੰਡ ਕੀਰਤਨੀ ਜੱਥੇ ਤੇ ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸ਼ਾਮਿਲ ਸਨ, ਦਾ ਟੀਚਾ ਹਿੰਦੂਆਂ ਨਾਲੋਂ ਸਿੱਖਾਂ ਦੇ ਵੱਖਰੇਪਨ ਉਤੇ ਜ਼ੋਰ ਦੇ ਕੇ ਅਤੇ ਇਹ ਯਕੀਨੀ ਬਣਾ ਕੇ ਕਿ ਉਤਰ ਪ੍ਰਦੇਸ਼ ਤੇ ਬਿਹਾਰ ਤੋਂ ਹਿੰਦੂ ਜ਼ਰਾਇਤੀ ਕਾਮਿਆਂ ਦੇ ਵੱਡੇ ਪੈਮਾਨੇ ਉਤੇ ਆਗਮਨ ਨੂੰ ਰੋਕੋ ਤਾਂ ਜੁ ਇਹਨਾਂ ਕਾਰਨ ਪੰਜਾਬ ਦੀ ਵਸੋਂ ਵਿਚ ਸਿੱਖਾਂ ਦਾ ਤਨਾਸਬ ਘਟੇ ਨਾ, ਪੰਜਾਬ ਵਿਚ ਸਿੱਖ ਗ਼ਲਬੇ ਨੂੰ ਯਕੀਨੀ ਬਣਾਉਣਾ ਸੀ। ਉਹਨਾਂ ਨੇ ਅਕਾਲੀਆਂ ਨਾਲ ਕਾਜ਼ ਸਾਂਝਾ ਬਣਾਇਆ ਤੇ ਇਹਨਾਂ ਨੇ ਮਿਲ ਕੇ ਸ਼ਿਕਾਇਤਾਂ—ਧਾਰਮਿਕ, ਰਾਜਸੀ ਤੇ ਆਰਥਿਕ ਸ਼ਿਕਾਇਤ—ਦੀ ਇਕ ਸੂਚੀ ਘੜ ਲਈ, ਪਰ ਜਦੋਂ ਅਕਾਲੀ ਪਾਰਟੀ ਰਾਜ ਦਾ ਸ਼ਾਸਨ ਚਲਾਉਂਦੀ ਸੀ, ਉਦੋਂ ਇਹਨਾਂ ਵਿਚੋਂ ਕਿਸੇ ਇਕ ਬਾਰੇ ਵੀ ਉਹਨਾਂ ਨੇ ਨਹੀਂ ਸੀ ਗੌਲਿਆ। ਅਨੰਦਪੁਰ ਸਾਹਿਬ ਦਾ ਮਤਾ ਜੀਹਨੂੰ ਅੱਠਾਂ ਸਾਲਾਂ ਤੋਂ ਅਕਾਲੀ ਮੁਹਾਫ਼ਜ਼ਖ਼ਾਨੇ ਵਿਚ ਪਏ ਨੂੰ ਧੂੜ ਚੜ੍ਹ ਰਹੀ ਸੀ, ਬਾਹਰ ਕੱਢ ਲਿਆਂਦਾ ਗਿਆ ਅਤੇ ਸਿੱਖ ਮੰਗਾਂ ਦਾ ਚਾਰਟਰ ਬਣਾ ਦਿੱਤਾ ਗਿਆ। ਸੰਤ ਲੌਂਗੋਵਾਲ, ਜੀ.ਐਸ. ਟੋਹੜਾ (ਪ੍ਰਧਾਨ ਗੁਰਦੁਆਰਾ ਪ੍ਰਬੰਧ ਕਮੇਟੀ), ਪ੍ਰਕਾਸ਼ ਸਿੰਘ ਬਾਦਲ (ਸਾਬਕਾ ਮੁਖ ਮੰਤਰੀ, ਪੰਜਾਬ) ਵਰਗੇ ਮਾਡਰੇਟ ਸਿੱਖ ਲੀਡਰਾਂ ਨੇ ਇਹਨਾਂ ਮੰਗਾਂ ਨੂੰ ਘਟਾਇਆ ਤੇ ਅੰਤ ਦੋ ਹੀ ਨਿਗਰ ਮੰਗਾਂ ਰਹਿ ਗਈਆਂ—ਚੰਡੀਗੜ੍ਹ ਨੂੰ ਪੰਜਾਬ ਦੀ ਅਨੰਨ ਰਾਜਧਾਨੀ ਐਲਾਨਣਾ ਤੇ ਇਸ ਸਿਲਸਿਲੇ ਵਿਚ ਸਰਹੱਦ ਵਿਚ ਮਾਮੂਲੀ ਜਿਹਾ ਪੁਨਰ-ਅਨੁਕੂਲਣ ਅਤੇ ਦਰਿਆਈ ਪਾਣੀਆਂ ਦੇ ਮੁੜ-ਨਿਰਧਾਰਣ ਨੂੰ ਸੁਪਰੀਮ ਕੋਰਟ ਦੇ ਜੱਜ ਦੇ ਸਾਹਮਣੇ ਰੱਖਣਾ। ਪਰ, ਮੂਲ-ਸਿਧਾਂਤਵਾਦੀਏ ਅਨੰਦਪੁਰ ਸਾਹਿਬ ਦੇ ਮਤੇ ਦੇ ਅਨੁਕੂਲ ਖ਼ੁਦਮੁਖ਼ਤਿਆਰ ਪੰਜਾਬ ਉੱਪਰ ਪੱਕੀ ਸਿੱਖ ਸਰਦਾਰੀ ਤੋਂ ਘੱਟ ਕੋਈ ਸਮਝੌਤਾ ਕਰਨ ਤੋਂ ਇਨਕਾਰੀ ਸਨ। ਮੂਲ-ਸਿਧਾਂਤਵਾਦੀ ਦਬਾਉ ਹੇਠ ਅਕਾਲੀ ਕਈ ਐਜੀਟੇਸ਼ਨਾਂ—ਨਹਿਰ ਰੋਕੋ, ਰੇਲ ਰੋਕੋ, ਕਾਮ ਰੋਕੋ—ਜਾਰੀ ਰੱਖਣ ਉਤੇ ਅਤੇ ਆਪਣਾ ਧਰਮ-ਯੁੱਧ ਜਾਰੀ ਰੱਖਣ ਉਤੇ ਮਜਬੂਰ ਹੋਏ, ਜਿਸ ਵਿਚ ਧਰਮ ਨਾ ਹੋਣ ਸਮਾਨ ਸੀ ਤੇ ਜਿਸ ਵਿਚ ਯੁੱਧ ਨਿਰਦੋਸ਼ ਨਿਰੰਕਾਰੀਆਂ ਤੇ ਹਿੰਦੂਆਂ ਦਾ ਬੁਜ਼ਦਿਲਾਨਾ ਕਤਲ ਬਣ ਕੇ ਰਹਿ ਗਿਆ ਸੀ।

ਭਿੰਡਰਾਂਵਾਲੇ ਨੂੰ ਸਿੱਖਾਂ ਵਿਚ ਏਡੀ ਵੱਡੀ ਗਿਣਤੀ ਵਿਚ ਪੈਰੋਕਾਰ ਕਿਵੇਂ ਮਿਲ ਸਕੇ? ਇਕ ਥਾਂ ਮੈਂ ਉਹਨੂੰ ਮਿਲਿਆ ਤਾਂ ਉਹਦੀ ਦਿਖ ਅਤੇ ਉਹਦੇ ਕਥਨਾਂ ਤੋਂ ਜੇਡਾ ਨਿਰ-ਪ੍ਰਭਾਵ ਰਿਹਾ, ਉਡਾ ਹੀ ਬਹੁਤਾ ਖ਼ਬਰਦਾਰ ਮੈਂ ਉਹਦੇ ਪੈਰੋਕਾਰਾਂ ਵਲੋਂ ਉਸ ਨੂੰ ਮਿਲਦੀ ਸ਼ਲਾਘਾ ਤੋਂ ਹੋਇਆ। ਇਹ ਗੱਲ ਮੰਜੀ ਸਾਹਿਬ ਗੁਰਦੁਆਰੇ ਵਿਚ ਉਸ ਤਪਹਿਰੇ ਹੋਈ, ਜਦੋਂ ਜੱਥੇਦਾਰ ਜੀ.ਐਸ. ਟੋਹੜਾ, ਐਮ.ਪੀ. ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਮੇਜਰ ਜਨਰਲ ਸ਼ਾਹਬੇਗ ਸਿੰਘ

(ਰਿਟਾਇਰਡ) ਅਤੇ ਹਜ਼ਾਰਾਂ ਅਕਾਲੀਆਂ ਦੇ ਨਾਲ ਆਪਣੇ ਆਪ ਨੂੰ ਧਰਮ-ਯੁੱਧ ਵਿਚ ਗ੍ਰਿਫ਼ਤਾਰੀ ਲਈ ਪੇਸ਼ ਕਰਨਾ ਸੀ। ਟੌਹੜਾ, ਲੌਂਗੋਵਾਲ ਤੇ ਹੋਰਨਾਂ ਦੀਆਂ ਤਕਰੀਰਾਂ ਨੇ ਮਾਮੂਲੀ ਦਿਲਚਸਪੀ ਜਗਾਈ। ਭਿੰਡਰਾਂਵਾਲੇ ਦੀ ਮੁਖ਼ਤਸਰ ਤਕਰੀਰ ਬਹੁਤਾ ਕਰਕੇ ਮੈਨੂੰ ਸੰਬੋਧਤ ਸੀ, ਕਿਉਂਜ਼ ਮੈਨੂੰ ਸੰਗਤ ਵਿਚੋਂ ਉਠਾ ਕੇ ਮੰਚ ਉਤੇ ਬਿਠਾਇਆ ਗਿਆ ਸੀ। ਉਹ ਮੇਰੇ ਬਰਾਬਰ ਕਰ ਕੇ ਉਚਾ-ਲੰਮਾ ਖੜਾ ਸੀ, ਇਕ ਹੱਥ ਵਿਚ ਸਟੀਲ ਦਾ ਤੀਰ ਤੇ ਦੂਜੇ ਵਿਚ ਮਾਈਕਰੋਫੋਨ ਫੜੀ, ਮੇਰੇ ਵੱਲ ਇਸ਼ਾਰਾ ਕਰਦਿਆਂ ਉਹ ਬੋਲਿਆ, 'ਇਥੇ ਬੈਠੇ ਇਹ ਸਰਦਾਰ ਸਾਹਿਬ ਲਿਖਦੇ ਹਨ ਕਿ ਮੈਂ ਹਿੰਦੂਆਂ ਤੇ ਸਿੱਖਾਂ ਵਿਚਕਾਰ ਨਫ਼ਰਤ ਫੈਲਾਉਂਦਾ ਹਾਂ, ਇਹ ਗ਼ਲਤ ਹੈ। ਮੈਂ ਤਾਂ ਬੱਸ ਗੁਰੂਆਂ ਦੀ ਸਿੱਖਿਆ ਹੀ ਪ੍ਰਚਾਰਦਾ ਹਾਂ, ਮੈਂ ਅੰਮ੍ਰਿਤ ਪ੍ਰਚਾਰ ਕਰਦਾ ਹਾਂ ਅਤੇ ਸਿੱਖ ਨੌਜਵਾਨਾਂ ਨੂੰ ਦਾੜ੍ਹੀਆਂ ਛਾਂਗਣਾ ਬੰਦ ਕਰਨ, ਸਿਗਰਟ ਤੇ ਸ਼ਰਾਬ ਪੀਣਾ ਛੱਡਣ ਲਈ ਪ੍ਰੇਰਦਾ ਹਾਂ। ਜੇ ਮੇਰਾ ਵੱਸ ਚੱਲੇ ਤਾਂ ਮੈਂ ਇਹਨਾਂ ਸਭਨਾਂ ਸਰਦਾਰਾਂ ਨੂੰ ਫੜ ਲਵਾਂ, ਜਿਹੜੇ ਸ਼ਾਮੀ ਵਿਸਕੀ-ਸਿਸਕੀ ਪੀਂਦੇ ਹਨ, ਇਹਨਾਂ ਉਤੇ ਮਿੱਟੀ ਦਾ ਤੇਲ ਪਾਵਾਂ ਤੇ ਇਹਨਾਂ ਪਰਲੇ ਦਰਜੇ ਦੇ ਗਏ-ਗੁਜ਼ਰਿਆਂ ਨੂੰ ਅੱਗ ਲਾ ਕੇ ਸਾੜ ਦਿਆਂ।' ਇਸ ਕਥਨ ਦਾ ਸਵਾਗਤ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਕੀਤਾ ਗਿਆ। ਇਹ ਗੁਝੀ-ਮਸ਼ਕਰੀ ਸੀ ਕਿ ਮੇਰੇ ਨਾਲ ਮੰਚ ਉਤੇ ਬੈਠੇ ਅੱਧਿਉਂ ਬਹੁਤੇ ਸਰਦਾਰ ਅਤੇ ਕਿਸਾਨ ਸੰਗਤ ਦਾ ਬੜਾ ਤਕੜਾ ਹਿੱਸਾ, ਰੱਜ ਕੇ ਸ਼ਰਾਬ ਪੀਣ ਵਾਲੇ ਸਨ।

ਆਪਣੀ ਅਗਲੀ ਅੰਮ੍ਰਿਤਸਰ ਫੇਰੀ ਦੇ ਮੌਕੇ ਮੈਨੂੰ ਭਿੰਡਰਾਂਵਾਲੇ ਦੀ ਲੋਕ-ਪ੍ਰਿਅਤਾ ਦੇ ਕਾਰਨਾਂ ਬਾਰੇ ਸੰਕੇਤ ਮਿਲ ਗਿਆ। ਇਹ ਸਪੱਸ਼ਟ ਕਾਰਨ ਲਈ ਮੈਂ ਦੋ ਉਦਾਹਰਣਾਂ ਦਿਆਂਗਾ।

ਇਕ ਦਿਨ ਅਕਾਲ ਤਖ਼ਤ ਦੀ ਛੱਤ ਉਤੇ ਭਿੰਡਰਾਂਵਾਲੇ ਦਾ ਦਰਬਾਰ ਲੱਗਿਆ ਹੋਇਆ ਸੀ। ਇਕ ਨੌਜਵਾਨ ਕੁੜੀ ਉਥੇ ਆਈ। ਉਹਨੇ ਉਹਦੇ ਪੈਰ ਫੜ ਲਏ ਤੇ ਹਉਕੇ ਭਰ-ਭਰ ਕੇ ਆਪਣੀ ਵਾਰਤਾ ਸੁਣਾਈ ਕਿ ਉਹਦੇ ਸੁਸਰਾਲ ਵਾਲੇ ਉਹਦੇ ਨਾਲ ਇਸ ਕਰਕੇ ਭੈੜਾ ਸਲੂਕ ਕਰਦੇ ਹਨ ਕਿ ਮੈਂ ਮਾਪਿਆਂ ਤੋਂ ਹੋਰ ਧਨ ਕਿਉਂ ਨਹੀਂ ਲਿਆਉਂਦੀ ਤੇ ਉਹਦਾ ਪਤੀ ਉਹਦਾ ਪੱਖ ਨਹੀਂ ਪੂਰਦਾ। ਭਿੰਡਰਾਂਵਾਲੇ ਨੇ ਉਹਦਾ ਨਾਂ ਤੇ ਪਤਾ ਪੁੱਛਿਆ, "ਤਾਂ ਤੂੰ ਹਿੰਦੂਆਂ ਦੀ ਧੀ ਏਂ" ਉਹਨੇ ਕਿਹਾ। 'ਕੀ ਤੂੰ ਇਕ ਸਿੱਖ ਦੀ ਧੀ ਬਣਨ ਨੂੰ ਤਿਆਰ ਏਂ ?" ਕੁੜੀ ਨੇ ਹਾਂ ਵਿਚ ਸਿਰ ਹਿਲਾਇਆ। ਭਿੰਡਰਾਂਵਾਲੇ ਨੇ ਆਪਣੇ ਕੁਝ ਸ਼ਸਤਰਧਾਰੀ ਆਦਮੀ ਕੁੜੀ ਦੇ ਪਰਿਵਾਰ ਨੂੰ ਲਿਆਉਣ ਲਈ ਭੇਜੇ। ਘੰਟੇ ਕੁ ਪਿਛੋਂ ਕੁੜੀ ਦੇ ਪਤੀ ਤੇ ਉਹਦੇ ਮਾਤਾ-ਪਿਤਾ ਨੂੰ, ਜਿਹੜੇ ਸਹਿਮੇ ਹੋਏ ਸਨ, ਭਿੰਡਰਾਂਵਾਲੇ ਦੇ ਪੇਸ਼ ਕਰ ਦਿੱਤਾ ਗਿਆ, "ਇਹ ਕੁੜੀ ਤੁਹਾਡੇ ਘਰ ਦੀ ਬਹੂ ਹੈ ?" ਉਹਨੇ ਪੁੱਛਿਆ। ਉਹਨਾਂ ਨੇ ਹਾਂ ਵਿਚ ਉਤਰ ਦਿੱਤਾ। "ਇਹ ਮੈਨੂੰ ਦੱਸਦੀ ਹੈ ਕਿ ਤੁਸੀਂ ਇਹਦੇ ਪਿਉ ਤੋਂ ਧਨ ਚਾਹੁੰਦੇ ਹੋ। ਮੈਂ ਇਹਦਾ ਪਿਉ ਹਾਂ।" ਉਹਨੇ ਕਰੰਸੀ ਨੋਟਾਂ ਦੀ ਟਰੇ ਉਹਨਾਂ ਸਾਹਮਣੇ ਰੱਖੀ ਤੇ ਉਹਨਾਂ ਨੂੰ ਕਿਹਾ, "ਜੋ ਮਰਜ਼ੀ ਚੁੱਕ ਲਵੋ।" ਤਿੰਨੇ ਉਹਦੇ ਪੈਰੀਂ ਪੈ ਗਏ ਤੇ ਖਿਮਾ ਦੀ ਜਾਚਨਾ ਕੀਤੀ। "ਇਸ ਵਾਰ ਮੈਂ ਤੁਹਾਨੂੰ ਜਾਣ ਦਿੰਦਾ ਹਾਂ, ਪਰ ਜੇ ਇਹ ਕੁੜੀ ਮੁੜ ਮੇਰੇ ਕੋਲ ਸ਼ਿਕਾਇਤ ਲੈ ਕੇ ਆਈ ਤਾਂ ਤੁਸੀਂ ਜਾਣਦੇ ਹੀ ਹੋ ਕਿ ਮੈਂ ਤੁਹਾਡੇ ਨਾਲ ਕਿਵੇਂ ਵਰਤਾਂਗਾ।" ਭਿੰਡਰਾਂਵਾਲੇ ਦਾ ਮਨ-ਪਸੰਦ ਬੋਲਾ ਸੋਧ ਦਿਆਂਗੇ, ਅਰਥਾਤ ਮਾਰ ਮੁਕਾਉਣਾ, ਸੀ। ਉਹਨਾਂ ਨੂੰ ਸੂਚਨਾ ਮਿਲ ਗਈ।

ਦੂਜੀ ਉਦਾਹਰਣ : ਕੁਝ ਪੇਂਡੂਆਂ ਨੇ ਆ ਕੇ ਸ਼ਿਕਾਇਤ ਕੀਤੀ ਕਿ ਕੁਝ ਪੁਲਸੀਆਂ ਨੇ ਉਹਨਾਂ ਤੋਂ ਧਨ ਖੋਹ ਲਿਆ ਹੈ। ਭਿੰਡਰਾਂਵਾਲੇ ਨੇ ਪੁਲਸੀਆਂ ਨੂੰ ਆਪਣੇ ਦਰਬਾਰ ਵਿਚ ਸੱਦ ਭੇਜਿਆ। ਉਹ

ਆਏ ਤੇ ਧਨ ਵਾਪਸ ਕਰ ਦਿੱਤਾ।

ਕੁਝ ਚਿਰ ਤੱਕ ਰਾਬਨ ਹੁਡ ਦੇ ਇਸ ਬਿੰਬ ਨੇ ਭਿੰਡਰਾਂਵਾਲੇ ਨੂੰ ਓੜਕਾਂ ਦੀ ਲੋਕ-ਪ੍ਰਿਅਤਾ ਬਖ਼ਸ਼ੀ। ਲੋਕਾਂ ਨੂੰ ਕੁਝ ਵੀ ਖ਼ਰਚੇ ਬਿਨਾਂ ਤੁਰਤ-ਫੁਰਤ ਇਨਸਾਫ਼ ਮਿਲ ਸਕਦਾ ਸੀ। ਅੱਗੇ ਚੱਲ ਕੇ ਸਭ ਤੋਂ ਉਚੀ ਬੋਲੀ ਦੇਣ ਵਾਲਾ ਉਹਦੀ ਸੇਵਾ ਖ਼ਰੀਦ ਸਕਦਾ ਸੀ।

ਤਰਾਸਦ ਪੰਜਾਬੀ ਡਰਾਮੇ ਦੇ ਨਾਟਕੀ ਪਾਤਰ ਹੁਣ ਤੱਕ ਆਪਣੇ ਆਖ਼ਰੀ ਰੋਲ ਅਦਾ ਕਰਨ ਲਈ ਰੰਗ-ਮੰਚ ਉਤੇ ਆ ਚੁੱਕੇ ਹੋਏ ਸਨ। ਅਕਾਲੀ ਲੀਡਰ ਟੌਹੜਾ ਤੇ ਲੌਂਗੋਵਾਲ ਆਪਣੇ ਸੈਂਕੜੇ ਕਾਰਕੁਨਾਂ ਅਤੇ ਸੰਗਰੂਰ ਤੋਂ ਧਰਮ-ਯੁੱਧ ਮੋਰਚੇ ਵਿਚ ਸ਼ਾਮਿਲ ਹੋਣ ਲਈ ਆਏ ਹੋਏ ਪੰਦਰਾਂ ਸੌ ਦੇ ਇਕ ਜੱਥੇ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਦੇ ਇਕ ਕੋਨੇ ਵਿਚ ਟਿਕੇ ਹੋਏ ਸਨ। ਹਰਿਮੰਦਰ ਸਾਹਿਬ ਦੇ ਦੂਜੇ ਪਾਸੇ, ਕਿਲ੍ਹੇਬੰਦ ਅਕਾਲ ਤਖ਼ਤ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਹਦਾ ਸੱਜਾ-ਹੱਥ ਅਮਰੀਕ ਸਿੰਘ, ਰਿਟਾਇਰਡ ਮੇਜਰ ਜਨਰਲ ਸ਼ਾਹਬੇਗ ਸਿੰਘ ਨਾਲ ਬੈਠੇ ਸਨ, ਜਿਹੜਾ ਵਾਕੀ-ਟਾਕੀ ਨਾਲ ਲੈਸ ਸੀ ਤੇ ਪਰਕਰਮਾ ਦੇ ਵੱਖ-ਵੱਖ ਭਾਗਾਂ ਵਿਚ ਪੈਂਤੜਾ-ਲਈ ਬੈਠੇ ਆਪਣੇ ਆਦਮੀਆਂ ਨੂੰ ਹੁਕਮ ਦੇ ਰਿਹਾ ਸੀ। ਰਾਮਗੜ੍ਹੀਆ ਬੁੰਗਿਆਂ ਦੇ ਸਿਖ਼ਰ ਤੇ ਵਾਟਰ-ਟਾਵਰ ਉੱਪਰ ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁੰਡੇ, ਬੱਬਰ ਤੇ ਸ਼ਾਇਦ ਕੁਝ ਹੋਰ ਜਣੇ ਬੈਠੇ ਪੈਰਾ-ਮਿਲਿਟਰੀ ਫ਼ੋਰਸ ਤੇ ਪੁਲਿਸ ਦੀਆਂ ਗੱਡੀਆਂ ਨੂੰ, ਜਿਨ੍ਹਾਂ ਨੇ ਗੋਲਡਨ ਟੈਂਪਲ ਨੂੰ ਘੇਰ ਲਿਆ ਹੋਇਆ ਸੀ, ਦੂਰਬੀਨਾਂ ਦੁਆਰਾ ਵੇਖ ਰਹੇ ਸਨ, ਇਹਨਾਂ ਤੋਂ ਇਲਾਵਾ ਕਈ ਹਜ਼ਾਰ ਸ਼ਰਧਾਲੂ ਵੀ ਮੌਜੂਦ ਸਨ ਜਿਹੜੇ ਦਰਬਾਰ ਦੇ ਨਿਰਮਾਤਾ, ਗੁਰੂ ਅਰਜਨ ਦੇਵ ਦੀ ਸ਼ਹਾਦਤ ਦੀ 378ਵੀਂ ਵਰ੍ਹੇ ਗੰਢ ਮਨਾਉਣ ਦੇ ਸਿਲਸਿਲੇ ਵਿਚ ਇਥੇ ਆਏ ਸਨ। ਇਹ ਸ਼ਹੀਦੀ ਦਿਵਸ 3 ਜੂਨ, 1984 ਨੂੰ ਸੀ।

1 ਜੂਨ, 1984 ਨੂੰ ਮੰਚ ਦੀਆਂ ਬੱਤੀਆਂ ਬਹੁਤ ਹੀ ਮੱਧਮ ਕਰ ਦਿੱਤੀਆਂ ਗਈਆਂ। ਇੰਡੀਅਨ ਆਰਮੀ ਦੀਆਂ ਬਾਕਾਇਦਾ ਫ਼ੌਜਾਂ ਨੇ ਰਾਜ ਸ਼ਾਸਨ ਆਪਣੇ ਹੱਥ ਲੈ ਲਿਆ, ਅੰਮ੍ਰਿਤਸਰ ਦੇ ਸਾਰੇ ਰਾਹ ਬੰਦ ਕਰ ਦਿੱਤੇ ਅਤੇ ਸ਼ਹਿਰ ਵਿਚ ਕਰਫ਼ਿਊ ਲਾ ਦਿੱਤਾ। ਹੈਲੀਕਾਪਟਰਾਂ ਨੇ ਸਿਰਾਂ ਉੱਪਰ ਗੇੜੇ ਕੱਢੇ ਅਤੇ ਸਿੱਖ ਪੋਂਡੂਆਂ ਦੀਆਂ ਗਤੀਆਂ ਬਾਰੇ ਜਿਹੜੇ ਦਰਬਾਰ ਸਾਹਿਬ ਨੂੰ ਬਚਾਉਣ ਲਈ ਆ ਰਹੇ ਸਨ, ਫ਼ੌਜ ਨੂੰ ਖ਼ਬਰਦਾਰ ਕੀਤਾ। ਟੈਂਕ ਤੰਗ ਗਲੀਆਂ ਵਿਚ ਗਰਜਦੇ ਰਹੇ ਤਾਂ ਜੁ ਲੋੜ ਪੈਣ ਤੇ ਕੰਪਲੈਕਸ ਅੰਦਰ ਤੁਰੰਤ ਹੀ ਦਾਖ਼ਲ ਹੋ ਸਕਣ। ਧੁਰ ਛੱਤਾਂ ਉਪਰ ਮਾਊਂਟੇਨ ਗੰਨਾਂ ਬੀੜੀਆਂ ਗਈਆਂ ਸਨ ਜਿਹੜੀਆਂ ਬੁੰਗਿਆਂ ਅਤੇ ਵਾਟਰ-ਟਾਵਰ ਉਤੇ ਬੈਠੇ ਛਹਿ ਲਾ ਕੇ ਗੋਲੀ ਚਲਾਉਣ ਵਾਲਿਆਂ ਨੂੰ ਉਡਾ ਸੁੱਟਣ ਲਈ ਤਿਆਰ-ਬਰ-ਤਿਆਰ ਸਨ। ਸਵੇਰੇ ਹੀ ਦੋਹਾਂ ਪਾਸਿਆਂ ਤੋਂ ਉਗਜ਼-ਵੁਗਜ਼ ਗੋਲੀ ਚਲਣ ਲੱਗ ਪਈ। ਚਾਰ ਦਿਨ ਬੀਤਣ 'ਤੇ, 5 ਜੂਨ ਨੂੰ ਲੜਾਈ ਸ਼ੁਰੂ ਹੋ ਗਈ। 7 ਜੂਨ 1984 ਨੂੰ ਮੌਤ ਤੇ ਤਬਾਹੀ ਦੇ ਦ੍ਰਿਸ਼ 'ਤੇ ਪਰਦਾ ਡਿੱਗਿਆ ਅਤੇ ਏਸ ਖ਼ੂਨੀ ਸਾਕੇ ਨੂੰ ਓਪਰੇਸ਼ਨ ਬਲਿਊ ਸਟਾਰ ਦਾ ਨਾਂ ਦਿੱਤਾ ਗਿਆ।

★

ਤਬਾਹੀ ਦੇ ਰਾਹ 'ਤੇ

ਗੁਮਨਾਮੀ ਤੋਂ ਭਿੰਡਰਾਂਵਾਲੇ ਦੇ ਪ੍ਰਗਟ ਹੋਣ ਦੀ ਵਾਰਤਾ ਦਹਾਕੇ ਭਰ ਤੋਂ ਪੰਜਾਬ ਦੀਆਂ ਰਾਜਸੀ, ਸਮਾਜਿਕ ਤੇ ਧਾਰਮਿਕ ਕਦਰਾਂ ਉਤੇ ਬੇਲਾਗ ਟਿਪਣੀ ਹੈ। ਇਹ ਛੋਟੀਆਂ ਪ੍ਰਾਪਤੀਆਂ ਲਈ ਛੋਟੇ ਆਦਮੀਆਂ ਵਲੋਂ ਖੜਯੰਤਰਾਂ ਦੀ ਵਾਰਤਾ ਹੈ, ਆਦਮੀ ਜਿਨ੍ਹਾਂ ਨੇ ਇਕ ਪਿੰਡ ਦੇ ਪ੍ਰਚਾਰਕ ਨੂੰ ਕਰੀਬ-ਕਰੀਬ ਗਸੂਲ ਬਣਾ ਦਿੱਤਾ, ਇਕ ਰਾਜਸੀ ਕਠਪੁਤਲੀ ਨੂੰ ਰਾਜਸੀ ਪਪਟੀਅਰ (ਕਠ-ਪੁਤਲੀਆਂ ਨੂੰ ਨਚਾਉਣ ਵਾਲਾ) ਬਣਾ ਦਿੱਤਾ।

ਜਦੋਂ ਮੈਂ ਭਿੰਡਰਾਂਵਾਲੇ ਨੂੰ ਮਿਲਿਆ ਉਹ ਪਹਿਲਾਂ ਹੀ ਹੀਰੋ ਤੇ ਵਿਲੇਨ ਦੇ ਸੱਚੇ ਵਿਚ ਢਲ ਚੁਕਿਆ ਹੋਇਆ ਸੀ। ਉਹ ਅੰਮ੍ਰਿਤਸਰ ਵਿਖੇ ਕਈ ਥੰਮ੍ਹਾਂ ਵਾਲੇ ਸਮੁੰਦਰੀ ਹਾਲ ਵਿਚ ਡਾਇਸ ਉਪਰ ਬੈਠਾ ਸੀ। ਇਹ ਹਾਲ 1982 ਤੋਂ 1983 ਤਕ ਅਕਾਲੀ ਮੋਰਚੇ ਦਾ ਕੇਂਦਰ ਰਿਹਾ ਹੈ। ਦੂਜਾ ਸੰਤ, ਲੌਂਗੋਵਾਲ ਵੀ ਉਥੇ ਬੈਠਾ ਸੀ। ਦੋਵੇਂ ਸਤਿਆਗ੍ਰਹੀਆਂ ਨੂੰ ਗ੍ਰਿਫ਼ਤਾਰੀ ਲਈ ਆਪਣੇ ਆਪ ਨੂੰ ਬਾਹਰ ਜਾ ਕੇ ਪੇਸ਼ ਕਰਨ ਤੋਂ ਪਹਿਲਾਂ ਅਸ਼ੀਰਵਾਦ ਦੇਣ ਲਈ ਆਏ ਹੋਏ ਸਨ।

ਦੋਵੇਂ ਸੰਤ ਇਕ ਦੂਜੇ ਤੋਂ ਬਿਲਕੁਲ ਹੀ ਵੱਖਰੀ ਤਰ੍ਹਾਂ ਦੇ ਸਨ। ਇਕ ਗਰਮ ਤੇ ਹਿੰਸਕ, ਦੂਜਾ ਸਨਿਮਰ ਤੇ ਗੌਰਵਪੂਰਨ ਸੀ। ਜਦੋਂ ਸਤਿਆਗ੍ਰਹੀ ਗਜਵੇਂ ਜੈਕਾਰਿਆਂ ਵਿਚਕਾਰ ਢੋਲ ਵੱਜ ਰਹੇ ਸਨ, ਗੋਲਡਨ ਟੈਂਪਲ ਤੋਂ ਬਾਹਰ ਨਿਕਲੇ, ਭਿੰਡਰਾਂਵਾਲਾ ਉਠ ਕੇ ਆਪਣੇ ਇਰਦ-ਗਿਰਦ ਜੁੜੇ ਸ਼ਸਤਰਧਾਰੀ ਗਾਰਦਾਂ ਨਾਲ ਗੁਰੂ ਨਾਨਕ ਨਿਵਾਸ ਵੱਲ ਚਲਿਆ ਗਿਆ ਤੇ ਬਹੁਤ ਸਾਰੇ ਸਿੱਖ ਵੀ ਉਹਦੇ ਮਗਰ-ਮਗਰ ਚਲੇ ਗਏ, ਪਰ ਲੌਂਗੋਵਾਲ ਕਰੀਬ-ਕਰੀਬ ਇਕੱਲਾ ਹੀ ਓਸ ਇਮਾਰਤ ਵੱਲ ਗਿਆ, ਜਿਥੇ ਦੋਵੇਂ ਸੰਤ ਰਹਿੰਦੇ ਸਨ।

ਮੈਂ ਭਿੰਡਰਾਂਵਾਲੇ ਨੂੰ ਉਹਦੇ ਕਮਰੇ ਵਿਚ ਜਾ ਮਿਲਿਆ। ਕਮਰਾ ਸਾਫ਼ ਨਹੀਂ ਸੀ, ਮੰਜੀਆਂ ਤੇ ਢਿਲਮ-ਢਿਲੀਆਂ ਕੁਰਸੀਆਂ ਇਧਰ-ਉਧਰ ਖਿੰਡੀਆਂ ਪਈਆਂ ਸਨ। ਮੈਂ ਉਹਨੂੰ ਪੁੱਛਿਆ ਕਿ ਉਹਨੇ ਆਪਣੇ ਇਰਦ-ਗਿਰਦ ਗੰਨਾਂ ਤੇ ਸਟੇਨਗੰਨਾਂ ਵਾਲੇ ਏਨੇ ਸ਼ਸਤਰਧਾਰੀ ਆਦਮੀ ਕਿਉਂ ਰੱਖੇ ਹੋਏ ਹਨ। ਉਹਨੇ ਮੋਟੀ ਠੁੱਲੀ ਪੰਜਾਬੀ ਵਿਚ ਉਤਰ ਦਿੱਤਾ ਕਿ ਪੁਲਿਸ ਨੇ ਹਥਿਆਰ ਕਿਉਂ ਰੱਖੇ ਹੋਏ ਹਨ ? ਮੈਂ ਉਹਨੂੰ ਦੱਸਿਆ ਕਿ ਪੁਲਿਸ ਤਾਂ ਸੱਤਾ ਦੀ ਪ੍ਰਤੀਨਿਧਤਾ ਕਰਦੀ ਹੈ, ਇਹਦਾ ਉੱਤਰ ਪਰਤਵੀਂ ਦਲੀਲ ਨਾਲ ਦਿੰਦਿਆਂ ਉਹਨੇ ਆਖਿਆ : "ਉਹ ਮੈਨੂੰ ਚੈਲੰਜ ਕਰ ਵੇਖਣ, ਮੈਂ ਉਹਨਾਂ ਨੂੰ ਵਿਖਾ ਦਿਆਂਗਾ ਕਿ ਸੱਤਾ ਕੀਹਦੇ ਹੱਥ ਹੈ।"

ਇਹ ਉਸ ਆਦਮੀ ਦਾ ਵਿਸ਼ੇਸ਼ ਲੱਛਣ ਸੀ। ਉਹ ਆਪਣੇ ਆਪ ਨੂੰ ਦੇਸ਼ ਦੇ ਕਾਨੂੰਨਾਂ ਤੋਂ ਉੱਪਰ ਸਮਝਦਾ ਸੀ, ਕਿਉਂਜੁ ਉਹਨੂੰ ਤਾਂ ਰੱਬ ਨੇ ਕਿਸੇ ਮਿਸ਼ਨ ਲਈ ਚੁਣ ਕੇ ਭੇਜਿਆ ਸੀ ਤੇ ਉਹ ਅਜੇਹਾ ਮਿਸ਼ਨ ਸੀ ਜਿਸ ਬਾਰੇ ਦੇਸ਼ ਦੀ ਸਾਰੀ ਪੁਲਿਸ ਤੇ ਸਾਰੀ ਫੌਜ ਕੁਝ ਵੀ ਪੁੱਛ ਨਹੀਂ ਸੀ ਸਕਦੀ, ਉਸ ਉਤੇ ਕੋਈ ਇਤਰਾਜ਼ ਨਹੀਂ ਸੀ ਕੀਤਾ ਜਾ ਸਕਦਾ। ਇਹ ਉਹਦਾ ਦੁਖਾਂਤ ਸੀ ਤੇ ਇਹਦੇ ਨਾਲ ਹੀ ਇਹ ਉਹਦੀ ਕਮਿਊਨਿਟੀ ਦਾ ਤੇ ਉਹਦੇ ਰਾਜ ਦਾ ਦੁਖਾਂਤ ਸੀ।

ਰਾਜਸੀ ਪਿੜ ਵਿਚ ਭਿੰਡਰਾਂਵਾਲੇ ਦੇ ਆਗਮਨ ਨੂੰ 1977 ਵਿਚ ਵੇਖਿਆ ਜਾ ਸਕਦਾ ਹੈ ਜਦੋਂ ਅਕਾਲੀ-ਜਨਤਾ ਸਰਕਾਰ ਪੰਜਾਬ ਵਿਚ ਕਾਇਮ ਹੋਈ। ਅਸੰਬਲੀ ਦੀਆਂ ਚੋਣਾਂ ਵਿਚ ਕਾਂਗਰਸ (ਆਈ) ਦੀ ਹਾਰ ਪਿਛੋਂ ਪੰਜਾਬ ਦਾ ਗੱਦੀਉਂ-ਲੱਥਾ ਮੁਖ ਮੰਤਰੀ ਜ਼ੈਲ ਸਿੰਘ ਜਿਹੜਾ ਪੰਜ ਸਾਲ ਪਿਛੋਂ ਭਾਰਤ ਦਾ ਰਾਸ਼ਟਰਪਤੀ ਬਣਿਆ, ਸਭ ਤੋਂ ਬਹੁਤ ਨਾ-ਖ਼ੁਸ਼ ਸੀ, ਇਸ ਕਰਕੇ ਹੀ ਨਹੀਂ ਕਿ ਉਹਦੇ ਹੱਥੋਂ ਸੱਤਾ ਨਿਕਲ ਗਈ ਸੀ, ਸਗੋਂ ਇਸ ਕਰਕੇ ਵੀ ਕਿਉਂਜੁ ਗੁਰਦਿਆਲ ਸਿੰਘ ਕਮਿਸ਼ਨ ਥਾਪ ਦਿੱਤਾ ਗਿਆ ਸੀ ਜੀਹਨੇ ਮੁੱਖ ਮੰਤਰੀ ਦੀ ਹੈਸੀਅਤ ਵਿਚ ਜ਼ੈਲ ਸਿੰਘ ਦੇ ਵਤੀਰੇ ਤੇ ਪਥ-ਦਰਸ਼ਨ ਨੂੰ ਘੋਖਣਾ ਸੀ। (ਅੱਗੇ ਚਲ ਕੇ ਉਹਨੂੰ ਸੱਤਾ ਦੀ ਅਯੋਗ ਵਰਤੋਂ ਕਰਨ ਦਾ ਦੋਸ਼ੀ ਠਹਿਰਾਇਆ ਗਿਆ)।

ਜ਼ੈਲ ਸਿੰਘ ਜਾਣਦਾ ਸੀ ਕਿ ਉਹ ਕਾਂਗਰਸ ਰਾਹੀਂ ਪਰਤਵੀਂ ਸੱਟ ਨਹੀਂ ਮਾਰ ਸਕਦਾ, ਜਿਸ ਦਾ ਲੋਕਾਈ ਦੀਆਂ ਨਜ਼ਰਾਂ ਵਿਚ ਕੋਈ ਬਿੰਬ ਨਹੀਂ ਸੀ। ਨਾ ਉਹ ਆਪਣੇ ਆਪ, ਇਕੱਲਿਆਂ ਕਾਇਲ ਕਰ ਸਕਣ ਦੇ ਸਮਰੱਥ ਸੀ। ਉਹ ਮੋਰਾਰਜੀ ਡੇਸਾਈ ਨੂੰ ਜ਼ਰੂਰ ਮਿਲਿਆ, ਜਿਹੜਾ ਉਦੋਂ ਪ੍ਰਧਾਨ ਮੰਤਰੀ ਸੀ ਤੇ ਦੋਵੇਂ ਕਦੇ ਕਾਂਗਰਸ ਵਿਚ ਸਹਿਕਾਰ ਰਹਿ ਚੁਕੇ ਹੋਏ ਸਨ। ਜ਼ੈਲ ਸਿੰਘ ਚਾਹੁੰਦਾ ਸੀ ਮੋਰਾਰਜੀ ਡੇਸਾਈ ਮੁਦਾਖ਼ਲਤ ਕਰੇ, ਪਰ ਡੇਸਾਈ ਉਹਦੇ ਕਿਸੇ ਕੰਮ ਨਾ ਆ ਸਕਿਆ।

ਇਹ ਸ਼੍ਰੀਮਤੀ ਗਾਂਧੀ ਦਾ ਮਰਹੂਮ ਪੁੱਤਰ, ਸੰਜੇ ਗਾਂਧੀ ਹੀ ਸੀ, ਜਿਹੜਾ ਜਾਣਦਾ ਸੀ ਕਿ ਪਰਾ-ਸੰਵਿਧਾਨਕ ਢੰਗਾਂ ਤੋਂ ਕਿਵੇਂ ਕੰਮ ਲਿਆ ਜਾਂਦਾ ਹੈ, ਜੀਹਨੇ ਸੁਝਾਉ ਦਿੱਤਾ ਕਿ ਅਕਾਲੀ ਸਰਕਾਰ ਨੂੰ ਚੈਲੰਜ ਕਰਨ ਲਈ ਜਾਂ ਘਟੋ-ਘੱਟ ਪਰੇਸ਼ਾਨ ਕਰਨ ਲਈ ਕਿਸੇ 'ਸੰਤ' ਸਿੱਖ ਲੀਡਰ ਨੂੰ ਖੜਾ ਕੀਤਾ ਜਾਵੇ, ਉਹ ਤੇ ਜ਼ੈਲ ਸਿੰਘ ਦੋਵੇਂ, ਤੇ ਜ਼ੈਲ ਸਿੰਘ ਵਧੇਰੇ ਕਰਕੇ ਜਾਣਦੇ ਸਨ ਕਿ ਪ੍ਰਤਾਪ ਸਿੰਘ ਕੈਰੋਂ ਆਪਣੇ ਮੁੱਖ ਮੰਤਰੀ ਕਾਲ ਵਿਚ ਅਕਾਲੀਆਂ ਨਾਲ ਕਿਵੇਂ ਲੜਿਆ ਸੀ, ਉਹਨੇ ਮਾਸਟਰ ਤਾਰਾ ਸਿੰਘ ਦੇ ਟਾਕਰੇ ਉਤੇ ਫ਼ਤਹ ਸਿੰਘ ਨੂੰ ਮਜ਼ਬੂਤ ਕੀਤਾ ਸੀ, ਕਿਉਂਜੁ ਮਾਸਟਰ ਤਾਰਾ ਸਿੰਘ ਬਹੁਤ ਅੜਬ ਸੀ। ਜ਼ੈਲ ਸਿੰਘ ਤੇ ਦਰਬਾਰਾ ਸਿੰਘ ਜਿਹੜਾ ਕਾਂਗਰਸ (ਆਈ) ਵਰਕਿੰਗ ਕਮੇਟੀ ਦਾ ਮੈਂਬਰ ਸੀ ਤੇ ਅੱਗੇ ਚੱਲ ਕੇ ਮੁੱਖ ਮੰਤਰੀ ਬਣਿਆ, ਮਿਲੇ ਤੇ ਇਹਨਾਂ ਨੇ ਦੋ ਵਿਅਕਤੀਆਂ ਦੀ ਚੋਣ ਕੀਤੀ।

ਅੰਤਮ ਚੋਣ ਸੰਜੇ ਗਾਂਧੀ ਉਤੇ ਛੱਡ ਦਿੱਤੀ ਗਈ। ਦੋਹਾਂ ਸਿੱਖ ਪ੍ਰਚਾਰਕਾਂ ਨੂੰ ਚੁਣ ਲਿਆ ਗਿਆ, ਪਰ ਜਿਵੇਂ ਕਿ ਸੰਜੇ ਗਾਂਧੀ ਦਾ ਮਿੱਤਰ, ਕਮਲ ਨਾਥ, ਐਮ.ਪੀ. ਦੱਸਦਾ ਹੈ, ਇਹਨਾਂ ਵਿਚੋਂ ਇਕ 'ਦਲੇਰ ਕਿਸਮ ਦਾ' ਨਹੀਂ ਸੀ ਦਿੱਸਦਾ। ਭਿੰਡਰਾਂਵਾਲਾ ਕਾਫ਼ੀ ਦਲੇਰ ਦਿੱਸਿਆ, ਪਰ ਉਹ ਨਹੀਂ ਸੀ ਜਾਣਦੇ ਕਿ ਕੀ ਉਹਤੋਂ ਆਖ਼ਰਕਾਰ ਕਾਰਜ ਸਿੱਧ ਕਰਵਾਇਆ ਜਾ ਸਕੇਗਾ। 'ਅਸੀਂ ਉਹਨੂੰ ਸਨੇ-ਸਨੇ ਪੈਸਾ ਦਿੰਦੇ ਰਹਾਂਗੇ', ਕਮਲ ਨਾਥ ਯਾਦ ਕਰਕੇ ਦੱਸਦਾ ਹੈ। ਪਰ ਇਹ ਅਸਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਦਹਿਸ਼ਤਪਸੰਦ ਬਣ ਜਾਵੇਗਾ।' ਉਸ ਸਮੇਂ ਇਹਨਾਂ ਨੂੰ ਇਹਦਾ ਚਿਤ-ਚੇਤਾ

ਵੀ ਨਹੀਂ ਸੀ ਕਿ ਉਹ ਇਕ ਕਨੈਕਸਟੀਨ* ਦੀ ਸਿਰਜਣਾ ਕਰ ਰਹੇ ਹਨ। ਇਸ ਪਿਛੋਂ ਜ਼ੈਲ ਸਿੰਘ ਨੇ ਮੁਕਾਬਲਤਨ ਗੁਮਨਾਮ ਭਿੰਡਰਾਂਵਾਲੇ ਨਾਲ ਸੰਪਰਕ ਕਾਇਮ ਰੱਖਿਆ, ਪਰ ਜਦੋਂ ਮੈਂ 5 ਸਤੰਬਰ 1984 ਨੂੰ ਉਹਨੂੰ ਮਿਲਿਆ ਤਾਂ ਉਹਨੇ ਇਸ ਤੋਂ ਇਨਕਾਰ ਕੀਤਾ।

ਭਿੰਡਰਾਂਵਾਲੇ ਨੂੰ ਸ਼ੁਹਰਤ ਪ੍ਰਾਪਤ ਕਰਨ ਦਾ ਪਹਿਲਾ ਮੌਕਾ 13 ਅਪ੍ਰੈਲ, 1978 ਨੂੰ ਵੈਸਾਖੀ ਵਾਲੇ ਦਿਨ ਮਿਲਿਆ, ਜਦੋਂ ਸਿੱਖਾਂ ਦੇ ਇਕ ਜੱਥੇ ਦੀ ਨਿਰੰਕਾਰੀਆਂ** ਨਾਲ ਝੜਪ ਹੋਈ, ਜਿਹੜੇ ਆਪਣੇ ਆਪ ਨੂੰ ਸਿੱਖ ਤਾਂ ਆਖਦੇ ਹਨ, ਪਰ ਸਿੱਖ ਕਮਿਊਨਿਟੀ ਉਹਨਾਂ ਨੂੰ ਸਿੱਖ ਨਹੀਂ ਸਮਝਦੀ। ਇਸ ਝੜਪ ਵਿਚ ਸੋਲਾਂ ਸਿੱਖ ਮਰ ਗਏ। ਜਦੋਂ ਇਹ ਖ਼ਬਰ ਗੋਲਡਨ ਟੈਂਪਲ ਪਹੁੰਚੀ, ਭਿੰਡਰਾਂਵਾਲਾ ਉਥੇ ਹੀ ਸੀ, ਪਰ ਉਹਨੇ ਇਹਨੂੰ ਤੁਰਤ ਹੀ ਹੁੰਗਾਰਾ ਨਾ ਭਰਿਆ, ਉਹ ਕਈ ਘੰਟੇ ਬੀਤਣ 'ਤੇ ਹੀ ਘਟਨਾ-ਸਥਾਨ 'ਤੇ ਗਿਆ ਜਦੋਂ ਪੁਲਿਸ ਥਾਂ-ਥਾਂ ਖੜੀ ਸੀ। ਅਮਰਜੀਤ ਕੌਰ*** ਨੇ, ਜਿਸ ਦਾ ਪਤੀ ਫ਼ੌਜਾ ਸਿੰਘ ਇਸ ਝੜਪ ਸਮੇਂ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ ਸੀ ਤੇ ਜਿਹੜਾ ਅਖੰਡ ਕੀਰਤਨੀ ਜੱਥੇ ਦਾ ਆਗੂ ਸੀ, ਭਿੰਡਰਾਂਵਾਲੇ ਦੇ ਦੇਰ ਨਾਲ ਪੁੱਜਣ ਨੂੰ ਕਦੇ ਵੀ ਖਿਮਾਂ ਨਹੀਂ ਸੀ ਕੀਤਾ।

ਇਸ ਝੜਪ ਨੇ ਸਿੱਖਾਂ ਨੂੰ ਬਹੁਤ ਉਤੇਜਤ ਕੀਤਾ, ਕਿਉਂਕਿ ਉਹ ਨਿਰੰਕਾਰਆਂ ਨੂੰ ਇਕ ਅਜਿਹਾ ਮੱਤ ਸਮਝਦੇ ਹਨ ਜਿਹੜਾ ਉਹਨਾਂ ਦਾ, ਸਿੱਖਾਂ ਦਾ ਮਜ਼ਾਕ ਉਡਾਉਂਦਾ ਹੈ। ਸੋਲਾਂ ਸਿੱਖਾਂ ਦਾ ਮਾਰਿਆ ਜਾਣਾ ਜਦੋਂ ਇਕ ਅਕਾਲੀ ਮੁੱਖ ਮੰਤਰੀ ਸੀ, ਇਕ ਉਪੱਦਰ ਸਮਝਿਆ ਗਿਆ ਤੇ ਰਾਜ ਭਰ ਵਿਚ ਸਿੱਖਾਂ ਵਿਚ ਗੁੱਸੇ ਦੀ ਲਹਿਰ ਦੌੜ ਗਈ। ਪ੍ਰਕਾਸ਼ ਸਿੰਘ ਬਾਦਲ, ਉਸ ਸਮੇਂ ਦਾ ਮੁੱਖ

---

* *ਕਰਤੇ ਲਈ ਹੀ ਮੁਸੀਬਤ ਬਣਨ ਵਾਲੀ ਘੜਤ*

** *ਨਿੰਰਕਾਰੀ ਲਹਿਰ ਪਿਸ਼ਾਵਰ ਦੇ ਦਿਆਲ ਦਾਸ ਨੇ (1855) ਚਲਾਈ ਸੀ ਤਾਂ ਜੁ ਹਿੰਦੂ-ਸਿੱਖ ਭਾਈਚਾਰੇ ਵਿਚ ਬ੍ਰਾਹਮਣਵਾਦੀ ਰਹੁ-ਰੀਤ ਮੁੜ ਸ਼ੁਰੂ ਹੋਣ, ਮੂਰਤੀ ਪੂਜਾ, ਦਰਿਆਵਾਂ ਦੀ ਯਾਤਰਾ ਤੇ ਜਿਊਂਦੇ ਸਾਧਾਂ ਸੰਤਾਂ ਦੀ ਪੂਜਾ ਵਿਰੁਧ ਪ੍ਰਚਾਰ ਕੀਤਾ ਜਾਏ। ਉਹਨੇ ਰੱਬ ਬਾਰੇ ਗੁਰੂ ਨਾਨਕ ਦੇ ਸੰਕਲਪ, ਨਿਰੰਕਾਰ — ਆਕਾਰ ਰਹਿਤ — ਉਤੇ ਜ਼ੋਰ ਦਿੱਤਾ ਤੇ ਇਸ ਕਰਕੇ ਇਸ ਫਿਰਕੇ ਦਾ ਨਾਂ ਨਿਰੰਕਾਰੀ ਪੈ ਗਿਆ। ਇਹ ਵੀ ਗੁਝੀ ਮਸ਼ਕਰੀ ਹੈ ਕਿ ਏਸੇ ਦਿਆਲ ਦਾਸ ਨੂੰ ਗੁਰੂ ਦਾ ਦਰਜਾ ਦੇ ਦਿੱਤਾ ਗਿਆ ਅਤੇ ਉਹਦੇ ਪੂਰਾ ਹੋਣ 'ਤੇ ਉਹਦੀਆਂ ਖੜਾਵਾਂ ਦੀ ਪੂਜਾ ਕੀਤੀ ਜਾਣ ਲੱਗ ਪਈ। ਨਿਰੰਕਾਰੀਆਂ ਨੇ ਰਾਵਲਪਿੰਡੀ ਦੀ ਇਕ ਬਾਹਰਵਾਰਲੀ ਬਸਤੀ ਵਿਚ ਖ਼ੁਦ ਆਪਣਾ ਗੁਰਦੁਆਰਾ ਬਣਾਇਆ।*

ਦਿਆਲ ਦਾਸ ਪਿਛੋਂ ਉਹਦਾ ਸਭ ਤੋਂ ਵੱਡਾ ਪੁੱਤਰ, ਦਰਬਾਰਾ ਸਿੰਘ ਗੱਦੀ 'ਤੇ ਬੈਠਾ (1870), ਤੇ ਉਹਦੇ ਪਿਛੋਂ ਉਹਦਾ ਛੋਟਾ ਭਰਾ ਰਤਨ ਚੰਦ (1909) ਤੇ ਫੇਰ ਰਤਨ ਚੰਦ ਦਾ ਪੁੱਤਰ ਗੁਰਦਿਤ ਸਿੰਘ (1947) ਤੇ ਉਸ ਪਿਛੋਂ ਹਰਾ ਸਿੰਘ ਗੱਦੀ 'ਤੇ ਬੈਠਾ। ਇਸ ਵੇਲੇ ਡਾ: ਮਾਨ ਸਿੰਘ ਨਿਰੰਕਾਰੀ ਇਸ ਦੇ ਮੁਖੀ ਹਨ। ਇਸ ਮੱਤ ਦੇ ਮੈਂਬਰ ਘਟਦੇ-ਘਟਦੇ ਬਹੁਤ ਘਟ ਗਏ ਹਨ ਤੇ ਮੁਡ ਹਿੰਦੂ ਜਾਂ ਸਿੱਖ ਕਮਿਊਨਿਟੀ ਵਿਚ ਜਾ ਰਲੇ ਹਨ ਜਿਨ੍ਹਾਂ ਵਿਚੋਂ ਉਹ ਆਏ ਹਨ।

1930ਵਿਆਂ ਵਿਚ ਬੂਟਾ ਸਿੰਘ ਨੇ ਇਸ ਲਹਿਰ ਨਾਲੋਂ ਟੁੱਟ ਕੇ ਆਪਣਾ ਵੱਖਰਾ ਮੱਤ ਚਲਾਇਆ, ਜਿਹੜਾ ਬਹੁਤ ਵਧਣ-ਫੁਲਣ ਲੱਗਿਆ। ਭਾਵੇਂ ਉਹਨੂੰ ਨਕਲੀ ਨਿਰੰਕਾਰੀ ਕਹਿ ਕੇ ਭੰਡਿਆ ਗਿਆ। ਬੂਟਾ ਸਿੰਘ ਦੇ ਪੁੱਤਰ ਅਵਤਾਰ ਸਿੰਘ ਦੇ ਅਨੁਆਈ ਬਹੁਤ ਵਧ ਗਏ ਤੇ ਉਹਨੇ ਦੋ ਧਰਮ-ਗ੍ਰੰਥ ਵੀ ਲਿਖੇ : ਅਵਤਾਰ ਬਾਣੀ ਤੇ ਯੁੱਗ ਪੁਰਸ਼। ਕੱਟੜ ਸਿੱਖ ਇਹਨਾਂ ਪੁਸਤਕਾਂ ਵਿਚ ਸ਼ਾਮਿਲ ਕੁਝ ਪੈਰਿਆਂ ਨੂੰ ਸਿੱਖ ਗੁਰੂਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਸਮਝਦੇ ਹਨ।

*** *ਅਮਰਜੀਤ ਕੌਰ ਨੇ ਭਾਵੇਂ ਨਿਰੰਕਾਰੀਆਂ ਦੇ ਤੇ ਹਿੰਦੂਆਂ ਦੇ ਕਤਲਾਂ ਨੂੰ ਅਸ਼ੀਰਵਾਦ ਦਿੱਤੀ ਤੇ ਇਸ ਤਰ੍ਹਾਂ "ਹਿੰਦੂ ਨਵੀਂ ਦਿੱਲੀ" ਨਾਲ ਆਪਣੀ ਨਾਰਾਜ਼ਗੀ ਪ੍ਰਗਟਾਈ ਜੀਹਨੇ ਨਿਰੰਕਾਰੀਆਂ 'ਤੇ ਪਾਬੰਦੀ ਨਹੀਂ ਸੀ ਲਾਈ., ਪਰ ਉਹਨੇ ਭਿੰਡਰਾਂਵਾਲੇ ਨਾਲ ਕਦੇ ਵੀ ਆਪਣੇ ਜਤਨ ਸਾਂਝੇ ਨਹੀਂ ਕੀਤੇ।*

ਮੰਤਰੀ, ਜਿਹੜਾ ਇਸ ਝੜਪ ਵੇਲੇ ਬੰਬਈ ਵਿਚ ਸੀ, ਝਬਦੇ ਅੰਮ੍ਰਿਤਸਰ ਪਹੁੰਚਿਆ ਤੇ ਆਉਂਦਿਆਂ ਹੀ ਕੁਝ ਪੁਲਿਸ ਅਫ਼ਸਰਾਂ ਨੂੰ ਮੁਅੱਤਲ ਕਰ ਦਿੱਤਾ ਤੇ ਅੱਗੇ ਚੱਲ ਕੇ ਨਿਰੰਕਾਰੀ ਗੁਰੂ, ਗੁਰਬਚਨ ਸਿੰਘ ਨੂੰ ਫੜ ਲਿਆ, ਪਰ ਇਹਦੇ ਨਾਲ ਸਿੱਖ ਜਜ਼ਬਾਤ ਸ਼ਾਂਤ ਨਾ ਹੋਏ। ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵਲੋਂ ਜਾਰੀ ਕੀਤਾ ਗਿਆ ਹੁਕਮਨਾਮਾ ਵੀ ਸਿੱਖ ਜਜ਼ਬਾਤ ਨੂੰ ਠੰਢਾ ਨਾ ਕਰ ਸਕਿਆ, ਜਿਸ ਵਿਚ ਸਿੱਖ ਭਾਈਚਾਰੇ ਨੂੰ ਨਿਰੰਕਾਰੀਆਂ ਦਾ ਬਾਈਕਾਟ ਕਰਨ ਨੂੰ ਕਿਹਾ ਗਿਆ ਸੀ।

ਅਕਾਲੀਆਂ ਦੀ ਮੁਸੀਬਤ ਵਿਚ ਵਾਧਾ ਕਰਨ ਲਈ, ਝੜਪ ਵਾਲੇ ਦਿਹਾੜੇ, ਜ਼ੈਲ ਸਿੰਘ ਨੇ ਅਕਾਲੀਆਂ ਨੂੰ ਤੰਗ ਕਰਨ ਲਈ ਦਲ ਖ਼ਾਲਸਾ ਦੀ ਨੀਂਹ ਧਰਵਾਈ ਤੇ ਇਸ ਉਦਘਾਟਨੀ ਸਮਾਗਮ ਦਾ ਬਿੱਲ ਜ਼ੈਲ ਸਿੰਘ ਦੇ ਹਿਮਾਇਤੀਆਂ ਨੇ ਅਦਾ ਕੀਤਾ। ਅੱਗੇ ਚੱਲ ਕੇ ਦਲ ਖ਼ਾਲਸਾ ਨੇ ਸੁਆਧੀਨ ਖ਼ੁਦਮੁਖਤਿਆਰ ਸਿੱਖ ਰਾਜ ਦੀ ਸਥਾਪਤੀ ਦੀ ਮੰਗ ਕੀਤੀ।

ਹਰਸਿਮਰਨ ਸਿੰਘ ਨੂੰ ਇਸ ਸੰਸਥਾ ਦਾ ਮੁੱਖ ਪੰਚ ਥਾਪਿਆ ਗਿਆ। ਉਹ ਪੰਜਾਬ ਯੂਨੀਵਰਸਿਟੀ ਦੇ ਵਿਸ਼ਵਾਨਾਥ ਤਿਵਾੜੀ ਦਾ ਸਟੈਨੋ ਸੀ ਤੇ ਤਿਵਾੜੀ* ਨੇ, ਜੀਹਨੇ ਅੱਗੇ ਚੱਲ ਕੇ ਐਮਰਜੈਂਸੀ ਦੇ ਦੌਰਾਨ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ ਹੋਈਆਂ ਵਧੀਕੀਆਂ ਦੀ ਸਫ਼ਾਈ ਵਿਚ ਕਿਤਾਬ ਲਿਖੀ ਤੇ ਇਹਦੇ ਇਨਾਮ ਵਜੋਂ ਉਹਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ, ਇਸ ਤੱਥ ਨੂੰ ਕਦੇ ਵੀ ਭੇਦ ਨਹੀਂ ਸੀ ਰੱਖਿਆ ਕਿ ਦਲ ਖ਼ਾਲਸਾ ਦੀ ਸਥਾਪਤੀ ਵਿਚ ਉਹਦਾ ਹੱਥ ਸੀ। ਤਿਵਾੜੀ* ਨੇ ਮੈਨੂੰ ਦੱਸਿਆ ਸੀ ਜਦੋਂ ਮੈਂ ਚੰਡੀਗੜ੍ਹ ਰਹਿ ਰਿਹਾ ਸਾਂ ਅਤੇ ਇੰਡੀਅਨ ਐਕਸਪ੍ਰੈਸ ਦੀ ਪਹਿਲੀ ਵਾਲੀ ਐਡੀਸ਼ਨ ਵੱਲ ਧਿਆਨ ਦਿੰਦਾ ਸਾਂ ਕਿ ਉਹ ਤੇ ਉਹਦੇ ਸਰਪ੍ਰਸਤ ਜ਼ੈਲ ਸਿੰਘ ਤੇ ਸੰਜੇ ਗਾਂਧੀ ਬੱਸ ਅਕਾਲੀ ਪਾਰਟੀ ਨੂੰ ਜਿੱਚ ਕਰਨਾ ਹੀ ਚਾਹੁੰਦੇ ਸਨ।

ਉਦੋਂ ਕਿਸੇ ਨੇ ਦਲ ਖ਼ਾਲਸਾ ਵੱਲ ਕੋਈ ਖ਼ਾਸ ਧਿਆਨ ਨਾ ਦਿੱਤਾ, ਪਰ ਭਿੰਡਰਾਂਵਾਲੇ ਨੂੰ ਸੁਣਿਆ ਜਾਣ ਲੱਗ ਪਿਆ ਸੀ, ਕਿਉਂਕਿ ਉਹਨੇ ਨਿਰੰਕਾਰੀਆਂ ਹੱਥੋਂ ਮਰਨ ਵਾਲੇ ਸੋਲਾਂ ਸਿੱਖਾਂ ਦੀ ਮੌਤ ਦਾ ਬਦਲਾ ਲੈਣ ਦਾ ਬੀੜਾ ਚੁੱਕ ਲਿਆ ਹੋਇਆ ਸੀ। ਅਕਾਲੀ ਖ਼ੁਦ ਆਪਣੇ ਵਿਰੋਧੀਆਂ ਵਲੋਂ ਦਬਾਉ ਹੇਠ ਹੀ ਨਹੀਂ ਹਨ, ਸਗੋਂ ਆਪਣੀ ਇਤਹਾਦੀ, ਜਨਤਾ ਪਾਰਟੀ ਵਲੋਂ ਵੀ ਦਬਾਉ ਹੇਠ ਸਨ ਜੀਹਨੇ ਅਕਾਲੀਆਂ ਨੂੰ ਅਖਿਆ ਕਿ ਉਹ ਅਕਤੂਬਰ 1973 ਵਾਲੇ ਅਨੰਦਪੁਰ ਸਾਹਿਬ ਮਤੇ ਬਾਰੇ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ ਜੀਹਨੇ ਹਿੰਦੂਆਂ ਦੇ ਮਨਾਂ ਵਿਚ ਖ਼ਾਲਿਸਤਾਨ ਸੰਬੰਧੀ ਡਰ ਪੈਦਾ ਕਰ ਦਿੱਤੇ ਹੋਏ ਸਨ।

ਹੋਰਨਾਂ ਗੱਲਾਂ ਤੋਂ ਇਲਾਵਾ, ਇਸ ਮਤੇ ਵਿਚ ਕਿਹਾ ਗਿਆ ਸੀ ਕਿ 'ਪੰਥ ਦੀ ਵੱਖਰੀ ਤੇ ਆਜ਼ਾਦ ਪਛਾਣ (identity) ਦਾ ਸੰਕਲਪ ਬਰਕਰਾਰ ਅਤੇ ਕਾਇਮ ਰੱਖਿਆ ਜਾਵੇਗਾ ਅਤੇ ਅਜਿਹਾ ਵਾਤਾਵਰਨ ਸਿਰਜਿਆ ਜਾਵੇਗਾ, ਜਿਸ ਵਿਚ ਸਿੱਖ ਪੰਥ ਦੇ ਕੌਮੀ ਜਜ਼ਬਾਤ ਤੇ ਉਮੰਗਾਂ ਨੂੰ ਪੂਰਨ ਪ੍ਰਗਟਾਉ ਤਸੱਲੀ ਤੇ ਪ੍ਰਫੁਲਤਾ ਨਸੀਬ ਰਹਿਣਗੇ।' ਰਾਜਸੀ ਟੀਚਾ ਇਹ ਦੱਸਿਆ ਗਿਆ ਕਿ 'ਖ਼ਾਲਸਾ

---

* *1984 ਵਿਚ ਦਹਿਸ਼ਤਪਸੰਦ ਨੇ ਤਿਵਾੜੀ ਨੂੰ ਕਤਲ ਕਰ ਦਿੱਤਾ, ਪਰ ਇਹ ਕਤਲ ਭਿੰਡਰਾਂਵਾਲੇ ਦੇ ਹੁਕਮ 'ਤੇ ਨਹੀਂ ਸੀ ਹੋਇਆ, ਜੀਹਨੇ ਤਿਵਾੜੀ ਦੀ ਪਤਨੀ ਅੰਮ੍ਰਿਤ ਤਿਵਾੜੀ ਨੂੰ ਟੈਲੀਫੋਨ ਉਤੇ ਦੱਸਿਆ ਕਿ ਇਸ ਕਤਲ ਵਿਚ ਉਹਦੇ ਆਦਮੀ ਸ਼ਾਮਿਲ ਨਹੀਂ ਹਨ।*

ਦੀ ਸਰੋਸ਼ਟਤਾ' ਕਾਇਮ ਰੱਖੀ ਜਾਏਗੀ ਅਤੇ ਇਸ ਦੀ ਪ੍ਰਾਪਤੀ ਲਈ ਅਕਾਲੀ ਦਲ ਨੇ ਮੰਗ ਕੀਤੀ ਕਿ ਪੰਜਾਬੀ ਬੋਲਦੇ* ਇਲਾਕੇ ਪੰਜਾਬ ਵਿਚ ਮਿਲਾ ਦਿੱਤੇ ਜਾਣ, 'ਜਿਥੇ ਸਿੱਖਾਂ ਤੇ ਸਿੱਖ ਮੱਤ ਦੇ ਹਿੱਤਾਂ ਦੀ ਵਿਸ਼ੇਸ਼ ਤੌਰ 'ਤੇ ਰੱਖਿਆ ਕੀਤੀ ਜਾਵੇ।' ਇਸ ਮੱਤੇ ਦਾ ਅਹਿਮ ਹਿੱਸਾ ਉਹ ਸੀ, ਜਿਸ ਵਿਚ ਦਰਜ ਸੀ ਕਿ 'ਇਸ ਪੰਜਾਬ ਵਿਚ ਅਤੇ ਦੂਜੇ ਰਾਜਾਂ ਵਿਚ ਸੈਂਟਰ ਦਾ ਦਖ਼ਲ ਰੱਖਿਆ, ਵਿਦੇਸ਼ੀ ਸੰਬੰਧਾਂ ਕਰੰਸੀ ਤੇ ਆਮ ਸੰਚਾਰ ਸਿਲਸਿਲਿਆਂ ਤਕ ਸੀਮਿਤ ਹੋਵੇਗਾ' ਅਤੇ ਇਹਨਾਂ ਵਿਭਾਗਾਂ ਲਈ 'ਪੰਜਾਬ ਤੇ ਦੂਜੇ ਰਾਜ ਪਾਰਲੀਮੈਂਟ ਵਿਚ ਪ੍ਰਤੀਨਿਧਤਾ ਦਾ ਤਨਾਸਬ ਨਾਲ ਯੋਗਦਾਨ ਦੇਣਗੇ।'

ਇਸ ਮਤੇ ਦੇ ਸੰਬੰਧ ਵਿਚ ਅਕਾਲੀ ਆਗੂਆਂ ਲਈ ਸਫ਼ਾਈ ਪੇਸ਼ ਕਰਨੀ ਮੁਸ਼ਕਲ ਹੋ ਰਹੀ ਸੀ। ਮੈਂ ਜਦੋਂ ਵੀ ਉਹਨਾਂ ਨਾਲ ਇਸ ਬਾਰੇ ਬਹਿਸ ਕੀਤੀ ਉਹ ਆਖਦੇ, ਇਸ ਦੇ ਕਈ ਰੂਪਾਂਤਰ ਹਨ। ਇਕ ਅਕਾਲੀ ਨੇ ਮੈਨੂੰ ਦੱਸਿਆ ਕਿ ਇਹ ਮਤਾ ਸਾਬਕ ਆਈ.ਸੀ.ਐਸ. ਅਫ਼ਸਰ ਕਪੂਰ ਸਿੰਘ ਨੇ ਸੂਤਰਬਧ ਕੀਤਾ ਸੀ, ਜੀਹਨੂੰ ਸਰਵਿਸ ਤੋਂ ਡਿਸਮਿਸ ਕਰ ਦਿੱਤਾ ਗਿਆ ਸੀ। ਇਸ ਮਤੇ ਦਾ ਖਰੜਾ ਅੰਗਰੇਜ਼ੀ ਵਿਚ ਤਿਆਰ ਕੀਤਾ ਗਿਆ, ਜਿਸ ਨੂੰ ਉਸ ਸਮੇਂ ਦਾ ਅਕਾਲੀ ਪ੍ਰਧਾਨ, ਫ਼ਤਹ ਸਿੰਘ ਨਹੀਂ ਸੀ ਸਮਝਦਾ। ਕਪੂਰ ਸਿੰਘ ਨੇ ਉਹਨੂੰ ਇਹ ਮਤਾ ਬੱਸ 'ਸਪੱਸ਼ਟ ਤਰ੍ਹਾਂ ਸਮਝਾ' ਛੱਡਿਆ ਅਤੇ ਫਤਹ ਸਿੰਘ ਨੂੰ ਕਦੇ ਮਲੂਮ ਹੀ ਨਾ ਹੋ ਸਕਿਆ ਕਿ ਇਸ ਵਿਚ ਕੀ ਕੁਝ ਸ਼ਾਮਿਲ ਕੀਤਾ ਜਾ ਰਿਹਾ ਹੈ।

ਫ਼ਤਹ ਸਿੰਘ ਸ਼ਾਇਦ ਇਸ ਨਿਹਿਤਅਰਥ (ਉਲਝਾਉ) ਨੂੰ ਨਹੀਂ ਸੀ ਸਮਝਦਾ, ਪਰ ਪੰਜਾਬ ਦੇ ਸਾਬਕਾ ਵਿਤ ਮੰਤਰੀ ਬਲਵੰਤ ਸਿੰਘ, ਖੇਤੀਬਾੜੀ ਲਈ ਸਾਬਕਾ ਯੂਨੀਅਨ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਗੁਰਬਚਨ ਸਿੰਘ ਟੌਹੜਾ ਇਸ ਕਮੇਟੀ ਦੇ ਮੈਂਬਰ ਸਨ। ਉਹਨਾਂ ਨੇ ਇਜ਼ਰਾਈਲ ਦੀ ਸ਼ਲਾਘਾ ਵਿਚ ਮਤਾ ਰੱਦ ਕੀਤਾ, ਜਿਸ ਵਿਚ ਯਹੂਦੀਆਂ ਦੀ ਦੇਸ਼ਭੂਮੀ ਅਤੇ ਸਿੱਖਾਂ ਲਈ ਦੇਸ਼ਭੂਮੀ ਨੂੰ ਸਮਾਨਾਂਤਰ ਰੱਖਿਆ ਗਿਆ ਸੀ, ਜਦੋਂ ਉਹਨਾਂ ਨੂੰ ਦੱਸਿਆ ਗਿਆ ਕਿ ਇਹਦੇ ਨਾਲ ਅਰਬ ਦੇਸ਼ਾਂ ਵਿਚ ਰਹਿੰਦੇ ਸਿੱਖਾਂ ਲਈ ਮਸਲੇ ਉਠ ਖੜੇ ਹੋਣਗੇ। ਏਸੇ ਤਰ੍ਹਾਂ ਹੀ ਉਹ ਅਨੰਦਪੁਰ ਸਾਹਿਬ ਮਤੇ ਨੂੰ ਰੋਕ ਸਕਦੇ ਸਨ ਜਾਂ ਨਰਮ ਬਣਾ ਸਕਦੇ ਸਨ, ਪਰ ਤੱਥ ਇਹ ਹੈ ਕਿ ਰਾਜਸੀ ਵੀਰਾਨਗੀ ਦੇ ਦੌਰਾਂ ਵਿਚ ਅਕਾਲੀ ਦਲ ਨੇ ਸਦਾ ਹੀ ਜੁਝਾਰ ਅੰਦਾਜ਼ ਅਖ਼ਤਿਆਰ ਕੀਤਾ ਹੈ ਤੇ ਇਹ ਮਤਾ ਇਸ ਪਹੁੰਚ ਨੂੰ ਸੂਤ ਬਹਿੰਦਾ ਸੀ।

1973 ਵਿਚ ਅਕਾਲੀ ਤਖ਼ਤੋਂ ਲਹਿ ਚੁਕੇ ਹੋਏ ਸਨ, ਪਰ 1977 ਵਿਚ ਸੱਤਾ ਮੁੜ ਉਹਨਾਂ ਦੇ ਹੱਥ ਆਈ, ਇਸ ਲਈ ਉਹ ਵਧੇਰੇ ਉਦਾਰ-ਚਿਤ ਹੋ ਸਕਦੇ ਸਨ। ਅਸਲ ਵਿਚ ਸੱਤਾ ਹੱਥ ਵਿਚ ਆਉਣ ਤੋਂ ਕੁਝ ਹੀ ਮਹੀਨੇ ਪਿਛੋਂ, ਅਕਾਲੀ ਦਲ ਦੇ ਸਕੱਤਰ, ਅਜਮੇਰ ਸਿੰਘ ਨੇ ਪਹਿਲੀ ਅਗਸਤ, 1977 ਨੂੰ ਅਕਾਲੀ ਆਗੂਆਂ ਤੇ ਸਿੱਖ ਬੁਧੀਜੀਵੀਆਂ ਨੂੰ ਇਕ ਪੱਤਰ ਲਿਖ ਕੇ ਗੇਂਦ ਰੇੜ੍ਹ ਦਿੱਤੀ। ਇਸ ਪੱਤਰ ਵਿਚ ਉਹਨੇ ਲਿਖਿਆ ਕਿ 'ਸਿੱਖ ਪੰਥ ਦੇ ਨਿਸ਼ਾਨੇ ਤੇ ਮਨੋਰਥ ਉਲੀਕੇ ਜਾਣ' ਤਾਂ ਜੋ ਉਹ ਪੰਥ, ਪੰਜਾਬ ਤੇ ਦੇਸ਼ ਦੇ ਵਡੇਰੇ ਹਿੱਤਾਂ ਨੂੰ ਸੇਵ ਸਕਣ ਅਤੇ ਇਸ ਤਰ੍ਹਾਂ ਸਿੱਖਾਂ ਦੀਆਂ ਆਸਾਂ 'ਤੇ ਪੂਰਾ ਤੁੱਲ ਸਕਣ।'

---

* *ਇਹ ਇਲਾਕੇ ਹਨ : ਗੁਰਦਾਸਪੁਰ ਜ਼ਿਲ੍ਹੇ ਵਿਚ ਡਲਹੌਜ਼ੀ, ਚੰਡੀਗੜ੍ਹ, ਪਿੰਜੌਰ-ਕਾਲਕਾ ਤੇ ਅੰਬਾਲਾ ਸਦਰ ਆਦਿ, ਅੰਬਾਲਾ ਜ਼ਿਲ੍ਹੇ ਵਿਚ, ਹੁਸ਼ਿਆਰਪੁਰ ਜ਼ਿਲ੍ਹੇ ਦੀ ਪੂਰੀ ਊਨਾ ਤਹਿਸੀਲ, ਨਾਲਾਗੜ੍ਹ ਦਾ 'ਦੇਸ਼' ਇਲਾਕਾ, ਕਰਨਾਲ ਜ਼ਿਲ੍ਹੇ ਦੇ ਸ਼ਾਹਾਬਾਦ ਤੇ ਗੁਲਹਾ ਬਲਾਕ, ਹਿਸਾਰ ਜ਼ਿਲ੍ਹੇ ਦੀ ਟੌਹਾਨਾ ਸਬ-ਤਹਿਸੀਲ, ਰਤੀਆ-ਬਲਾਕ ਤੇ ਸਰਸਾ ਤਹਿਸੀਲ ਅਤੇ ਰਾਜਸਥਾਨ ਵਿਖੇ ਗੰਗਾਨਗਰ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ।*

28 ਅਕਤੂਬਰ 1978 ਨੂੰ ਲੁਧਿਆਣਾ ਵਿਚ ਅਨੰਦਪੁਰ ਸਾਹਿਬ ਦਾ ਮਤਾ ਸੋਧਣ ਲਈ ਇਕ ਮੀਟਿੰਗ ਹੋਈ, ਉਸ ਸਮੇਂ ਅਕਾਲੀ ਮੁਖੀ, ਜਗਦੇਵ ਸਿੰਘ ਪ੍ਰਧਾਨਗੀ ਦੇ ਫ਼ਰਜ਼ ਨਿਭਾ ਰਿਹਾ ਸੀ। ਇਸ ਮੌਕੇ 'ਤੇ ਜਨਤਾ ਪਾਰਟੀ ਦਾ ਪ੍ਰਧਾਨ ਚੰਦਰ ਸ਼ੇਖਰ ਵੀ ਹਾਜ਼ਰ ਸੀ। ਹੁਣ ਅਕਾਲੀਆਂ ਨੇ ਵੱਖਵਾਦ ਉਤੇ ਨਹੀਂ, ਸਗੋਂ ਸੰਵਿਧਾਨ ਦੇ ਫ਼ੈਡਰਲ ਸਟਰਕਚਰ (ਬਣਤ) ਉਤੇ ਵਧੇਰੇ ਜ਼ੋਰ ਦਿੱਤਾ। ਉਹਨਾਂ ਨੂੰ ਉਸ ਮੈਮੋਰੰਡਮ ਦਾ ਇਲਮ ਸੀ ਜੋ ਪੱਛਮੀ ਬੰਗਾਲ ਸਰਕਾਰ ਨੇ, ਜਿਸ ਵਿਚ ਸੀ.ਪੀ.ਆਈ. (ਐਮ) ਨੂੰ ਪ੍ਰਬਲਤਾ ਹਾਸਲ ਸੀ, ਨਵੀਂ ਦਿੱਲੀ ਸਾਹਮਣੇ ਰੱਖਿਆ ਸੀ ਤੇ ਜਿਸ ਵਿਚ ਤਜਵੀਜ਼ ਕੀਤਾ ਗਿਆ ਸੀ ਕਿ ਰੱਖਿਆ, ਬਾਹਰਲੇ ਮਾਮਲੇ, ਸੰਚਾਰ-ਸਾਧਨ ਤੇ ਕਰੰਸੀ, ਸੈਂਟਰ ਦੇ ਹੱਥਾਂ ਵਿਚ ਰਹਿਣ ਅਤੇ ਦੂਜੇ ਵਿਸ਼ੇ ਰਾਜਾਂ ਨੂੰ ਮੁੰਤਕਿਲ ਕਰ ਦਿੱਤੇ ਜਾਣ।

ਭਿੰਡਰਾਂਵਾਲੇ ਨੇ ਅਨੰਦਪੁਰ ਸਾਹਿਬ ਮਤੇ ਉਤੇ ਬਹਿਸ ਵਿਚ ਹਿੱਸਾ ਨਹੀਂ ਲਿਆ, ਪਰ ਨਿਰੰਕਾਰੀਆਂ ਦੇ 'ਬਦਾ' ਹੋਣ ਬਾਰੇ ਬੋਲਿਆ।

ਮਤੇ ਦਾ ਨਵਾਂ ਰੂਪ ਇਸ ਅਰਥ ਵਿਚ ਬਿਹਤਰ ਸੀ ਕਿ ਇਹਨੇ ਰੱਖਿਆ, ਵਿਦੇਸ਼ੀ ਮਾਮਲੇ, ਡਾਕ ਤੇ ਤਾਰ ਅਤੇ ਕਰੰਸੀ ਤੋਂ ਇਲਾਵਾ ਰੇਲਵੇ ਵੀ ਸੈਂਟਰ ਨੂੰ ਦਿੱਤੇ। ਨਵੇਂ ਮਤੇ ਵਿਚ ਇਹ ਵੀ ਦਲੀਲ ਦਿੱਤੀ ਗਈ ਕਿ 'ਜੈ ਪ੍ਰਕਾਸ਼ ਨਾਰਾਇਣ ਵਲੋਂ ਮੁਕੰਮਲ ਇਨਕਲਾਬ ਦਾ ਸੰਕਲਪ ਵੀ ਸੱਤਾ ਦੇ ਸਿਲਸਿਲੇਵਾਰ ਅਕੇਂਦਰੀਕਰਣ ਉਤੇ ਆਧਾਰਤ ਹੈ।'

ਪੰਜਾਬੀ-ਬੋਲਦੇ ਇਲਾਕੇ ਪੰਜਾਬ ਵਿਚ ਮਿਲਾਉਣ ਦੀ ਮੁੜ ਮੰਗ ਕੀਤੀ ਗਈ ਤੇ ਇਹ ਮੁੜ ਆਖਿਆ ਗਿਆ ਕਿ ਪੰਥਕ ਰਾਜਸੀ ਨਿਸ਼ਾਨਾ ਖ਼ਾਲਸਾ ਜੀ ਕਾ ਬੋਲਬਾਲਾ ਸੀ। ਕੁਝ ਚਿਰ ਪਿਛੋਂ ਮੈਨੂੰ ਸਪੱਸ਼ਟ ਕੀਤਾ ਗਿਆ ਕਿ ਇਹਦਾ ਮਤਲਬ ਇਕ ਅਜਿਹੇ ਰਾਜ ਦੀ ਸਥਾਪਤੀ ਹੈ, ਜਿਸ ਵਿਚ 'ਸਿੱਖ ਬਹੁਗਿਣਤੀ' ਦੇ ਹੱਥ 'ਸੱਤਾ' ਹੋਵੇਗੀ, ਪਰ ਇਹ ਭਾਰਤੀ ਸੰਵਿਧਾਨ ਅਤੇ ਭਾਰਤੀ ਯੂਨੀਅਨ ਦੇ ਅੰਦਰ ਰਹਿੰਦਿਆਂ ਕੰਮ ਕਰੇਗੀ। ਬਾਦਲ ਨੇ ਇਕ ਵਾਰ ਮੈਨੂੰ ਦੱਸਿਆ ਕਿ ਸੈਂਟਰ ਦੇ ਅਧਿਕਾਰ-ਖੇਤਰ ਬਾਰੇ ਕੋਈ ਅਮਿਟ ਲੀਕ ਨਹੀਂ ਖਿੱਚੀ ਗਈ, 'ਉਹਦੇ ਕੋਲ ਵਧੇਰੇ ਵਿਸ਼ੇ ਰਹਿ ਸਕਦੇ ਹਨ।'

ਅਕਾਲੀਆਂ ਨੇ ਜਨਤਾ ਸਰਕਾਰ ਨਾਲ ਅਨੰਦਪੁਰ ਸਾਹਿਬ ਮਤੇ ਬਾਰੇ ਕੋਈ ਗੱਲਬਾਤ ਨਾ ਛੇੜੀ, ਪਰ ਬਾਦਲ ਤੇ ਬਲਵੰਤ ਸਿੰਘ ਨੇ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਮੀਟਿੰਗ ਵਿਚ ਵਿਤੀ ਅਧਿਕਾਰਾਂ ਦੇ ਅਕੇਂਦਰੀਕਰਣ ਦੇ ਪੱਖ ਵਿਚ ਵਿਚਾਰ ਪ੍ਰਗਟਾਏ, ਉਹਨਾਂ ਕਿਹਾ ਕਿ ਨਵੀਂ ਦਿੱਲੀ ਨੇ ਅਸ਼ੋਕਾ ਹੋਟਲ ਉਤੇ ਪੈਸਾ ਵਿਅਰਥ ਗੁਆਇਆ ਹੈ, ਇਸ ਤੋਂ ਤਾਂ ਇਕ ਹੋਰ ਪ੍ਰਾਇਮਰੀ ਸਕੂਲ ਖੋਲ੍ਹਣ ਜੋਗੀ ਆਮਦਨੀ ਵੀ ਨਹੀਂ ਹੋਵੇਗੀ।

ਮੁਰਾਰਜੀ ਡੇਸਾਈ ਨੇ ਇਹ ਇਤਰਾਜ਼ ਇਸ ਆਧਾਰ ਉਤੇ ਰੱਦ ਕਰ ਦਿੱਤੇ ਕਿ ਸੰਵਿਧਾਨ ਨੇ ਵਿੱਤੀ ਅਧਿਕਾਰਾਂ ਨੂੰ ਸੈਂਟਰ ਤੇ ਰਾਜਾਂ ਵਿਚਕਾਰ ਸਵਾਹਰੀ ਤਰ੍ਹਾਂ ਸਮਤੁਲਤ ਕੀਤਾ ਹੈ ਤੇ ਜੇ ਕਿਤੇ ਕੋਈ ਕਸਰ ਹੈ ਤਾਂ ਉਹ ਕਾਰਜ-ਸਾਧਕਤਾ ਵਿਚ ਹੀ ਹੈ, ਤੇ ਉਹਨੇ ਰਾਜਾਂ ਵਿਰੁਧ ਵਿਤਕਰੇ ਦੇ ਵਿਸ਼ਿਸ਼ਟ ਮਾਮਲਿਆਂ ਉਤੇ ਗੌਰ ਕਰਨ ਦਾ ਇਕਰਾਰ ਕੀਤਾ।

ਅਕਾਲੀਆਂ ਨੇ ਮਾਮਲਾ ਅੱਗੇ ਨਾ ਖੜਿਆ, ਪਰ ਸਿੱਖਾਂ ਨਾਲ ਘੱਟ-ਗਿਣਤੀ ਵਜੋਂ ਵਰਤਾਉ ਨਾ ਕਰਨ ਦੇ ਜਨਤਾ ਦੇ ਵਤੀਰੇ ਨੂੰ ਪਸੰਦ ਨਾ ਕੀਤਾ। ਘੱਟ-ਗਿਣਤੀ ਕਮਿਸ਼ਨ ਦੀ ਸਥਾਪਨਾ ਵੇਲੇ ਬਲਵੰਤ ਸਿੰਘ ਨੇ ਦਲੀਲ ਦਿੱਤੀ ਕਿ ਸਿੱਖ ਘੱਟ-ਗਿਣਤੀ ਨਹੀਂ ਹਨ। ਇਹ ਮਾਮਲਾ ਇਸ ਮਗਰੋਂ

ਸੁਰਜੀਤ ਸਿੰਘ ਬਰਨਾਲਾ ਨੇ ਗ਼ੈਰ-ਰਸਮੀ ਤੌਰ 'ਤੇ ਕੈਬਨਟ ਦੀ ਮੀਟਿੰਗ ਵਿਚ ਪੇਸ਼ ਕੀਤਾ, ਚਰਨ ਸਿੰਘ ਨੇ ਮੁੜ ਕਿਹਾ ਕਿ ਉਹਦਾ ਇਹ ਖ਼ਿਆਲ ਨਹੀਂ ਕਿ ਸਿੱਖ ਹਿੰਦੂਆਂ ਨਾਲੋਂ ਕਿਸੇ ਤਰ੍ਹਾਂ ਵੱਖਰੇ ਹਨ ਤੇ ਇਸ ਕਰ ਕੇ ਉਹਨਾਂ ਨੂੰ ਘੱਟ-ਗਿਣਤੀ ਮੰਨ ਕੇ ਵਰਤਾਉ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅੱਗੇ ਚੱਲ ਕੇ ਬਾਦਲ ਤੇ ਬਰਨਾਲਾ ਚਰਨ ਸਿੰਘ ਨੂੰ ਮਿਲੇ ਤੇ ਬੇਮਤਲਬ ਤਕਰਾਰ ਕੀਤਾ ਕਿ ਮੁਸਲਮਾਨਾਂ ਤੇ ਈਸਾਈਆਂ ਵਾਂਗੂੰ ਸਿੱਖ ਨੂੰ ਵੀ ਘੱਟ-ਗਿਣਤੀ ਸਮਝਿਆ ਜਾਵੇ।

ਸੈਂਟਰ ਵਿਚ ਜਨਤਾ ਸਰਕਾਰ ਦਾ ਭੋਗ ਪੈਣ ਜਾਣ ਪਿਛੋਂ, ਅਕਾਲੀ ਪਾਰਟੀ ਅੰਦਰਲੇ ਮਤਭੇਦ ਸਤਹ 'ਤੇ ਆ ਗਏ। ਬਾਦਲ, ਮੁਰਾਰਜੀ ਡੇਸਾਈ ਦੀ ਹਿਮਾਇਤ ਕਰਨ ਦੇ ਪੱਖ ਵਿਚ ਸੀ, ਪਰ ਟੌਹੜਾ ਤੇ ਤਲਵੰਡੀ ਵਰਗੇ ਹਾਰਡਲਾਈਨਰ ਚਰਨ ਸਿੰਘ ਦੇ ਪੱਖ ਵਿਚ ਸਨ ਜਿਹੜਾ ਥੋੜੇ ਜੇਹੇ ਸਮੇਂ ਲਈ ਪ੍ਰਧਾਨ ਮੰਤਰੀ ਬਣ ਗਿਆ ਸੀ। ਅਗਸਤ 1979 ਵਿਚ ਉਸ ਸਮੇਂ ਦੇ ਰਾਸ਼ਟਰਪਤੀ ਸੰਜੀਵਾ ਰੈਡੀ ਨੇ ਚਰਨ ਸਿੰਘ ਦੀ ਘੱਟ-ਗਿਣਤੀ ਸਰਕਾਰ ਵਲੋਂ ਅਸਤੀਫਾ ਦੇਣ ਪਿਛੋਂ ਨਿਗਰਾਨ ਪ੍ਰਧਾਨ ਮੰਤਰੀ ਵਜੋਂ ਸੁਰਜੀਤ ਸਿੰਘ ਬਰਨਾਲਾ ਦੇ ਨਾਂ 'ਤੇ ਵੀ ਵਿਚਾਰ ਕੀਤੀ ਸੀ।

ਇਹ ਸੰਜੇ ਗਾਂਧੀ ਹੀ ਸੀ ਜੀਹਨੇ ਮੀਟਿੰਗ ਲਈ ਅਕਾਲੀਆਂ ਨੂੰ ਫੀਲਰ ਭੇਜੇ। ਬਾਦਲ ਨੇ ਉਹਦੇ ਵਲੋਂ ਭੇਜੇ ਗਏ ਇਹਨਾਂ ਬੰਦਿਆਂ ਨੂੰ ਮਿਲਣੋਂ ਇਨਕਾਰ ਕੀਤਾ ਤੇ ਬਰਨਾਲਾ ਨੇ ਵੀ, ਪਰ ਬਲਵੰਤ ਸਿੰਘ ਨੇ ਦਿੱਲੀ-ਗੁੜਗਾਉਂ ਮਾਰਗ ਉਤੇ ਚੌਧਵੇਂ ਮੀਲ-ਪੱਥਰ ਉਤੇ, ਸੰਜੇ ਗਾਂਧੀ ਦੀ ਮਾਰੂਤੀ ਫੈਕਟਰੀ ਤੋਂ ਥੋੜੀ ਦੂਰ ਉਹਦੇ ਨਾਲ ਮੁਲਾਕਾਤ ਕੀਤੀ। ਸੰਜੇ ਇਕ ਟੈਕਸੀ ਵਿਚ ਆਇਆ ਅਤੇ ਬਲਵੰਤ ਸਿੰਘ ਦੀ ਕਾਰ ਵਿਚ ਬੈਠ ਗਿਆ, ਜਿਹੜੀ ਉਹਨੂੰ ਉਡੀਕ ਰਹੀ ਸੀ। ਸੰਜੇ ਦੀ ਤਜਵੀਜ਼ ਇਹ ਸੀ ਕਿ ਕਾਂਗਰਸ (ਆਈ) ਨਿਗਰਾਨ ਪ੍ਰਧਾਨ ਮੰਤਰੀ ਵਜੋਂ ਬਰਨਾਲਾ ਦੇ ਨਾਂ ਦੀ ਹਿਮਾਇਤ ਕਰੇਗੀ, ਪਰ ਜੇਕਰ 1980 ਦੀਆਂ ਲੋਕ ਸਭਾ ਚੋਣਾਂ ਲਈ ਅਕਾਲੀ-ਕਾਂਗਰਸ (ਆਈ) ਗਠਜੋੜ ਹੋ ਜਾਵੇ, ਉਹਨੇ ਕਿਹਾ ਕਿ ਪੰਜਾਬ ਵਿਚ ਅਕਾਲੀ 'ਸਾਡੇ ਵੱਡੇ ਭਰਾ' ਹੋਣਗੇ ਤੇ ਕਾਂਗਰਸ (ਆਈ) 'ਛੋਟਾ ਭਰਾ' ਹੋਵੇਗੀ।

ਬਲਵੰਤ ਸਿੰਘ ਨੇ ਕਿਹਾ ਕਿ ਅਕਾਲੀ ਇਸ ਤਜਵੀਜ਼ ਦੇ ਖ਼ਿਲਾਫ਼ ਨਹੀਂ ਹੋਣਗੇ, ਪਰ ਜੇਕਰ ਸਿੱਖ ਉਮੀਦਵਾਰਾਂ ਦੀ ਨਾਮਜ਼ਦਗੀ ਦੇ ਸਿਲਸਿਲੇ ਵਿਚ ਉਹਨਾਂ ਦਾ ਫ਼ੈਸਲਾ ਆਖ਼ਰੀ ਹੋਵੇ। ਸੰਜੇ ਨੇ ਇਸ ਆਧਾਰ ਉਤੇ ਇਸ ਤਜਵੀਜ਼ ਦੀ ਵਿਰੋਧਤਾ ਕੀਤੀ ਕਿ ਇਹਦਾ ਅਰਥ ਤਾਂ ਸਿੱਖ ਉਮੀਦਵਾਰਾਂ ਦੇ ਸੰਬੰਧ ਵਿਚ ਅਕਾਲੀਆਂ ਨੂੰ ਵੀਟੋ ਦਾ ਅਧਿਕਾਰ ਦੇਣਾ ਹੋਵੇਗਾ, ਉਹਨੇ ਦਲੀਲ ਦਿੱਤੀ ਕਿ ਉਹਦੀ ਪਾਰਟੀ ਪਿੱਛੇ ਵੀ 'ਨੈਸ਼ਨਲਿਸਟ ਸਿੱਖਾਂ' ਦੀ ਵੱਡੀ ਗਿਣਤੀ ਹੈ ਜਿਨ੍ਹਾਂ ਨੂੰ ਉਹ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਗੱਲਬਾਤ ਟੁੱਟ ਗਈ।

ਮੈਨੂੰ ਨਹੀਂ ਮਲੂਮ ਕਿ ਬਲਵੰਤ ਸਿੰਘ ਨੇ ਜੋ ਮਾਮਲੇ ਵਿਚਾਰੇ ਉਹਨਾਂ ਬਾਰੇ ਉਹਨੇ ਅਕਾਲੀਆਂ ਤੋਂ ਪਹਿਲਾਂ ਪ੍ਰਵਾਨਗੀ ਲਈ ਹੋਈ ਸੀ ਜਾਂ ਨਹੀਂ, ਪਰ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਬਾਦਲ, ਕਾਂਗਰਸ (ਆਈ) ਨਾਲ ਗਠਜੋੜ ਦੇ ਵਿਰੁਧ ਨਹੀਂ ਸੀ। ਉਹਨੇ ਮੈਨੂੰ ਪੰਜਾਬ ਭਵਨ, ਨਵੀਂ ਦਿੱਲੀ ਵਿਚ ਉਸ ਦਿਨ ਦੱਸਿਆ ਜਦੋਂ ਮੱਧਕਾਲੀ ਚੋਣਾਂ ਦਾ ਐਲਾਨ ਕੀਤਾ ਗਿਆ ਸੀ ਕਿ ਅਕਾਲੀਆਂ ਨੂੰ ਕਾਂਗਰਸ (ਆਈ) ਨਾਲ ਚੋਣ-ਸਮਝੌਤੇ ਬਾਰੇ ਗੱਲਬਾਤ ਕਰਨ 'ਤੇ ਕੋਈ ਏਤਰਾਜ਼ ਨਹੀਂ ਹੋਵੇਗਾ, ਪਰ ਜੇਕਰ ਇਹਤੋ ਅਕਾਲੀਆਂ ਦੇ ਹਿੱਤਾਂ ਨੂੰ ਕੋਈ ਹਾਨੀ ਨਾ ਪੁੱਜੇ ਤਾਂ।

ਦੋਵੇਂ ਕਿਸੇ ਸਮਝੌਤੇ 'ਤੇ ਨਾ ਅੱਪੜ ਸਕੇ। 1980 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ (ਆਈ) ਨੇ ਪੰਜਾਬ ਵਿਚ 13 ਲੋਕ ਸਭਾ ਸੀਟਾਂ ਵਿਚੋਂ 12 ਜਿੱਤ ਲਈਆਂ। ਸਿੱਖਾਂ ਦੀ ਚੋਖੀ ਗਿਣਤੀ ਨੇ ਅਕਾਲੀ ਦਲ ਵਿਰੁਧ ਵੋਟਾਂ ਪਾਈਆਂ। ਭਿੰਡਰਾਂਵਾਲੇ ਨੇ ਕਾਂਗਰਸ (ਆਈ) ਦੇ ਉਮੀਦਵਾਰਾਂ ਲਈ ਕੰਮ ਕੀਤਾ ਸੀ, ਪਰ ਇਸ ਪੜਾਉ ਉਤੇ ਸਿੱਖਾਂ ਨੇ ਉਹਦੇ ਵੱਲ ਮਾਮੂਲੀ ਧਿਆਨ ਦਿੱਤਾ ਸੀ ਅਤੇ ਉਹਦੀ ਕਨਵੈਸਿੰਗ ਦੇ ਬਾਵਜੂਦ ਗੁਰਦਿਆਲ ਸਿੰਘ ਢਿਲੋਂ, ਜੀਹਨੂੰ ਅੱਗੇ ਚੱਲ ਕੇ ਕੈਨੇਡਾ ਵਿਚ ਹਾਈ ਕਮਿਸ਼ਨਰ ਥਾਪਿਆ ਗਿਆ, ਹਾਰ ਗਿਆ। ਜਦੋਂ ਸ਼੍ਰੀਮਤੀ ਇੰਦਰਾ ਗਾਂਧੀ ਨੇ ਦਸੰਬਰ 1979 ਵਿਚ ਗੁਰਦਾਸਪੁਰ ਵਿਖੇ ਪੀ.ਐਸ. ਭਿੰਡਰ ਦੀ ਪਤਨੀ ਦੇ ਹੱਕ ਵਿਚ ਤਕਰੀਰ ਕੀਤੀ ਤਾਂ ਭਿੰਡਰਾਂਵਾਲਾ ਵੀ ਮੰਚ ਉਤੇ ਬੈਠਾ ਸੀ।

ਮੈਂ ਜਦੋਂ 1982 ਵਿਚ ਭਿੰਡਰਾਂਵਾਲੇ ਨੂੰ ਕਾਂਗਰਸ (ਆਈ) ਨਾਲ ਉਹਦੇ ਸੰਬੰਧਾਂ ਬਾਰੇ ਪੁੱਛਿਆ ਤਾਂ ਉਹਨੇ ਕੁਝ ਰੁੱਖੀ ਤਰ੍ਹਾਂ ਕਿਹਾ ਕਿ 'ਮੈਂ ਕਿਸੇ ਦਾ ਹੱਥਠੋਕਾ ਨਹੀਂ ਹਾਂ।' ਉਹਦੇ ਤਿੰਨ ਬਾਡੀਗਾਰਡਾਂ ਤੋਂ ਇਲਾਵਾ—ਦੋ ਕੋਲ ਸਟੈਨਗੰਨਾਂ ਸਨ ਤੇ ਤੀਜੇ ਕੋਲ ਗੰਨ ਸੀ—ਇੰਡੀਅਨ ਐਡਮਨਿਸਟਰੇਟਿਵ ਸਰਵਿਸ ਦਾ ਅਫ਼ਸਰ ਗੁਰਤੇਜ ਸਿੰਘ ਵੀ ਸੀ ਜੀਹਨੇ ਆਂਧਰਾ ਪ੍ਰਦੇਸ਼ ਕਾਡਰ ਤੋਂ ਅਸਤੀਫਾ ਦੇ ਦਿੱਤਾ ਤੇ ਭਿੰਡਰਾਂਵਾਲੇ ਦੀਆਂ ਸਫਾਂ ਵਿਚ ਆਣ ਸ਼ਾਮਿਲ ਹੋਇਆ ਸੀ ਤੇ ਉਹਦਾ ਸਲਾਹਕਾਰ ਸੀ ਤੇ ਉਹਦਾ ਦੁਭਾਸ਼ੀਆ (ਭਿੰਡਰਾਂਵਾਲਾ ਸਿਰਫ਼ ਪੰਜਾਬੀ ਜਾਣਦਾ ਸੀ), ਤੇ ਰਿਟਾਇਰਡ ਮੇਜਰ ਜਨਰਲ ਨਰਿੰਦਰ ਸਿੰਘ ਕੁਲਰ ਵੀ ਮੌਜੂਦ ਸੀ ਜੀਹਨੇ ਇਕ ਢਿੱਲੀ ਮੰਜੀ ਉਤੇ ਬਹਿਣ ਤੋਂ ਪਹਿਲਾਂ ਭਿੰਡਰਾਂਵਾਲੇ ਦੇ ਪੈਰ ਛੋਹੇ ਸਨ।

ਜਦੋਂ ਮੈਂ ਯਾਦ ਕਰਵਾਇਆ ਕਿ 1979 ਦੀਆਂ ਗੁਰਦੁਆਰਾ ਤੇ ਲੋਕ-ਸਭਾ ਚੋਣਾਂ ਵਿਚ ਉਹਨੇ ਕਾਂਗਰਸ (ਆਈ) ਦੇ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ ਤਾਂ ਉਹ ਖਿੱਝ ਗਿਆ। 'ਮੈਂ ਸਿਰਫ਼ ਆਪਣੇ ਆਦਮੀਆਂ ਦੀ ਹਿਮਾਇਤ ਕੀਤੀ ਸੀ', ਉਹਨੇ ਆਖਿਆ।

ਲੋਕ ਸਭਾ ਦੇ ਨਤੀਜੇ ਨਿਕਲਣ ਤੋਂ ਤਿੰਨ ਦਿਨ ਪਿਛੋਂ ਅਕਾਲੀਆਂ ਨੂੰ ਇਕ ਹੋਰ ਧੱਕਾ ਲੱਗਿਆ ਜਦੋਂ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਤੇ ਉਹਦੇ 61 ਅਨੁਯਾਈਆਂ ਨੂੰ ਸਿੱਖ-ਨਿਰੰਕਾਰੀ ਝੜਪ ਦੇ ਸੰਬੰਧ ਵਿਚ ਚਲਾਏ ਗਏ ਮੁਕੱਦਮੇ ਵਿਚ ਬਰੀ ਕਰ ਦਿੱਤਾ ਗਿਆ। ਜਦੋਂ 24 ਮਈ 1980 ਨੂੰ ਗੁਰਬਚਨ ਸਿੰਘ ਨੂੰ ਦਿੱਲੀ ਵਿਖੇ ਉਹਦੇ ਨਿਵਾਸ-ਸਥਾਨ 'ਤੇ ਕਤਲ ਕਰ ਦਿੱਤਾ ਗਿਆ ਤਾਂ ਫਸਟ ਇਨਫ਼ਰਮੇਸ਼ਨ ਰਿਪੋਰਟ (ਐਫ.ਆਈ.ਆਰ.) ਵਿਚ ਭਿੰਡਰਾਂਵਾਲੇ ਦਾ ਨਾਂ ਦਰਜ ਸੀ ਤੇ ਉਹਨੇ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਨਿਵਾਸ ਵਿਚ ਜਾ ਪਨਾਹ ਲਈ ਸੀ।

ਗ੍ਰਹਿ ਮੰਤਰੀ ਜ਼ੈਲ ਸਿੰਘ, ਭਿੰਡਰਾਂਵਾਲੇ ਨੂੰ ਬਹੁੜਿਆ, ਉਹਨੇ ਪਾਰਲੀਮੈਂਟ ਨੂੰ ਦੱਸਿਆ ਕਿ ਨਿਰੰਕਾਰੀ ਮੁੱਖੀ ਦੇ ਕਤਲ ਵਿਚ ਭਿੰਡਰਾਂਵਾਲੇ ਦਾ ਕੋਈ ਹੱਥ ਨਹੀਂ ਹੈ ਭਾਵੇਂ ਉਹਦਾ ਨਾਂ ਗ੍ਰਹਿ ਮੰਤਰਾਲੇ ਦੀਆਂ ਫਾਈਲਾਂ ਵਿਚ ਸੀ।

ਸੀ.ਬੀ.ਆਈ. (ਸੈਂਟਰਲ ਬਿਊਰੋ ਆਫ਼ ਇਨਵੈਸਟੀਗੇਸ਼ਨ) ਵਲੋਂ ਜੋ ਕਹਾਣੀ ਮੁੜ ਰਚੀ ਗਈ ਉਹ ਇਸ ਤਰ੍ਹਾਂ ਸੀ ਕਿ ਪੰਜਾਬ ਤੋਂ ਸੱਤ ਆਦਮੀ ਜਿਹੜੇ ਭਿੰਡਰਾਂਵਾਲੇ ਦੇ ਨਿਕਟੀ ਅਨੁਯਾਈ ਜਾਂ ਉਹਦੇ ਜੱਥੇ ਦੇ ਮੈਂਬਰ ਸਨ ਅਤੇ ਦਿੱਲੀ ਦੇ ਤਿੰਨ ਆਦਮੀ ਨਿਰੰਕਾਰੀ ਮੁਖੀ ਨੂੰ ਕਤਲ ਕਰਨ ਦੀ ਪਲਾਨ ਨੂੰ "ਅੰਤਮ ਰੂਪ ਦੇਣ ਤੇ ਲਾਗੂ ਕਰਨ" ਵਿਚ ਸਿਧੇ ਤੌਰ 'ਤੇ ਸ਼ਾਮਿਲ ਹਨ। ਪੰਜਾਬ ਤੋਂ ਸੱਤ

ਆਦਮੀ ਇਕ ਨਵੀਂ ਖ਼ਰੀਦੀ ਅੰਬੈਸਡਰ ਕਾਰ ਵਿਚ, ਜਿਸ ਵਿਚ ਹਥਿਆਰਾਂ, ਐਮੂਨਿਸ਼ਨ ਤੇ ਵਿਸਫੋਟਕਾਂ ਦਾ ਗੁਪਤ ਭੰਡਾਰ ਸੀ, ਦਿੱਲੀ ਪਹੁੰਚੇ। ਸੀ.ਬੀ.ਆਈ. ਦੀ ਇੰਕੁਆਇਰੀ ਤੋਂ ਪਤਾ ਲੱਗਿਆ ਕਿ ਇਹ ਕਾਰ ਜਲੰਧਰੋਂ ਖ਼ਰੀਦੀ ਗਈ ਸੀ ਅਤੇ ਖ਼ਰੀਦਾਰ ਨੇ ਨਕਲੀ ਨਾਂ 'ਤੇ ਪਤਾ ਦਿੱਤਾ ਸੀ। ਕਤਲ ਕਰਨ ਵਾਲਾ ਹਥਿਆਰ, ਏ-30 ਕਾਰਬਾਈਨ, ਦਾ ਲਾਇਸੰਸ ਭਿੰਡਰਾਂਵਾਲੇ ਦੇ ਭਰਾ, ਜਗੀਰ ਸਿੰਘ ਦੇ ਨਾਂ ਸੀ ਜੀਹਨੇ ਆਖਿਆ ਸੀ ਕਿ ਉਹਨੂੰ ਆਪਣੇ ਬਾਡੀਗਾਰਡ ਲਈ ਇਹਦੀ ਲੋੜ ਸੀ।'

ਜਦੋਂ ਕਾਂਗਰਸ (ਆਈ) ਦੇ ਹੱਥ ਸੈਂਟਰ ਦੀ ਸੱਤਾ ਆ ਗਈ, ਉਹਨੇ ਉਹਨਾਂ ਰਾਜ-ਸਰਕਾਰਾਂ ਨੂੰ ਡਿਸਮਿਸ ਕਰ ਦਿੱਤਾ, ਜਿਥੇ ਦੂਜੀਆਂ ਪਾਰਟੀਆਂ ਦੀਆਂ ਸਰਕਾਰਾਂ ਸਨ, ਤੇ ਪੰਜਾਬ ਸਰਕਾਰ ਵੀ ਇਹਨਾਂ ਵਿਚੋਂ ਇਕ ਸੀ। ਅਗਲੀਆਂ ਅਸੈਂਬਲੀ ਚੋਣਾਂ ਵਿਚ ਅਕਾਲੀਆਂ ਨੂੰ 117 ਦੇ ਹਾਊਸ ਵਿਚ 37 ਸੀਟਾਂ ਹੀ ਮਿਲੀਆਂ ਜਦ ਕਿ ਕਾਂਗਰਸ (ਆਈ) ਨੂੰ 63 ਮਿਲੀਆਂ। ਇਸ ਵਾਰ ਵੀ ਸਿੱਖਾਂ ਦੀ ਚੋਖੀ ਗਿਣਤੀ ਨੇ ਅਕਾਲੀਆਂ ਦਾ ਸਾਥ ਨਹੀਂ ਸੀ ਦਿੱਤਾ।

ਇਸ ਵਾਰ ਅਕਾਲੀਆਂ ਨੇ ਇਸ ਬਾਰੇ ਗੰਭੀਰ ਤਰ੍ਹਾਂ ਵਿਚਾਰ ਕੀਤੀ ਕਿ ਇਸ ਤਰ੍ਹਾਂ ਕਿਉਂ ਹੋਇਆ ਹੈ। ਇਕ ਗੱਲ ਜੋ ਸਾਫ਼ ਦਿੱਸੀ ਉਹ ਇਹ ਸੀ ਕਿ ਹਿੰਦੂਆਂ ਨੇ ਉਹਨਾਂ ਨੂੰ ਵੋਟਾਂ ਨਹੀਂ ਪਾਈਆਂ, ਨਾਲੇ ਇਹ ਵੀ ਕਿ ਸਿੱਖ ਨਿਗਰ ਤਰ੍ਹਾਂ ਉਹਨਾਂ ਦੇ ਪਿੱਛੇ ਨਹੀਂ ਹਨ। ਉਹਨਾਂ ਨੂੰ ਯਕੀਨ ਸੀ ਕਿ ਜਨਤਾ ਨਾਲ ਕੁਲੀਸ਼ਨ ਦੇ ਦੌਰਾਨ ਬਣੇ ਉਹਨਾਂ ਦੇ 'ਸੈਕੂਲਰ' ਬਿੰਬਾਂ ਨੇ ਸਿੱਖਾਂ ਅੰਦਰ ਉਹਨਾਂ ਦੀ ਭੁੱਲਤਾ ਨੂੰ ਹਾਨੀ ਪਹੁੰਚਾਈ ਹੈ ਜਿਨ੍ਹਾਂ ਨੇ ਸੋਚਿਆ ਕਿ ਉਹਨਾਂ ਦੀ 'ਖ਼ੁਦ ਆਪਣੀ' ਸਰਕਾਰ ਨੇ ਉਹਨਾਂ ਲਈ ਕੁਝ ਨਹੀਂ ਕੀਤਾ। ਉਹ ਇਸ ਸਿੱਟੇ 'ਤੇ ਅੱਪੜੇ ਕਿ ਬਿਹਤਰ ਬਿੰਬ ਬਣਾਉਣ ਲਈ ਜ਼ਰੂਰੀ ਹੈ ਕਿ ਸਿੱਖਾਂ ਨੂੰ ਆਪਣੇ ਵੱਲ ਖਿੱਚਣ, ਉਹ ਧਰਮ ਤੇ ਰਾਜਨੀਤੀ ਨੂੰ ਜੋੜਨ ਦੇ ਰਵਾਇਤੀ ਸਟੈਂਡ ਉਤੇ ਭਰੋਸਾ ਰੱਖਣ।

ਅਕਾਲੀਆਂ ਦੀ ਨਿਰਾਸਤਾ ਇਸ ਕਰ ਕੇ ਸੀ ਕਿ 1966 ਵਿਚ ਪੰਜਾਬੀ ਸੂਬਾ ਬਣਾਉਣ ਦੀ ਲੜਾਈ ਜਿੱਤ ਕੇ ਵੀ ਉਹ ਪੰਜਾਬ ਵਿਚ ਸਰਬੋਤਮ ਪੁਜ਼ੀਸ਼ਨ ਹਾਸਲ ਨਾ ਕਰ ਸਕੇ, ਖ਼ਾਸ ਤੌਰ 'ਤੇ ਉਦੋਂ ਜਦੋਂ ਕਿ ਨਵੇਂ ਬਣੇ ਪੰਜਾਬ ਵਿਚ ਸਿੱਖਾਂ ਦੀ ਵਸੋਂ 58 ਫੀਸਦੀ ਸੀ।

ਠੀਕ, ਸੈਂਟਰ ਨੇ ਅਣ-ਲਿਖੇ ਸਮਝੌਤੇ ਦੇ ਇਕ ਭਾਗ 'ਤੇ ਫੁੱਲ ਚੜ੍ਹਾਏ ਸਨ ਤੇ ਸਿੱਖ ਮੁੱਖ ਮੰਤਰੀ ਥਾਪਿਆ—ਕਾਂਗਰਸ (ਆਈ) ਨੇ ਦਰਬਾਰਾ ਸਿੰਘ ਨੂੰ ਰਾਜ ਦਾ ਮੁੱਖ ਮੰਤਰੀ ਬਣਾਇਆ। ਪਰ ਇਹ ਅਕਾਲੀ ਸਨ ਜਿਨ੍ਹਾਂ ਨੇ ਪੰਜਾਬ ਵਿਖੇ ਗੁਰਦੁਆਰਾ ਚੋਣਾਂ ਵਿਚ ਤਕੜੀ ਮੱਲ ਮਾਰੀ ਸੀ, ਚੋਣਾਂ ਜਿਨ੍ਹਾਂ ਵਿਚ ਸਿਰਫ਼ ਸਿੱਖ ਹੀ ਵੋਟਾਂ ਪਾ ਸਕਦੇ ਸਨ। ਚੋਣਾਂ ਦੇ ਦੌਰਾਨ ਭਿੰਡਰਾਂਵਾਲੇ ਨੇ ਇਹ ਪ੍ਰਚਾਰ ਜ਼ੋਰ ਨਾਲ ਕੀਤਾ ਕਿ ਨਿਰੰਕਾਰੀਆਂ ਵੱਲ ਅਕਾਲੀ ਸਰਕਾਰ ਦਾ 'ਵਤੀਰਾ ਨਰਮ' ਰਿਹਾ ਹੈ। ਉਹਨੇ ਦਲ ਖ਼ਾਲਸਾ ਨਾਲ ਅਤੇ ਜਗਜੀਤ ਸਿੰਘ ਚੋਹਾਨ ਦੇ, ਜੀਹਨੇ ਅੱਗੇ ਚੱਲ ਕੇ ਵਿਦੇਸ਼ਾਂ ਵਿਚ ਖ਼ਾਲਿਸਤਾਨ ਦੀ ਮੰਗ ਪੇਸ਼ ਕੀਤੀ, ਰੈਵੋਲਿਊਸ਼ਨਰੀ ਅਕਾਲੀ ਦਲ ਨਾਲ ਚੋਣ ਸਮਝੌਤਾ ਕਰ ਕੇ 40 ਉਮੀਦਵਾਰ ਖੜੇ ਕੀਤੇ। ਭਾਵੇਂ ਕਾਂਗਰਸ (ਆਈ) ਨੇ ਵੀ ਭਿੰਡਰਾਂਵਾਲੇ ਦੀ ਹਿਮਾਇਤ ਕੀਤੀ, ਪਰ ਉਹ ਸਿਰਫ਼ ਚਾਰ ਸੀਟਾਂ ਹੀ ਜਿੱਤ ਸਕਿਆ। ਬਾਕੀ ਦੀਆਂ 136 ਸੀਟਾਂ ਅਕਾਲੀਆਂ ਨੇ ਜਿੱਤੀਆਂ। ਭਿੰਡਰਾਂਵਾਲੇ ਦੇ ਨਿਕਟ ਹਿਮਾਇਤੀ, ਅਮਰੀਕ ਸਿੰਘ ਨੂੰ ਜੀਵਨ ਸਿੰਘ ਉਮਰਾਨੰਗਲ ਨੇ ਹਰਾਇਆ, ਜਿਹੜਾ ਕਿਸੇ ਸੂਰਤ ਵਿਚ ਵੀ ਭਿੰਡਰਾਂਵਾਲੇ ਦੀ 'ਹਿੰਦੂਆਂ ਨੂੰ ਨਫ਼ਰਤ ਕਰੋ' ਦੀ

ਪਾਲੇਟਿਕਸ ਨੂੰ ਪਰਵਾਨ ਨਹੀਂ ਸੀ ਕਰ ਸਕਦਾ।

ਪਹਿਲਾਂ ਲੋਕ ਸਭਾ ਵਿਚ ਤੇ ਫੇਰ ਅਸੈਂਬਲੀ ਚੋਣਾਂ ਵਿਚ ਅਕਾਲੀਆਂ ਦੀ ਹਾਰ ਨੇ ਬਹੁਤੇ ਹਿੰਦੂਆਂ ਨੂੰ ਖ਼ੁਸ਼ ਕੀਤਾ, ਉਹਨਾਂ ਨੇ ਅਕਾਲੀ-ਜਨਤਾ ਕੁਲੀਸ਼ਨ ਨੂੰ 'ਸਿੱਖ ਸਰਕਾਰ' ਹੀ ਦੱਸਿਆ ਸੀ। ਉਹਨਾਂ ਨੇ ਆਪਣੇ ਇਸ ਸਿਧਾਂਤ ਦੀ ਹਿਮਾਇਤ ਵਿਚ ਉਦਾਹਰਣ ਪੇਸ਼ ਕੀਤੇ ਕਿ ਵੱਡੀਆਂ ਪਦਵੀਆਂ ਉਤੇ ਸਿੱਖ ਅਫ਼ਸਰ ਲੱਗੇ ਹੋਏ ਹਨ। ਜੇ ਹਿੰਦੂਆਂ ਨੇ ਉਸ ਸਮੇਂ ਸਮਝੌਤਾ-ਪਸੰਦ ਵੀਤਰਾ ਧਾਰਿਆ ਹੁੰਦਾ ਤਾਂ ਹੋ ਸਕਦਾ ਹੈ ਉਹ ਅਕਾਲੀਆਂ ਨੂੰ ਸਾਬਤ ਕਰ ਦਿੰਦੇ ਕਿ ਜਦੋਂ ਸਵਾਲ ਪੰਜਾਬ ਦਾ ਹੋਵੇਗਾ, ਉਹ ਸਭੇ ਪੰਜਾਬੀ ਹਨ, ਹਿੰਦੂ ਜਾਂ ਸਿੱਖ ਨਹੀਂ ਹਨ। ਇਸ ਦੀ ਥਾਂ ਹਿੰਦੂ ਮਾਲਕੀ ਵਾਲੇ ਅਖ਼ਬਾਰਾਂ ਵਿਚ ਲਿਖਤਾਂ ਵਧੇਰੇ ਵਿਹੁਲੀਆਂ ਹੋ ਗਈਆਂ। ਸਿਰਕੱਢ ਹਿੰਦੂ ਲੀਡਰ, ਵਿਰੇਂਦਰ ਨੇ ਆਪਣੇ ਅਖ਼ਬਾਰ ਪ੍ਰਤਾਪ ਵਿਚ ਲਿਖਿਆ ਕਿ ਹਿੰਦੂ ਪੰਜਾਬ ਨੂੰ ਆਸਾਮ ਬਣਾ ਦੇਣਗੇ, ਯਾਦ ਰਹੇ ਆਸਾਮ ਵਿਚ ਉਸ ਸਮੇਂ ਵਿਦੇਸ਼ੀਆਂ ਨੂੰ ਰਾਜ ਵਿਚੋਂ ਬਾਹਰ ਕੱਢ ਸੁੱਟਣ ਦੀ ਐਜੀਟੇਸ਼ਨ ਚੱਲ ਰਹੀ ਸੀ। ਇਕ ਹੋਰ ਸਿਰਕੱਢ ਹਿੰਦੂ ਲੀਡਰ, ਜਗਤ ਨਾਰਾਇਣ ਨੇ ਆਪਣੇ ਵੱਡੀ-ਗਿਣਤੀ ਵਿਚ ਪ੍ਰਕਾਸ਼ਤ ਹੁੰਦੇ ਅਖ਼ਬਾਰਾਂ ਹਿੰਦ ਸਮਾਚਾਰ (ਉਰਦੂ) ਤੇ ਪੰਜਾਬ ਕੇਸਰੀ (ਹਿੰਦੀ) ਵਿਚ ਲਿਖਿਆ ਕਿ ਮਾਡਰੇਡ ਅਕਾਲੀ ਤਾਂ ਅੱਤਵਾਦੀਆਂ ਨਾਲੋਂ ਵੀ ਵਧੇਰੇ ਖ਼ਤਰਨਾਕ ਹਨ, ਕਿਉਂਕਿ ਉਹ ਆਪਣੇ ਅੰਦਰਲੇ ਜਜ਼ਬਾਤ ਨੂੰ ਬਾਹਰ ਨਹੀਂ ਕੱਢਦੇ।

ਕੁਝ ਅਖ਼ਬਾਰਾਂ ਦਾ ਜੈਨਸਿਸ ਤਾਂ ਕੁਝ ਸੂਰਤਾਂ ਵਿਚ ਦੇਸ਼-ਵੰਡ ਤੋਂ ਪਹਿਲੇ ਦੌਰ ਵਿਚ ਚਲਿਆ ਜਾਂਦਾ ਹੈ, ਜਿਨ੍ਹਾਂ ਦੇ ਸੰਪਾਦਕ ਕਰੂਸੇਡਰਾਂ (ਧਰਮ-ਯੁੱਧ ਲੜਨ ਵਾਲੇ) ਦਾ ਰੋਲ ਅਦਾ ਕਰਦੇ ਹਨ। ਇਹਨਾਂ ਵਿਚੋਂ ਕੁਝ ਆਪਣੀਆਂ-ਆਪਣੀਆਂ ਕਮਿਊਨਿਟੀਆਂ ਦੇ ਮੰਨੇ-ਪ੍ਰਮੰਨੇ ਆਗੂ ਸਨ ਤੇ ਇਹਨਾਂ ਵਿਚੋਂ ਇਕ ਤਾਂ ਠੀਕ ਹੀ ਜਲੰਧਰ ਵਿਖੇ ਹਿੰਦੂਆਂ ਦੀ ਰੱਖਿਆ ਲਈ ਬਣਾਈ ਗਈ ਹਿੰਦੂ ਸੁਰਖਸ਼ਾ ਸੰਮਤੀ ਦਾ ਇਸ ਵੇਲੇ ਮੁਖੀ ਸੀ, ਪਰ ਉਹ ਇਹ ਗੱਲ ਜ਼ੋਰ ਨਾਲ ਆਖਦਾ ਸੀ ਕਿ ਉਹਨੇ ਅਕਾਲੀਆਂ ਦੀ ਜ਼ਰੂਰ ਨੁਕਤਾਚੀਨੀ ਕੀਤੀ ਹੈ, ਪਰ ਉਹਨੇ ਸਿੱਖਾਂ ਬਾਰੇ ਮਾੜੀ ਗੱਲ ਨਾ ਕਦੇ ਆਖੀ ਹੈ ਤੇ ਨਾ ਲਿਖੀ ਹੈ। ਅਕਾਲੀਆਂ ਦੀ ਸੋਚ ਹੋਰ ਤਰ੍ਹਾਂ ਦੀ ਸੀ।

ਹਿੰਦੂਆਂ ਨੂੰ ਸ਼ੱਕ ਸੀ ਕਿ ਅਕਾਲੀ ਮੁੜ ਟਕਰਾਉ ਦਾ ਰਾਹ ਅਖ਼ਤਿਆਰ ਕਰ ਰਹੇ ਹਨ ਕਿ ਉਹਨਾਂ ਦਾ ਮੰਤਵ ਸਰਕਾਰ ਤੋਂ ਹੋਰ ਵਧੇਰੇ ਲੈਣਾ ਹੈ ਜਿਵੇਂ ਕਿ ਉਹਨਾਂ ਨੇ ਬੀਤੇ ਵਿਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੂਬੇ ਦੇ ਭਾਸ਼ਾਈ ਰਾਜ ਦੇ ਨਾਂ 'ਤੇ ਹਾਸਲ ਕੀਤਾ ਹੈ। ਇਕ ਕਮਿਊਨਿਟੀ ਵਜੋਂ ਹਿੰਦੂ ਪੰਜਾਬੀ ਬੋਲਦੇ ਹਨ, ਪਰ ਅਜੇ ਤੱਕ ਉਹ ਪੰਜਾਬੀ ਦੇ ਵਿਰੁੱਧ ਆਪਣੇ ਤਅੱਸਬ ਉਤੇ ਕਾਬੂ ਨਹੀਂ ਸੀ ਪਾ ਸਕੇ ਜੋ ਹੁਣ ਪੰਜਾਬ ਦੇ ਸਕੂਲਾਂ ਵਿਚ ਲਾਜ਼ਮੀ ਪੜ੍ਹਾਈ ਜਾਂਦੀ ਸੀ। ਹਿੰਦੂ ਸਮਝਦੇ ਸਨ ਕਿ ਪੰਜਾਬੀ ਦੀ ਪੜ੍ਹਾਈ ਉਹਨਾਂ ਦੇ ਬੱਚਿਆਂ ਨੂੰ ਮੁਖ-ਧਾਰਾ ਨਾਲੋਂ, ਅਰਥਾਤ ਹਿੰਦੀ ਤੇ ਇੰਗਲਿਸ਼ ਨਾਲੋਂ ਦੂਰ ਰੱਖ ਰਹੀ ਹੈ।

ਹਿੰਦੂਆਂ ਦੀ ਦਲੀਲ ਇਹ ਸੀ ਕਿ ਪੰਜਾਬੀ ਭਾਵੇਂ ਪੰਜਾਬ ਦੇ ਅ-ਵੰਡੇ ਸੂਬੇ ਦੇ ਪੂਰਬੀ ਅੱਧ ਦੇ ਵਡੇਰੇ ਹਿੱਸੇ ਦੀ ਬੋਲੀ ਰਹੀ ਹੈ, ਦੇਸ਼-ਵੰਡ ਤੋਂ ਪਹਿਲਾਂ ਪੁਜ਼ੀਸ਼ਨ ਇਹ ਸੀ ਕਿ ਪੰਜਾਬੀ ਨੂੰ ਨਹੀਂ, ਸਗੋਂ ਉਰਦੂ ਨੂੰ ਸਰਕਾਰੀ ਭਾਸ਼ਾ ਸਮਝਿਆ ਜਾਂਦਾ ਸੀ ਤੇ ਉਹਨਾਂ ਸਭਨਾਂ ਕੰਮਾਂ ਲਈ, ਜਿਨ੍ਹਾਂ ਲਈ ਅੰਗਰੇਜ਼ੀ ਨਹੀਂ ਸੀ ਵਰਤੀ ਜਾਂਦੀ, ਉਰਦੂ ਦੀ ਹੀ ਵਰਤੋਂ ਹੁੰਦੀ ਸੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸਰਕਾਰ ਨੂੰ ਇਹ ਅਲਟੀਮੇਟਮ ਦੇ ਕੇ ਗੇਂਦ ਰੋੜ੍ਹ ਦਿੱਤੀ ਕਿ 30 ਮਈ 1981 ਤੋਂ ਪਹਿਲਾਂ-ਪਹਿਲਾਂ ਅੰਮ੍ਰਿਤਸਰ ਦੇ ਫ਼ਸੀਲ-ਅੰਦਰਲੇ ਸ਼ਹਿਰ ਵਿਚ ਤੰਬਾਕੂ ਦੀ ਵਰਤੋਂ ਅਤੇ ਵਿਕਰੀ ਉਤੇ ਪਾਬੰਦੀ ਲਾ ਦਿੱਤੀ ਜਾਵੇ, ਨਹੀਂ ਤਾਂ ਉਹ ਮੁਜ਼ਾਹਰੇ ਦਾ ਸਾਹਮਣਾ ਕਰੇ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਲੋਂ ਜਲੂਸ ਕੱਢੇ ਜਾਣ ਤੋਂ ਪਹਿਲਾਂ ਹੀ, ਆਰੀਆ ਸਮਾਜ ਤੇ ਕੁਝ ਹਿੰਦੂ ਸੰਸਥਾਵਾਂ ਨੇ ਇਕ ਵਿਸ਼ਾਲ ਜਲੂਸ ਕੱਢਿਆ ਤੇ ਮੰਗ ਕੀਤੀ ਕਿ ਤੰਬਾਕੂ ਦੀ ਵਿਕਰੀ ਉਤੇ ਪਾਬੰਦੀ ਦੇ ਨਾਲ ਹੀ ਸ਼ਰਾਬ ਤੇ ਮਾਸ ਦੀ ਵਿਕਰੀ ਤੇ ਵਰਤੋਂ ਉਤੇ ਵੀ ਪਾਬੰਦੀ ਲਾਈ ਜਾਵੇ।

31 ਮਈ ਨੂੰ ਭਿੰਡਰਾਂਵਾਲੇ ਨੇ ਇਕ ਜਲੂਸ ਦੀ ਅਗਵਾਈ ਕੀਤੀ ਅਤੇ ਤੰਬਾਕੂ ਦੀ ਵਿਕਰੀ ਤੇ ਵਰਤੋਂ ਉਤੇ ਪਾਬੰਦੀ ਲਾਉਣ ਦੀ ਮੰਗ ਕੀਤੀ, ਜਲੂਸ ਵਿਚ ਸ਼ਾਮਿਲ ਲੋਕਾਂ ਨੇ ਹਿੰਦੂ-ਵਿਰੋਧੀ ਨਾਅਰੇ ਲਾਏ, ਪੁਲਿਸ ਨਾਲ ਝੜਪ ਵਿਚ ਲਗਭਗ ਇਕ ਦਰਜ ਲੋਕ ਮਰ ਗਏ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ 2 ਜੂਨ, 1981 ਨੂੰ ਸਭਨਾਂ ਰਾਜਸੀ, ਧਾਰਮਿਕ, ਸਮਾਜਿਕ ਤੇ ਕਾਰੋਬਾਰੀ ਸੰਸਥਾਵਾਂ ਦੀ ਮੀਟਿੰਗ ਬੁਲਾਈ ਤੇ ਉਹਨਾਂ ਸਾਹਮਣੇ ਤਜਵੀਜ਼ ਰੱਖੀ। ਸਮਝੌਤੇ ਵਜੋਂ ਇਕ ਹੱਲ ਲੱਭਿਆ ਗਿਆ, ਹਿੰਦੂਆਂ ਨੇ ਕਿਹਾ ਕਿ ਫ਼ਸੀਲ-ਅੰਦਰਲੇ ਸ਼ਹਿਰ ਵਿਚ ਨਸ਼ੀਲੀਆਂ ਚੀਜ਼ਾਂ ਦੀ ਵਿਕਰੀ ਤੇ ਪਾਬੰਦੀ ਲਾਈ ਜਾਵੇ, ਗੋਲਡਨ ਟੈਂਪਲ ਅਤੇ ਦੁਰਗਿਆਨਾ ਹਿੰਦੂ ਟੈਂਪਲ, ਦੋਹਾਂ ਦੇ ਹੀ ਇਰਦ-ਗਿਰਦ। ਇਸ ਬਾਰੇ ਵੀ ਸਹਿਮਤੀ ਹੋਈ ਕਿ 'ਅੰਮ੍ਰਿਤਸਰ ਇਕ ਪਵਿੱਤਰ ਸ਼ਹਿਰ* ਹੈ ਅਤੇ ਨਿਰੰਤਰ ਤੌਰ 'ਤੇ ਪਵਿੱਤਰ ਸ਼ਹਿਰ ਹੈ।'

ਅਜਿਹੀ ਸਥਿਤੀ ਸੀ ਪੰਜਾਬ ਵਿਚ, ਜਦੋਂ ਅਕਾਲੀਆਂ ਨੇ 8 ਸਤੰਬਰ, 1981 ਨੂੰ 46 ਸ਼ਿਕਾਇਤਾਂ ਦਾ ਚਾਰਟਰ ਸ਼੍ਰੀਮਤੀ ਗਾਂਧੀ ਸਾਹਮਣੇ ਰੱਖਿਆ। ਇਹ ਸ਼ਿਕਾਇਤਾਂ ਸਿੱਖ ਸ਼ਿਕਾਇਤਾਂ ਨਾਲੋਂ ਪੰਜਾਬੀ ਸ਼ਿਕਾਇਤਾਂ ਵਧੇਰੇ ਸਨ, ਪਰ ਅਕਾਲੀਆਂ ਵਲੋਂ ਹਿੰਦੂਆਂ ਨੂੰ ਆਪਣੇ ਨਾਲ ਸ਼ਾਮਿਲ ਕਰਨ ਲਈ ਕੋਈ ਜਤਨ ਨਾ ਕੀਤਾ ਗਿਆ। ਸੈਕੂਲਰ ਬਣਨ ਦੇ ਸੰਖੇਪ ਜਿਹੇ ਜਤਨ ਵਿਚ ਜਦੋਂ ਜਨਤਾ ਪਾਰਟੀ ਉਹਨਾਂ ਦੀ ਇਤਿਹਾਦੀ ਸੀ, ਸਿੱਖਾਂ ਅੰਦਰ ਅਕਾਲੀਆਂ ਦੀ ਹਿਮਾਇਤ ਖੁਰ ਗਈ ਤੇ ਅਕਾਲੀਆਂ ਨੇ ਮੁੜ ਆਪਣੇ ਪਾਲੇਟਿਕਸ ਵਿਚ ਫਿਰਕੂ ਬਣਨਾ ਚਾਹਿਆ ਅਤੇ ਅਕਾਲੀ ਚਾਰਟਰ ਪੇਸ਼ ਕਰਨ ਦੇ ਅਗਲੇ ਹੀ ਦਿਨ ਜਗਤ ਨਾਰਾਇਣ ਨੂੰ ਲੁਧਿਆਣੇ ਲਾਗੇ ਗਰੈਂਡ ਟਰੰਕ ਰੋਡ ਉਤੇ ਕਤਲ ਕਰ ਦਿੱਤਾ ਗਿਆ। ਦਹਿਸ਼ਤਪਸੰਦ ਇਹ ਗੱਲ ਯਕੀਨੀ ਬਣਾ ਰਹੇ ਸਨ ਕਿ ਸਿੱਖਾਂ ਤੇ ਹਿੰਦੂਆਂ ਵਿਚਲਾ ਪਾੜਾ ਡੂੰਘਾ ਕਰ ਦਿੱਤਾ ਜਾਵੇ।

---

* *ਇਹ ਮੰਗ ਅਕਾਲੀਆਂ ਦੀ ਇਕ ਧਾਰਮਿਕ ਮੰਗ ਬਣ ਗਈ ਕਿ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਐਲਾਨਿਆ ਜਾਵੇ। ਜਦੋਂ ਅਕਾਲੀਆਂ ਨੇ ਇਹ ਮਾਮਲਾ ਹਿੰਦ-ਸਰਕਾਰ ਸਾਹਮਣੇ ਰੱਖਿਆ ਤਾਂ ਉਹਦਾ ਆਰੰਭਕ ਪ੍ਰਤੀਕਰਮ ਇਹ ਸੀ ਕਿ ਸਰਕਾਰ ਨੇ ਭਾਰਤ ਦੇ ਕਿਸੇ ਵੀ ਸ਼ਹਿਰ ਨੂੰ 'ਪਵਿੱਤਰ ਸ਼ਹਿਰ' ਦਾ ਦਰਜਾ ਨਹੀਂ ਦਿੱਤਾ।*

ਪਰ ਸਰਕਾਰ ਨੇ ਇਹ ਜ਼ਰੂਰ ਮੰਨਿਆ ਕਿ ਹਰਿਦੁਆਰ ਤੇ ਕੁਰੁਕਸ਼ੇਤਰ ਵਰਗੇ ਸ਼ਹਿਰਾਂ ਦੇ ਨਿਸ਼ਾਨੇ ਗਏ ਇਲਾਕਿਆਂ ਵਿਚ ਮਾਸ ਜਾਂ ਸ਼ਰਾਬ ਦੀ ਵਿਕਰੀ ਉਤੇ ਰੋਕਾਂ ਲੱਗੀਆਂ ਹੋਈਆਂ ਹਨ, ਪਰ ਇਹ ਰੋਕਾਂ ਸਥਾਨਕ ਹਾਕਮਾਂ ਜਾਂ ਰਾਜ ਸਰਕਾਰ ਵਲੋਂ ਲਾਈਆਂ ਗਈਆਂ ਹਨ।

ਕਾਂਸ਼ੀ (ਬਨਾਰਸ) ਵਿਚ ਕੋਈ ਰੋਕਾਂ ਨਹੀਂ ਹਨ। ਹਕੂਮਤ ਨੇ ਸੁਝਾਅ ਦਿੱਤਾ ਕਿ ਅੰਮ੍ਰਿਤਸਰ ਵਿਖੇ ਵੀ ਇਹਨਾਂ ਹੀ ਲੀਹਾਂ ਉਤੇ ਕਾਰਵਾਈ ਕੀਤੀ ਜਾ ਸਕਦੀ ਹੈ। ਪ੍ਰਧਾਨ ਮੰਤਰੀ ਨੇ ਸੁਝਾਉ ਦਿੱਤਾ ਕਿ 'ਮੁਨਾਸਬ ਕਾਰਵਾਈ' ਦੀ ਸਿਫ਼ਾਰਸ਼ ਕਰਨ ਲਈ ਇਕ ਕਮੇਟੀ ਥਾਪੀ ਜਾ ਸਕਦੀ ਹੈ।

ਪਿੱਛੇ ਜਿਹੇ ਤੋਂ, ਜਗਤ ਨਾਰਾਇਣ ਨੇ ਆਪਣੇ ਅਖ਼ਬਾਰਾਂ ਰਾਹੀਂ ਖ਼ਾਲਿਸਤਾਨ ਦੇ ਹਿਮਾਇਤੀਆਂ ਉਤੇ ਜ਼ੋਰਦਾਰ ਹਮਲੇ ਕੀਤੇ ਸਨ ਅਤੇ ਇਸ ਮੰਗ ਨੂੰ ਰਾਸ਼ਟਰ-ਵਿਰੋਧੀ ਦੱਸਿਆ ਸੀ, ਜਿਸ ਨੂੰ ਸੀ.ਆਈ.ਏ. ਅਤੇ ਕੇ.ਜੀ.ਬੀ. ਵਲੋਂ ਹਿਮਾਇਤ ਮਿਲ ਰਹੀ ਹੈ ਤਾਂ ਜੁ ਸਰਹੱਦੀ ਰਾਜ ਵਿਚ ਅਸਥਿਰਤਾ ਪੈਦਾ ਕਰ ਦਿੱਤੀ ਜਾਵੇ। ਇਸ ਕਤਲ ਪਿਛੋਂ, ਉਹਦੇ ਪੁੱਤਰ ਗਮੇਸ਼ ਚੰਦਰ ਨੇ ਲਿਖਿਆ : 'ਤੇਰੇ ਪਿਤਾ ਨੂੰ ਕਤਲ ਕਰਨ ਦੇ ਸੰਬੰਧ ਵਿਚ ਮੁੱਖ ਨਿਸ਼ਾਨਾ ਇਹ ਦਿੱਸਦਾ ਹੈ ਕਿ ਖ਼ਾਲਿਸਤਾਨ ਦੇ ਇਕ ਅੱਤ ਕੱਟੜ ਵਿਰੋਧੀ ਨੂੰ ਖ਼ਤਮ ਕਰ ਦਿੱਤਾ ਜਾਵੇ।' ਉਹਦੇ ਦੂਜੇ ਪੁੱਤਰ ਵਿਜੈ ਕੁਮਾਰ ਨੇ ਕਿਹਾ ਕਿ 'ਹਿੰਦ ਸਮਾਚਾਰ ਦੀ ਪੰਜਾਬੀ ਐਡੀਸ਼ਨ ਜਗਬਾਣੀ ਕੱਢਣ ਪਿਛੋਂ ਹੀ ਉਹਨਾਂ ਦੀਆਂ ਮੁਸੀਬਤਾਂ ਦਾ ਮੁੱਢ ਬੱਝਾ ਸੀ ਜਦੋਂ ਇਹ ਐਡੀਸ਼ਨ ਕੱਢਣ ਨਾਲ ਅਕਾਲੀ-ਪੱਖੀ ਪੰਜਾਬੀ ਅਖ਼ਬਾਰ ਅਜੀਤ ਦੀ ਇਜਾਰਾਦਾਰੀ ਨੂੰ ਚੈਲੰਜ ਕੀਤਾ ਗਿਆ।'

ਜਗਤ ਨਾਰਾਇਣ ਨੇ ਭਾਵੇਂ 1977 ਵਿਚ ਅਕਾਲੀ-ਜਨਤਾ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ, ਪਰ 1978 ਵਿਚ ਉਸ ਨੇ ਅਕਾਲੀਆਂ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਉਹ ਅੰਮ੍ਰਿਤਸਰ ਵਿਖੇ ਨਿਰੰਕਾਰੀ ਕਾਨਫ਼ਰੰਸ ਵਿਚ ਸ਼ਾਮਿਲ ਸੀ, ਜਿਸ ਦਾ ਭੋਗ ਟੱਕਰ ਵਿਚ ਪਿਆ ਸੀ। ਉਹਨੇ ਸਪੈਸ਼ਲ ਕਮਿਸ਼ਨ ਦੇ ਸਾਹਮਣੇ ਨਿਰੰਕਾਰੀਆਂ ਵਲੋਂ ਗਵਾਹੀ ਵੀ ਦਿੱਤੀ ਸੀ।

ਜਗਤ ਨਾਰਾਇਣ ਦਾ ਕਤਲ ਦਹਿਸ਼ਤਪਸੰਦੀ ਦੀ ਉਸ ਲਹਿਰ ਦਾ ਸ੍ਰੀ ਗਣੇਸ਼ ਸੀ ਜੀਹਨੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਲੈਣਾ ਸੀ ਅਤੇ ਇਸ ਦੀ ਨਿਖੇਧੀ ਨਾ ਕਰਨਾ ਅਕਾਲੀਆਂ ਦੇ ਉਸ ਵਤੀਰੇ ਦਾ ਲਖਾਇਕ ਸੀ ਜੋ ਉਹਨਾਂ ਨੇ ਇਸ ਤੋਂ ਮਗਰੋਂ ਨਿਰਦੋਸ਼ ਲੋਕਾਂ ਦੇ ਕਤਲ ਦੇ ਸਿਲਸਿਲੇ ਵਿਚ ਧਾਰਨ ਕਰ ਲਿਆ ਸੀ। ਕੋਈ ਅਕਾਲੀ ਵੀ ਜਗਤ ਨਾਰਾਇਣ ਦੇ ਸਸਕਾਰ ਦੇ ਮੌਕੇ ਮੌਜੂਦ ਨਹੀਂ ਸੀ। ਸਥਾਨਕ ਹਿੰਦੂ ਪ੍ਰਤੀਕਰਮ ਵਿਰੋਧੀ ਕਿਸਮ ਦਾ ਸੀ, ਜਲੂਸ ਵਿਚ ਸ਼ਾਮਿਲ ਕੁਝ ਲੋਕਾਂ ਨੇ ਰਾਹ-ਗੁਜ਼ਰੂ ਸਿੱਖਾਂ ਉਤੇ ਪੱਥਰ ਸੁੱਟੇ, ਸਿੱਖ-ਵਿਰੋਧੀ ਨਾਅਰੇ ਲਾਏ, 'ਕਛਾ, ਕੜਾ ਔਰ ਕਿਰਪਾਨ—ਭੇਜੇਂਗੇ ।ਏਸੇ ਪਾਕਿਸਤਾਨ' ਦਾ ਨਾਅਰਾ ਲਾਇਆ ਗਿਆ ਤੇ ਅਜੀਤ ਦੇ ਭਵਨ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ।

ਇਹ ਉਹ ਸਮਾਂ ਸੀ ਜਦੋਂ ਸਰਕਾਰ ਸ਼ਰਾਰਤ ਨੂੰ ਥਾਏਂ ਦੱਬ ਸਕਦੀ ਸੀ, ਪਰ ਦਰਬਾਰਾ ਸਿੰਘ ਦੀ ਪ੍ਰਮੁਖਤਾ ਵਿਚ ਰਾਜ ਸ਼ਾਸਨ ਨੇ ਉਦਾਸੀਨ ਵਤੀਰਾ ਦਰਸਾਇਆ, ਉਹਨੇ ਇਸ ਘਟਨਾ ਦੀ ਗੰਭੀਰਤਾ ਨੂੰ ਨਾ ਸਮਝਿਆ ਅਤੇ ਇਹਨੂੰ ਸਰਸਰੀ ਤੌਰ 'ਤੇ ਲਿਆ। ਹਿੰਦੂਆਂ ਤੇ ਸਿੱਖਾਂ ਵਿਚਲਾ ਪਾੜਾ ਸਦਾ-ਵਧੇਰੇ ਲੋਕਾਂ ਨੂੰ ਪ੍ਰਭਾਵਤ ਕਰ ਰਿਹਾ ਸੀ ਅਤੇ ਇਹ ਇਕੱਲਾ ਕਾਨੂੰਨ ਤੇ ਅਨੁਸ਼ਾਸਨ ਦਾ ਮਾਮਲਾ ਹੀ ਨਹੀਂ ਸੀ ਰਿਹਾ। ਜ਼ੈਲ ਸਿੰਘ ਅੱਗੇ ਚੱਲ ਕੇ ਜਗਤ ਨਾਰਾਇਣ ਦੀ ਮੌਤ 'ਤੇ ਅਫ਼ਸੋਸ ਲਈ ਜਲੰਧਰ ਪਹੁੰਚਿਆ, ਪਰ ਉਹਦੀ ਇਹ ਫੇਰੀ ਉਹਦੇ ਰਾਜਸੀ ਸ਼ਰੀਕ, ਦਰਬਾਰਾ ਸਿੰਘ ਦੀ ਸ਼ਾਸਨੀ-ਅਸਫਲਤਾ ਨੂੰ ਹੀ ਮੁਖ ਤੌਰ 'ਤੇ ਦਰਸਾਂਦੀ ਜਾਪੀ।

ਜਗਤ ਨਾਰਾਇਣ ਦੇ ਕਤਲ ਦੇ ਪਿਛੋਂ ਸਥਿਤੀ ਵਿਗੜਨ ਲੱਗੀ ਤੇ ਪੰਜਾਬ ਪ੍ਰੈਸ ਨੇ ਬਲਦੀ ਉਤੇ ਤੇਲ ਪਾਇਆ।*

---

* *ਪੰਜਾਬ-ਪ੍ਰੈਸ ਬਹੁ-ਭਾਸ਼ਾਈ ਹੈ। ਅਖ਼ਬਾਰ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਵਿਚ ਨਿਕਲਦੇ ਹਨ, ਕਈ ਤਾਂ ਦੋ-ਦੋ, ਤਿੰਨ-ਤਿੰਨ ਭਾਸ਼ਾਵਾਂ ਵਿਚ ਵੀ ਨਿਕਲਦੇ ਹਨ। ਟਰਿਬਿਊਨ (150 ਸਾਲ ਪੁਰਾਣਾ), ਇੰਡੀਅਨ ਐਕਸਪ੍ਰੈੱਸ ਚੰਡੀਗੜ੍ਹ ਤੋਂ ਨਿਕਲਦੇ ਹਨ। ਦੈਨਿਕ ਟਰਿਬਿਊਨ (ਹਿੰਦੀ) ਅਤੇ ਪੰਜਾਬੀ ਟਰਿਬਿਊਨ ਵੀ ਚੰਡੀਗੜ੍ਹ ਤੋਂ ਪ੍ਰਕਾਸ਼ਤ ਹੁੰਦੇ ਹਨ।*

ਜਿਵੇਂ ਕਿ ਐਡੀਟਰਜ਼ ਗਿਲਡ ਆਫ਼ ਇੰਡੀਆ ਦੀ ਇਕ ਟੀਮ ਨੇ ਪੰਜਾਬ ਦੇ ਦੌਰੇ ਪਿਛੋਂ ਆਪਣੀ ਰਿਪੋਰਟ ਵਿਚ ਲਿਖਿਆ : 'ਤੰਗ ਨਜ਼ਰ ਟਕਰਾਉ ਤੇ ਧਰੁਵੀਕਰਣ ਦੇ ਆਮ ਵਾਤਾਵਰਨ ਨੂੰ ਹੁੰਗਾਰਾ ਭਰਦਿਆਂ, ਇਹ ਵੇਖ ਕੇ ਦੁੱਖ ਹੁੰਦਾ ਹੈ ਕਿ ਪੰਜਾਬ ਵਿਚ ਅਖ਼ਬਾਰ, ਖ਼ੁਦ ਆਪਣੇ ਇਕਬਾਲ ਅਨੁਸਾਰ, ਪੂਰੀ ਤਰ੍ਹਾਂ ਕਮਿਊਨਿਲ ਲੀਹਾਂ ਉਤੇ ਵੰਡੇ ਗਏ ਹਨ। ਸਾਨੂੰ ਚੰਡੀਗੜ੍ਹ, ਜਲੰਧਰ ਤੇ ਅੰਮ੍ਰਿਤਸਰ ਵਿਚ ਇਹ ਗੱਲ ਕਈ ਹਿੰਦੂ ਤੇ ਸਿੱਖ ਪੱਤਰਕਾਰਾਂ ਵਲੋਂ ਮੁਜ਼-ਮੁਜ਼ ਸਪੱਸ਼ਟ ਤਰ੍ਹਾਂ ਦੱਸੀ ਗਈ। ਇਹ ਦੁੱਖ-ਭਰੀ ਟਿਪਣੀ ਹੈ ਅਤੇ ਡੂੰਘੀ ਕਿੱਤਾਵਰ ਤੇ ਸਮਾਜਕ ਫ਼ਿਕਰਮੰਦੀ ਦਾ ਮਾਮਲਾ ਹੈ। ਜੇ ਪ੍ਰੈੱਸ ਹੀ ਧੜੇਬੰਦ, ਪੱਖਪਾਤੀ ਹੋ ਜਾਵੇ ਤਾਂ ਇਹਦੇ ਵਲੋਂ ਪੇਸ਼ ਕੀਤੇ ਗਏ ਬਿੰਬ ਵਿਗੜ ਜਾਣਗੇ। ਸਾਨੂੰ ਮਿਲਣ ਵਾਲੇ ਰਿਪੋਰਟਰਾਂ ਨੇ ਖੁਲ੍ਹਮ-ਖੁੱਲ੍ਹਾ ਮੰਚ ਉਤੇ ਸਾਂਝੇ ਤੌਰ 'ਤੇ ਮਿਲਣ ਦੀ ਥਾਂ ਵਿਅਕਤੀਗਤ ਰੂਪ ਵਿਚ ਮਾਮਲੇ ਵਿਚਾਰਨ ਨੂੰ ਤਰਜੀਹ ਦਿੱਤੀ।'

ਹਿੰਦੂ ਜਗਤ ਨਾਰਾਇਣ ਦੇ ਕਾਤਲਾਂ ਵਿਰੁਧ ਕਰੜੀ ਕਾਰਵਾਈ ਦੀ ਮੰਗ ਕਰਦੇ ਸਨ ਤੇ ਭਿੰਡਰਾਂਵਾਲਾ ਨੂੰ ਦੋਸ਼ੀ ਠਹਿਰਾਉਂਦੇ ਸਨ। ਕਈ ਵਾਰ ਉਹਨੇ ਆਖਿਆ ਸੀ ਕਿ ਉਹ ਜਗਤ ਨਾਰਾਇਣ ਨੂੰ ਕਤਲ ਕਰਨ ਵਾਲੇ ਆਦਮੀ ਨੂੰ 'ਸਨਮਾਨੇਗਾ'। ਭਿੰਡਰਾਂਵਾਲੇ ਉਤੇ ਲੱਗੇ ਕਤਲ ਦੇ ਇਸ ਦੋਸ਼ ਤੋਂ ਉਹ ਨਾ-ਖ਼ੁਸ਼ ਨਹੀਂ ਸੀ, ਉਹਨੇ ਭਾਂ ਸਗੋਂ ਆਖਿਆ ਕਿ ਉਹ ਜੋ ਕੁਝ ਵੀ ਕਰ ਰਿਹਾ ਸੀ ਉਹ 'ਸਿੱਖਾਂ' ਵਾਸਤੇ ਹੀ ਸੀ।'

ਉਹਦੀ ਗ੍ਰਿਫ਼ਤਾਰੀ ਲਈ ਵਾਰੰਟ ਕੱਢੇ ਗਏ। ਭਿੰਡਰਾਂਵਾਲਾ ਚੰਦੂਕਲਾਂ, ਹਰਿਆਣੇ ਵਿਚ ਸੀ ਤੇ ਉਹਨੂੰ ਇਥੇ ਹੀ ਆਲ ਇੰਡੀਆ ਰੇਡੀਉ ਦੇ ਨਿਊਜ਼ ਬੁਲੇਟਨ ਤੋਂ ਇਹਦਾ ਪਤਾ ਲੱਗਿਆ ਸੀ। ਦਰਬਾਰਾ ਸਿੰਘ ਨੇ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੂੰ ਇਹਦੇ ਬਾਰੇ ਸੂਚਨਾ ਦਿੱਤੀ ਤੇ ਵਾਰੰਟ ਸਰਵ ਕਰਨ ਵਿਚ ਉਹਦੀ ਸਹਾਇਤਾ ਮੰਗੀ, ਪਰ ਫ਼ੋਨ ਉਤੇ ਜ਼ੈਲ ਸਿੰਘ ਉਹਨੂੰ ਪਹਿਲਾਂ ਹੀ ਹਿਦਾਇਤ ਦੇ ਚੁਕਿਆ ਸੀ ਕਿ ਭਿੰਡਰਾਂਵਾਲੇ ਨੂੰ ਚਲੇ ਜਾਣ ਦਿੱਤਾ ਜਾਵੇ। ਭਿੰਡਰਾਂਵਾਲੇ ਦੇ ਚੰਦੂਕਲਾਂ ਤੋਂ ਤੁਰ ਜਾਣ ਪਿਛੋਂ ਹੀ ਪੁਲਿਸ ਚੰਦੂਕਲਾਂ ਦੇ ਗੁਰਦੁਆਰੇ ਵਿਚ ਆਈ ਤੇ ਉਹਦੇ ਕੁਝ ਅਨੁਯਾਈਆਂ ਨੂੰ ਕੁੱਟਿਆ ਤੇ ਇਸ ਤਰ੍ਹਾਂ ਭਿੰਡਰਾਂਵਾਲੇ ਨੂੰ ਇਕ ਹੋਰ ਸ਼ਿਕਾਇਤ ਦਾ ਮੌਕਾ ਮੁਹਈਆ ਕੀਤਾ।

ਚੌਕ ਮਹਿਤਾ ਅਪੜਨ ਤੋਂ ਕਈ ਦਿਨ ਪਿਛੋਂ, ਪੰਜਾਬ ਸਰਕਾਰ ਨੇ ਉਹਨੂੰ ਆਤਮ-ਸਮਰਪਣ ਕਰਨ ਨੂੰ ਕਿਹਾ। ਉਸ ਸਮੇਂ ਅਨੰਦਪੁਰ ਸਾਹਿਬ ਜੁੜਨ ਵਾਲੇ ਅਕਾਲੀ ਆਗੂਆਂ ਨੇ ਵੀ ਉਹਨੂੰ ਗ੍ਰਿਫ਼ਤਾਰੀ ਲਈ ਪੇਸ਼ ਹੋਣ ਲਈ ਆਖਿਆ। ਭਿੰਡਰਾਂਵਾਲੇ ਨੇ ਇਸ ਮੌਕੇ ਦਾ ਲਾਭ ਉਠਾ ਕੇ ਆਪਣੇ ਅਨੁਯਾਈਆਂ ਤੇ ਦੁਨੀਆਂ ਨੂੰ ਵਿਖਾਉਣਾ ਚਾਹਿਆ ਕਿ ਉਹ ਆਤਮ-ਸਮਰਪਣ ਦੇ ਸਮੇਂ ਦੀ ਚੋਣ ਖ਼ੁਦ ਆਪ ਕਰੇਗਾ। 19 ਸਤੰਬਰ ਨੂੰ ਉਹ ਰਾਤੀਂ ਪਵਿੱਤਰ ਸਰੋਵਰ ਵਿਚ ਅਸ਼ਨਾਨ ਲਈ, 50 ਕਿਲੋਮੀਟਰ ਦੂਰ, ਗੋਲਡਨ ਟੈਂਪਲ ਗਿਆ ਤੇ ਅਸ਼ਨਾਨ ਕਰਕੇ ਓਸੇ ਰਾਤ ਵਾਪਸ ਆ ਗਿਆ ਤੇ ਇਹ ਪੁਲਿਸ ਦੀ ਕਾਰ ਹੀ ਸੀ ਜਿਹੜੀ ਉਹਨੂੰ ਅੰਮ੍ਰਿਤਸਰ ਲੈ ਗਈ ਸੀ, ਭਾਵੇਂ ਉਹਦੇ ਵਾਰੰਟ ਨਿਕਲੇ ਹੋਏ ਸਨ। ਭਿੰਡਰਾਂਵਾਲੇ ਦੇ ਹਥਿਆਰ ਜ਼ਬਤ ਕਰ ਲੈਣ ਬਾਰੇ ਨਵੀਂ ਦਿੱਲੀ ਦੇ ਹੁਕਮਾਂ ਨੂੰ ਵੀ ਕੋਈ ਹੁੰਗਾਰਾ ਨਾ ਭਰਿਆ ਗਿਆ। ਯੂਨੀਅਨ ਗ੍ਰਹਿ ਮੰਤਰੀ ਦਾ ਕਹਿਣਾ ਹੈ : 'ਸਬੰਧਿਤ ਲੋਕਾਂ ਤੋਂ ਹਥਿਆਰ ਹਾਸਲ ਕਰਨ ਲਈ ਜਾਂ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਹਨਾਂ ਦੇ ਹਥਿਆਰਾਂ ਦਾ ਲਾਇਸੰਸ ਸਸਪੈਂਡ ਕਰਨ ਲਈ ਪੰਜਾਬ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ।' ਇੰਜ ਜਾਪਿਆ ਜਿਵੇਂ ਹੁਣ

ਦਰਬਾਰਾ ਸਿੰਘ ਭਿੰਡਰਾਂਵਾਲੇ ਦਾ ਧਰਮ-ਪਿਤਾ ਬਣ ਗਿਆ ਸੀ।

ਇਹ ਤਥ ਕਿ ਭਿੰਡਰਾਂਵਾਲੇ* ਦੀ ਗ੍ਰਿਫ਼ਤਾਰੀ ਦੇ ਸਿਲਸਿਲੇ ਵਿਚ ਖ਼ੁਦ ਉਹਨੂੰ ਆਪਣੀ ਗ੍ਰਿਫ਼ਤਾਰੀ ਦੇ ਸਥਾਨ 'ਤੇ ਸਮੇਂ ਦੀ ਚੋਣ ਕਰਨ ਦੀ ਆਗਿਆ ਦਿੱਤੀ ਗਈ, ਜਾਂ ਤਾਂ ਪੰਜਾਬ ਸਰਕਾਰ ਦੀ ਬੇਵੱਸੀ ਦੀ ਜਾਂ ਉਹਦੀ ਮਿਲਭਗਤੀ ਦੀ ਸੂਚਕ ਹੈ। ਉਹ ਕਾਨੂੰਨ ਦਾ ਭਗੌੜਾ ਸੀ ਜੀਹਨੂੰ ਗੈਰ-ਜ਼ਰੂਰੀ ਤੌਰ 'ਤੇ ਉਚ-ਦੁਮਾਲੜਾ ਬਣਾਇਆ ਗਿਆ ਸੀ। ਜਦੋਂ ਉਹਦੀ 'ਤਲਾਸ਼' ਹੋ ਰਹੀ ਸੀ, ਉਹਨੇ ਅੰਮ੍ਰਿਤਸਰ ਵਿਖੇ ਤੰਬਾਕੂ ਵਿਰੁਧ ਜਲੂਸ ਦੀ ਅਗਵਾਈ ਕੀਤੀ। ਇੰਜ ਲੱਗਦਾ ਸੀ ਜਿਵੇਂ ਪੂਰਾ ਪੰਜਾਬ ਹੀ ਚੰਬਲ ਬਣ ਚੁਕਿਆ ਹੋਇਆ ਸੀ, ਜਿਥੇ ਧਾੜਵੀਆਂ ਤੇ ਬੰਦੂਕਾਂ ਦਾ ਹੁਕਮ ਹੀ ਚਲਦਾ ਹੈ, ਸਰਕਾਰ ਦਾ ਤੇ ਕਾਨੂੰਨ ਦਾ ਰਾਜ ਨਹੀਂ।

ਇਸ ਸਭ ਕਾਸੇ ਦਾ ਕਾਰਨ ਦਰਬਾਰਾ ਸਿੰਘ ਤੇ ਜ਼ੈਲ ਸਿੰਘ ਵਿਚਕਾਰ ਦੁਜਾਇਗੀ ਵੀ ਹੋ ਸਕਦਾ ਹੈ, ਯੂਨੀਅਨ ਗ੍ਰਹਿ ਮੰਤਰੀ ਆਪਣੀ ਸਰਬੋਤਮਤਾ ਸਥਾਪਤ ਕਰਨ ਦਾ ਚਾਹਵਾਨ ਸੀ ਤੇ ਮੁੱਖ ਮੰਤਰੀ ਉਹਨੂੰ ਵੰਗਾਰਨ ਉਤੇ ਤੁਲਿਆ ਹੋਇਆ ਸੀ। ਦੋਵਾਂ ਦੇ ਅਨੁਯਾਈ ਇਕ ਦੂਜੇ ਨੂੰ ਝਈਆਂ ਲੈ ਲੈ ਪੈਂਦੇ ਸਨ, ਜਿਸ ਦਾ ਕਾਂਗਰਸ ਪਾਰਟੀ ਤੇ ਰਾਜ, ਦੋਹਾਂ ਨੂੰ ਨੁਕਸਾਨ ਪਹੁੰਚ ਰਿਹਾ ਸੀ।

ਭਿੰਡਰਾਂਵਾਲੇ ਵਿਰੁਧ ਕਾਰਵਾਈ ਨਾ ਕੀਤੀ ਜਾਣਾ, ਵਾਰਤਾ ਦਾ ਇਕ ਭਾਗ ਹੀ ਹੈ। ਦੂਜਾ ਭਾਗ ਪੰਜਾਬ ਵਿਖੇ ਹਿੰਦੂਆਂ ਤੇ ਸਿੱਖਾਂ ਵਿਚਲਾ ਵਧਦਾ ਹੋਇਆ ਖਿਚਾਉ ਸੀ। ਦੋਹਾਂ ਕਮਿਊਨਿਟੀਆਂ ਦੇ ਅੱਤਵਾਦੀ ਨਫ਼ਰਤ ਤੇ ਬਦਬੋਈ ਤੇ ਵਾਤਾਵਰਨ ਦੀ ਸਿਰਜਣਾ ਕਰ ਰਹੇ ਸਨ, ਜਿਸ ਵਿਚ ਧਰਮ ਦੇ ਨਾਂ 'ਤੇ ਕਤਲ ਨੂੰ ਜਾਇਜ਼ ਠਹਿਰਾਇਆ ਗਿਆ। ਜਗਤ ਨਾਰਾਇਣ ਦਾ ਕਤਲ ਇਸੇ ਰੋਗ ਦਾ ਚਿੰਨ੍ਹ ਸੀ।

ਉਪ-ਮਹਾਂਦੀਪ ਦੀ ਵੰਡ ਨੂੰ ਪ੍ਰਵਾਨਗੀ ਮਿਲਣ ਪਿਛੋਂ, ਅੱਤਵਾਦੀ ਸਿੱਖ ਪਰਤ ਪੰਜਾਬ ਨੂੰ ਸੁਆਧੀਨ ਸਿੱਖ ਰਾਜ ਵਿਚ ਤਬਦੀਲ ਕਰਨਾ ਚਾਹੁੰਦੀ ਸੀ। ਸੁਤੰਤਰਤਾ-ਪ੍ਰਾਪਤੀ ਦੇ ਮੌਕੇ ਅੱਤਵਾਦੀ ਆਪਣੇ ਮਨਸੂਬੇ ਵਿਚ ਅਸਫਲ ਰਹੇ, ਪਰ ਉਹਨਾਂ ਨੇ ਆਪਣੇ ਜਤਨ ਢਿੱਲੇ ਨਹੀਂ ਸਨ ਕੀਤੇ। ਬਹੁਤੇ ਸਿੱਖ ਅਜੇ ਉਹਨਾਂ ਦੀ ਵਿਉਂਤਕਾਰੀ ਦਾ ਸ਼ਿਕਾਰ ਨਹੀਂ ਸਨ ਹੋਏ, ਪਰ ਅੱਤਵਾਦੀ ਹਿੰਦੂਆਂ ਨੇ ਉਹਨਾਂ ਦੇ ਮਨਾਂ ਵਿਚ ਸ਼ੱਕ ਸੰਦੇਹ ਦੇ ਬੀ ਬੀਜ ਦਿੱਤੇ ਹੋਏ ਸਨ।

ਬਹੁਤ ਸਾਰੇ ਹਿੰਦੂਆਂ ਨੇ 1951 ਦੀ ਮੱਰਦੁਮ-ਸ਼ੁਮਾਰੀ ਵਿਚ ਆਪਣੀ ਮਾਂ-ਬੋਲੀ ਹਿੰਦੀ ਲਿਖਵਾਈ ਸੀ। ਸਿੱਖ ਅੱਤਵਾਦੀ ਪ੍ਰਾਪੇਗੰਡਾ ਇਹ ਸੀ ਕਿ ਜੇ ਉਹਨਾਂ ਨੂੰ ਆਪਣੀ ਮਾਂ-ਬੋਲੀ ਨੂੰ ਹੀ ਤਲਾਂਜਲੀ ਦੇਣ ਲਈ ਪਰੇਰਿਆ ਜਾ ਸਕਦਾ ਹੈ, ਬੋਲੀ ਜੋ ਉਹ ਬੋਲਦੇ ਹਨ ਤਾਂ ਉਹ ਸਿੱਖਾਂ ਨਾਲ ਕਦੇ ਵੀ ਨਿਆਂ ਨਹੀਂ ਕਰ ਸਕਣਗੇ, ਇਸ ਦਲੀਲ ਨੂੰ ਸੁਣ ਕੇ ਔਸਤ ਸਿੱਖ ਸੋਚਣ ਲੱਗ ਪਿਆ ਕਿ ਜਿਹੜੇ ਲੋਕ ਆਪਣੀ ਮਾਂ-ਬੋਲੀ ਤੋਂ ਹੀ ਮੁਨਕਰ ਹੋਣ ਦੀ ਹੱਦ ਤਕ ਜਾ ਸਕਦੇ ਹਨ, ਕਿਉਂਕਿ ਇਹ ਸਿੱਖਾਂ ਦੀ ਬੋਲੀ ਹੈ, ਕੀ ਉਹ ਉਹਨਾਂ ਨਾਲ ਸ਼ਾਮਿਲ ਹੋ ਸਕਦੇ ਹਨ ?

20 ਸਤੰਬਰ ਨੂੰ ਭਿੰਡਰਾਂਵਾਲੇ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ ਤਾਂ ਲੋਕਾਂ

---

* *ਉਹ ਜਦੋਂ ਸੰਤੋਖ ਸਿੰਘ ਦੇ ਭੋਗ ਦੇ ਮੌਕੇ ਦਿੱਲੀ ਆਇਆ ਤਾਂ ਜ਼ੈਲ ਸਿੰਘ ਤੇ ਬੂਟਾ ਸਿੰਘ, ਦੋਹਾਂ ਨੇ ਹੀ ਭਿੰਡਰਾਂਵਾਲੇ ਦੇ ਚਰਨ ਛੂਹੇ ਸਨ। ਯਾਦ ਰਹੇ, ਸੰਤੋਖ ਸਿੰਘ ਨੂੰ ਕਾਂਗਰਸ (ਆਈ) ਦੀ ਹਿਮਾਇਤ ਹਾਸਲ ਸੀ ਤੇ ਉਹਨੂੰ ਦਸੰਬਰ 1981 ਵਿਚ ਕਤਲ ਕਰ ਦਿੱਤਾ ਗਿਆ ਸੀ।*

ਦਾ ਵੱਡਾ ਜੋੜਮੇਲਾ ਸੀ। ਉਹ ਪਬਲਿਸਿਟੀ ਚਾਹੁੰਦਾ ਸੀ ਤੇ ਸਰਕਾਰ ਨੇ ਇਸ ਵਿਚ ਉਹਦੀ ਸਹਾਇਤਾ ਕੀਤੀ, ਇਹ ਝਾਕੀ ਸੁਤੰਤਰਤਾ-ਪ੍ਰਾਪਤੀ ਤੋਂ ਪਹਿਲਾਂ ਦੇ ਚੇਤੇ ਸਜਗਾਉਂਦੀ ਸੀ ਜਦੋਂ ਕਈ ਕਾਂਗਰਸੀ ਆਗੂ ਹਜ਼ਾਰਾਂ ਲੋਕਾਂ ਦੇ ਸਾਹਮਣੇ ਪੁਲਿਸ ਨੂੰ ਆਤਮ-ਸਮਰਪਣ ਕੀਤਾ ਕਰਦੇ ਸਨ।

ਉਹਦੀ ਗ੍ਰਿਫ਼ਤਾਰੀ ਨੇ ਪੁਲਿਸ ਅਤੇ ਇਕੱਠੇ ਹੋਏ ਲੋਕਾਂ ਵਿਚਕਾਰ ਝੜਪ ਭੜਕਾ ਦਿੱਤੀ, ਉਸ ਤਮਾਸ਼ੇ ਦਾ, ਜੀਹਦਾ ਪ੍ਰਬੰਧ ਸਰਕਾਰ ਨੇ ਕੀਤਾ ਸੀ, ਭੋਗ ਇਸ ਤਰ੍ਹਾਂ ਹੀ ਪੈਣਾ ਸੀ। ਪੁਲਿਸ ਫਾਇਰਿੰਗ ਵਿਚ ਲਗਭਗ ਦਰਜਨ ਸਿੱਖ ਮਾਰੇ ਗਏ।

ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਨੇ ਉਹਨੂੰ ਅਨੇਕਾਂ ਸਿੱਖਾਂ ਦੀਆਂ ਨਜ਼ਰਾਂ ਵਿਚ ਹੀਰੋ ਬਣਾ ਦਿੱਤਾ, ਵਧੇਰੇ ਇਸ ਕਰ ਕੇ ਕਿਉਂਕਿ ਹਿੰਦੂ ਪ੍ਰੈੱਸ ਨੇ ਸਿੱਖ ਸਾਵਨਵਾਦ ਦੇ ਮੁਖ ਪ੍ਰਤੀਨਿਧ ਵਜੋਂ ਉਹਦੇ 'ਤੇ ਹੀ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹੋਏ ਸਨ।

ਸਿੱਖਾਂ ਵਿਚ, ਖ਼ਾਸ ਕਰਕੇ ਨੌਜਵਾਨਾਂ ਵਿਚ ਭਿੰਡਰਾਂਵਾਲੇ ਦੀ ਤਕੜੀ ਹਿਮਾਇਤ ਨੂੰ ਭਾਂਪਦਿਆਂ, ਨੌਜਵਾਨ ਜਿਨ੍ਹਾਂ ਵਿਚੋਂ ਕੁਝ 29 ਸਤੰਬਰ ਨੂੰ ਰੋਸ ਵਜੋਂ ਇੰਡੀਅਨ ਏਅਰ-ਲਾਈਨਜ਼ ਦੇ ਇਕ ਹਵਾਈ ਜਹਾਜ਼ ਦਾ ਅਪਹਰਣ ਕਰ ਕੇ ਲਾਹੌਰ ਲੈ ਗਏ ਸਨ। ਅਕਾਲੀਆਂ ਨੇ ਭਿੰਡਰਾਂਵਾਲੇ ਦੀ ਰਿਹਾਈ ਦੀ ਮੰਗ ਕੀਤੀ। ਉਹ ਇਸ ਰਾਜਸੀ ਵਰਤਾਰੇ ਦਾ ਲਾਭ ਉਠਾਉਣਾ ਚਾਹੁੰਦੇ ਸਨ, ਉਹ ਸਿੱਖਾਂ ਨੂੰ ਦੱਸਣਾ ਚਾਹੁੰਦੇ ਸਨ ਕਿ ਉਹ ਉਹਨਾਂ ਲਈ ਅਜਨਬੀ ਨਹੀਂ ਹੈ। ਉਹਨਾਂ ਦੀਆਂ ਨਜ਼ਰਾਂ ਭਵਿੱਖ ਉਪਰ ਵੀ ਟਿਕੀਆਂ ਹੋਈਆਂ ਸਨ। ਜਦੋਂ ਉਹਨਾਂ ਨੇ ਹਕੂਮਤ ਨੂੰ ਡਰਾਉਣ ਲਈ ਤੇ ਆਪਣੀਆਂ ਮੰਗਾਂ ਮੰਨਵਾਉਣ ਲਈ ਇਕ ਡੰਡੇ ਵਜੋਂ ਉਹਦੀ ਵਰਤੋਂ ਕਰਨੀ ਸੀ। ਅਕਾਲੀ ਜਾਣਦੇ ਸਨ ਕਿ ਗਿਆਨੀ ਜ਼ੈਲ ਸਿੰਘ ਭਿੰਡਰਾਂਵਾਲੇ ਨਾਲ ਆਪਣੇ ਸੰਬੰਧ ਜੋੜ ਚੁਕਿਆ ਹੋਇਆ ਹੈ ਜਿਹੜਾ ਹੁਣ ਬਹੁਤ ਹੀ ਵਿਵਾਦੀ ਵਿਅਕਤੀ ਬਣ ਗਿਆ ਹੋਇਆ ਸੀ। ਇਹਦੀ ਪੁਸ਼ਟੀ ਉਹਨਾਂ ਪੱਤਰਾਂ ਤੋਂ ਹੁੰਦੀ ਹੈ ਜੋ ਜ਼ੈਲ ਸਿੰਘ ਨੇ ਉਹਨੀਂ ਦਿਨੀਂ ਦਰਬਾਰਾ ਸਿੰਘ ਨੂੰ ਲਿਖੇ ਤੇ ਜਿਨ੍ਹਾਂ ਵਿਚ ਭਿੰਡਰਾਂਵਾਲੇ ਤੇ ਉਹਦੇ ਨਿਕਟ-ਵਰਤੀ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਹਾਇਤਾ ਚਾਹੀ ਗਈ ਸੀ।

ਸਰਕਾਰ ਨੇ ਭਿੰਡਰਾਂਵਾਲੇ ਨੂੰ ਬਿਨਾਂ-ਸ਼ਰਤ ਰਿਹਾ ਕਰ ਦਿੱਤਾ।

21 ਸਤੰਬਰ ਨੂੰ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਦੇ ਅਗਲੇ ਦਿਨ, ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੀ ਚੰਡੀਗੜ੍ਹ ਫੇਰੀ ਸਮੇਂ, ਅਕਾਲੀ ਲੀਡਰਾਂ ਨੂੰ ਗੱਲਬਾਤ ਲਈ ਸੱਦ ਭੇਜਿਆ। ਉਹਨਾਂ ਨੂੰ ਟੋਹਿਆ ਕਿ ਕੀ ਉਹ ਕਿਸੇ ਰਿਟਾਇਰਡ ਸਿੱਖ ਸਿਵਿਲ ਸਰਵੈਂਟ ਦਾ ਗੱਲਾਂਬਾਤਾਂ ਦੇ ਮੌਕੇ ਮੌਜੂਦ ਹੋਣਾ ਪਸੰਦ ਕਰਨਗੇ। ਇਹ ਤਿੰਨ ਨਾਂ ਸੁਝਾਏ ਗਏ : ਆਰ.ਐਸ. ਤਲਵਾੜ, ਸਰਨ ਸਿੰਘ, ਐਸ.ਐਸ. ਗਰੇਵਾਲ, ਇਹ ਤਿੰਨੇ ਆਈ.ਏ.ਐਸ. ਨਾਲ ਸੰਬੰਧਤ ਸਨ। ਅਕਾਲੀ ਕਿਸੇ ਵੀ ਬਾਹਰੇ ਨੂੰ, ਇਥੋਂ ਤੱਕ ਕਿ ਸਾਬਕ ਵਿਦੇਸ਼ ਮੰਤਰੀ ਸਵਰਨ ਸਿੰਘ ਨੂੰ ਵੀ ਗੱਲਾਂਬਾਤਾਂ ਵਿਚ ਸ਼ਾਮਿਲ ਕਰਨਾ ਨਹੀਂ ਸੀ ਚਾਹੁੰਦੇ।

ਅਕਾਲੀਆਂ ਨੂੰ ਕਿਹਾ ਗਿਆ ਕਿ ਉਹ ਆਪਣੀਆਂ ਸ਼ਿਕਾਇਤਾਂ ਦੀ ਸੂਚੀ ਤਿਆਰ ਕਰ ਕੇ ਦੇਣ, ਉਂਜ ਭਾਵੇਂ ਸਰਕਾਰ ਕੋਲ ਇਹ ਵਿਖਾਉਣ ਲਈ ਤੱਥ ਤੇ ਅੰਕੜੇ ਮੌਜੂਦ ਸਨ ਕਿ ਸਿੱਖਾਂ ਦੀ ਹਾਲਤ ਛੁਟ ਪਾਰਸੀਆਂ ਦੇ ਸਭਨਾਂ ਭਾਰਤੀ ਕਮਿਊਨਿਟੀਆਂ ਨਾਲੋਂ ਚੰਗੇਰੀ ਹੈ। ਅਕਾਲੀਆਂ ਨੇ ਅਕਤੂਬਰ ਵਿਚ ਇਕ ਤਾਜ਼ਾ ਮੈਮੋਰੰਡਮ ਪੇਸ਼ ਕੀਤਾ, ਇਸ ਵਾਰ ਇਹ ਸ਼ਿਕਾਇਤਾਂ ਨਹੀਂ, ਸਗੋਂ ਮੰਗਾਂ

ਹਨ। ਇਹ ਪੰਦਰਾਂ ਸਨ, ਪਰ ਇਹਨਾਂ ਵਿਚੋਂ ਮੁਖ ਇਹ ਸਨ:- ਦਰਿਆਈ ਪਾਣੀਆਂ ਦੀ ਮੁੜ-ਵੰਡਾਂ, ਚੰਡੀਗੜ੍ਹ ਨੂੰ ਪੰਜਾਬ ਵਿਚ ਹੀ ਰਹਿਣ ਦੇਣਾ, ਕੁਲ-ਹਿੰਦ ਗੁਰਦੁਆਰਾ ਐਕਟ ਪਾਸ ਕਰਨਾ ਅਤੇ ਅਨੰਦਪੁਰ ਸਾਹਿਬ ਦੇ ਮਤੇ ਨੂੰ, ਇਹਦੇ ਲੁਧਿਆਣੇ ਵਾਲੇ ਤਰਮੀਮ-ਸ਼ੁਦਾ ਰੂਪ ਵਿਚ ਲਾਗੂ ਕਰਨਾ।

ਪਹਿਲੀ ਗੱਲ ਜਿਹੜੀ ਸ਼੍ਰੀਮਤੀ ਇੰਦਰਾ ਗਾਂਧੀ ਨੇ 16 ਨਵੰਬਰ ਵਾਲੀ ਮੀਟਿੰਗ ਵਿਚ ਅਕਾਲੀਆਂ ਨੂੰ ਆਖੀ ਇਹ ਸੀ : 'ਭਿੰਡਰਾਂਵਾਲਾ ਚੰਗਾ ਆਦਮੀ ਨਹੀਂ, ਤੁਸੀਂ ਗੈਰ-ਜ਼ਰੂਰੀ ਤੌਰ 'ਤੇ ਉਹਦੀ ਹਿਮਾਇਤ ਕਰਦੇ ਰਹੇ ਹੋ।' ਅਕਾਲੀਆਂ ਨੇ ਦੋ-ਟੁਕ ਉੱਤਰ ਦਿੱਤਾ ਕਿ ਇਹ ਤਾਂ ਕਾਂਗਰਸ (ਆਈ) ਹੈ ਜਿਹੜੀ ਉਹਦੀ ਹਿਮਾਇਤ ਕਰਦੀ ਹੈ, 1979 ਦੀਆਂ ਗੁਰਦੁਆਰਾ ਚੋਣਾਂ ਵਿਚ ਉਹਨੇ ਅਕਾਲੀਆਂ ਵਿਰੁਧ 40 ਉਮੀਦਵਾਰ ਖੜੇ ਕੀਤੇ ਤੇ ਕਾਂਗਰਸ (ਆਈ) ਨੇ ਉਹਦੀ ਮਦਦ ਕੀਤੀ।

ਅਕਾਲੀਆਂ ਨੇ ਇਹ ਵੀ ਆਖਿਆ ਕਿ ਉਹਨਾਂ ਕੋਲ ਫ਼ੋਟੋਆਂ ਹਨ, ਜਿਨ੍ਹਾਂ ਵਿਚ ਭਿੰਡਰਾਂਵਾਲਾ ਜੀਪ ਵਿਚ ਕਾਂਗਰਸ (ਆਈ) ਦੇ ਉਮੀਦਵਾਰਾਂ ਨਾਲ ਬੈਠਿਆ ਹੋਇਆ ਹੈ, 1980 ਦੀਆਂ ਆਮ ਚੋਣਾਂ ਵਿਚ ਉਹਨਾਂ ਲਈ ਕਨਵੈਸਿੰਗ ਕਰ ਰਿਹਾ ਹੈ। 'ਤੁਸਾਂ ਚਾਰ ਸਾਲ ਉਹਦੀ ਹਿਮਾਇਤ ਕੀਤੀ, ਅਸਾਂ ਵੀਹ ਦਿਨ ਉਹਦੀ ਹਿਮਾਇਤ ਕੀਤੀ', ਅਕਾਲੀਆਂ ਨੇ ਕਿਹਾ। ਟੋਹੜਾ ਨੇ ਇਹ ਵੀ ਕਿਹਾ : 'ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚੀਫ਼, ਤੁਹਾਡਾ ਸੰਤੋਖ ਸਿੰਘ, ਉਦੋਂ ਚੌਕ ਮਹਿਤਾ ਵਿਚ ਸੀ ਜਦੋਂ ਭਿੰਡਰਾਂਵਾਲੇ ਨੇ ਆਤਮ-ਸਮਰਪਣ ਕੀਤਾ ਸੀ।' ਸ਼੍ਰੀਮਤੀ ਗਾਂਧੀ ਨੇ ਇਨਕਾਰ ਕੀਤਾ ਕਿ ਸੰਤੋਖ ਸਿੰਘ ਉਹਦਾ ਆਦਮੀ ਹੈ।

ਪ੍ਰਧਾਨ ਮੰਤਰੀ ਨੇ ਅਕਾਲੀਆਂ ਨੂੰ ਦੱਸਿਆ ਕਿ ਉਹ ਧਰਮ ਨੂੰ ਰਾਜਨੀਤੀ ਵਿਚ ਰਲਗਡ ਨਾ ਕਰਨ, ਦੋਵੇਂ ਚੀਜ਼ਾਂ ਵੱਖ-ਵੱਖ ਹਨ ਤੇ ਵੱਖ-ਵੱਖ ਹੀ ਰਹਿਣੀਆਂ ਚਾਹੀਦੀਆਂ ਹਨ। ਅਕਾਲੀਆਂ ਨੇ ਦਲੀਲ ਦਿੱਤੀ ਕਿ ਧਰਮ ਦੀ ਵਰਤੋਂ ਪਾਲੇਟਿਕਸ ਦੀ ਭਲਾਈ ਲਈ ਕੀਤੀ ਜਾ ਸਕਦੀ ਹੈ। ਉਹਨਾਂ ਨੇ ਕਿਹਾ ਕਿ ਆਜ਼ਾਦੀ ਲਈ ਹਿੰਦ ਦੀ ਮੰਗ ਪੇਸ਼ ਕਰਨ 'ਤੇ ਕੌਮੀ ਲਹਿਰ ਲਈ ਆਮ ਜਨਤਾ ਦੀ ਹਿਮਾਇਤ ਹਾਸਲ ਕਰਨ ਲਈ ਮਹਾਤਮਾ ਗਾਂਧੀ 'ਧਰਮ' ਦੀ ਵਰਤੋਂ ਕਰਦੇ ਸਨ।

ਅਨੰਦਪੁਰ ਸਾਹਿਬ ਵਾਲੇ ਮਤੇ ਉਤੇ ਕੋਈ ਬਹਿਸ ਨਾ ਹੋਈ। ਬੱਸ ਵਿਚਾਰ-ਗੋਚਰੇ ਸਵਾਲ ਹੀ ਛੋਹੇ ਗਏ ਤੇ ਇਹਨਾਂ ਵਿਚ ਦਰਿਆਈ ਪਾਣੀਆਂ ਅਤੇ ਇਲਾਕਾਈ ਦਾਹਵੇ ਦੇ ਸਵਾਲ ਹੀ ਮੁਖ ਸਨ। ਇਹਨਾਂ ਉਤੇ ਸੰਖੇਪ ਜੇਹੀ ਬਹਿਸ ਹੋਈ, ਪਰ ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਦੇਸ਼ ਮੰਤਰੀ, ਨਰਸਿਮਹਾ ਰਾਓ, ਇਹਨਾਂ ਸਵਾਲਾਂ ਉਤੇ ਵਧੇਰੇ ਵੇਰਵੇ ਵਿਚ ਗੱਲਬਾਤ ਕਰੇਗਾ।

ਮੀਟਿੰਗ ਦਾ ਭੋਗ ਆਸ਼ਾਵਾਦੀ ਤੌਰ 'ਤੇ ਪਿਆ। ਪਰ ਕਈ ਅੰਤਰ-ਪਰਵਾਹ ਵੀ ਸਨ ਜੋ ਲੋਕਾਂ ਨੂੰ ਉਸ ਸਮੇਂ ਨਜ਼ਰ ਨਾ ਆਏ। ਮੀਟਿੰਗ ਤੋਂ ਪਹਿਲਾਂ ਸ਼੍ਰੀਮਤੀ ਗਾਂਧੀ ਨੇ ਲੌਂਗੋਵਾਲ ਨੂੰ ਇਹ ਸੁਝਾਉਣ ਲਈ ਸੱਦਿਆ ਸੀ ਕਿ ਕੀ ਗੱਲਾਂਬਾਤਾਂ ਵਿਚ ਸਵਰਨ ਸਿੰਘ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ, ਕਿਉਂਜੁ ਉਹ ਪੰਜਾਬੀ ਤੇ ਅੰਗਰੇਜ਼ੀ ਦੋਵੇਂ ਜ਼ਬਾਨਾਂ ਜਾਣਦਾ ਹੈ, ਪਰ ਲੌਂਗੋਵਾਲ ਨੂੰ ਇਹ ਸੁਝਾਉ ਬਾਰੇ ਪਹਿਲਾਂ ਮਲੂਮ ਸੀ। ਗਿਆਨੀ ਜ਼ੈਲ ਸਿੰਘ ਜਿਹੜਾ ਸਵਰਨ ਸਿੰਘ ਦਾ ਰਾਜਸੀ ਵਿਰੋਧੀ ਸੀ, ਨਹੀਂ ਸੀ ਚਾਹੁੰਦਾ ਕਿ ਗੱਲਾਂਬਾਤਾਂ ਵਿਚ ਉਹਦੇ ਆਪਣੇ ਤੋਂ ਛੁੱਟ ਕੋਈ ਹੋਰ ਕਾਂਗਰਸੀ ਸਿੱਖ ਸ਼ਾਮਿਲ ਹੋਵੇ ਤੇ ਉਹਨੇ ਲੌਂਗੋਵਾਲ ਨੂੰ ਸੁਨੇਹਾ ਭੇਜ ਛੱਡਿਆ ਸੀ, ਜਿਸ ਵਿਚ ਉਹਨੂੰ ਸਵਰਨ ਸਿੰਘ ਦੀ ਸ਼ਮੂਲੀਅਤ ਨੂੰ ਰੱਦ ਕਰਨ ਦੀ ਸਲਾਹ ਦਿੱਤੀ ਸੀ। ਲੌਂਗੋਵਾਲ ਨੇ ਸ਼੍ਰੀਮਤੀ ਗਾਂਧੀ ਨੂੰ ਦੱਸਿਆ ਕਿ

ਸਵਰਨ ਸਿੰਘ ਦੀ ਮੌਜੂਦਗੀ ਜ਼ਰੂਰੀ ਨਹੀਂ, ਕਿਉਂਜੁ ਬਲਵੰਤ ਸਿੰਘ ਤੇ ਬਰਨਾਲਾ, ਜਿਹੜੇ ਉਹਦੀ ਟੀਮ ਦੇ ਮੈਂਬਰ ਹਨ, ਦੋਵੇਂ ਅੰਗਰੇਜ਼ੀ ਤੇ ਪੰਜਾਬੀ ਚੰਗੀ ਤਰ੍ਹਾਂ ਜਾਣਦੇ ਹਨ।

ਜਦੋਂ ਅਕਾਲੀ ਨਰਸਿਮਹਾ ਰਾਓ ਨੂੰ ਮਿਲੇ, ਉਹਨਾਂ ਨੇ ਵੀ ਆਪਣੇ ਪ੍ਰਤੀਨਿਧਾਂ ਦੀ ਗਿਣਤੀ ਘਟਾ ਦਿੱਤੀ, ਲੌਂਗੋਵਾਲ, ਟੌਹੜਾ ਤੇ ਬਾਦਲ ਬਾਹਰ ਰਹੇ ਅਤੇ ਬਲਵੰਤ ਸਿੰਘ ਤੇ ਬਰਨਾਲਾ ਹੀ, ਇਕ ਕਾਨੂੰਨੀ ਮਾਹਿਰ ਅਜੀਤ ਸਿੰਘ ਸਰਹੱਦੀ ਤੇ ਪੂਰਨ ਸਿੰਘ ਦੇ ਨਾਲ ਉਹਨੂੰ ਮਿਲੇ।

23 ਤੇ 24 ਨਵੰਬਰ ਨੂੰ ਪਾਰਲੀਮੈਂਟ ਹਾਊਸ ਵਿਚ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿਚ ਮੁੜ-ਮੁੜ ਉਹੋ ਹੀ ਆਧਾਰ ਵਿਚਾਰੇ ਗਏ ਤੇ ਕਿਸੇ ਵੀ ਨਿਸਚਿਤ ਗੱਲ 'ਤੇ ਬਹਿਸ ਨਾ ਹੋਈ। ਰਾਓ ਨੇ ਅਕਾਲੀਆਂ ਨੂੰ ਖ਼ੁਸ਼ ਰੱਖਿਆ, ਪਰ ਕਿਸੇ ਗੱਲ 'ਤੇ ਵੀ ਵਚਨਬਧਤਾ ਨਾ ਦਰਸਾਈ, ਇਥੋਂ ਤੱਕ ਕਿ ਹਕੂਮਤ ਦੀ ਸੋਚ ਬਾਰੇ ਇਸ਼ਾਰਾ ਤੱਕ ਨਾ ਕੀਤਾ। ਅਕਾਲੀ ਲੀਡਰਾਂ ਨੇ ਭਾਵੇਂ ਪਾਣੀ ਦੇ ਤੇ ਇਲਾਕਾਈ ਝਗੜੇ ਨੂੰ ਖੋਲ੍ਹ ਕੇ ਸਪੱਸ਼ਟ ਕੀਤਾ, ਪਰ ਅਸਲ ਵਿਚ ਕਿਸੇ ਤੇ ਵੀ ਬਹਿਸ ਨਾ ਕੀਤੀ ਗਈ। ਇਕ ਅਕਾਲੀ ਲੀਡਰ ਨੇ ਅੱਗੇ ਚੱਲ ਕੇ ਆਖਿਆ : 'ਸਮਾਂ ਵਿਅਰਥ ਗੁਆਇਆ ਗਿਆ।'

ਨਿਰਾਸ਼ ਹੋਏ, ਅਕਾਲੀ ਆਗੂ ਰਾਜਧਾਨੀ ਵਿਚ ਟਿਕੇ ਰਹੇ ਅਤੇ ਹੁਣ ਲੌਂਗੋਵਾਲ, ਬਾਦਲ ਤੇ ਟੌਹੜਾ ਇਹਨਾਂ ਨੂੰ ਆ ਮਿਲੇ। ਉਹ ਇਕੱਠਿਆਂ 26 ਨਵੰਬਰ ਨੂੰ ਸ਼੍ਰੀਮਤੀ ਗਾਂਧੀ ਨੂੰ ਮਿਲੇ। ਸ਼੍ਰੀਮਤੀ ਗਾਂਧੀ ਦੇ ਨਾਲ ਨਰਸਿਮਹਾ ਰਾਓ, ਕੈਬੀਨਟ ਸਕੱਤਰ ਕ੍ਰਿਸ਼ਨਾਸਵਾਮੀ ਰਾਓ ਸਾਹਿਬ, ਪ੍ਰਧਾਨ ਮੰਤਰੀ ਦਾ ਸਕੱਤਰ ਪੀ.ਸੀ. ਅਲੇਗਜ਼ਾਂਡਰ ਤੇ ਹੋਮ ਸੈਕਰੇਟਰੀ ਟੀ.ਐਨ. ਚਤੁਰਵੇਦੀ ਸਨ।

ਕਿਉਂਜੁ ਨਰਸਿਮਹਾ ਰਾਓ ਹਾਜ਼ਰ ਸੀ—ਸ਼੍ਰੀਮਤੀ ਇੰਦਰਾ ਗਾਂਧੀ ਨੇ ਅਜੇ ਤੱਕ ਉਸ ਸਮੇਂ ਦੇ ਗ੍ਰਹਿ ਮੰਤਰੀ, ਜ਼ੈਲ ਸਿੰਘ ਨੂੰ ਗੱਲਾਂਬਾਤਾਂ ਵਿਚ ਸ਼ਾਮਿਲ ਨਹੀਂ ਸੀ ਕੀਤਾ—ਅਕਾਲੀਆਂ ਨੇ ਜਿਹੜੇ ਮਸਲੇ ਉਹ ਉਹਨੂੰ ਪਹਿਲਾਂ ਸਪੱਸ਼ਟ ਕਰ ਚੁਕੇ ਸਨ, ਉਹ ਮੁੜ ਨਾ ਛੋਹੇ, ਇਹਦੀ ਥਾਂ, ਉਹਨਾਂ ਨੇ ਧਾਰਮਿਕ ਸਵਾਲ ਪੇਸ਼ ਕੀਤੇ। ਹੋਰਨਾਂ ਗੱਲਾਂ ਤੋਂ ਇਲਾਵਾ ਉਹਨਾਂ ਨੇ ਇਹ ਵੀ ਸੁਝਾਉ ਦਿੱਤਾ ਕਿ ਧਾਰਮਿਕ ਸੰਗੀਤ ਤੇ ਕੀਰਤਨ ਲਈ ਆਲ-ਇੰਡੀਆ ਰੇਡੀਓ ਦੀ ਇਕ ਵੱਖਰੀ ਚੈਨਲ ਕਾਇਮ ਕੀਤੀ ਜਾਵੇ ਤਾਂ ਜੁ ਸਭਨਾਂ ਧਰਮਾਂ ਨੂੰ ਹੀ ਲਾਭ ਪਹੁੰਚ ਸਕੇ।

ਪਰ ਇਸ ਮੀਟਿੰਗ ਵਿਚ ਅਕਾਲੀਆਂ ਦੀ ਮੁਖ ਸ਼ਿਕਾਇਤ ਇਹ ਸੀ ਕਿ ਫ਼ੌਜਾਂ ਵਿਚ ਸਿੱਖਾਂ ਦੀ ਭਰਤੀ ਬਹੁਤ ਘਟਾ ਦਿੱਤੀ ਗਈ ਹੈ। ਉਹਨਾਂ ਨੇ ਦੱਸਿਆ ਕਿ ਰਾਜ ਦੀ ਵਸੋਂ ਦੇ ਆਧਾਰ ਉਤੇ ਭਰਤੀ ਲਈ ਇਕ ਸਰਕੁਲਰ ਜਾਰੀ ਕੀਤਾ ਗਿਆ ਹੈ। ਫ਼ੌਜ ਵਿਚ ਸਿੱਖਾਂ ਨੂੰ ਉਹਨਾਂ ਦੀ ਗਿਣਤੀ ਦੇ ਮੁਕਾਬਲੇ ਉਤੇ ਪ੍ਰਤੀਨਿਧਤਾ ਵਧੇਰੇ ਪ੍ਰਾਪਤ ਸੀ, ਪਰ ਸਰਕੁਲਰ ਅਨੁਸਾਰ ਪੰਜਾਬ ਵਿਚ ਭਰਤੀ ਦਾ ਕੋਟਾ ਘਟਾ ਕੇ 2.8 ਫੀਸਦੀ ਕਰ ਦਿੱਤਾ ਗਿਆ ਹੈ, ਜਿਸ ਦੇ ਸਿੱਟੇ ਵਜੋਂ ਸਿੱਖਾਂ ਦੀ ਭਰਤੀ ਵੀ ਘੱਟ ਗਈ ਹੈ।

ਸ਼੍ਰੀਮਤੀ ਗਾਂਧੀ ਨੇ ਅਕਾਲੀਆਂ ਨੂੰ ਦੱਸਿਆ ਕਿ ਇਹ ਸਰਕੁਲਰ ਜਗਜੀਵਨ ਰਾਮ ਨੇ ਜਾਰੀ ਕੀਤਾ ਸੀ ਜਦੋਂ ਉਹ ਰੱਖਿਆ ਮੰਤਰੀ ਸੀ, ਪਰ ਅਕਾਲੀਆਂ ਨੇ ਉਹਦੀ ਭੁੱਲ ਸੋਧੀ ਤੇ ਦੱਸਿਆ ਕਿ ਇਹ ਸਰਕੁਲਰ ਐਮਰਜੈਂਸੀ ਦੇ ਦੌਰਾਨ, ਜਦੋਂ ਉਹ ਪ੍ਰਧਾਨ ਮੰਤਰੀ ਸੀ, ਜਾਰੀ ਕੀਤਾ ਗਿਆ ਸੀ। ਫੇਰ ਸ਼੍ਰੀਮਤੀ ਇੰਦਰਾ ਗਾਂਧੀ ਨੇ ਦਲੀਲ ਦਿੱਤੀ ਕਿ 1977 ਪਿਛੋਂ, ਜਦੋਂ ਜਨਤਾ ਸਰਕਾਰ ਦੀ ਸੈਂਟਰ ਵਿਚ ਹਕੂਮਤ ਸੀ ਤੇ ਪੰਜਾਬ ਵਿਚ ਸੱਤਾ ਅਕਾਲੀਆਂ ਦੇ ਹੱਥ ਸੀ, ਇਹਦੀ ਸੋਧ ਉਹਨਾਂ ਕਰਵਾ

ਲੈਣੀ ਸੀ। ਜਦੋਂ ਇਸ ਦਲੀਲ ਨੇ ਅਕਾਲੀਆਂ ਦੀ ਤਸੱਲੀ ਨਾ ਕੀਤੀ ਤਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹਨੇ 'ਹੋਰਨਾਂ' ਨੂੰ ਵੀ ਤਾਂ ਨਾਲ ਰੱਖਣਾ ਹੈ।

ਮੀਟਿੰਗ ਵਿਚ ਤਲਖ਼ੀ ਕੋਈ ਨਹੀਂ ਸੀ, ਠਠਾ ਮਖ਼ੌਲ ਕਾਫ਼ੀ ਸੀ। ਜਦੋਂ ਅਕਾਲੀਆਂ ਨੇ ਤਜਵੀਜ਼ ਕੀਤਾ ਕਿ ਭਰਤੀ ਕਰਨ ਸਮੇਂ ਹੋਰਨਾਂ ਤੱਤਾਂ ਵਾਂਗ ਸਰੀਰਕ ਤੱਤਾਂ ਨੂੰ ਵੀ ਸਾਹਮਣੇ ਰੱਖਿਆ ਜਾਵੇ, ਤਾਂ ਸ਼੍ਰੀਮਤੀ ਗਾਂਧੀ ਨੇ ਟਿਪਣੀ ਕੀਤੀ : 'ਤਾਂ ਤੁਸੀਂ ਸੱਭੇ ਅੰਦਰ ਆ ਜਾਵੋਗੇ।' ਟੌਹੜਾ ਨੇ ਚੋਟ ਕੀਤੀ 'ਕੀ ਅਸੀਂ ਬਰਾਬਰ ਦੇ ਨਾਗਰਿਕ ਨਹੀਂ ਹਾਂ ?'

ਪਾਣੀਆਂ ਦੀ ਵੰਡ ਬਾਰੇ ਅਕਾਲੀਆਂ ਦੀ ਮੰਗ ਉਤੇ ਹੀ ਬਹੁਤਾ ਚਿਰ ਬਹਿਸ ਹੋਈ। ਅਕਾਲੀ 1955 ਵਾਲਾ ਅੰਤਰ-ਰਾਜਕੀ ਸਮਝੌਤਾ* ਮੁੜ ਵਿਚਾਰਨਾ ਚਾਹੁੰਦੇ ਸਨ, ਸਮਝੌਤਾ ਜਿਹੜਾ ਸੱਚਮੁਚ ਹੀ ਕਾਹਲੀ-ਕਾਹਲੀ ਤਿਆਰ ਕੀਤਾ ਗਿਆ ਸੀ। ਮਾਰਚ 1954 ਵਿਚ ਵਰਲਡ ਬੈਂਕ ਦੀਆਂ ਤਜਵੀਜ਼ਾਂ ਮੰਨ ਲੈਣ ਪਿਛੋਂ, ਪ੍ਰਮਾਣਿਕਤਾ ਲਈ ਅੰਕਿਕ ਜਾਣਕਾਰੀ ਇਕੱਠੀ ਕਰਨ ਦਾ ਸਮਾਂ ਹੀ ਨਹੀਂ ਸੀ।

ਪੰਜਾਬ ਤੇ ਰਾਜਸਥਾਨ ਦੇ ਮੁਲਾਂਕਣ-ਸੰਬੰਧੀ ਦਾਹਵਿਆਂ ਨੂੰ ਤਿਆਰ ਕਰਨ ਲਈ ਬੁਲਾਈ ਗਈ ਅੰਤਰ-ਰਾਜਕੀ ਕਾਨਫ਼ਰੰਸ ਸਾਹਮਣੇ ਕੋਈ ਤਥੀ ਸਾਮਿਗਰੀ ਨਹੀਂ ਸੀ। ਉਸ ਸਮੇਂ ਸੈਂਟਰਲ ਵਾਟਰ ਤੇ ਪਾਵਰ ਕਮਿਸ਼ਨ ਦੇ ਚੇਅਰਮੈਨ, ਕੰਵਰ ਸੈਨ ਨੇ ਤਜਵੀਜ਼ ਕੀਤਾ ਸੀ ਕਿ 'ਪਾਣੀ ਦੀ ਵੰਡ ਨੂੰ ਸੰਬੰਧਤ ਰਾਜਾਂ ਵਲੋਂ ਦਿੱਤੇ ਗਏ ਕਾਸ਼ਤ-ਯੋਗ ਕਮਾਂਡ ਖੇਤਰਾਂ ਉਤੇ ਆਧਾਰਤ ਕੀਤਾ ਜਾਵੇ।' ਰਾਜਸਥਾਨ ਕੈਨਾਲ ਪ੍ਰਾਜੈਕਟ ਰਿਪੋਰਟ, ਜੋ 1953 ਵਿਚ ਸ਼ਾਇਆ ਹੋਈ ਸੀ, ਅਨੁਸਾਰ ਰਾਜਸਥਾਨ ਨੂੰ ਇਸ ਵਿਚ ਦੱਸੇ ਗਏ ਇਲਾਕੇ ਦੇ ਆਧਾਰ ਉਤੇ 8 ਐਮ.ਏ.ਐਫ. ਪਾਣੀ ਮਿਲਣਾ ਸੀ।

ਜਦੋਂ ਅਕਾਲੀਆਂ ਨੇ ਕਿਹਾ ਕਿ ਰਾਜਸਥਾਨ ਨੂੰ ਸਭ ਤੋਂ ਬਹੁਤਾ ਹਿੱਸਾ ਮਿਲਿਆ ਹੈ ਜਦ ਕਿ ਇਹ ਤਟੀ-ਰਾਜ ਵੀ ਨਹੀਂ, ਤਾਂ ਉਹਨਾਂ ਨੂੰ ਦੱਸਿਆ ਗਿਆ ਕਿ ਜੇ ਸਰਕਾਰ ਉਹਨਾਂ ਦੇ ਸਿਧਾਂਤ ਨੂੰ ਮੰਨ ਲਵੇ ਤਾਂ ਪਾਕਿਸਤਾਨ ਇੰਡਸ ਵਾਟਰ ਟਰੀਟੀ ਉਤੇ ਮੁੜ-ਵਿਚਾਰ ਲਈ ਕਹਿ ਸਕਦਾ ਹੈ। ਵਰਲਡ ਬੈਂਕ ਨੇ ਭਾਰਤ ਦੇ ਕਲੇਮ ਨੂੰ ਪ੍ਰਵਾਨ ਕਰ ਲਿਆ ਸੀ, ਕਿਉਂਜੁ ਦੱਸਿਆ ਗਿਆ ਸੀ ਕਿ ਰਾਜਸਥਾਨ ਨੂੰ ਪਾਣੀ ਦੀ ਲੋੜ ਹੈ, ਜਦ ਕਿ ਪਾਕਿਸਤਾਨ ਨੇ ਦਲੀਲ ਦਿੱਤੀ ਸੀ ਕਿ ਭਾਰਤ ਜਿੰਨੇ ਪਾਣੀ ਦਾ ਦਾਅਵਾ ਪੇਸ਼ ਕਰਦਾ ਹੈ ਉਹਨੂੰ ਉਹ ਵਰਤਣ ਦੀ ਅਵਸਥਾ ਵਿਚ ਹੀ ਨਹੀਂ। ਸਰਕਾਰ ਨੇ ਇਹ ਵੀ ਦਲੀਲ ਦਿੱਤੀ ਕਿ ਰਾਜਸਥਾਨ ਨੇ 600 ਕਰੋੜ ਤੋਂ ਵੀ ਬਹੁਤਾ ਧਨ ਖ਼ਰਚ ਕੇ ਇਸ ਵਿਸ਼ਾਲ ਇਨਫਰਾਸਟਰਕਚਰ ਉਸਾਰ ਲਿਆ ਹੋਇਆ ਹੈ।

ਅਗਲੀਆਂ ਮੀਟਿੰਗਾਂ ਵਿਚ ਜਿਥੇ ਵਿਰੋਧੀ ਪਾਰਟੀਆਂ ਮੌਜੂਦ ਸਨ, ਅਕਾਲੀਆਂ ਨੇ 1955 ਦਾ ਸਮਝੌਤਾ ਮੁੜ-ਵਿਚਾਰਨ ਦੀ ਮੰਗ ਛਿਕੇ ਟੰਗ ਦਿੱਤੀ (ਫਰਵਰੀ 1983)

ਪਰ ਅਕਾਲੀਆਂ ਨੇ ਸੈਂਟਰ ਦੇ 1976 ਵਾਲੇ ਨੋਟੀਫ਼ਿਕੇਸ਼ਨ ਬਾਰੇ ਆਪਣਾ ਇਤਰਾਜ਼ ਕਾਇਮ

---

* *ਪਾਕਿਸਤਾਨ ਨਾਲ ਇੰਡਸ ਸੰਧੀ ਦੇ ਅਧੀਨ, ਤਿੰਨ ਦਰਿਆਵਾਂ—ਸਤਲੁਜ, ਬਿਆਸ ਤੇ ਰਾਵੀ ਦੇ ਪਾਣੀ ਭਾਰਤ ਵਲੋਂ ਬਿਨਾਂ ਕਿਸੇ ਰੋਕ ਦੇ ਵਰਤੋਂ ਲਈ ਪ੍ਰਾਪਤ ਸਨ, ਅੰਤਰ-ਰਾਜਕ ਸਮਝੌਤੇ ਦੇ ਅਧੀਨ ਪਾਣੀਆਂ ਦੀ ਵੰਡ ਇਸ ਤਰ੍ਹਾਂ ਕੀਤੀ ਗਈ ਸੀ। ਪੰਜਾਬ—7.20 ਐਮ.ਏ.ਐਫ. (ਪੈਪਸੂ ਲਈ 1.30 ਐਮ.ਏ.ਐਫ. ਸਮੇਤ), ਰਾਜਸਥਾਨ—8.00 ਐਮ.ਏ.ਐਫ. ਅਤੇ ਜੰਮੂ ਤੇ ਕਸ਼ਮੀਰ—0.65 ਐਮ.ਏ.ਐਫ.।*

ਰੱਖਿਆ, ਜਿਸ ਦੇ ਅਧੀਨ ਪੁਰਾਣੇ ਪੰਜਾਬ ਦਾ ਹਿੱਸਾ ਪੰਜਾਬ ਤੇ ਹਰਿਆਣੇ ਵਿਚਕਾਰ ਬਰਾਬਰ-ਬਰਾਬਰ ਵੰਡਿਆ ਗਿਆ ਸੀ, ਹਰ ਇਕ ਨੂੰ 3.5 ਐਮ.ਏ.ਐਫ. ਅਤੇ ਦਿੱਲੀ ਨੂੰ 0.2 ਐਮ.ਏ.ਐਫ. ਪਾਣੀ ਪੀਣ ਲਈ ਸਪਲਾਈ ਕੀਤਾ ਗਿਆ। ਉਦੋਂ ਜ਼ੈਲ ਸਿੰਘ ਪੰਜਾਬ ਦਾ ਮੁੱਖ ਮੰਤਰੀ ਸੀ ਤੇ ਉਹਨੇ ਵੀ ਇਸ ਨੋਟੀਫਿਕੇਸ਼ਨ ਉਤੇ ਇਤਰਾਜ਼ ਕੀਤਾ ਸੀ, ਉਂਜ ਭਾਵੇਂ ਜਦੋਂ ਉਹਨੂੰ ਕਿਹਾ ਗਿਆ ਕਿ ਜੇ ਉਹਨੂੰ ਇਹ ਪ੍ਰਵਾਨ ਨਹੀਂ ਤਾਂ ਉਹ ਅਸਤੀਫਾ ਦੇ ਦੇਵੇ, ਤਾਂ ਉਹ ਚੁੱਪ ਕਰ ਰਿਹਾ। ਹੁਣ ਨਵੀਂ ਦਿੱਲੀ ਦੀ ਦਲੀਲ ਇਹ ਸੀ ਕਿ ਜਦੋਂ ਦੋਵੇਂ ਰਾਜ ਕਿਸੇ ਸਮਝੌਤੇ 'ਤੇ ਨਾ ਅੱਪੜ ਸਕੇ ਤਾਂ ਉਹਨੂੰ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ, 1966 ਦੇ ਅਧੀਨ ਇਹ ਨੋਟੀਫਿਕੇਸ਼ਨ ਜਾਰੀ ਕਰਨਾ ਪਿਆ ਸੀ।

31 ਦਸੰਬਰ 1981 ਵਾਲੇ ਸ਼੍ਰੀਮਤੀ ਗਾਂਧੀ ਦੇ ਅਵਾਰਡ ਉਤੇ ਤਾਂ ਅਕਾਲੀਆਂ ਨੇ ਹੋਰ ਵੀ ਵਧੇਰੇ ਜ਼ੋਰਦਾਰ ਇਤਰਾਜ਼ ਕੀਤਾ, ਜਿਹੜਾ ਉਹਨੇ ਕਾਨੂੰਨ ਮੰਤਰਾਲੇ ਦੀ ਮਦਦ ਨਾਲ ਤਿਆਰ ਕੀਤਾ ਸੀ, ਜਿਵੇਂ ਇਹ ਕੋਈ ਕਾਨੂੰਨੀ ਮਾਮਲਾ ਹੋਵੇ। ਜਦੋਂ ਅਕਾਲੀਆਂ ਹੱਥ, 1977 ਵਿਚ ਸੱਤਾ ਸੀ ਤਾਂ ਉਹਨਾਂ ਨੇ ਸੁਪਰੀਮ ਕੋਰਟ ਵਿਚ 1976 ਦੇ ਨੋਟੀਫਿਕੇਸ਼ਨ ਵਿਰੁਧ ਮੁਕੱਦਮਾ ਦਾਇਰ ਕੀਤਾ ਸੀ ਤੇ ਦਾਅਵਾ ਕੀਤਾ ਸੀ ਕਿ ਇਸ ਕਿਸਮ ਦਾ ਫ਼ੈਸਲਾ ਸੁਣਾਉਣ ਦਾ ਸੈਂਟਰ ਨੂੰ ਕੋਈ ਹੱਕ ਹਾਸਲ ਹੈ ਹੀ ਨਹੀਂ। ਸ਼੍ਰੀਮਤੀ ਇੰਦਰਾ ਗਾਂਧੀ ਦੇ 1981* ਵਾਲੇ ਅਵਾਰਡ ਪਿਛੋਂ ਪੰਜਾਬ ਨੇ ਇਹ ਮੁਕੱਦਮਾ ਸੁਪਰੀਮ ਕੋਰਟ 'ਚੋਂ ਵਾਪਸ ਲੈ ਲਿਆ, ਉਂਜ ਭਾਵੇਂ ਦਰਬਾਰਾ ਸਿੰਘ ਨੂੰ ਇਹ ਅਵਾਰਡ ਪਸੰਦ ਨਹੀਂ ਸੀ, ਪਰ ਕਾਂਗਰਸ (ਆਈ) ਦੇ ਮੁੱਖ ਮੰਤਰੀ ਵਜੋਂ ਉਹਨੇ ਸ਼੍ਰੀਮਤੀ ਗਾਂਧੀ ਦਾ ਵਿਰੋਧ ਨਾ ਕੀਤਾ।

ਮੀਟਿੰਗ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਅਕਾਲੀਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਅਵਾਰਡ ਬਾਰੇ ਆਪਣੇ ਇਤਰਾਜ਼ ਛੱਡ ਦੇਣ, ਪਰ ਉਹ ਕਿਵੇਂ ਛੱਡ ਸਕਦੇ ਸਨ ਜਦ ਕਿ ਪਾਣੀ ਦੀ ਮਾਤਰਾ 12.82 ਐਮ.ਏ.ਐਫ. ਤੋਂ ਜੋ ਉਹਨਾਂ ਦੀ ਵਰਤਮਾਨ ਖਪਤ ਹੈ, ਜਿਸ ਵਿਚ ਰਾਜਸਥਾਨ ਦਾ ਹਿੱਸਾ ਸ਼ਾਮਿਲ ਹੈ, ਘਟਾ ਕੇ 4.22 ਐਮ.ਏ.ਐਫ. ਕੀਤੀ ਜਾਣੀ ਸੀ? ਜੇ ਹਕੂਮਤ ਨੇ ਉਹਨਾਂ ਨੂੰ ਯਕੀਨ ਦਿਵਾਇਆ ਹੁੰਦਾ ਕਿ ਜਦੋਂ ਰਾਜਸਥਾਨ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਦੇ ਸਮਰੱਥ ਹੋ ਸਕੇਗਾ, ਉਦੋਂ ਤਕ ਦਰਿਆਵਾਂ ਦਾ ਕੁੱਲ-ਹਿੰਦ ਗਰਿਡ ਸਿਲਸਿਲਾ ਜਾਂ ਰਾਜ ਵਲੋਂ ਖੋਦੇ ਗਏ ਟਿਊਬਵੈਲ ਇਸ ਫ਼ਰਕ ਨੂੰ ਪੂਰਾ ਕਰ ਦੇਣਗੇ, ਤਾਂ ਅਕਾਲੀ ਸ਼ਾਇਦ ਕਿਸੇ ਸਮਝੌਤੇ 'ਤੇ ਪਹੁੰਚ ਜਾਂਦੇ। ਇਸ ਤੋਂ ਬਿਨਾਂ ਉਹ ਆਪਣੀ ਇਸ ਮੰਗ ਨੂੰ ਛੱਡ ਨਹੀਂ ਸੀ ਸਕਦੇ, ਕਿਉਂਜ਼ ਇਕ ਤਾਂ ਉਹਨਾਂ ਦੀ ਸੱਤਾ ਦਾ ਆਧਾਰ ਹੀ ਸਿੱਖ ਕਿਸਾਨੀ ਸੀ, ਦੂਜੇ ਸਿਖਰਲੀ ਪੱਧਰ ਦੇ ਅਕਾਲੀ ਲੀਡਰ ਖ਼ੁਦ ਜੱਟ ਹਨ ਤੇ ਇਹਨਾਂ ਵਿਚੋਂ ਬਹੁਤੇ ਫਾਰਮਰ ਹਨ।

---

* *1981 ਦੇ ਅਵਾਰਡ ਦੇ ਅਧੀਨ 1921 ਤੇ 1960 ਵਿਚਲੇ ਦੌਰ ਦੇ ਜਲ-ਵਹਾਉ ਦਾ ਲੇਖਾ ਲਾਇਆ ਗਿਆ ਅਤੇ ਮਲੂਮ ਹੋਇਆ ਕਿ ਇਹ 17.17 ਐਮ.ਏ.ਐਫ. ਸੀ, ਅਰਥਾਤ ਪਹਿਲਾਂ ਨਾਲੋਂ 2 ਐਮ.ਏ.ਐਫ. ਪਾਣੀ ਵੱਧ ਨਿਕਲਿਆ। ਇਹਦੇ ਆਧਾਰ 'ਤੇ ਪਾਣੀ ਦੀ ਵੰਡ ਇਸ ਤਰ੍ਹਾਂ ਕੀਤੀ ਗਈ : ਪੰਜਾਬ ਦਾ ਹਿੱਸਾ — 4.22 ਐਮ.ਏ.ਐਫ., ਹਰਿਆਣੇ ਦਾ — 3.05 ਐਮ.ਏ.ਐਫ., ਰਾਜਸਥਾਨ ਦਾ — 8.60 ਐਮ.ਏ.ਐਫ.। ਦਿੱਲੀ ਅਤੇ ਜੰਮੂ-ਕਸ਼ਮੀਰ ਦਾ ਹਿੱਸਾ ਪਹਿਲਾਂ ਵਾਲਾ ਹੀ ਰਿਹਾ — ਵਾਰੀ ਵਾਰੀ 0.2 ਐਮ.ਏ.ਐਫ. ਅਤੇ 0.65 ਐਮ.ਏ.ਐਫ.। ਇਸ ਅਵਾਰਡ ਦੇ ਅਧੀਨ ਸਤਲੁਜ ਜਮਨਾ ਲਿੰਕ ਨਹਿਰ ਉਸਾਰਨੀ ਤਜਵੀਜ਼ ਕੀਤੀ ਗਈ ਜੋ ਅਵਾਰਡ ਤੋਂ ਪਿਛੋਂ ਦੋ ਸਾਲ ਦੇ ਅੰਦਰ-ਅੰਦਰ ਪੂਰੀ ਕੀਤੀ ਜਾਣੀ ਸੀ, ਅਰਥਾਤ 31 ਦਸੰਬਰ 1983 ਤੱਕ।*

ਨਾਲੇ, ਇਹ ਗੱਲ ਵੀ ਸੰਦੇਹ-ਪੂਰਨ ਸੀ ਕਿ ਰਾਜਸਥਾਨ ਨੂੰ ਜੋ ਪਾਣੀ ਦਿੱਤਾ ਗਿਆ ਹੈ ਉਹ ਇਹਨੂੰ ਕਦੇ ਵਰਤ ਵੀ ਸਕੇਗਾ ਜਾਂ ਨਹੀਂ। ਜਿਵੇਂ ਕਿ ਇਕ ਸਿਖਰਲੇ ਮਾਹਿਰ ਨੇ ਆਖਿਆ ਹੈ, 'ਕਿਸੇ ਨੂੰ ਵੀ ਲਾਭ ਨਹੀਂ ਪੁੱਜੇਗਾ ਜੇਕਰ ਨਹਿਰ ਲਈ ਛੱਡੇ ਗਏ ਪਾਣੀ ਦਾ ਵੱਡਾ ਤਨਾਸਬ ਭਾਫ਼ ਦੀ ਸ਼ਕਲ ਵਿਚ ਵਿਅਰਥ ਚਲਿਆ ਗਿਆ ਜਾਂ ਧਰਤੀ ਅੰਦਰ ਧਸ ਗਿਆ, ਜਿਸ ਨੂੰ ਪੰਪਿੰਗ ਦੁਆਰਾ ਮੁੜ ਹਾਸਲ ਕਰ ਸਕਣ ਦੀ ਬਹੁਤੀ ਗੁੰਜਾਇਸ਼ ਨਹੀਂ।'

ਅਕਾਲੀਆਂ ਨੇ ਤਜਵੀਜ਼ ਕੀਤਾ ਕਿ ਜਮਨਾ ਦਾ ਪਾਣੀ ਜੋ ਹਰਿਆਣਾ ਵਰਤ ਰਿਹਾ ਹੈ, ਉਹਨੂੰ ਸਾਂਝੇ ਪੂਲ ਵਿਚ ਰੱਖਿਆ ਜਾਵੇ, ਕਿਉਂਜੁ ਸਾਬਕਾ ਪੰਜਾਬ ਦਾ ਜਮਨਾ ਦਾ ਪਾਣੀ ਵਰਤਦਾ ਰਿਹਾ ਹੈ। ਨਵੀਂ ਦਿੱਲੀ ਨੇ ਇਹ ਦਲੀਲ ਦੇ ਕੇ ਨਾਂਹ ਕਰ ਦਿੱਤੀ ਕਿ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ, 1966, ਨੇ ਜੀਹਨੇ ਪੁਰਾਣੇ ਰਾਜ ਦੀ ਵੰਡ ਕੀਤੀ ਹੈ, ਜਮਨਾ ਦੇ ਪਾਣੀਆਂ ਨੂੰ ਅ-ਵੰਡ ਪੰਜਾਬ ਦੇ ਵਾਰਸ ਰਾਜ ਵਜੋਂ ਪੰਜਾਬ ਦੇ ਅਧਿਕਾਰਾਂ ਵਿਚ ਸ਼ਾਮਿਲ ਨਹੀਂ ਕੀਤਾ।

ਸ਼੍ਰੀਮਤੀ ਗਾਂਧੀ ਨੇ ਪੁੱਛਿਆ ਕਿ ਅਕਾਲੀਆਂ ਨੇ ਜਦੋਂ ਉਹ 1977-1979 ਵਿਚ ਜਨਤਾ ਨਾਲ ਮਿਲ ਕੇ ਸੱਤਾ ਚਲਾ ਰਹੇ ਸਨ, 1976 ਵਾਲੇ ਸਮਝੌਤੇ ਨੂੰ ਤਬਦੀਲ ਕਿਉਂ ਨਾ ਕਰਵਾਇਆ। ਜਨਤਾ ਸਰਕਾਰ ਦੇ ਦੌਰਾਨ ਵੀ ਅਕਾਲੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਮੁਰਾਰਜੀ ਡੇਸਾਈ ਨੂੰ ਮਿਲੇ ਸਨ ਤੇ ਮੰਗ ਕੀਤੀ ਸੀ ਕਿ 1976 ਵਾਲੀ ਨੋਟੀਫ਼ਿਕੇਸ਼ਨ ਨੂੰ ਰੱਦ ਕਰ ਦਿੱਤਾ ਜਾਵੇ, ਉਹਨਾਂ ਨੇ ਤਾਂ ਇੰਡਸ ਵਾਟਰ ਟਰੀਟੀ ਵਿਚ ਮਿਲੇ ਹਿੱਸੇ ਨੂੰ ਵੀ ਚੈਲੰਜ ਕੀਤਾ ਸੀ। ਤਿੰਨ ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ ਅਤੇ ਜੰਮੂ-ਕਸ਼ਮੀਰ ਹਾਜ਼ਰ ਸਨ।

ਜਦੋਂ ਰਾਜਸਥਾਨ ਨੇ ਦਲੀਲ ਦਿੱਤੀ ਕਿ 1955 ਦਾ ਸਮਝੌਤਾ ਅੰਤਮ ਰੂਪ ਵਿਚ ਤੈ ਹੋ ਚੁੱਕਿਆ ਹੋਇਆ ਹੈ ਤੇ ਇਹਨੂੰ ਮੁੜ ਨਹੀਂ ਵਿਚਾਰਿਆ ਜਾ ਸਕਦਾ, ਤਾਂ ਮੁਰਾਰਜੀ ਡੇਸਾਈ ਨੇ ਜਿਸ ਦੇ ਸਾਹਮਣੇ ਉਹਦੇ ਕਮਰੇ ਦੀ ਕੰਧ ਉਤੇ ਇੰਡੀਆ ਦਾ ਨਕਸ਼ਾ ਲਟਕ ਰਿਹਾ ਸੀ, ਦੱਸਿਆ ਕਿ ਦਰਿਆ ਪੰਜਾਬ ਜਾਂ ਹਿਮਾਚਲ ਪ੍ਰਦੇਸ ਵਿਚੋਂ ਨਿਕਲਦੇ ਹਨ, ਇਹਨਾਂ ਰਾਜਾਂ ਥੀਂ ਵਹਿੰਦੇ ਹਨ ਤੇ ਸਮੁੰਦਰ ਵਿਚ ਜਾ ਮੁੱਕਦੇ ਹਨ, ਰਾਜਸਥਾਨ ਤਾਂ ਤਸਵੀਰ ਵਿਚ ਹੀ ਨਹੀਂ ਆਉਂਦਾ, ਪਰ ਡੇਸਾਈ ਨੇ ਨਾ ਤਾਂ 1955 ਵਾਲਾ ਸਮਝੌਤਾ ਮੁੜ ਵਿਚਾਰਿਆ, ਨਾ ਹੀ 1976 ਵਾਲੀ ਨੋਟੀਫ਼ਿਕੇਸ਼ਨ ਨੂੰ ਸੋਧਿਆ।

ਜਦੋਂ ਅਕਾਲੀਆਂ ਨੇ ਆਖਿਆ ਕਿ ਉਹ ਅਦਾਲਤ ਵਿਚ ਜਾਣਗੇ, ਤਾਂ ਮੁਰਾਰਜੀ ਨੇ ਇਸ ਉਤੇ ਕੋਈ ਇਤਰਾਜ਼ ਨਾ ਕੀਤਾ। ਬਰਨਾਲਾ ਨੇ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਦੱਸਿਆ ਕਿ ਇਹ ਕਹਿਣਾ ਕਿ ਅਕਾਲੀਆਂ ਨੇ ਜਨਤਾ ਸਰਕਾਰ ਦੇ ਦੌਰਾਨ ਪਾਣੀ ਦੀ ਵੰਡ ਬਾਰੇ ਤਬਦੀਲੀ ਕਿਉਂ ਨਾ ਕਰਵਾਈ*, ਗ਼ਲਤ ਹੈ, ਵਾਧੂ ਨੁਕਸ ਛਾਂਟਣ ਬਰਾਬਰ ਹੈ।

ਸ਼੍ਰੀਮਤੀ ਗਾਂਧੀ ਨਾਲ ਅਕਾਲੀਆਂ ਦੀਆਂ ਗੱਲਾਂਬਾਤਾਂ ਨਿਰਣੇਦੀ ਨਹੀਂ ਸਨ, ਉਹਨੇ

---

* *ਕੁਝ ਵਿਅਕਤੀਆਂ ਨੇ ਵੀ ਆਪਣੇ ਵਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਰਕਾਰ ਦੇ 1976 ਵਾਲੇ ਨੋਟੀਫ਼ਿਕੇਸ਼ਨ ਨੂੰ ਅਤੇ ਇਹਦੇ ਨਾਲ ਹੀ ਸ਼੍ਰੀਮਤੀ ਗਾਂਧੀ ਦੇ 1981 ਵਾਲੇ ਅਵਾਰਡ ਨੂੰ ਚੈਲੰਜ ਕੀਤਾ। ਮਾਮਲਾ ਦਰਜ ਕਰ ਲਿਆ ਗਿਆ। ਜਦੋਂ 1983 ਵਿਚ ਇਸ ਕੇਸ ਤੇ ਵਿਚਾਰ ਹੋਈ ਤਾਂ ਹਕੂਮਤ ਨੇ ਇਹਦੇ ਸਥਗਨ ਦੀ ਮੰਗ ਕੀਤੀ। ਇਸ ਮਗਰੋਂ ਇਹ ਕੇਸ ਸੁਪਰੀਮ ਕੋਰਟ ਵਿਚ ਭੇਜ ਦਿੱਤਾ ਗਿਆ, ਜੀਹਨੇ ਅਜੇ ਇਹਨੂੰ ਸੁਣਨ ਲਈ ਤਰੀਕ ਨੀਅਤ ਕਰਨੀ ਹੈ।*

ਅਕਾਲੀਆਂ ਦੀਆਂ ਮੰਗਾਂ ਵਿਚੋਂ ਕਿਸੇ ਨੂੰ ਵੀ ਨਾ ਪ੍ਰਵਾਨ ਕੀਤਾ ਨਾ ਰੱਦ ਕੀਤਾ, ਪਰ ਅਕਾਲੀਆਂ ਨੂੰ ਇਹ ਤਸੱਲੀ ਸੀ ਕਿ ਉਹਨਾਂ ਦੀਆਂ ਸਭੇ ਮੰਗਾਂ ਵਿਚਾਰ ਹੇਠ ਹਨ, ਉਂਜ ਭਾਵੇਂ ਉਹ ਸਮਝਦੇ ਸਨ ਕਿ ਸ਼੍ਰੀਮਤੀ ਇੰਦਰਾ ਗਾਂਧੀ ਇਸ ਮਸਲੇ ਨੂੰ ਜਲਦੀ ਕਿਸੇ ਬੰਨੇ ਨਹੀਂ ਲਾਉਣਾ ਚਾਹੁੰਦੀ।

ਬਾਦਲ ਮੈਨੂੰ ਦੂਜੀ ਮੀਟਿੰਗ ਤੋਂ ਕੁਝ ਦਿਨ ਪਿਛੋਂ ਮਿਲਿਆ। ਉਹਨੇ ਸ਼ਿਕਾਇਤ ਕੀਤੀ ਕਿ ਸ਼੍ਰੀਮਤੀ ਗਾਂਧੀ ਬਹਿਸਾਂ ਨੂੰ ਲੰਮਿਆਉਣਾ ਚਾਹੁੰਦੀ ਹੈ ਤੇ ਮਾਮਲਿਆਂ ਨੂੰ ਪਿੱਛੇ ਪਾਈ ਰੱਖਣ ਦੀ ਚਾਹਵਾਨ ਹੈ ਜਿਵੇਂ ਉਹਨੇ ਆਸਾਮ ਵਿਚ ਕੀਤਾ ਹੈ ਤੇ ਇਸ ਤਰ੍ਹਾਂ ਦੂਜੀ ਧਿਰ ਨੂੰ ਥਕਾ ਸੁੱਟਣਾ ਚਾਹੁੰਦੀ ਹੈ। ਉਹਨੇ ਕਿਹਾ ਕਿ ਉਹਨਾਂ ਨੇ ਦ੍ਰਿੜ੍ਹ ਇਰਾਦਾ ਕੀਤਾ ਹੋਇਆ ਹੈ ਕਿ ਉਹ ਇਸ ਮਾਮਲੇ ਨੂੰ ਅੰਨੇ ਜਾਂ ਬੰਨੇ ਲੁਆ ਕੇ ਹੀ ਰਹਿਣਗੇ। ਅਸੀਂ ਅਗਲੀ ਮੀਟਿੰਗ ਤੋਂ ਅੱਗੇ ਜਾਣ ਲਈ ਤਿਆਰ ਨਹੀਂ, ਉਹਨੇ ਆਖਿਆ।

ਇਹ ਗੱਲ ਸਹੀ ਸਿੱਧ ਹੋਈ, ਕਿਉਂਜੁ ਅਕਾਲੀਆਂ ਦੀ ਸ਼੍ਰੀਮਤੀ ਗਾਂਧੀ ਨਾਲ ਤੀਜੀ ਤੇ ਆਖ਼ਰੀ ਮੀਟਿੰਗ ਤਬਾਹਕਰੂ ਸੀ। ਇਸ ਵਾਰ ਸ਼੍ਰੀਮਤੀ ਇੰਦਰਾ ਗਾਂਧੀ ਆਪਣੇ ਨਾਲ ਜ਼ੈਲ ਸਿੰਘ ਤੇ ਪਰਨਾਬ ਮੁਕਰਜੀ ਨੂੰ ਲਿਆਈ ਸੀ। ਨਰਸਿਮਹਾ ਰਾਓ ਨੂੰ ਲਾਂਭੇ ਕਰ ਦਿੱਤਾ ਗਿਆ ਸੀ।

ਅਕਾਲੀ ਇਸ ਗੱਲੋਂ ਨਾ-ਖ਼ੁਸ਼ ਸਨ ਕਿ ਦਰਬਾਰਾ ਸਿੰਘ ਸਰਕਾਰ ਨੇ ਉਹ ਕੇਸ ਵਾਪਸ ਲੈ ਲਿਆ ਸੀ ਜਿਹੜਾ ਉਹਨਾਂ ਦੀ ਸਰਕਾਰ ਨੇ ਪਾਣੀਆਂ ਦੀ ਵੰਡ ਬਾਰੇ ਸ਼੍ਰੀਮਤੀ ਇੰਦਰਾ ਗਾਂਧੀ ਦੇ ਅਵਾਰਡ ਨੂੰ ਚੈਲੰਜ ਕਰਨ ਲਈ ਦਾਇਰ ਕੀਤਾ ਸੀ। ਉਹਨਾਂ ਨੇ ਸ਼ਿਕਾਇਤ ਕੀਤੀ ਕਿ ਦਰਬਾਰਾ ਸਿੰਘ ਸਰਕਾਰ ਇਸ ਮੀਟਿੰਗ ਦਾ ਭੋਗ ਪੈਣ ਤਕ ਉਡੀਕ ਸਕਦੀ ਸੀ। ਸ਼੍ਰੀਮਤੀ ਗਾਂਧੀ ਨੇ ਕਿਹਾ : 'ਮੇਰੇ 'ਤੇ ਭਰੋਸਾ ਰੱਖੋ, ਤੁਸੀਂ ਘਾਟੇ ਵਿਚ ਨਹੀਂ ਰਹੋਗੇ।'

ਅਕਾਲੀ ਉਸ ਉਤੇ ਭਰੋਸਾ ਕਰਨ ਨੂੰ ਤਿਆਰ ਨਹੀਂ ਸਨ। ਸਰਕਾਰ ਵਲੋਂ ਕੇਸ ਇਕਪਾਸੜ ਤੌਰ 'ਤੇ ਵਾਪਸ ਲੈਣ ਦੀ ਕਾਰਵਾਈ ਨੇ ਉਹਦੇ ਵਿਚ ਅਕਾਲੀਆਂ ਦੇ ਵਿਸ਼ਵਾਸ ਨੂੰ ਚੂਰ-ਚੂਰ ਕਰ ਸੁੱਟਿਆ ਸੀ। ਸ਼੍ਰੀਮਤੀ ਗਾਂਧੀ ਨੇ ਉਹਨਾਂ ਨੂੰ ਯਕੀਨ ਦਿਵਾਇਆ ਕਿ ਸਾਇੰਸ ਨੇ ਇਸ ਹੱਦ ਤੱਕ ਤਰੱਕੀ ਕਰ ਲਈ ਹੈ ਕਿ ਸਰਕਾਰ ਪੰਜਾਬ ਨੂੰ ਪਾਣੀ ਵਧਾਉਣ ਲਈ ਢੰਗ ਤਰੀਕੇ ਲੱਭ ਲਵੇਗੀ ਤਾਂ ਜੁ ਇਸ ਰਾਜ ਨੂੰ ਉਦੋਂ ਵੀ ਕੋਈ ਹਾਨੀ ਨਾ ਪੁੱਜੇ ਜਦੋਂ ਰਾਜਸਥਾਨ ਆਪਣੇ ਹਿੱਸੇ ਨੂੰ ਪੂਰੀ ਤਰ੍ਹਾਂ ਵਰਤਣ ਦੀ ਪੁਜ਼ੀਸ਼ਨ ਵਿਚ ਹੋਵੇਗਾ।

ਪਰ ਇਹਨੇ ਅਕਾਲੀਆਂ ਨੂੰ ਨਰਮ ਨਾ ਕੀਤਾ। ਉਹਨਾਂ ਨੇ ਦਲੀਲ ਦਿੱਤੀ ਕਿ ਪੰਜਾਬ ਕੋਲ ਕੋਈ ਕੁਦਰਤੀ ਵਸੀਲੇ ਨਹੀਂ ਹਨ, ਨਾ ਕੋਲਾ ਹੈ, ਨਾ ਤੇਲ ਹੈ ਤੇ ਨਾ ਹੀ ਕੱਚਾ ਲੋਹਾ ਹੈ। ਇਥੇ ਕੋਈ ਸਨਅਤ ਵੀ ਨਹੀਂ। ਪਾਣੀ ਹੀ ਇਕੋ-ਇਕ ਭਰੋਸੇਯੋਗ ਵਸੀਲਾ ਹੈ, ਉਹ ਇਹਨੂੰ ਗੁਆ ਸਕਦਾ ਹੀ ਨਹੀਂ। ਸ਼੍ਰੀਮਤੀ ਇੰਦਰਾ ਗਾਂਧੀ ਉਹਨਾਂ ਨੂੰ ਯਕੀਨ ਦਿਵਾਉਂਦੀ ਰਹੀ ਕਿ ਸਰਕਾਰ ਪੰਜਾਬ ਦਾ ਨੁਕਸਾਨ ਪੂਰਾ ਕਰਨ ਲਈ ਰਾਹ ਢੰਗ ਲੱਭ ਲਵੇਗੀ, ਪਰ ਉਹਨੇ ਇਹਦਾ ਵਿਸਤਾਰ ਨਾ ਦਿੱਤਾ।

ਅਕਾਲੀਆਂ ਨੇ ਤਜਵੀਜ਼ ਕੀਤਾ ਕਿ ਇਹ ਮਾਮਲਾ ਮੁੜ ਸੁਪਰੀਮ ਕੋਰਟ ਦੇ ਸਾਹਮਣੇ ਰੱਖ ਦਿੱਤਾ ਜਾਵੇ। ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਇਸ ਤਰ੍ਹਾਂ ਫ਼ੈਸਲੇ ਨੂੰ ਬਹੁਤ ਚਿਰ ਹੋ ਜਾਵੇਗਾ। ਅਕਾਲੀਆਂ ਨੇ ਦਲੀਲ ਦਿੱਤੀ ਕਿ ਸਰਕਾਰ ਆਪਣੇ ਵਿਸ਼ੇਸ਼ ਅਧਿਕਾਰ ਵਰਤ ਕੇ ਦੋ ਮਹੀਨੇ ਦੇ ਅੰਦਰ-ਅੰਦਰ ਫ਼ੈਸਲਾ ਕਰਨ ਲਈ ਆਖ ਸਕਦੀ ਹੈ, ਉਹਨੇ ਕਿਹਾ : 'ਅਦਾਲਤਾਂ ਦੇ ਕੰਮ ਵਿਚ

ਭਲਾ ਅਸੀਂ ਦਖ਼ਲ ਕਿਵੇਂ ਦੇ ਸਕਦੇ ਹਾਂ ?'

ਜਦੋਂ ਆਲ-ਇੰਡੀਆ ਗੁਰਦੁਆਰਾ ਐਕਟ ਦਾ ਸਵਾਲ ਆਇਆ ਤਾਂ ਸ਼੍ਰੀਮਤੀ ਗਾਂਧੀ ਨੇ ਜ਼ੈਲ ਸਿੰਘ ਨੂੰ ਬੋਲਣ ਲਈ ਕਿਹਾ। ਉਹਨੇ ਆਖਿਆ ਕਿ ਇਸ ਤਰ੍ਹਾਂ ਦਾ ਐਕਟ ਪਾਸ ਕਰਨਾ ਮੁਸ਼ਕਲ ਹੋਵੇਗਾ, ਕਿਉਂਜੁ ਇਹ ਸਭਨਾਂ ਸਿੱਖਾਂ ਨੂੰ ਪ੍ਰਵਾਨ ਨਹੀਂ ਹੋਵੇਗਾ। ਉਹਨੇ ਕਿਹਾ, 'ਕਈ ਸਿੱਖ ਪ੍ਰਧਾਨ ਮੰਤਰੀ ਨੂੰ ਮਿਲ ਕੇ ਆਖ ਚੁੱਕੇ ਹਨ ਕਿ ਉਹ ਕੁਲ-ਹਿੰਦ ਐਕਟ ਦੇ ਖ਼ਿਲਾਫ਼ ਹਨ।

ਅਕਾਲੀ ਸ਼੍ਰੀਮਤੀ ਗਾਂਧੀ ਨਾਲ ਆਪਣੀ ਆਖ਼ਰੀ ਮੀਟਿੰਗ ਨੂੰ ਕੁੜੱਤਣ ਨਾਲ ਯਾਦ ਕਰਦੇ ਹਨ, ਉਹਨਾਂ ਦਾ ਵਿਸ਼ਵਾਸ ਹੈ ਕਿ ਉਹਨੇ ਗੱਲਾਂਬਾਤਾਂ ਨੂੰ ਤੋੜ ਸੁੱਟਣ ਦਾ ਫ਼ੈਸਲਾ ਪਹਿਲਾਂ ਹੀ ਕਰ ਲਿਆ ਹੋਇਆ ਸੀ। ਅਕਾਲੀ ਦੱਸਦੇ ਹਨ ਕਿ ਸ਼੍ਰੀਮਤੀ ਗਾਂਧੀ ਦਾ ਵਤੀਰਾ ਬੱਸ ਰਸਮੀ ਜੇਹਾ ਤੇ ਸਖ਼ਤ ਸੀ। ਪਹਿਲੀਆਂ ਦੋ ਮੀਟਿੰਗਾਂ ਵਿਚ ਗ਼ੌਰ-ਰਸਮੀ ਤੇ ਮਿੱਤਰਭਾਵੀ ਵਾਤਾਵਰਨ ਨਾਲ ਮੁਕਾਬਲਾ ਕਰਦਿਆਂ, ਉਹ ਕਹਿੰਦੇ ਹਨ ਕਿ ਤੀਜੀ ਮੀਟਿੰਗ ਠੰਢੀ ਤੇ ਰੀਤਗਤ ਸੀ। ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹਨੇ ਆਪਣਾ ਵਤੀਰਾ ਕਿਉਂ ਤਬਦੀਲ ਕਰ ਲਿਆ ਸੀ। ਆਖ਼ਰੀ ਮੀਟਿੰਗ ਪਿਛੋਂ, ਉਹਨਾ ਨੇ ਨਿਰਾਦਰ ਹੋਇਆ ਮਹਿਸੂਸ ਕੀਤਾ ਤੇ ਉਹਨਾਂ ਨੇ ਕਈ ਧਾਰਮਿਕ ਇਕੱਠਾਂ ਵਿਚ ਆਖਿਆ ਕਿ ਉਹਨਾਂ ਨੂੰ ਤਾਂ ਪਾਣੀ ਦਾ ਗਿਲਾਸ ਵੀ ਪੀਣ ਨੂੰ ਨਾ ਦਿੱਤਾ ਗਿਆ। ਪਹਿਲੀਆਂ ਮੀਟਿੰਗਾਂ ਵਿਚ ਉਹਨਾਂ ਨੂੰ ਚਾਹ ਤੇ ਸਨੈਕਸ ਪੇਸ਼ ਕੀਤੇ ਗਏ ਸਨ।

ਸ਼੍ਰੀਮਤੀ ਗਾਂਧੀ ਦੇ ਸਖ਼ਤ ਵਤੀਰੇ ਦੇ ਕਈ ਕਾਰਨ ਹੋ ਸਕਦੇ ਹਨ। ਅਕਾਲੀ ਹੀ ਕਾਂਗਰਸ (ਆਈ) ਦੇ ਇਕੋ-ਇਕ ਮੰਨਣਯੋਗ ਰਾਜਸੀ ਆਪੋਜ਼ੀਸ਼ਨ ਸੀ, ਕੋਈ ਵੀ ਰਿਆਇਤ ਉਹਨਾਂ ਨੂੰ ਮਜ਼ਬੂਤ ਕਰ ਸਕਦੀ ਸੀ ਅਤੇ ਉਹ 1980 ਦੀਆਂ ਚੋਣਾਂ ਵਿਚ ਜੋ ਭੋਂ ਕਾਂਗਰਸ (ਆਈ) ਲਈ ਛੱਡ ਚੁੱਕੇ ਸਨ ਉਹਨੂੰ ਮੁੜ ਹਾਸਲ ਕਰ ਸਕਦੇ ਸਨ।

ਕਾਂਗਰਸ (ਆਈ) ਨੇ 1980 ਦੀਆਂ ਲੋਕ ਸਭਾ ਚੋਣਾਂ ਵਿਚ 52.45 ਫੀਸਦੀ ਵੋਟਾਂ ਲਈਆਂ ਸਨ ਜਦ ਕਿ 1977 ਵਿਚ ਇਹ ਸਿਰਫ਼ 34.85 ਫੀਸਦੀ ਸਨ, ਜਦ ਕਿ ਅਕਾਲੀ ਦਲ ਦੀਆਂ ਵੋਟਾਂ 1977 ਦੇ 42.30 ਫੀਸਦੀ ਦੇ ਟਾਕਰੇ ਉਤੇ ਘੱਟ ਕੇ 1980 ਵਿਚ 23.70 ਫੀਸਦੀ ਰਹਿ ਗਈਆਂ ਸਨ। 1980 ਦੀਆਂ ਅਸੈਂਬਲੀ ਚੋਣਾਂ ਵਿਚ ਕਾਂਗਰਸ (ਆਈ) ਨੂੰ 45.19 ਫੀਸਦੀ ਸਦੀ ਵੋਟਾਂ ਮਿਲੀਆਂ ਜਦ ਕਿ 1977 ਵਿਚ 34.07 ਫੀਸਦੀ ਮਿਲੀਆਂ ਸਨ, ਇਹਦੇ ਟਾਕਰੇ 'ਤੇ ਅਕਾਲੀ ਦਲ ਨੂੰ ਜਿਥੇ 1977 ਵਿਚ 31.41 ਫੀਸਦੀ ਵੋਟਾਂ ਪਈਆਂ ਸਨ, 1980 ਵਿਚ ਸਿਰਫ਼ 26.92 ਫੀਸਦੀ ਹੀ ਪਈਆਂ।

ਸ਼੍ਰੀਮਤੀ ਗਾਂਧੀ ਦੇ ਲੇਖੇ ਵਿਚ ਪੰਜਾਬ ਵਿਚ ਕਾਂਗਰਸ ਦਾ ਆਧਾਰ ਹਿੰਦੂਆਂ ਵਿਚ ਹੈ, ਉਹ ਆਪਣੀ ਰੱਖਿਆ ਲਈ ਸੈਂਟਰ ਵੱਲ ਤੱਕਦੇ ਹਨ। ਪਾਕਿਸਤਾਨ ਵਿਚ ਆਪਣੇ ਘਰ-ਘਾਟ ਛੱਡ ਆਉਣ ਪਿਛੋਂ ਹੁਣ ਉਹਨਾਂ ਨੂੰ ਸਿੱਖਾਂ ਹੱਥੋਂ ਮੁੜ ਤਬਾਹੀ ਦੇ ਖ਼ਤਰੇ ਦਾ ਅਹਿਸਾਸ ਪੈਦਾ ਹੋ ਗਿਆ ਸੀ, ਅਕਾਲੀ ਮੰਗਾਂ ਨੇ ਉਹਨਾਂ ਨੂੰ ਹੋਰ ਓਪਰਿਆ ਦਿੱਤਾ ਹੋਇਆ ਸੀ। ਦੱਸੋ, ਭਲਾ ਸ਼੍ਰੀਮਤੀ ਗਾਂਧੀ ਇਸ ਨਿਗਰ, ਵਫ਼ਾਦਾਰ ਹਿਮਾਇਤ ਨੂੰ ਗੁਆਉਣ ਦਾ ਖ਼ਤਰਾ ਕਿਉਂ ਸਹੇੜੇ ?

ਸ਼ਾਇਦ ਉਹਨੇ ਸੋਚਿਆ ਹੋਵੇ ਕਿ ਤਕੜਾਈ ਸ਼ਾਇਦ ਉਹਨੂੰ ਪੰਜਾਬ ਦੇ ਹਿੰਦੂਆਂ ਦੀ ਹੀ ਨਹੀਂ, ਸਗੋਂ ਦੇਸ਼ ਦੇ ਬਾਕੀ ਹਿੰਦੂਆਂ ਦੀ ਵੀ ਪ੍ਰਿਅ ਬਣਾ ਦੇਵੇਗੀ। ਮਜ਼ਬੂਤ ਤੇ ਸਖ਼ਤ ਹੋਣ ਦਾ

ਉਹਦਾ ਬਿੰਬ ਤਾਂ ਸੀਗਾ ਹੀ, ਤੇ ਬੀਤੇ ਵਿਚ ਇਹਦਾ ਲਾਭ ਉਹਨੂੰ ਪੁੱਜਿਆ ਸੀ, ਉਹਨੂੰ ਤਬਦੀਲ ਹੋਣ ਦੀ ਕੋਈ ਲੋੜ ਨਹੀਂ ਸੀ।

ਇਕ ਹੋਰ ਕਾਰਨ ਵੀ ਹੋ ਸਕਦਾ ਹੈ। ਉਹ ਸਮਝਦੀ ਸੀ ਕਿ ਅਕਾਲੀ ਐਜੀਟੇਸ਼ਨਾਂ ਪਿਛੋਂ ਰਿਆਇਤਾਂ ਲੈਂਦੇ ਰਹੇ ਹਨ ਤੇ ਫੇਰ ਹੋਰ ਰਿਆਇਤਾਂ ਲਈ ਉਠ ਖਲੋਂਦੇ ਹਨ। ਜੋ ਹੋ ਗਿਆ ਕਾਫ਼ੀ ਹੋ ਗਿਆ।

ਸ਼੍ਰੀਮਤੀ ਇੰਦਰਾ ਗਾਂਧੀ ਦੀਆਂ ਮਜਬੂਰੀਆਂ ਭਾਵੇਂ ਕੁਝ ਵੀ ਹੋਣ, ਉਸ ਦਿਨ ਪਿਛੋਂ ਹਕੂਮਤ ਤੇ ਅਕਾਲੀਆਂ ਵਿਚਲਾ ਫ਼ਾਸਲਾ ਵਧਦਾ ਹੀ ਗਿਆ ਤੇ ਗਰੀਕ ਟਰੈਜੇਡੀ ਵਾਂਗ ਦੋਵੇਂ ਧਿਰਾਂ ਹੀ ਇਕ ਅਜਿਹੀ ਸਥਿਤੀ ਵਿਚ ਤਿਲ੍ਹਕ ਗਈਆਂ ਜਿਸ ਦਾ ਸਿੱਟਾ ਤਬਾਹੀ ਹੀ ਹੋਣਾ ਸੀ।

ਸ਼੍ਰੀਮਤੀ ਗਾਂਧੀ ਦਾ, ਜਿਵੇਂ ਕਿ ਇਤਲਾਹ ਹੈ ਸਖ਼ਤ ਵਤੀਰਾ ਅਖ਼ੀਰ ਤਕ ਕਾਇਮ ਰਿਹਾ। ਜਦੋਂ ਦਲ ਖ਼ਾਲਸਾ ਨੇ ਵੈਸਾਖੀ ਵਾਲੇ ਦਿਨ 13 ਅਪ੍ਰੈਲ, 1982 ਨੂੰ ਅੰਮ੍ਰਿਤਸਰ ਵਿਖੇ ਹਲਚਲ ਕਰਨ ਦੀ ਧਮਕੀ ਦਿੱਤੀ, ਜੇਕਰ ਉਦੋਂ ਤਕ ਸ਼ਹਿਰ ਵਿਚ ਤੰਬਾਕੂ ਦੀ ਵਿਕਰੀ ਤੇ ਵਰਤੋਂ ਉਤੇ ਪਾਬੰਦੀ ਨਹੀਂ ਲੱਗਦੀ, ਤਾਂ ਦਰਬਾਰਾ ਸਿੰਘ ਨੇ ਪ੍ਰੈੱਸ ਕਾਨਫ਼ਰੰਸ (22 ਮਾਰਚ 1982) ਵਿਚ ਕਿਹਾ 'ਦਲ ਖ਼ਾਲਸਾ' ਹੈ ਕਿਥੇ ?'

ਇਧਰ, ਵਿਦੇਸ਼ਾਂ ਵਿਚ ਖ਼ਾਸ ਤੌਰ 'ਤੇ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਿਚ ਜਾ ਕੇ ਵਸੇ ਬਹੁਤੇ ਸਿੱਖ, ਜਿਹੜੇ ਅਜੇ ਤੱਕ ਨਿਸ਼ਕ੍ਰਿਆ ਰਹੇ ਸਨ, ਪੰਜਾਬ ਦੇ ਮਾਮਲਿਆਂ ਵਿਚ ਦਿਲਚਸਪੀ ਲੈਣ ਲੱਗੇ ਅਤੇ ਇਹਨਾਂ ਘਟਨਾਵਾਂ ਨੂੰ ਆਮ ਤੌਰ 'ਤੇ ਸਿੱਖਾਂ ਨੂੰ 'ਹਾਨੀ' ਵਜੋਂ ਹੀ ਅਰਥਾਉਣ ਲੱਗੇ। ਖ਼ਾਲਿਸਤਾਨ ਸਿੱਖ ਦੇਸ਼ਭੂਮੀ ਲਈ ਹਿਮਾਇਤ ਸੀਮਿਤ ਸੀ ਤੇ ਸਿੱਖਾਂ ਲਈ 'ਵਿਸ਼ੇਸ਼ ਦਰਜੇ' ਦੀ ਹੀ ਮੰਗ ਪੇਸ਼ ਕੀਤੀ ਜਾਂਦੀ ਸੀ।

ਗੰਗਾ ਸਿੰਘ ਢਿੱਲੋਂ, ਜੀਹਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ ਹੋਈ ਹੈ ਅਤੇ ਵਾਸ਼ਿੰਗਟਨ ਦੀ ਸਿਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਦਾ ਪ੍ਰਧਾਨ ਹੈ, ਖ਼ਾਲਿਸਤਾਨ ਦੇ ਸਮਰੱਥਕਾਂ ਦੀ ਅਗਵਾਈ ਕਰਦਾ ਹੈ। ਉਹ ਪਾਕਿਸਤਾਨ ਦੇ ਪ੍ਰਧਾਨ ਜ਼ਿਆ-ਉਲ-ਹਕ ਨਾਲ ਵੀ ਸੰਪਰਕ ਵਿਚ ਰਿਹਾ ਹੈ ਤੇ ਪ੍ਰਗਟ ਤੌਰ 'ਤੇ ਉਹਦਾ ਇਹ ਸੰਪਰਕ ਪਾਕਿਸਤਾਨ ਵਿਚ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਿੱਖਾਂ ਦੀ ਵਧੇਰੇ ਸ਼ਮੂਲੀ ਦੇ ਸਵਾਲ ਬਾਰੇ ਹੀ ਰਿਹਾ ਹੈ।

ਢਿੱਲੋਂ, ਜ਼ੈਲ ਸਿੰਘ ਨਾਲ ਵੀ ਛੁਹ ਵਿਚ ਰਿਹਾ, ਜੀਹਨੂੰ ਉਹ 1981 ਵਿਚ ਕਰਨਾਲ ਮਿਲਿਆ। ਪਰ ਜ਼ੈਲ ਸਿੰਘ ਦੇ ਸਮਰਥਕ ਕਹਿੰਦੇ ਹਨ ਕਿ ਉਹ ਤਾਂ ਢਿੱਲੋਂ ਨੂੰ ਠੀਕ ਰਾਹ 'ਤੇ ਲਿਆਉਣਾ ਚਾਹੁੰਦਾ ਸੀ ਤੇ ਉਹਨੇ ਇਸ ਬਾਰੇ ਸ਼੍ਰੀਮਤੀ ਗਾਂਧੀ ਨੂੰ ਦੱਸ ਦਿੱਤਾ ਸੀ। ਕਿਸੇ ਵਿਚੋਲੇ ਨੂੰ ਲਿਖਿਆ ਢਿੱਲੋਂ ਦਾ ਪੱਤਰ* ਵੀ ਉਹਦੇ ਨਾਲ ਜ਼ੈਲ ਸਿੰਘ ਦੇ ਸੰਪਰਕ ਦੀ ਪੁਸ਼ਟੀ ਕਰਦਾ ਹੈ।

---

* *ਪਿਆਰੇ ਗਜਿੰਦਰ ਸਿੰਘ ਜੀ — ਵਾਹਿਗੁਰੂ ਜੀ ਕੀ ਫ਼ਤਹ। ਮੈਨੂੰ ਯਕੀਨ ਹੈ ਕਿ ਵਾਹਿਗੁਰੂ ਦੀ ਕਿਰਪਾ ਨਾਲ ਤੁਸੀਂ ਰਾਜ਼ੀ ਖ਼ੁਸ਼ੀ ਹੋਵੋਗੇ। ਆਸ ਹੈ ਕਿ ਤੁਹਾਨੂੰ ਮੇਰਾ ਪਹਿਲਾ ਪੱਤਰ ਮਿਲ ਗਿਆ ਹੋਵੇਗਾ। ਉਸ ਪੱਤਰ ਵਿਚ, ਮੈਂ ਕਰਨਾਲ ਵਿਖੇ ਗਿਆਨੀ ਜ਼ੈਲ ਸਿੰਘ ਨਾਲ ਆਪਣੀ ਗੱਲਬਾਤ ਦਾ ਵੇਰਵੇ ਸਹਿਤ ਵਰਣਨ ਕੀਤਾ ਸੀ। ਹੁਣ ਤਕ ਤੁਸੀਂ ਉਹਨੂੰ ਮਿਲ ਚੁਕੇ ਹੋਏ ਹੋਵੋਗੇ ਤੇ ਉਹਨੇ ਵਿਤ ਸੰਬੰਧੀ ਤੇ ਹੋਰ ਦੂਜੀਆਂ ਲੋੜੀਂਦੀਆਂ ਗੱਲਾਂ ਸੰਬੰਧੀ ਪ੍ਰਬੰਧ ਕਰ ਦਿੱਤਾ ਹੋਵੇਗਾ, ਪਰ ਇਕ ਗੱਲ ਦਾ ਖ਼ਿਆਲ ਰਹੇ ਕਿ ਉਹਨੂੰ ਬਹੁਤ ਵਾਰ ਨ ਮਿਲਿਆ ਜਾਵੇ। ਉਹਨੂੰ ਲਿਖਣਾ ਮੈਂ ਮੁਨਾਸਬ ਨਹੀਂ ਸਮਝਦਾ। ਠੀਕ, ਜੇ ਲੋੜ ਪਵੇ, ਤੁਸੀਂ ਉਹਨੂੰ ਇਹ ਪੱਤਰ ਵਿਖਾ ਸਕਦੇ ਹੋ। ਵਾਹਿਗੁਰੂ ਤੁਹਾਡੇ ਅੰਗ ਸੰਗ ਰਹੇ। ਬਾਕੀ ਫੇਰ। ਤੁਹਾਡਾ ਸ਼ੁੱਭ ਚਿੰਤਕ ਗੰਗਾ ਸਿੰਘ (ਅੰਗਰੇਜ਼ੀ ਤੋਂ ਅਨੁਵਾਦ)।*

ਵਿੱਲੋਂ ਨੇ ਆਪਣੀ ਫ਼ਾਊਂਡੇਸ਼ਨ ਦੇ ਸਰਪ੍ਰਸਤਾਂ ਵਜੋਂ ਉਸ ਸਮੇਂ ਦੇ ਸੈਨੇਟਰ, ਮਾਰਕ ਓ. ਹੈਟਫੀਲਡ ਅਤੇ ਸੀ. ਕੋਰਮਾਨ ਦਾ ਜਿਹੜਾ ਉਦੋਂ ਕਾਂਗਰਸ ਦਾ, ਅਮਰੀਕਾ ਦੇ ਲੋਅਰ ਹਾਊਸ ਦਾ ਮੈਂਬਰ ਹੁੰਦਾ ਸੀ, ਜ਼ਿਕਰ ਕੀਤਾ ਹੈ।

ਡਾ: ਜਗਜੀਤ ਸਿੰਘ ਚੌਹਾਨ ਵਿਦੇਸ਼ਾਂ ਵਿਚ ਖ਼ਾਲਿਸਤਾਨ ਦਾ ਇਕ ਹੋਰ ਝੰਡਾ-ਬਰਦਾਰ ਹੈ। ਬਹੁਤੇ ਇੰਡੀਅਨਾਂ ਲਈ ਉਹ ਅਵਾਸਤਵਿਕ ਆਦਮੀ ਹੈ। ਪੰਜਾਬ ਵਿਚ ਵੀ ਜਿਥੇ ਉਹ ਅਕਾਲੀ ਕੁਲੀਸ਼ਨ ਵਿਚ 1969 ਤੱਕ ਵਿਤ ਮੰਤਰੀ ਰਿਹਾ, ਉਹਦੇ ਬਾਰੇ ਬਹੁਤੇ ਲੋਕਾਂ ਨੂੰ ਕੋਈ ਇਲਮ ਨਹੀਂ ਸੀ।

ਇੰਗਲੈਂਡ ਪਹੁੰਚਣ ਤੋਂ ਛੇਤੀ ਹੀ ਪਿਛੋਂ, ਚੌਹਾਨ ਨੇ ਸਤੰਬਰ 1971 ਵਿਚ ਇਕ ਪ੍ਰੈੱਸ ਇੰਟਰਵਿਊ ਵਿਚ 'ਖ਼ਾਲਿਸਤਾਨ' ਦੀ ਮੰਗ ਪੇਸ਼ ਕੀਤੀ। ਇਸ ਇੰਟਰਵਿਊ ਵਿਚ ਉਹਨੇ ਭਾਰਤ ਵਿਚ ਸਿੱਖਾਂ ਉਤੇ ਹੁੰਦੇ ਜਬਰ ਦੀਆਂ ਨਿਰਮੂਲ ਤੇ ਬੇਬੁਨਿਆਦ ਊਜਾਂ ਲਾਈਆਂ। ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਭੜਕਾਉਣ ਲਈ ਉਹਨੇ ਕਿਹਾ ਕਿ ਭਾਰਤ ਵਿਚ ਗੁਰਦੁਆਰੇ ਢਾਹ-ਢੇਰੀ ਕੀਤੇ ਜਾ ਰਹੇ ਹਨ।

ਚੌਹਾਨ ਜੁਲਾਈ 1977 ਵਿਚ ਭਾਰਤ ਮੁੜਿਆ ਜਦੋਂ ਪੰਜਾਬ ਵਿਚ ਅਕਾਲੀ-ਜਨਤਾ ਸਰਕਾਰ ਕਾਇਮ ਸੀ ਤੇ ਸਿੱਖ ਪਾਲੇਟਿਕਸ ਵਿਚ ਆਪਣੀ ਬਹਾਲੀ ਦੀ ਕੋਸ਼ਿਸ਼ ਕੀਤੀ। ਉਹਨੇ ਕਿਹਾ ਕਿ ਉਹ ਉਸ ਸਮੇਂ ਦੇ ਮੁੱਖ ਮੰਤਰੀ ਬਾਦਲ ਦੀ ਅਗਵਾਈ ਹੇਠ ਕੰਮ ਕਰੇਗਾ, ਪਰ ਅਕਾਲੀ ਲੀਡਰਸ਼ਿਪ ਵਿਚ ਉਹਦੇ ਲਈ ਕੋਈ ਥਾਂ ਨਹੀਂ ਸੀ, ਪਰ ਪੰਜਾਬ ਕਾਂਗਰਸ ਨੇ, ਜਿਹੜੀ ਤਖ਼ਤੋਂ ਲੱਥੀ ਸੀ, ਉਹਦੇ ਨਾਲ ਸੰਪਰਕ ਕਾਇਮ ਕੀਤੇ। ਜ਼ੈਲ ਸਿੰਘ ਉਹਨੂੰ ਏਸ ਦੌਰ ਵਿਚ ਕਈ ਵਾਰ ਮਿਲਿਆ। ਇਹ ਉਹ ਦਿਨ ਸਨ ਜਦੋਂ ਸੰਜੇ ਗਾਂਧੀ ਤੇ ਜ਼ੈਲ ਸਿੰਘ ਅਕਾਲੀਆਂ ਨਾਲ ਲੜਨ ਲਈ ਦਲ ਖ਼ਾਲਸਾ ਕਾਇਮ ਕਰ ਰਹੇ ਸਨ। ਚੌਹਾਨ ਨੇ ਦਿੱਲੀ ਵਿਖੇ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਨਾਲ ਵੀ ਕਈ-ਕਈ ਘੰਟੇ ਬਿਤਾਏ ਤਾਂ ਜੁ ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਗਠਜੋੜ ਕਾਇਮ ਕੀਤਾ ਜਾ ਸਕੇ।

ਚੌਹਾਨ ਸ਼੍ਰੀਮਤੀ ਗਾਂਧੀ ਨੂੰ ਵੀ ਉਸ ਸਮੇਂ ਇਕ ਤੋਂ ਬਹੁਤੀ ਵਾਰ ਮਿਲਿਆ ਸੀ। ਸ਼੍ਰੀਮਤੀ ਗਾਂਧੀ ਦੇ ਮੁੜ ਸੱਤਾ ਵਿਚ ਆਉਣ ਪਿਛੋਂ ਵੀ ਉਹ ਉਹਨੂੰ ਮਿਲਿਆ ਸੀ। ਚੌਹਾਨ ਤਾਂਘਵਾਨ ਸੀ ਤੇ ਰਾਜਸੀ ਸੱਤਾ ਦੀ ਭਾਲ ਵਿਚ ਸੀ, ਪਰ ਇਹ ਵੇਖ ਕੇ ਕਿ ਨਾ ਹੀ ਅਕਾਲੀਆਂ ਨੂੰ, ਜਿਨ੍ਹਾਂ ਹੱਥੋਂ ਹੁੱਣ ਸੱਤਾ ਨਿਕਲ ਚੁਕੀ ਹੋਈ ਸੀ ਤੇ ਨਾ ਹੀ ਕਾਂਗਰਸ (ਆਈ) ਨੂੰ ਜੀਹਦੇ ਹੱਥ ਹੁਣ ਸੱਤਾ ਸੀ, ਉਹਦੇ ਵਿਚ ਕੋਈ ਦਿਲਚਸਪੀ ਸੀ, ਉਹਨੇ ਅਨੰਦਪੁਰ ਸਾਹਿਬ ਵਿਖੇ ਆਪਣੇ ਮੁਠੀ ਭਰ ਹਿਮਾਇਤੀਆਂ ਦੀ ਮੌਜੂਦਗੀ ਵਿਚ ਖ਼ਾਲਿਸਤਾਨ ਦਾ ਕੌਮੀ ਝੰਡਾ, ਮਾਰਚ 1980 ਵਿਚ ਲਹਿਰਾਇਆ।

ਚੌਹਾਨ ਦਾ ਅੱਤਵਾਦੀ ਸਟੈਂਡ ਵੀ ਹਿਮਾਇਤ ਹਾਸਲ ਨਾ ਕਰ ਸਕਿਆ ਅਤੇ ਮਈ 1980 ਵਿਚ ਉਹ ਮੁੜ ਇੰਗਲੈਂਡ ਚਲਿਆ ਗਿਆ। ਉਹਦੀ ਗੈਰ-ਹਾਜ਼ਰੀ ਵਿਚ ਤਰਨ ਤਾਰਨ, ਅੰਮ੍ਰਿਤਸਰ ਦੇ ਇਕ ਸਿੱਖ ਲੀਡਰ ਬਲਬੀਰ ਸਿੰਘ ਸੰਧੂ ਨੇ 16 ਜੂਨ 1980 ਨੂੰ ਅੰਮ੍ਰਿਤਸਰ ਵਿਖੇ ਖ਼ਾਲਿਸਤਾਨ ਮੁਦਮੁਖ਼ਤਾਰ ਸਿੱਖ ਰਾਜ ਦੀ ਸਿਰਜਣਾ ਦਾ ਐਲਾਨ ਕੀਤਾ, ਜਿਸ ਦਾ ਪ੍ਰਧਾਨ ਚੌਹਾਨ ਨੂੰ ਐਲਾਨਿਆ ਗਿਆ। ਸੰਧੂ ਨੇ ਆਪਣੇ ਆਪ ਨੂੰ ਖ਼ਾਲਿਸਤਾਨ ਦੀ ਨੈਸ਼ਨਲ ਕੌਂਸਲ ਦਾ ਸਕੱਤਰ-ਜਨਰਲ ਦੱਸਿਆ।

ਚੌਹਾਨ ਇਸ ਕਾਜ਼ ਦੀ ਹਿਮਾਇਤ ਸੰਬੰਧੀ ਕਈ ਵਾਰ ਪਾਕਿਸਤਾਨ ਗਿਆ। ਉਹਨੇ ਆਪਣੇ

ਸਾਕ-ਸੰਬੰਧੀਆਂ ਤੇ ਨਿਕਟ-ਵਰਤੀਆਂ ਰਾਹੀਂ ਜਿਹੜੇ ਵਿਦੇਸ਼ੋਂ ਦੇਸ਼ ਮੁੜ ਰਹੇ ਸਨ, ਪੈਸਾ ਭਾਰਤ ਭੇਜਿਆ। ਬਹੁਤੇ ਫ਼ੰਡ ਜਾਪਦਾ ਹੈ ਇੰਗਲੈਂਡ ਤੋਂ ਗ਼ੈਰ-ਕਾਨੂੰਨੀ ਵਸੀਲਿਆਂ ਰਾਹੀਂ ਹੀ ਭਾਰਤ ਪੁੱਜੇ ਸਨ।

ਕੈਨੇਡਾ ਵਿਚ 'ਪਨਾਹ' ਲੈਣ ਦੇ ਚਾਹਵਾਨ ਨੂੰ ਅਖੌਤੀ 'ਰਿਫ਼ਿਊਜੀ ਸਰਟੀਫਿਕੇਟ' ਜਾਰੀ ਕਰਨ ਲਈ ਫ਼ੀਸ ਚਾਰਜ ਕਰ ਕੇ ਵੀ ਕੁਝ ਧਨ ਇਕੱਠਾ ਕੀਤਾ ਗਿਆ, ਕੈਨੇਡਾ ਜਿਸ ਨੇ ਅੱਗੇ ਚੱਲ ਕੇ ਸਿੱਖਾਂ ਨੂੰ, ਇੰਡੀਅਨ ਕਮਿਊਨਿਟੀਆਂ ਤੋਂ ਵੱਖਰਾ, ਇਕ ਨਸਲੀ ਗਰੋਹ ਮੰਨ ਲਿਆ। 'ਖ਼ਾਲਿਸਤਾਨ ਡਾਕ-ਟਿਕਟ ਵੇਚ ਕੇ ਵੀ, ਜਿਹੜੇ ਕੈਨੇਡਾ ਤੋਂ ਭਾਰਤ ਵਿਚ ਸਮਗਲ ਕੀਤੇ ਗਏ, ਕੁਝ ਧਨ ਇਕੱਠਾ ਕੀਤਾ ਗਿਆ। ਨਵੰਬਰ 1980 ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਪੁਰਬ ਦੇ ਮੌਕੇ, ਇਸ ਤਰ੍ਹਾਂ ਦੇ ਟਿਕਟ ਵੇਚੇ ਗਏ।

ਸਰਕਾਰੀ ਹਲਕਿਆਂ ਨੂੰ ਸ਼ੱਕ ਸੀ ਕਿ ਵਿਦੇਸ਼ੀ ਏਜੰਸੀਆਂ ਤੋਂ ਚੌਹਾਨ ਨੂੰ ਖੁੱਲ੍ਹੇ ਗੱਫੇ ਮਿਲਦੇ ਰਹੇ ਸਨ। ਅਮਰੀਕਨ ਸਕਿਊਰਿਟੀ ਕੌਂਸਲ ਦੇ ਨਾਂ ਦੀ ਪ੍ਰਾਈਵੇਟ ਜਥੇਬੰਦੀ ਦੇ ਕੋ-ਚੇਅਰਮੈਨ ਅਤੇ ਅਮਰੀਕਾ ਦੀ ਡੀਫੈਂਸ ਇੰਟੈਲੀਜੈਂਸ ਏਜੰਸੀ ਦੇ ਸਾਬਕ ਚੀਫ਼ ਜੈਨ ਡੇਨੀਅਰ ਗਰਾਹਮ ਨਾਲ ਉਹਦੇ ਸੰਬੰਧ ਕਾਇਮ ਰਹੇ। ਇੰਡੀਆ ਦੀਆਂ ਇੰਟੈਲੀਜੈਂਸ ਰਿਪੋਰਟਾਂ ਅਨੁਸਾਰ, ਜੈਨ ਗਰਾਹਮ ਨੇ ਚੌਹਾਨ ਤੇ ਪਾਕਿਸਤਾਨ ਦੇ ਉਸ ਸਮੇਂ ਦੇ ਵਿਦੇਸ਼-ਮੰਤਰੀ, ਆਗਾ ਸ਼ਾਹੀ, ਵਿਚਕਾਰ ਮੁਲਾਕਾਤ ਦਾ ਪ੍ਰਬੰਧ ਕੀਤਾ ਸੀ। ਚੌਹਾਨ ਨੇ ਸੈਨੇਟਰ ਮਾਰਕ ਹੈਟਫੀਲਡ, ਸੈਨੇਟਰ ਜੈਸੀ ਹੈਲਮਸ ਤੇ ਸੈਨੇਟਰ ਸਾਮ ਨੂਨ ਨਾਂਲ ਵੀ ਸੰਪਰਕ ਕਾਇਮ ਰੱਖੇ। ਉਹ ਸਾਬਕਾ ਸੈਕਰੇਟਰੀ ਆਫ਼ ਸਟੇਟ, ਅਲੇਕਜ਼ਾਂਡਰ ਹੇਗ ਅਤੇ ਸੈਨੇਟ ਫਾਰੇਨ ਰੀਲੇਸ਼ਨਜ਼ ਕਮੇਟੀ ਦੇ ਚਾਰਲਸ ਪਾਰਸੀ ਨੂੰ ਵੀ ਮਿਲਿਆ ਸੀ।

ਕੇਂਦਰ ਸਰਕਾਰ, ਜਿਹੜੀ ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਲੋਕਾਂ ਦੀਆਂ ਲੰਡਨ ਵਿਚ ਕੁਝ ਲੋਕਾਂ ਨਾਲ ਟੈਲੀਫੋਨ ਉਤੇ ਹੁੰਦੀਆਂ ਗੱਲਾਂਬਾਤਾਂ ਰਾਹ ਵਿਚ ਸੁਣਦੀ ਰਹੀ ਸੀ, ਉਸ ਬਾਰੇ ਕਾਫ਼ੀ ਕੁਝ ਜਾਣਦੀ ਸੀ ਜੋ ਵੱਖ-ਵੱਖ ਗਰੋਹਾਂ ਤੇ ਵਿਅਕਤੀਆਂ ਵਲੋਂ ਵਿਉਂਤਿਆ ਜਾ ਰਿਹਾ ਸੀ, ਉਸ ਤੋਂ ਕਾਫ਼ੀ ਜਾਣਦੀ ਸੀ ਜਿੰਨਾ ਕੁਝ ਉਹਨੇ ਗ੍ਰਹਿ-ਮੰਤਰਾਲੇ ਵਲੋਂ ਤਿਆਰ ਕੀਤੇ ਇਕ ਦਸਤਾਵੇਜ਼ ਵਿਚ ਦੱਸਿਆ ਸੀ।

ਲੌਂਗੋਵਾਲ ਅਤੇ ਬਾਦਲ ਵਰਗੇ ਅਕਾਲੀ ਆਗੂ ਚੌਹਾਨ ਦੀਆਂ ਸਰਗਰਮੀਆਂ ਉਤੇ ਨਾ-ਖ਼ੁਸ਼ ਸਨ। ਉਹ ਖ਼ਾਲਿਸਤਾਨ ਦੀ ਮੰਗ ਦੇ ਹਿਮਾਇਤੀ ਨਹੀਂ ਸਨ ਤੇ ਇਹਨਾਂ ਦੋਹਾਂ ਨੇ—ਤੇ ਅਕਾਲੀ ਪਾਰਟੀ ਨੇ—ਖ਼ਾਲਿਸਤਾਨ ਦੀ ਵਿਰੋਧਤਾ ਕੀਤੀ ਸੀ।

ਪਰ, ਟੌਹੜਾ ਜ਼ੀਹਦਾ ਇਕ ਪੈਰ ਅੱਤਵਾਦੀਆਂ ਦੀ ਬੇੜੀ ਉਤੇ ਸੀ ਤੇ ਦੂਜਾ ਮਾਡਰੇਟਾਂ ਦੀ ਬੇੜੀ ਉਤੇ, ਜਦੋਂ ਵਿਦੇਸ਼ ਗਿਆ ਤਾਂ ਉਥੇ ਸਿੱਖਾਂ ਲਈ ਅਟਾਨੋਮੀ ਬਾਰੇ ਬੋਲਿਆ। ਗੁਰਦਿਆਲ ਸਿੰਘ ਅਜਨੋਹਾ ਨਾਲ, ਜਿਹੜਾ ਉਸ ਸਮੇਂ ਅਕਾਲ ਤਖ਼ਤ ਦਾ ਜਥੇਦਾਰ ਸੀ, ਉਹ ਅਪ੍ਰੈਲ-ਜੁਲਾਈ 1981 ਵਿਚ ਅਮਰੀਕਾ ਤੇ ਕੈਨੇਡਾ ਗਿਆ। ਉਹਨਾਂ ਦੀ ਇਕ ਮੀਟਿੰਗ ਵਿਚ ਚੌਹਾਨ ਵੀ ਮੌਜੂਦ ਸੀ, ਇਸ ਮੀਟਿੰਗ ਵਿਚ ਟੌਹੜਾ ਨੇ ਖੁਲ੍ਹਮਖੁਲ੍ਹਾ ਆਖਿਆ ਕਿ ਸਿੱਖ ਕੌਮ ਨੂੰ ਭਾਰਤ ਵਿਚ ਅਟਾਨੋਮੀ ਮਿਲਣੀ ਚਾਹੀਦੀ ਹੈ।

ਪੰਜਾਬ ਦੇ ਹਿੰਦੂ ਲੀਡਰਾਂ ਨੇ ਇਹਨਾਂ ਤਕਰੀਰਾਂ ਵੱਲ ਹਕੂਮਤ ਦਾ ਧਿਆਨ ਦਿਵਾਇਆ ਅਤੇ

ਇਹਨਾਂ ਦੇ ਪਾਸਪੋਰਟ ਕੈਂਸਲ ਕਰਨ ਤੋਂ ਇਲਾਵਾ ਟੋਹੜਾ ਤੇ ਅਜਨੋਹਾ ਵਿਰੁਧ ਮੁਕੱਦਮਾ ਚਲਾਉਣ ਲਈ ਵੀ ਸੁਝਾਅ ਦਿੱਤਾ ਤੇ ਇਹਨਾਂ ਨੂੰ 'ਗ਼ੱਦਾਰ' ਦੱਸਿਆ।

ਹਕੂਮਤ ਕਿਸੇ ਖ਼ਤਰੇ ਨੂੰ ਵੇਖਣੋਂ ਇਨਕਾਰੀ ਸੀ। ਉਹਨੇ ਭਾਂ ਸਗੋਂ ਸਿੱਖਾਂ ਦੀਆਂ ਨਿੱਕੀਆਂ-ਨਿੱਕੀਆਂ ਝੁੰਜਲਾਹਟਾਂ ਨੂੰ ਇਕੱਠਾ ਹੋਣ ਦਿੱਤਾ ਬੱਸ ਇਸ ਕਰ ਕੇ ਕਿਉਂਜੁ ਇਹ ਅਕਾਲੀ ਹੀ ਸਨ ਜਿਹੜੇ ਮਾਮਲੇ ਦਰੁਸਤ ਕਰਨ ਲਈ ਕਹਿ ਰਹੇ ਸਨ, ਕਾਂਗਰਸ (ਆਈ) ਉਹਨਾਂ ਨੂੰ ਚੋਣਾਂ ਵਿਚ ਹਰਾ ਚੁੱਕੀ ਹੋਈ ਸੀ ਅਤੇ ਉਹਨਾਂ ਨੂੰ ਦਿੱਤੀ ਗਈ ਕੋਈ ਵੀ ਰਿਆਇਤ ਉਹਨਾਂ ਦੀ ਬਹਾਲੀ ਵਿਚ ਸਹਾਈ ਹੋ ਸਕਦੀ ਸੀ।

ਅਕਾਲੀਆਂ ਨੇ ਵੇਖਿਆ ਕਿ ਹਕੂਮਤ ਉਹਨਾਂ ਦੀਆਂ ਮੰਗਾਂ ਪਰਵਾਨ ਕਰਨ ਦੀ ਹੋਂ ਵਿਚ ਨਹੀਂ। ਇਸੇ ਲਈ ਉਹਨਾਂ ਨੇ ਜੁਝਾਰ ਅੰਦਾਜ਼ ਅਖ਼ਤਿਆਰ ਕੀਤਾ, ਕਿਉਂਜੁ ਜਦੋਂ ਕਿਸੇ ਰਾਜਸੀ ਪਾਰਟੀ ਨੂੰ ਤਖ਼ਤੋਂ ਲਾਹ ਕੇ ਰਾਜਸੀ ਵੀਰਾਨਗੀ ਅੰਦਰ ਧੱਕ ਦਿੱਤਾ ਜਾਂਦਾ ਹੈ ਤਾਂ ਇਸ ਵੀਰਾਨਗੀ ਦਾ ਖ਼ੁਦ ਆਪਣਾ ਹੀ ਤਰਕ ਹੁੰਦਾ ਹੈ। ਹਿਮਾਇਤੀਆਂ ਨੂੰ ਸੰਤੁਸ਼ਟ ਰੱਖਣ ਲਈ ਕੋਈ ਲੀਵਰੇਜ ਨਹੀਂ ਹੁੰਦਾ—ਵੰਡਣ ਲਈ ਕੋਈ ਸਰਪ੍ਰਸਤੀ ਨਹੀਂ ਹੁੰਦੀ, ਦੇਣ ਲਈ ਕੋਈ ਰਿਆਇਤਾਂ ਨਹੀਂ ਹੁੰਦੀਆਂ।

ਅਕਾਲੀਆਂ ਨੂੰ ਇਕ ਹੋਰ ਮਸਲੇ ਦਾ ਵੀ ਸਾਹਮਣਾ ਕਰਨਾ ਪਿਆ। ਕਾਂਗਰਸ (ਆਈ) ਨੇ ਅਕਾਲੀ ਗੜ੍ਹ ਵਿਚ ਸੰਨ੍ਹ ਲਾ ਦਿੱਤੀ ਸੀ ਅਤੇ 1980 ਦੀਆਂ ਚੋਣਾਂ ਵਿਚ ਤਕੜੀ ਗਿਣਤੀ ਵਿਚ ਸਿੱਖਾਂ ਨੂੰ ਆਪਣੇ ਪਾਸੇ ਖਿੱਚ ਲਿਆ ਸੀ, ਪਹਿਲਾਂ ਲੋਕ ਸਭਾ ਦੀਆਂ ਚੋਣਾਂ ਵਿਚ ਤੇ ਫੇਰ ਪੰਜਾਬੀ ਅਸੈਂਬਲੀ ਦੀਆਂ ਚੋਣਾਂ ਵਿਚ।

ਪਾਰਟੀ ਨੂੰ ਜਿਊਂਦਾ ਰੱਖਣ ਦਾ ਇਕ ਤਰੀਕਾ ਐਜੀਟੇਸ਼ਨ ਸੀ ਤੇ ਅਕਾਲੀਆਂ ਨੇ ਇਹਨੂੰ ਪੂਰ-ਮੂੜ ਸਿੱਧ ਕੀਤਾ ਸੀ। ਉਹਨਾਂ ਦਾ ਤਜਰਬਾ ਸੀ ਕਿ ਉਦੋਂ ਵੀ ਜਦੋਂ ਮੁੱਢਲਾ ਪ੍ਰਤਿਕਰਮ ਕੋਸਾ-ਕੋਸਾ ਹੋਵੇ, ਇਕ ਪਾਸੇ ਐਜੀਟੇਸ਼ਨ ਦੇ ਜ਼ੋਰ ਫੜਨ ਅਤੇ ਦੂਜੇ ਪਾਸੇ ਇਹਨੂੰ ਰੋਕਣ ਲਈ ਸਰਕਾਰ ਵਲੋਂ ਪੁੱਟੇ ਗਏ ਕਦਮ, ਅਕਾਲੀਆਂ ਦੀ ਹਿਮਾਇਤ ਵਿਚ ਸਮੁੱਚੀ ਸਿੱਖ ਕਮਿਊਨਿਟੀ ਨੂੰ ਹੀ ਉਭਾਰ ਦਿੰਦੇ ਹਨ। ਜਦੋਂ ਉਹਨਾਂ ਨੇ ਵਿਦਿਅਕ ਸੰਸਥਾਵਾਂ ਵਿਚ ਪੰਜਾਬੀ ਨੂੰ ਲਾਜ਼ਮੀ ਬਣਾਉਣ ਦੇ ਸਵਾਲ ਬਾਰੇ ਤੇ ਪੰਜਾਬੀ-ਬੋਲਦਾ ਰਾਜ ਬਣਾਉਣ ਬਾਰੇ ਐਜੀਟੇਸ਼ਨ ਕੀਤਾ ਤਾਂ ਇਵੇਂ ਹੀ ਹੋਇਆ ਸੀ।

ਆਲ ਵਰਲਡ ਸਿੱਖ ਕਨਵੈਨਸ਼ਨ (26 ਜੁਲਾਈ 1981) ਨੇ ਲੌਂਗੋਵਾਲ ਨੂੰ ਧਰਮ-ਯੁੱਧ ਸ਼ੁਰੂ ਕਰਨ ਦਾ ਅਧਿਕਾਰ ਦੇ ਦਿੱਤਾ ਹੋਇਆ ਸੀ ਤੇ ਅਕਾਲੀਆਂ ਨੇ ਲੋਕ ਸਭਾ ਦੇ ਸਪੀਕਰ ਸਾਹਮਣੇ ਆਪਣੀਆਂ ਸ਼ਿਕਾਇਤਾਂ ਦਾ ਮੈਮੋਰੰਡਮ ਰੱਖਣ ਬਾਰੇ ਦਿੱਲੀ ਵਿਖੇ 7 ਸਤੰਬਰ ਨੂੰ ਰੋਸ-ਮਾਰਚ ਕੀਤਾ ਸੀ।

ਐਜੀਟੇਸ਼ਨ ਅਰੰਭਣ ਲਈ, ਇਸ ਵਾਰ ਇਕ ਹੋਰ ਵੀ ਕਾਰਨ ਸੀ : ਅਕਾਲੀ ਆਗੂ ਸਿੱਖਾਂ ਨੂੰ ਇਹ ਯਕੀਨ ਕਰ ਲੈਣ ਦੀ ਆਗਿਆ ਨਹੀਂ ਸੀ ਦੇ ਸਕਦੇ ਕਿ ਸ਼੍ਰੀਮਤੀ ਗਾਂਧੀ ਨੇ ਉਹਨਾਂ ਦੀਆਂ ਮੰਗਾਂ ਮੰਨਣੋਂ ਨਾਬਰ ਹੋ ਕੇ ਉਹਨਾਂ ਨੂੰ ਯਰਕਾ ਦਿੱਤਾ ਹੈ। ਉਹ ਆਪਣੀ ਸਾਖ਼ ਗੁਆ ਹੀ ਨਹੀਂ ਸਨ ਸਕਦੇ।

ਐਜੀਟੇਸ਼ਨ ਲਈ ਉਹਨਾਂ ਨੂੰ ਇਕ ਕਾਰਨ ਮਿਲ ਗਿਆ ਜਦੋਂ 6 ਅਪ੍ਰੈਲ ਨੂੰ ਸ਼੍ਰੀਮਤੀ ਗਾਂਧੀ ਨੇ ਪਟਿਆਲਾ ਲਾਗੇ, ਕਾਪੂਰੀ ਦੇ ਸਥਾਨ 'ਤੇ ਸਤਲੁਜ-ਜਮਨਾ ਲਿੰਕ ਨਹਿਰ ਦਾ ਨੀਂਹ-ਪੱਥਰ

ਧਰਿਆ। ਉਹਨੇ 1981 ਵਿਚ ਜੋ ਅਵਾਰਡ ਦਿੱਤਾ ਸੀ ਉਸ ਅਨੁਸਾਰ ਇਹ ਨਹਿਰ ਪੁੱਟਣ ਲਈ ਵੱਧ ਤੋਂ ਵੱਧ ਮੁਦਤ ਦੋ ਸਾਲ ਮਿਥੀ ਗਈ ਸੀ। ਉਹਨੇ 1983 ਤਕ ਉਡੀਕ ਨਹੀਂ ਕੀਤੀ। ਇਥੋਂ 6 ਕਿਲੋਮੀਟਰ ਦੂਰ, ਘੱਨਾਰ ਵਿਖੇ ਅਕਾਲੀਆਂ ਨੇ ਰੋਸ-ਇਕੱਠ ਕੀਤਾ, ਉਹਨਾਂ ਵਿਚੋਂ ਕੁਝ ਗ੍ਰਿਫ਼ਤਾਰ ਕਰ ਲਿਆ ਗਿਆ।

ਦੋ ਹਫਤੇ ਪਿਛੋਂ ਅਕਾਲੀਆਂ ਨੇ ਕਾਪੂਰੀ ਤੋਂ ਹੀ ਆਪਣੀ ਐਜੀਟੇਸ਼ਨ ਸ਼ੁਰੂ ਕੀਤੀ। ਇਸ ਨਹਿਰ ਦੁਆਰਾ ਪਾਣੀ ਦਾ ਉਹਦਾ ਹਿੱਸਾ ਹਰਿਆਣੇ ਨੂੰ ਮਿਲਣਾ ਸੀ। ਐਜੀਟੇਸ਼ਨ ਦੁਆਰਾ ਲੋਕਾਂ ਦੇ ਇਹਨਾਂ ਡਰਾਂ ਨੂੰ ਉਭਾਰਿਆ ਗਿਆ ਕਿ ਇਹ ਪਾਣੀ ਹਰਿਆਣੇ ਨੂੰ ਮਿਲਣ ਪਿਛੋਂ ਹਜ਼ਾਰਾਂ ਸਿੱਖਾਂ ਦੇ ਖੇਤ ਸੁੱਕ ਜਾਣਗੇ।

ਅਕਾਲੀਆਂ ਨੇ ਨਹਿਰ ਰੋਕੋ, ਅਰਥਾਤ ਇਹ ਨਹਿਰ ਪੁੱਟਣਾ ਬੰਦ ਕਰਨ, ਦਾ ਨਾਅਰਾ ਲਾਇਆ। ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੀ ਇਸ ਐਜੀਟੇਸ਼ਨ ਵਿਚ ਸ਼ਾਮਿਲ ਹੋ ਗਈ। ਇਹ ਐਜੀਟੇਸ਼ਨ ਦਸ-ਪੰਦਰਾਂ ਦਿਨ ਜਾਰੀ ਰਹੀ, ਪਰ ਇਹਨੇ ਬਹੁਤੇ ਸਿੱਖਾਂ ਦਾ ਧਿਆਨ ਨਾ ਖਿਚਿਆ।

ਇਹਦਾ ਇਕ ਕਾਰਨ ਤਾਂ ਇਹ ਸੀ ਕਿ ਕੋਈ ਇਹ ਨਹੀਂ ਸੀ ਮੰਨਦਾ ਕਿ ਇਹ ਨਹਿਰ ਪੁੱਟੀ ਜਾਣ ਨਾਲ ਪੰਜਾਬ ਦੇ ਖੇਤ ਸੁੱਕ ਜਾਣਗੇ। ਦੂਜਾ ਕਾਰਨ ਇਹ ਸੀ ਕਿ ਕਮਿਊਨਿਸਟਾਂ ਦੇ ਸ਼ਾਮਿਲ ਹੋਣ ਨਾਲ ਸਿੱਖਾਂ ਦੇ ਪ੍ਰਤੀਨਿਧ ਹੋਣ ਬਾਰੇ ਅਕਾਲੀਆਂ ਦਾ ਬਿੰਬ ਮੱਧਮ ਪੈ ਗਿਆ। ਨਹਿਰ ਦੇ ਸਥਾਨ ਦਾ ਵਾਤਾਵਰਨ ਵੀ ਠੀਕ ਤਰ੍ਹਾਂ ਦਾ ਨਹੀਂ ਸੀ। ਧਾਰਮਿਕ ਜੋਸ਼ ਨੂੰ ਭੜਕਾਉਣ ਲਈ ਇਥੇ ਕੋਈ ਗੁਰਦੁਆਰਾ ਨਹੀਂ ਸੀ।

ਅਕਾਲੀਆਂ ਨੂੰ ਕਾਪੂਰੀ ਤੋਂ ਐਜੀਟੇਸ਼ਨ ਸ਼ੁਰੂ ਕਰਨ ਦੀ ਆਪਣੀ ਗ਼ਲਤੀ ਦੀ ਸਮਝ ਪੈ ਗਈ ਤਾਂ ਉਹਨਾਂ ਨੇ ਗੋਲਡਨ ਟੈਂਪਲ, ਅੰਮ੍ਰਿਤਸਰ ਜਾ ਡੇਰੇ ਲਾਉਣ ਦਾ ਫ਼ੈਸਲਾ ਕੀਤਾ ਅਤੇ ਐਜੀਟੇਸ਼ਨ ਮੁੜ ਜਾਰੀ ਕਰਨ ਲਈ 4 ਅਗਸਤ 1982 ਦੀ ਤਰੀਕ ਮਿਥੀ। ਸੀ.ਪੀ.ਆਈ. (ਐਮ) ਇਸ ਲਹਿਰ ਨਾਲੋਂ ਅੱਡ ਹੋ ਗਈ, ਕਿਉਂਜੁ ਉਹ ਗੁਰਦੁਆਰੇ ਨੂੰ ਆਧਾਰ ਬਣਾ ਕੇ ਚਲਾਈ ਜਾਣ ਵਾਲੀ ਲਹਿਰ ਦਾ ਅੰਗ ਨਹੀਂ ਸੀ ਬਣ ਸਕਦੀ।

ਜੱਥੇਦਾਰਾਂ ਦੀ ਪ੍ਰਮੁਖਤਾ ਵਿਚ ਅਕਾਲੀ ਦਲ ਦੀ ਹਰ ਜ਼ਿਲ੍ਹਾ ਇਕਾਈ ਨੇ ਤਿਆਰੀਆਂ ਛੁਹ ਦਿੱਤੀਆਂ, ਉਹਨਾਂ ਨੂੰ ਆਖਿਆ ਗਿਆ ਕਿ ਉਹ ਸਿੱਖ ਵਾਲੰਟੀਅਰਾਂ ਦੇ ਜੱਥੇ ਜੋੜਨ ਤੇ ਉਹਨਾਂ ਨੂੰ ਅੰਮ੍ਰਿਤਸਰ ਪਹੁੰਚਾਣ ਜਿਥੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹਨਾਂ ਨੂੰ ਸੰਭਾਲੇਗੀ, ਗੋਲਡਨ ਟੈਂਪਲ ਵਿਚ ਉਚਿਰ ਇਹਨਾਂ ਦੀ ਰਿਹਾਇਸ਼ ਤੇ ਖ਼ੁਰਾਕ ਦਾ ਪ੍ਰਬੰਧ ਕਰੇਗੀ, ਜਿਚਿਰ ਇਹ ਗ੍ਰਿਫ਼ਤਾਰੀ ਦੇਣ ਲਈ ਨਹੀਂ ਜਾਂਦੇ।

ਸਿੱਖਾਂ ਵਿਰੁੱਧ 'ਵਧੀਕੀਆਂ' ਦੀਆਂ ਕੁਝ ਘਟਨਾਵਾਂ ਉਸ ਤਰ੍ਹਾਂ ਦਾ ਵਾਤਾਵਰਨ ਪੈਦਾ ਕਰਨ ਵਿਚ ਸਹਾਈ ਹੋਈਆਂ ਜੀਹਦਾ ਲਾਭ ਅਕਾਲੀ ਉਠਾ ਸਕਦੇ ਸਨ। ਮਾਖਾ, ਬਠਿੰਡਾ ਵਿਖੇ ਗੁਰੂ ਗ੍ਰੰਥ ਸਾਹਿਬ ਦੀਆਂ ਪੰਦਰਾਂ ਜਿਲਦਾਂ ਸਾੜੀਆਂ ਗਈਆਂ ਸਨ, ਕੁਝ ਗੁਰਦੁਆਰਿਆਂ ਦੀ ਬੇਅਦਬੀ ਕੀਤੀ ਗਈ ਸੀ। ਇਕ ਉਘੇ ਸਿੱਖ ਲੀਡਰ, ਕੁਲਵੰਤ ਸਿੰਘ ਨਾਗੋਕੇ, ਜਿਹੜਾ ਪੱਟੀ ਗੋਲੀ ਕਾਂਡ ਦਾ ਇਕ ਦੋਸ਼ੀ ਸੀ, ਮੁਕਾਬਲੇ ਵਿਚ ਮਾਰਿਆ ਗਿਆ ਜਦੋਂ ਉਹ ਪੁਲਿਸ ਹਿਰਾਸਤ ਵਿਚ ਸੀ। ਟੋਹੜਾ ਤੇ

ਭਿੰਡਰਾਂਵਾਲੇ ਉਹਦੀ ਅਰਥੀ ਦੇ ਜਲੂਸ ਵਿਚ ਸ਼ਾਮਿਲ ਹੋਏ।

ਜਗਤ ਨਾਰਾਇਣ ਦੇ ਕਤਲ ਨਾਲ ਦਹਿਸ਼ਤ ਦੀ ਜੋ ਲਹਿਰ ਸ਼ੁਰੂ ਹੋਈ ਉਹ ਰੁਕੀ ਨਾ। ਨਿਰਦੋਸ਼ ਲੋਕ ਮਾਰੇ ਗਏ। ਦਹਿਸ਼ਤਪਸੰਦਾਂ ਦਾ ਨਿਸ਼ਾਨਾ ਬਹੁਤਾ ਹਿੰਦੂ ਤੇ ਨਿਰੰਕਾਰੀ ਸਨ, ਪਰ ਕਈ ਸਿੱਖ ਵੀ ਜਿਨ੍ਹਾਂ ਨੇ ਅੱਤਵਾਦੀਆਂ ਵਿਰੁਧ ਬੋਲਣ ਦਾ ਹੌਸਲਾ ਕੀਤਾ ਸੀ, ਮਾਰੇ ਗਏ।

ਪੁਲਿਸ ਨੇ ਬਦਲੇ ਦੀ ਕਾਰਵਾਈ ਵਜੋਂ ਸ਼ੱਕੀ ਲੋਕਾਂ ਦੇ ਘਰਾਂ 'ਤੇ ਹਮਲੇ ਕੀਤੇ, ਘਰ ਵਾਲਿਆਂ ਨੂੰ ਕੁੱਟਿਆ ਤੇ ਇਹਨਾਂ ਵਿਚੋਂ ਕੁਝ ਨੂੰ ਝੂਠੇ ਮੁਕਾਬਲਿਆਂ ਵਿਚ ਮਾਰ ਵੀ ਦਿੱਤਾ। ਇਸ ਗੱਲ ਨੇ ਭਿੰਡਰਾਂਵਾਲੇ ਨੂੰ ਬਹੁਤ ਰੋਹ ਚਾੜ੍ਹਿਆ, ਉਹ ਆਖਦਾ ਕਿ ਹਿੰਦੂ ਪੁਲਿਸ 'ਨਿਰਦੋਸ਼ ਸਿੱਖਾਂ' ਨੂੰ ਕਤਲ ਕਰ ਰਹੀ ਹੈ।

ਅਕਾਲੀਆਂ ਨੇ ਇਹਨਾਂ 'ਵਧੀਕੀਆਂ' ਦਾ ਪ੍ਰਤੀਕਰਮ ਇਸ ਤਰ੍ਹਾਂ ਪ੍ਰਗਟਾਇਆ ਕਿ ਰਾਜ ਭਰ ਦਾ ਗੇੜਾ ਕੱਢ ਕੇ ਜਿਨ੍ਹਾਂ ਉਤੇ ਕਤਲ ਤੇ ਹਿੰਸਾ ਕਰਨ ਦਾ ਸ਼ੱਕ ਸੀ ਉਹਨਾਂ ਨੂੰ ਸਿਰੋਪੇ ਦੇ ਕੇ ਨਿਵਾਜਿਆ। ਇਹਨੇ ਹਿੰਦੂਆਂ ਨੂੰ ਹੋਰ ਡਰਾ ਦਿੱਤਾ। ਉਸ ਸਮੇਂ ਸਿਵਿਲ ਲਿਬਰਟੀਜ਼ ਦੀ ਪੀਪਲਜ਼ ਯੂਨੀਅਨ ਨੇ ਇਕ ਟੀਮ ਬਣਾਈ, ਜਿਸ ਦਾ ਚੇਅਰਮੈਨ ਵੀ.ਐਮ. ਤਾਰਕੁੰਡੇ ਸੀ ਤੇ ਮੈਂ ਵੀ ਇਹਦਾ ਮੈਂਬਰ ਸਾਂ। ਇਸ ਟੀਮ ਨੇ ਸਿੱਖਾਂ ਵਿਰੁਧ ਕੀਤੀਆਂ ਗਈਆਂ ਵਧੀਕੀਆਂ ਨੂੰ ਹਾਜ਼ਨਾ-ਜੋਖਣਾ ਸੀ।

ਅਸੀਂ ਆਪਣੀ ਰਿਪੋਰਟ ਵਿਚ ਬਿਨਾਂ ਝਿਜਕ ਦੱਸਿਆ ਕਿ ਪੁਲਿਸ ਨੇ ਬਦਲਾ ਲੈਣ ਲਈ ਬਰਬਰੀ ਤਾਕਤ ਵਜੋਂ ਵਹਿਸ਼ੀਆਨਾ ਵਰਤਾਉ ਕੀਤਾ। ਪੁਲਿਸ ਨੇ ਤਾਂ ਕਈ ਭਗੋੜਿਆਂ ਦੇ ਮਕਾਨਾਂ ਨੂੰ ਵੀ ਅੱਗ ਲਾ ਦਿੱਤੀ ਅਤੇ ਬਰਤਨ, ਕਪੜੇ ਤੇ ਜੋ ਕੁਝ ਵੀ ਹੱਥ ਲੱਗਾ, ਤਬਾਹ ਕਰ ਦਿੱਤੇ।

ਭਗੋੜਿਆਂ ਦੇ ਰਿਸ਼ਤੇਦਾਰਾਂ ਨੂੰ ਪਰੇਸ਼ਾਨ ਕੀਤਾ ਗਿਆ, ਇਥੋਂ ਤੱਕ ਕਿ ਹਿਰਾਸਤ ਵਿਚ ਵੀ ਲਿਆ ਗਿਆ। ਪੁਲਿਸ ਵਲੋਂ ਹੋਈਆਂ ਵਧੀਕੀਆਂ ਦੇ ਕਈ ਦਿਨ ਪਿਛੋਂ ਵੀ ਅਸੀਂ ਵੇਖ ਸਕਦੇ ਸਾਂ ਕਿ ਲੋਕਾਂ ਦਾ ਕਿਵੇਂ ਤਰਾਹ ਨਿਕਲਿਆ ਹੋਇਆ ਸੀ। ਪਿੰਡ-ਵਾਸੀਆਂ ਨੇ ਸਾਨੂੰ ਕੁਝ ਪੁਲਿਸ ਸਬ-ਇੰਸਪੈਕਟਰਾਂ ਅਤੇ ਡਿਪਟੀ ਸੁਪਰਡੰਟਾਂ ਦੇ ਨਾਂ ਦਿੱਤੇ ਜਿਨ੍ਹਾਂ ਨੇ ਇਹਨਾਂ ਕਾਰਵਾਈਆਂ ਵਿਚ ਹਿੱਸਾ ਲਿਆ ਸੀ, ਲੋਕਾਂ ਨੇ ਦੱਸਿਆ ਕਿ ਇਹਨਾਂ ਵਿਚੋਂ ਕਈ ਬਾਰੇ ਤਾਂ ਮਸ਼ਹੂਰ ਸੀ ਕਿ ਉਹ ਕਾਨੂੰਨ ਨੂੰ ਆਪਣੇ ਹੱਥ ਲੈ ਲੈਂਦੇ ਹਨ।

ਪਰ ਅਸੀਂ ਅੱਤਵਾਦੀ ਅਨਸਰਾਂ ਦੀ ਨਿਖੇਧੀ ਕੀਤੇ ਬਿਨਾਂ ਨਹੀਂ ਰਹਿ ਸਕੇ, ਜਿਨ੍ਹਾਂ ਨੇ ਕਾਨੂੰਨ ਦੀਆਂ ਧੱਜੀਆਂ ਉਡਾਉਣ ਦੀ ਅਤੇ ਹਿੰਸਾ ਦੇ ਸੁਹਲੇ ਗਾਉਣ ਦੀ ਧਾਰੀ ਹੋਈ ਸੀ। ਜਿਨ੍ਹਾਂ ਲੋਕਾਂ ਉਤੇ ਘੋਰ ਅਪਰਾਧ ਕਰਨ ਦੇ ਦੋਸ਼ ਲੱਗੇ ਹੋਏ ਸਨ ਉਹਨਾਂ ਨੂੰ ਉਹਨਾਂ ਦੇ ਪਿੰਡਾਂ ਵਿਚ ਉਹਨਾਂ ਦੀ ਗੈਰ-ਹਾਜ਼ਰੀ ਵਿਚ ਸਨਮਾਨਿਆ ਗਿਆ ਤੇ ਉਹਨਾਂ ਦੀ ਸੂਰਬੀਰਤਾ ਲਈ ਉਹਨਾਂ ਦੇ ਸੰਬੰਧੀਆਂ ਨੂੰ ਸਿਰੋਪੇ ਦਿੱਤੇ ਗਏ। ਸਾਨੂੰ ਜਲੰਧਰ ਵਿਚ ਜਿਥੇ ਸਾਡੇ ਦੌਰੇ ਦਾ ਭੋਗ ਪਿਆ, ਉਹਨਾਂ ਲੋਕਾਂ ਦੀਆਂ ਫੋਟੋਆਂ ਵਿਖਾਈਆਂ ਗਈਆਂ ਜਿਨ੍ਹਾਂ ਉਤੇ ਕਤਲ ਕਰਨ, ਫ਼ਸਾਦ ਕਰਨ ਤੇ ਇਸ ਤਰ੍ਹਾਂ ਦੇ ਅਪਰਾਧਾਂ ਦਾ ਦੋਸ਼ ਸੀ, ਉਹਨਾਂ ਨੂੰ ਸਨਮਾਨੇ ਜਾਂਦੇ ਵਿਖਾਇਆ ਗਿਆ ਸੀ ਤੇ ਇਹ ਵੇਖ ਕੇ ਸਾਨੂੰ ਦੁੱਖ ਹੋਇਆ ਕਿ ਮਾਡਰੇਟ ਸਿੱਖਾਂ ਦੇ ਲੀਡਰ ਵੀ ਅੱਤਵਾਦੀਆਂ ਦੇ ਕਾਰਿਆਂ ਦੀ ਨਿਖੇਧੀ ਕਰਨੋਂ ਝਕਦੇ ਜਾਂ ਡਰਦੇ ਸਨ।

ਜਦੋਂ ਹਿੰਦੂਆਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਤੇ ਕਤਲ ਵੀ ਕੀਤਾ ਜਾ ਰਿਹਾ ਸੀ, ਉਦੋਂ ਚੁੱਪ

ਸਾਧ ਰੱਖਣਾ ਅਕਾਲੀਆਂ ਦੀ ਸ਼ਾਇਦ ਵੱਡੀ ਭੁੱਲ ਸੀ। ਕਈ ਹਿੰਦੂਆਂ ਨੇ ਰਾਜ ਦੇ ਮਸਲੇ ਅਕਾਲੀਆਂ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ। ਵੀਰੇਂਦਰ, ਲੋਂਗੋਵਾਲ ਕੋਲ ਇਹ ਦੱਸਣ ਲਈ ਗਿਆ ਕਿ ਉਹ ਅਕਾਲੀ ਮੰਗਾਂ ਦਾ ਹਿਮਾਇਤੀ ਹੈ। ਜਗਤ ਨਾਰਾਇਣ ਦੇ ਪੁੱਤਰ, ਰਮੇਸ਼ ਚੰਦਰ, ਹਿੰਦ ਸਮਾਚਾਰ ਦੇ ਚੀਫ਼ ਐਡੀਟਰ ਨੇ ਲਿਖਿਆ ਕਿ ਉਹ ਇਹਨਾਂ ਮੰਗਾਂ ਦੀ ਉਚਿਤਤਾ ਨੂੰ ਮੰਨਦਾ ਹੈ, ਪਰ ਦੋਹਾਂ ਨੇ ਹੀ, ਦੂਜੇ ਹਿੰਦੂ ਲੀਡਰਾਂ ਵਾਂਗੂੰ ਆਖਿਆ ਕਿ ਅਕਾਲੀ ਉਹਨਾਂ ਨਾਲ ਗੱਲਬਾਤ ਕਰਨ ਦੇ ਹੀ ਚਾਹਵਾਨ ਨਹੀਂ।

ਉਹਨਾਂ ਨੇ ਆਪਣੇ ਇਸ ਸ਼ੱਕ ਨੂੰ ਭੇਦ ਬਣਾ ਕੇ ਨਹੀਂ ਰੱਖਿਆ ਕਿ ਅਕਾਲੀ ਸਿੱਖ ਅਟਾਨੋਮਸ ਰਾਜ ਲਈ ਕੰਮ ਕਰ ਰਹੇ ਸਨ ਅਤੇ ਹਰ ਲਹਿਰ ਤੇ ਮੋਰਚਾ ਇਸੇ ਪ੍ਰਾਪਤੀ ਵੱਲ ਇਕ ਕਦਮ ਸੀ। ਪਾਕਿਸਤਾਨ ਵਿਚ ਆਪਣਾ ਸਭ ਕੁਝ ਲੁਟਾ ਆਉਣ ਪਿਛੋਂ, ਹਿੰਦੂਆਂ ਨੂੰ ਇਸ ਸੰਭਾਵਨਾ ਤੋਂ ਡਰ ਲੱਗ ਰਿਹਾ ਸੀ ਕਿ ਉਹਨਾਂ ਨੂੰ 'ਇਕ ਹੋਰ ਪਰਵਾਸ' ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਅਟਾਨੋਮਸ (ਖ਼ੁਦ-ਅਖ਼ਤਿਆਰ) ਸਿੱਖ ਰਾਜ ਦਾ ਨਤੀਜਾ ਹੋਵੇਗਾ, ਅਨੰਦਪੁਰ ਸਾਹਿਬ ਮਤੇ ਨੂੰ, ਅਕਾਲੀ ਭਾਵੇਂ ਇਹਦਾ ਸਪੱਸ਼ਟੀਕਰਣ ਕਿਵੇਂ ਵੀ ਪਏ ਕਰਨ, 'ਖ਼ਾਲਿਸਤਾਨ ਦੀ ਨੀਂਹ' ਸਮਝਿਆ ਗਿਆ।

ਅਸਾਂ, ਦਿੱਲੀ ਵਿਚ ਰਹਿੰਦੇ ਪੰਜਾਬੀਆਂ ਵਿਚੋਂ ਕੁਝ ਨੇ, ਇਸ ਸਥਿਤੀ ਨੂੰ ਠੀਕ ਕਰਨ ਲਈ ਇਕ ਗਰੁਪ ਬਣਾਇਆ। ਹਿੰਦੂ ਤੇ ਅਕਾਲੀ ਲੀਡਰਾਂ ਨੂੰ ਇਕੱਠਾ ਕਰਨ ਦੇ ਜਤਨ ਕੀਤੇ ਗਏ, ਪਰ ਇਹ ਅਸਫਲ ਰਹੇ, ਇਸ ਮਤਲਬ ਲਈ ਦੋ ਵਾਰ ਤਰੀਕਾਂ ਮੁਕੱਰਰ ਕੀਤੀਆਂ ਗਈਆਂ, ਪਰ ਅਕਾਲੀ ਨਾ ਆਏ।

ਉਸ ਸਮੇਂ ਪੰਜਾਬ ਵਿਚ ਅਮਲੀ ਤੌਰ 'ਤੇ ਕੋਈ ਅਮਨ ਕਾਨੂੰਨ ਨਹੀਂ ਸੀ। ਅਕਾਲੀ ਹਕੂਮਤ ਦੀ ਨੁਕਤਾਚੀਨੀ ਕਰਦੇ ਸਨ ਕਿ ਉਹ 'ਅਪਰਾਧੀਆਂ' ਵਿਰੁਧ ਕੋਈ ਕਾਰਵਾਈ ਨਹੀਂ ਕਰ ਰਹੀ ਤੇ ਇਹੋ ਗੱਲ ਆਪੋਜ਼ੀਸ਼ਨ, ਭਾਰਤੀ ਜਨਤਾ ਪਾਰਟੀ ਤੇ ਕਮਿਊਨਿਸਟ ਪਾਰਟੀ ਆਖ ਰਹੀ ਸੀ।

ਆਪਣੀ ਸਫ਼ਾਈ ਪੇਸ਼ ਕਰਦਿਆਂ, ਰਾਜ ਸਰਕਾਰ ਨੇ ਅਖ਼ਬਾਰਾਂ ਵਿਚ ਇਕ ਗੁਪਤ ਦਸਤਾਵੇਜ਼ ਪ੍ਰਕਾਸ਼ਤ ਕੀਤੀ, ਜਿਸ ਵਿਚ ਦਲੀਲ ਦਿੱਤੀ ਕਿ ਯੂ.ਪੀ., ਬਿਹਾਰ ਤੇ ਪੱਛਮੀ ਬੰਗਾਲ ਵਿਚ, ਇਥੋਂ ਤੱਕ ਕਿ ਕਰਨਾਟਕ ਤੇ ਆਂਧਰਾ ਪ੍ਰਦੇਸ ਵਰਗੇ ਰਾਜਾਂ ਵਿਚ ਵੀ ਹਿੰਸਾ ਜਾਤ-ਸਥਾਨਕ ਰੋਗ ਹੈ, ਉਤਰ-ਪੂਰਬੀ ਰਾਜਾਂ ਦੀ ਤਾਂ ਗੱਲ ਹੀ ਛੱਡੋ ਜਿਥੇ ਬਗਾਵਤ ਨਿਬੇੜਾ ਨਹੀਂ ਹੋਣ ਦਿੰਦੀ, ਤੇ ਇਹਦੇ ਮੁਕਾਬਲੇ ਵਿਚ ਪੰਜਾਬ ਅਜੇ ਵੀ ਭਾਰਤ ਦਾ ਇਕ ਅੱਤ ਅਮਨ-ਸਨੇਹੀ ਰਾਜ ਹੈ।' ਇਸ ਦਸਤਾਵੇਜ਼ ਵਿਚ ਦੱਸਿਆ ਕਿ ਯੂ.ਪੀ. ਵਿਖੇ 1980 ਵਿਚ 5, 422 ਅਤੇ 1981 ਵਿਚ 5, 068 ਕਤਲ ਹੋਏ ਜਦ ਕਿ ਪੰਜਾਬ ਵਿਚ 1980 ਵਿਚ 620 ਤੇ 1981 ਵਿਚ 544 ਕਤਲ ਹੋਏ।

ਸਰਕਾਰ ਦੇ ਸੰਤੁਸ਼ਟ ਵਤੀਰੇ ਨੇ ਵਾਤਾਵਰਨ ਨੂੰ ਹੋਰ ਗਰਮ ਕਰ ਦਿੱਤਾ ਤੇ ਇਹ ਅਕਾਲੀ ਐਜੀਟੇਸ਼ਨ ਲਈ ਵਧੇਰੇ ਸਹਾਈ ਹੋ ਗਿਆ। ਅਕਾਲੀਆਂ ਨੇ ਰਾਸ਼ਟਰਪਤੀ ਪਦ ਲਈ ਜ਼ੈਲ ਸਿੰਘ ਦੀ ਹਿਮਾਇਤ ਕਰਨ ਬਾਰੇ ਸ਼੍ਰੀਮਤੀ ਗਾਂਧੀ ਨੂੰ ਸੈਨਤ ਸੁੱਟੀ (13 ਜੁਲਾਈ 1982)। ਅਕਾਲੀਆਂ ਵਿਚ ਉਹਦੇ ਵੀ ਹਿਮਾਇਤੀ ਸਨ, ਖ਼ਾਸ ਤੌਰ 'ਤੇ ਟੌਹੜਾ।

ਦਰਬਾਰਾ ਸਿੰਘ ਨਹੀਂ ਸੀ ਚਾਹੁੰਦਾ ਕਿ ਅਕਾਲੀ ਮੋਰਚਾ ਲਾਉਣ, ਜਿਹੜਾ ਉਹਨੂੰ ਡਰ ਸੀ,

ਅਕਾਲੀਆਂ ਨੂੰ ਬਹਾਲ ਕਰ ਦੇਵੇਗਾ। ਦਰਬਾਰਾ ਸਿੰਘ ਨੇ ਭਿੰਡਰਾਂਵਾਲੇ ਨੂੰ ਸੁਨੇਹਾ ਭੇਜਿਆ ਕਿ ਉਹ ਪਹਿਲਾਂ ਹੀ ਮੋਰਚਾ ਸ਼ੁਰੂ ਕਰ ਦੇਵੇ ਤਾਂ ਜੁ ਅਕਾਲੀਆਂ ਦੇ ਬਾਦਬਾਨਾਂ ਵਿਚੋਂ ਹਵਾ ਕੱਢ ਲਈ ਜਾਵੇ। ਉਹ ਹੁਣ ਇਕ ਧਾਰਮਿਕ ਸ਼ਕਤੀ ਸੀ। 1978 ਵਿਚ ਸਿੱਖ-ਨਿਰੰਕਾਰੀ ਝੜਪ ਦੇ ਦੌਰਾਨ ਉਘਾ ਹੋ ਜਾਣ ਕਾਰਨ ਹੁਣ ਕੌਮੀ ਧਿਆਨ ਮੁੜ ਉਹਦੇ ਵੱਲ ਖਿਚਿਆ ਗਿਆ ਸੀ।

ਭਿੰਡਰਾਂਵਾਲਾ ਅਕਾਲੀ ਲੀਡਰਸ਼ਿਪ ਦੇ ਖ਼ਿਲਾਫ਼ ਸੀ ਜਿਹੜੀ ਸਿੱਖ ਪਾਲੇਟਿਕਸ ਨੂੰ ਕੰਟਰੋਲ ਕਰਦੀ ਸੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ। ਤੇ ਦਰਬਾਰਾ ਸਿੰਘ ਦੇ ਸੁਨੇਹੇ ਨੇ ਉਹਨੂੰ ਖ਼ੁਸ਼ ਕੀਤਾ। ਉਹਨੂੰ ਮੋਰਚਾ ਸ਼ੁਰੂ ਕਰਨ ਲਈ ਕਾਰਨ ਮੁਹਈਆ ਕਰਨ ਵਾਸਤੇ ਪੰਜਾਬ ਸਰਕਾਰ ਨੇ 17 ਜੁਲਾਈ 1980 ਨੂੰ ਭਿੰਡਰਾਂਵਾਲੇ ਦੇ ਦੋ ਆਦਮੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਤੇ ਦੋ ਦਿਨ ਪਿਛੋਂ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਅਮਰੀਕ ਸਿੰਘ ਨੂੰ, ਜੀਹਦੇ ਪਿਉ ਨੇ ਭਿੰਡਰਾਂਵਾਲੇ ਨੂੰ ਆਪਣਾ ਵਾਰਸ ਥਾਪਿਆ ਸੀ, ਇਕ ਨਿਰੰਕਾਰੀ ਦੇ ਕਤਲ ਦੇ ਜੁਰਮ ਵਿਚ ਹਿਰਾਸਤ ਵਿਚ ਲੈ ਲਿਆ ਗਿਆ। ਭਿੰਡਰਾਂਵਾਲੇ ਦੇ ਇਕ ਹੋਰ ਨਿਕਟ-ਵਰਤੀ, ਥਾਰਾ ਸਿੰਘ ਨੂੰ 20 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹਨਾਂ ਗੱਲਾਂ ਨੇ ਭਿੰਡਰਾਂਵਾਲੇ ਨੂੰ ਭੜਕਾਇਆ ਤੇ ਉਹ ਮਹਿਤਾ ਚੌਕ ਤੋਂ ਗੁਰੂ ਨਾਨਕ ਨਿਵਾਸ ਚਲਿਆ ਗਿਆ ਤੇ ਗੋਲਡਨ ਟੈਂਪਲ ਤੋਂ ਮੋਰਚਾ ਲਾ ਦਿੱਤਾ, ਇਸ ਤਰ੍ਹਾਂ ਅਕਾਲੀਆਂ ਤੋਂ ਪਹਿਲਾਂ ਹੀ ਲੋੜੀਂਦੀ ਕਾਰਵਾਈ ਕਰ ਦਿੱਤੀ।

ਪਿਛਲ-ਝਾਤ ਮਾਰਦਿਆਂ ਇੰਜ ਲੱਗਦਾ ਹੈ ਕਿ ਦਰਬਾਰਾ ਸਿੰਘ ਨੇ ਗੰਭੀਰ ਤੌਰ 'ਤੇ ਗ਼ਲਤ ਲੇਖਾ ਲਾਇਆ ਸੀ, ਕਿਉਂਜੁ ਬਹੁਤ ਸਾਰੇ ਅਕਾਲੀ ਮੋਰਚਾ ਲਾਉਣ ਦੇ ਵਕਤ ਬਾਰੇ ਦੁਚਿਤੀ ਵਿਚ ਸਨ ਤੇ ਸੋਚ ਰਹੇ ਸਨ ਕਿ ਇਹ ਸਫਲ ਵੀ ਹੋਵੇਗਾ ਜਾਂ ਨਹੀਂ, ਕਿਉਂਜੁ 1980 ਦੀਆਂ ਚੋਣਾਂ ਵਿਚ ਕਾਂਗਰਸ (ਆਈ) ਦੀ ਸਫਲਤਾ ਨੇ ਸਿੱਧ ਕਰ ਦਿੱਤਾ ਸੀ ਕਿ ਸਿੱਖ ਵੰਡੇ ਹੋਏ ਹਨ।

ਮਾਡਰੇਟਾਂ ਵਿਚ ਵੀ ਸੁਹਿਰਦਤਾ ਨਾਲ ਇਤਰਾਜ਼ ਕਰਨ ਵਾਲੇ ਸਨ। ਬਾਦਲ ਨੂੰ ਡਰ ਸੀ ਕਿ ਮੋਰਚਾ ਉਹਨਾਂ ਨੂੰ ਹਿੰਦੂਆਂ ਤੋਂ ਦੂਰ ਲਿਜਾ ਸਕਦਾ ਹੈ ਤੇ ਉਹਨੂੰ ਯਕੀਨ ਸੀ ਕਿ ਬੀ.ਜੇ.ਪੀ. ਦੀ ਹਿਮਾਇਤ ਤੋਂ ਬਿਨਾਂ, ਜੋ ਉਹਦੇ ਖ਼ਿਆਲ ਵਿਚ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੀ ਸੀ, ਉਹ ਤਾਕਤ ਤੇ ਮੁੜ ਕਬਜ਼ਾ ਨਹੀਂ ਕਰ ਸਕਦੇ।

ਇਕ ਵਾਰ ਮੈਂ ਅਕਾਲੀ ਲੀਡਰਾਂ ਨੂੰ ਆਖਿਆ ਕਿ ਉਹ ਆਪਣੀ ਪਾਰਟੀ ਨੂੰ ਪੰਜਾਬੀ ਪਾਰਟੀ ਵਿਚ ਤਬਦੀਲ ਕਰ ਦੇਣ ਤੇ ਇਸ ਵਿਚ ਹਿੰਦੂਆਂ ਤੇ ਸਿੱਖਾਂ, ਦੋਹਾਂ ਨੂੰ ਸ਼ਾਮਿਲ ਕਰਨ। ਮੈਂ ਇਹ ਦਲੀਲ ਦਿੱਤੀ ਕਿ ਅਕਾਲੀਆਂ ਨੂੰ ਗੁਰਦੁਆਰਿਆਂ ਤੋਂ ਬਾਹਰ ਕੰਮ ਕਰਨਾ ਚਾਹੀਦਾ ਹੈ ਅਤੇ ਧਾਰਮਿਕ ਸਥਾਨਾਂ ਨੂੰ ਰਾਜਨੀਤੀ ਨਾਲੋਂ ਅੱਡ ਕਰ ਦੇਣਾ ਚਾਹੀਦਾ ਹੈ।

ਉਹਨਾਂ ਉਤਰ ਦਿੱਤਾ ਕਿ ਜਿਸ ਦਿਨ ਉਹਨਾਂ ਨੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾਇਆ, ਤਾਂ ਧਰਮ ਦੇ ਨਾਂ 'ਤੇ ਸਿੱਖਾਂ ਨੂੰ ਅਪੀਲ ਕਰਨ ਵਾਲੀ ਕੋਈ ਹੋਰ ਪਾਰਟੀ ਅਕਾਲੀ ਦਾ ਸਥਾਨ ਲੈ ਲਵੇਗੀ ਅਤੇ ਗੁਰਦੁਆਰਿਆਂ 'ਤੇ ਕਬਜ਼ਾ ਕਰ ਲਵੇਗੀ, ਜਿਹੜੀ ਪਾਰਟੀ ਵੀ ਗੁਰਦੁਆਰਿਆਂ ਨੂੰ ਕੰਟਰੋਲ ਕਰੇਗੀ ਉਹੋ ਸਿੱਖਾਂ ਨੂੰ ਕੰਟਰੋਲ ਕਰੇਗੀ, ਉਹਨਾਂ ਦਲੀਲ ਦਿੱਤੀ, ਰਾਜਸੀ ਮਨੋਰਥਾਂ ਲਈ ਗੁਰਦੁਆਰਿਆਂ ਦੀ ਵਰਤੋਂ ਸਿੱਖ ਮਨ ਵਿਚ ਸੂਤ ਬੈਠਦੀ ਹੈ, ਕਿਉਂਜੁ ਉਹਨਾਂ ਲਈ ਧਰਮ ਤੇ ਰਾਜਨੀਤੀ ਇਕ ਦੂਜੇ ਵਿਚ ਵਲੇ ਹੋਏ ਹਨ।

ਸ਼ਾਇਦ ਇਸ ਵਿਚ ਕੋਈ ਨੁਕਤਾ ਹੈ। ਗੁਰਦੁਆਰਿਆਂ ਨੇ, ਜਿਨ੍ਹਾਂ ਉਤੇ ਅਕਾਲੀਆਂ ਦੀ ਸਿਸਟਰ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਟਰੋਲ ਹੈ, ਅਕਾਲੀਆਂ ਨੂੰ ਐਜੀਟੇਸ਼ਨਾਂ ਤੇ ਚੋਣਾਂ ਦੇ ਦੌਰਾਨ ਵੱਡੀਆਂ ਰਕਮਾਂ ਤੇ ਜਨ-ਸ਼ਕਤੀ ਮੁਹੱਈਆ ਕੀਤੀਆਂ ਹਨ। 1982 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਲਾਨਾ ਆਮਦਨ 7 ਕਰੋੜ ਸੀ ਤੇ ਇਹਦੇ ਸੈਆਂ ਹੀ ਮੁਲਾਜ਼ਮ ਹਨ।

ਲੌਂਗੋਵਾਲ ਵੀ ਮੋਰਚੇ ਲਈ ਏਡਾ ਉਤਸ਼ਾਹੀ ਨਹੀਂ ਸੀ। ਕੀ ਕੋਈ ਰਾਹ ਨਿਕਲ ਸਕਦਾ ਸੀ ? ਇਹੋ ਸੀ ਦੁਚਿਤੀ ਜਿਸ ਵਿਚ ਮਾਡਰੇਟ ਅਕਾਲੀ ਆਗੂ ਪੰਜਾਬ ਵਿਚ ਵਾਪਰਦੇ ਦੇ ਦੌਰਾਨ ਫਸੇ ਰਹੇ। ਜੇ ਕਿਤੇ ਸਰਕਾਰ ਉਹਨਾਂ ਵੱਲ ਕਿਸੇ ਹੱਦ ਤੱਕ ਚਲੀ ਜਾਂਦੀ, ਉਹਨਾਂ ਨੂੰ ਕੁਝ ਗੁੰਜਾਇਸ਼ ਛੱਡ ਦਿੰਦੀ, ਜਿਸ ਦਾ ਸਦਕਾ ਉਹ ਇਸ ਦਾਅਵੇ ਨਾਲ ਕਮਿਊਨਿਟੀ ਕੋਲ ਜਾ ਸਕਦੇ ਕਿ ਉਹਨਾਂ ਨੇ ਕੁਝ ਪ੍ਰਾਪਤੀ ਕੀਤੀ ਹੈ, ਤਾਂ ਹੋ ਸਕਦਾ ਹੈ ਮਾਮਲੇ ਕੁਝ ਹੋਰ ਤਰ੍ਹਾਂ ਹੁੰਦੇ।

ਤਲਵੰਡੀ ਤੇ ਸੁਖਜਿੰਦਰ ਸਿੰਘ ਵਰਗੇ ਆਦਮੀ ਮਾਡਰੇਟਾਂ ਦੇ ਖ਼ਿਲਾਫ਼ ਸਨ, ਉਹ ਪ੍ਰਸਤਾਵਿਤ ਮੋਰਚੇ ਵਿਚ ਅਕਾਲੀਆਂ ਨੂੰ ਜੇ ਸੁਆਧੀਨ ਰਾਜ ਦੀ ਮੰਗ ਵੱਲ ਨਹੀਂ ਤਾਂ ਘੱਟੋ-ਘੱਟ ਵੱਖਵਾਦ ਵੱਲ ਹੋਰ ਧਿਕਣ ਦਾ ਮੌਕਾ ਵੇਖਦੇ ਸੀ। ਸੁਖਜਿੰਦਰ ਸਿੰਘ ਨੇ ਤਾਂ ਬਾਦਲ ਨਾਲ ਜ਼ਾਤੀ ਤੌਰ 'ਤੇ ਵੀ ਨਿਬੜਨਾ ਸੀ ਜੀਹਨੇ ਉਹਨੂੰ 1979 ਵਿਚ ਆਪਣੀ ਕੈਬਨਟ ਵਿਚੋਂ ਕੱਢ ਦਿੱਤਾ ਸੀ।

ਟੌਹੜਾ ਉਹਨਾਂ ਦਾ ਸਹਾਈ ਸੀ, ਜੀਹਨੇ ਮਾਡਰੇਟਾਂ ਤੇ ਅੱਤਵਾਦੀਆਂ ਵਿਚਲੇ ਝਗੜਿਆਂ ਦਾ ਸਦਾ ਹੀ ਲਾਭ ਉਠਾਇਆ ਸੀ। ਉਹ ਮੋਰਚੇ ਦੇ ਹੱਕ ਵਿਚ ਸੀ, ਕਿਉਂਜੁ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਆਪਣੇ ਕੋਲ ਰੱਖਣ ਦਾ ਚਾਹਵਾਨ ਸੀ, ਪਿਛਲੀ ਵਾਰ ਬਾਦਲ ਉਹਨੂੰ ਪ੍ਰਧਾਨ ਬਣਾਉਣਾ ਮੁਸ਼ਕਲ ਨਾਲ ਹੀ ਮੰਨਿਆ ਸੀ। ਮੋਰਚਾ ਸ਼ੁਰੂ ਹੋ ਜਾਣ ਦੀ ਸੂਰਤ ਵਿਚ ਕਿਸੇ ਨੇ ਵੀ ਪ੍ਰਧਾਨ ਨੂੰ ਤਬਦੀਲ ਕਰਨ ਬਾਰੇ ਸੋਚ ਨਹੀਂ ਸੀ ਸਕਣਾ।

26 ਜੁਲਾਈ ਨੂੰ ਫ਼ਤਹਗੜ੍ਹ ਵਿਖੇ ਅਕਾਲੀ ਦਲ ਹਾਈ ਕਮਾਂਡ ਦੀ ਮੀਟਿੰਗ ਤੋਂ ਪਹਿਲਾਂ, ਮਾਡਰੇਟ ਰਾਜਿੰਦਰ ਸਿੰਘ ਭਾਟੀਆ, ਜਿਹੜਾ ਉਦੋਂ ਅਕਾਲੀ ਦਲ ਦਾ ਜਨਰਲ ਸਕੱਤਰ ਸੀ, ਲੌਂਗੋਵਾਲ ਦੇ ਪਿੰਡ ਗਿਆ (23 ਜੁਲਾਈ) ਤਾਂ ਜੁ ਉਹਨੂੰ ਪਰੇਰੇ ਕਿ ਮੋਰਚਾ ਸ਼ੁਰੂ ਨਾ ਕਰੇ। ਭਾਟੀਆ ਰਾਜੀਵ ਗਾਂਧੀ ਨਾਲ ਛੁਹ ਵਿਚ ਰਿਹਾ ਸੀ (ਜਿਵੇਂ ਕੁਝ ਸਾਲ ਪਹਿਲਾਂ ਸੰਜੇ ਗਾਂਧੀ ਨਾਲ ਸੰਪਰਕ ਵਿਚ ਰਿਹਾ ਸੀ। ਜਦੋਂ ਉਹਨੇ ਕਰੀਬ-ਕਰੀਬ ਕਾਂਗਰਸ (ਆਈ)-ਅਕਾਲੀ ਚੋਣ ਸਮਝੌਤਾ ਕਰ ਹੀ ਲਿਆ ਸੀ, ਜਿਸ ਦੇ ਅਧੀਨ ਅਕਾਲੀਆਂ ਨੂੰ 60 ਫੀਸਦੀ ਅਸੈਂਬਲੀ ਸੀਟਾਂ ਤੇ ਕਾਂਗਰਸ ਨੂੰ 40 ਫੀਸਦੀ ਮਿਲਣੀਆਂ ਸਨ), ਤੇ ਉਹ ਸਮਝਦਾ ਸੀ ਕਿ ਕਾਂਗਰਸ (ਆਈ) ਹੋ ਸਕਦਾ ਹੈ, ਅਕਾਲੀ ਦਲ ਨੂੰ ਸੀਨੀਅਰ ਭਿਆਲ ਮੰਨ ਕੇ ਪੰਜਾਬ ਵਿਚ ਸੱਤਾ ਵਿਚ ਭਿਆਲ ਬਣਨਾ ਮੰਨ ਲਵੇ।

ਭਾਟੀਆ ਨੇ ਲੌਂਗੋਵਾਲ ਨੂੰ ਕਿਹਾ ਕਿ ਮੋਰਚਾ ਕਿਸੇ ਮਨੋਰਥ ਪ੍ਰਾਪਤੀ ਲਈ ਸਾਧਨ ਤਾਂ ਹੋ ਸਕਦਾ ਹੈ, ਪਰ ਆਪਣੇ ਆਪ ਵਿਚ ਕੋਈ ਮਨੋਰਥ ਨਹੀਂ ਹੋ ਸਕਦਾ। ਜਦੋਂ ਭਾਟੀਆ ਨੇ ਇਹ ਖ਼ਬਰ ਪੁਚਾਈ ਕਿ ਸਰਕਾਰ ਅਕਾਲੀਆਂ ਦੀ ਇਸ ਮੰਗ ਨੂੰ ਮੰਨਣ ਲਈ ਰੁਚਿਤ ਹੈ ਕਿ ਦਰਿਆਈ ਪਾਣੀਆਂ ਦਾ ਝਗੜਾ ਸੁਪਰੀਮ ਕੋਰਟ ਦੇ ਜੱਜ ਸਾਹਮਣੇ ਰੱਖ ਦਿੱਤਾ ਜਾਵੇ ਅਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਕੋਈ ਰਾਹ ਲੱਭਿਆ ਜਾਵੇ ਤਾਂ ਲੌਂਗੋਵਾਲ ਉਹਦੇ ਨਾਲ ਸਹਿਮਤ ਸੀ।

ਸ਼੍ਰੀਮਤੀ ਗਾਂਧੀ ਨੇ ਆਖ਼ਰੀ ਮੀਟਿੰਗ ਵਿਚ ਜਿਸ ਤਰ੍ਹਾਂ ਦਾ ਵਰਤਾਉ ਕੀਤਾ ਸੀ, ਉਸ ਪਿਛੋਂ ਲੌਂਗੋਵਾਲ ਭਾਵੇਂ ਗੱਲਾਂਬਾਤਾਂ ਦੇ ਮੇਜ਼ 'ਤੇ ਬਹਿਣੋਂ ਝਕਦਾ ਸੀ, ਪਰ ਜੇ ਬਾਦਲ ਸਹਿਮਤ ਹੋਵੇ ਤਾਂ ਉਹ ਮੋਰਚਾ ਅਨਿਸਚਿਤ ਸਮੇਂ ਲਈ ਮੁਲਤਵੀ ਕਰਨ ਨੂੰ ਤਿਆਰ ਸੀ।

ਭਾਟੀਆ ਬਾਦਲ ਨੂੰ ਉਹਦੇ ਪਿੰਡ ਮਿਲਿਆ (24 ਜੁਲਾਈ) ਤੇ ਮੋਰਚਾ ਸ਼ੁਰੂ ਨਾ ਕਰਨ ਲਈ ਉਹਨੂੰ ਪਰੇਰਿਆ। ਪਰ ਭਾਟੀਆ 26 ਜੁਲਾਈ ਵਾਲੀ ਅਹਿਮ ਮੀਟਿੰਗ ਵਿਚ ਸ਼ਾਮਿਲ ਨਾ ਹੋ ਸਕਿਆ, ਕਿਉਂਜੁ ਉਹਨੂੰ ਕਿਸੇ ਜ਼ਰੂਰੀ ਕੰਮ ਲਈ ਦਿੱਲੀ ਪਰਤਣਾ ਪਿਆ ਸੀ। ਪਿਛਲ-ਰਾਤ ਪਾਉਂਦਿਆਂ ਉਹਨੂੰ ਇਸ ਦਾ ਅਫ਼ਸੋਸ ਹੈ, ਪਰ ਉਹ ਇਸ ਵਿਚਾਰ ਨਾਲ ਮਨ ਨੂੰ ਸਮਝਾ ਲੈਂਦਾ ਹੈ ਕਿ ਲੌਂਗੋਵਾਲ ਤੇ ਬਾਦਲ ਪਰੇਰਨ ਪਿਛੋਂ ਉਹਨੂੰ ਯਕੀਨ ਸੀ ਕਿ ਮੋਰਚਾ ਹਾਲ ਦੀ ਘੜੀ ਨਹੀਂ ਲੱਗੇਗਾ।

ਮਾਡਰੇਟ ਘੱਟ-ਗਿਣਤੀ ਵਿਚ ਸਨ, ਬਲਵੰਤ ਸਿੰਘ ਤੇ ਬਰਨਾਲਾ ਮੀਟਿੰਗ ਵਿਚ ਮੌਜੂਦ ਨਹੀਂ ਸਨ। ਸੁਖਜਿੰਦਰ ਸਿੰਘ ਜੀਹਨੇ ਕਿਹਾ ਸੀ ਕਿ ਸਿੱਖਾਂ ਨੂੰ ਚਾਹੀਦਾ ਹੈ ਉਹ ਚੀਨ ਤੇ ਪਾਕਿਸਤਾਨ ਦੀ ਮਦਦ ਨਾਲ ਖ਼ਾਲਿਸਤਾਨ ਕਾਇਮ ਕਰਨ, ਸ਼ਾਮਿਲ ਹੋਇਆ ਤੇ ਟੋਹੜਾ ਵੀ ਜਿਹੜਾ ਆਪਣੇ ਨਾਲ ਬਸੰਤ ਸਿੰਘ ਖ਼ਾਲਸਾ ਨੂੰ ਲੈ ਗਿਆ ਸੀ ਜਿਹੜਾ ਕੁੜੱਤਣ ਨਾਲ ਭਰ ਚੁਕਿਆ ਹੋਇਆ ਸੀ, ਕਿਉਂਜੁ ਲੋਕ ਸਭਾ ਵਿਚ ਆਪਣੀ ਹਾਰ ਪਿਛੋਂ ਉਹਦਾ ਯਕੀਨ ਹੋ ਗਿਆ ਸੀ ਕਿ ਸਿੱਖਾਂ ਦੇ ਵੱਖਰੇ ਪੌਣ-ਹਲਕੇ ਹੋਣੇ ਚਾਹੀਦੇ ਹਨ, ਅਰਥਾਤ ਸਿੱਖ ਉਮੀਦਵਾਰ ਸਿੱਖਾਂ ਦੀਆਂ ਵੋਟਾਂ ਨਾਲ ਹੀ ਚੁਣੇ ਜਾਣੇ ਚਾਹੀਦੇ ਹਨ।

ਲੌਂਗੋਵਾਲ ਦੁਚਿਤੀ ਵਿਚ ਸੀ। ਅੱਤਵਾਦੀਆਂ ਨੇ ਨਿਰਾਦਰੀ ਦੀ ਉਸ ਭਾਵਨਾ ਦਾ ਲਾਭ ਉਠਾਇਆ ਜਿਹੜੀ ਪ੍ਰਧਾਨ ਮੰਤਰੀ ਨਾਲ ਆਖ਼ਰੀ ਮੀਟਿੰਗ ਪਿਛੋਂ ਲੌਂਗੋਵਾਲ ਦੇ ਮਨ ਵਿਚ ਅਜੇ ਤੱਕ ਟਿਕੀ ਹੋਈ ਸੀ। ਉਹਨਾਂ ਨੇ ਇਹ ਵੀ ਦਲੀਲ ਦਿੱਤੀ ਕਿ ਸ਼੍ਰੀਮਤੀ ਗਾਂਧੀ ਆਪਣੇ ਪਹਿਲੇ ਇਕਰਾਰਾਂ ਪਿਛੋਂ, ਇਥੋਂ ਤੱਕ ਕਿ ਧਾਰਮਿਕ ਮੰਗਾਂ ਦੇ ਸੰਬੰਧ ਵਿਚ ਵੀ, ਕਿਵੇਂ ਪਿਛੇ ਹਟੀ ਹੈ ਅਤੇ ਬਾਦਲ ਨੂੰ ਪਤਿਆਉਣ ਲਈ ਉਹਨਾਂ ਆਖਿਆ ਕਿ ਮੋਰਚੇ ਵਿਚ ਉਹ ਸਭ ਤੋਂ ਪਹਿਲਾਂ ਗ੍ਰਿਫ਼ਤਾਰੀ ਦੇਵੇਗਾ। ਬਾਦਲ, ਜਿਹੜਾ ਜੇਲ੍ਹ ਜਾਣ ਲਈ ਸਦਾ ਹੀ ਤਿਆਰ ਰਹਿੰਦਾ ਹੈ, ਜਦੋਂ ਵੀ ਉਹਨੂੰ ਪਹਿਲੇ ਸਤਿਆਗ੍ਰਹੀ ਵਜੋਂ ਚੁਣਿਆ ਜਾਵੇ, ਖ਼ੁਸ਼ ਹੁੰਦਾ ਹੈ, ਕਿਉਂਜੁ ਇਹ ਗੱਲ ਉਹਦੇ ਨੰਬਰ ਇਕ ਬਣਨ ਦੀ ਇੱਛਾ ਨਾਲ ਇਕਰੂਪ ਹੁੰਦੀ ਹੈ।

ਪਰ ਮਾਮਲੇ ਦਾ ਅੰਤਮ ਨਿਰਣਾ ਅਕਾਲੀਆਂ ਦੇ ਮਨ ਵਿਚ ਟਿਕੇ ਇਸ ਡਰ ਨੇ ਕੀਤਾ ਕਿ ਭਿੰਡਰਾਂਵਾਲਾ ਜਿਹੜਾ ਆਪਣੇ ਮੋਰਚੇ ਨੂੰ ਗੋਲਡਨ ਟੈਂਪਲ ਦੇ ਅੰਦਰ ਪਹਿਲਾਂ ਹੀ ਲੈ ਗਿਆ ਹੋਇਆ ਹੈ, ਕਿਤੇ ਆਖ਼ਰਕਾਰ ਗੁਰਦੁਆਰੇ ਉਤੇ ਹੀ ਕਬਜ਼ਾ ਨਾ ਕਰ ਬੈਠੇ। ਨਾਲੇ ਜਿਵੇਂ ਕਿ ਅਕਾਲੀ ਆਪਣੇ ਤਜਰਬੇ ਤੋਂ ਜਾਣਦੇ ਸਨ, ਮੋਰਚੇ ਸਦਾ ਹੀ ਸਿੱਖਾਂ ਲਈ ਵਕਾਰ ਦਾ ਸਵਾਲ ਬਣ ਗਏ ਤੇ ਉਹਨਾਂ ਨੂੰ ਪਿੰਡਾਂ ਤੋਂ ਸਦਾ ਹੀ ਰਵਾਇਤੀ ਹਿਮਾਇਤ ਮਿਲੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਵਾਲੰਟੀਅਰ ਉਹਨਾਂ ਨੂੰ ਮਿਲ ਜਾਂਦੇ।

ਮਾਡਰੇਟ ਏਡੇ ਉਤਸ਼ਾਹਪੂਰਨ ਤਾਂ ਨਹੀਂ ਸਨ, ਪਰ ਉਹ ਆਪਣੇ ਆਪ ਨੂੰ ਜ਼ੋਰ ਨਾਲ ਪੇਸ਼ ਕਰਨ ਦਾ ਜੇਰਾ ਨਹੀਂ ਸੀ ਰੱਖਦੇ, ਉਹ ਸਦਾ ਹੀ ਗਰਮ-ਖ਼ਿਆਲੀਆਂ ਅੱਗੇ ਝੁਕੇ ਸਨ ਤੇ ਇਸ ਵਾਰ ਵੀ ਉਵੇਂ ਹੀ ਹੋਣਾ ਸੀ। ਅਕਾਲੀਆਂ ਦੀ ਪ੍ਰਤਿਪੁਸ਼ਟੀ (feedback) ਇਹ ਸੀ ਕਿ ਪਿੰਡਾਂ ਦੇ ਸਿੱਖ

ਪੁਲਿਸ 'ਮੁਕਾਬਲਿਆਂ', ਗ੍ਰਿਫ਼ਤਾਰੀਆਂ, ਤਲਾਸ਼ੀਆਂ ਅਤੇ ਸ਼ੱਕੀ ਲੋਕਾਂ ਦੇ ਪਰਿਵਾਰਾਂ ਨਾਲ ਹੁੰਦੇ ਸਲੂਕ ਤੋਂ ਪਰੇਸ਼ਾਨ ਸਨ।

ਸਿੱਖ ਨੌਜਵਾਨ, ਬਹੁਤਾ ਕਰ ਕੇ ਪਿੰਡਾਂ ਦੇ ਨੌਜਵਾਨ, ਸੁਸਿਖਅਤ ਤਾਂ ਹੋ ਰਹੇ ਸਨ, ਪਰ ਉਹਨਾਂ ਨੂੰ ਕੰਮ ਨਹੀਂ ਸਨ ਮਿਲੇ ਰਹੇ, ਉਹ ਉਘੜ-ਦੁਘੜ ਪੇਂਡੂ ਜੀਵਨ ਨੂੰ ਅਖ਼ਤਿਆਰ ਕਰਨਾ ਨਹੀਂ ਸੀ ਚਾਹੁੰਦੇ, ਉਹਨਾਂ ਦੇ ਤਾਂ ਫ਼ਾਰਮ ਵੀ ਨਾ-ਲਾਹੇਵੰਦ ਹੋ ਗਏ ਸਨ, ਕਿਉਂਜੁ ਹਰ ਪਰਿਵਾਰ ਵਿਚ ਕਈ-ਕਈ ਦਾਹਦੇਵਾਰ ਸਨ ਤੇ ਹਰ ਇਕ ਸਮਾਨ ਹਿੱਸੇ ਦੀ ਮੰਗ ਕਰਦਾ ਸੀ। 65 ਫੀਸਦੀ ਕਿਸਾਨ ਪਰਿਵਾਰਾਂ ਕੋਲ ਪੰਜ ਕੋਲ ਪੰਜ ਏਕੜ ਤੋਂ ਵੀ ਘੱਟ ਜ਼ਮੀਨ ਸੀ ਤੇ ਇਸ ਤਰ੍ਹਾਂ ਖੇਤੀਬਾੜੀ ਦਾ ਕਿੱਤਾ ਆਰਥਿਕ ਤੌਰ 'ਤੇ ਲਾਹੇਵੰਦਾ ਨਹੀਂ ਸੀ ਰਿਹਾ।

ਤੇ ਸ਼ਹਿਰਾਂ ਵਿਚ ਹਿੰਦੂ ਲੋਕ ਸਨਅਤ, ਤਿਜਾਰਤ ਤੇ ਵਪਾਰ ਨੂੰ ਕੰਟਰੋਲ ਕਰਦੇ ਸਨ, ਪੰਜ ਫੀਸਦੀ ਤੋਂ ਵੀ ਘੱਟ ਵੱਡੀ ਸਨਅਤ ਸਿੱਖਾਂ ਕੋਲ ਸੀ। ਭਿੰਡਰਾਂਵਾਲਾ ਜਾਣਦਾ ਸੀ ਕਿ ਹਰ ਨੌਜਵਾਨ ਸਿੱਖ ਉਹਦਾ ਸੰਭਾਵੀ ਅਨੁਯਾਈ ਹੈ, ਕਿਉਂਜੁ ਉਹ ਵੱਡੀ ਉਮਰ ਦੇ ਸਿੱਖ ਨਾਲੋਂ ਵਧੇਰੇ ਜੁਝੀਲਾ ਤੇ ਜਲਦਬਾਜ਼ ਹੋਵੇਗਾ ਅਤੇ ਉਹਨੂੰ ਉਹਨਾਂ ਦਿਨਾਂ ਬਾਰੇ ਗੱਲਾਂਬਾਤਾਂ ਵਧੇਰੇ ਟੁੰਬਣਗੀਆਂ ਜਦੋਂ ਸਿੱਖ ਹਾਕਮ ਹੁੰਦੇ ਸਨ ਤੇ ਜਦੋਂ ਉਸੇ ਸਰਬੋਤਮਤਾ ਦੀ ਬਹਾਲੀ ਲਈ ਸੱਦਾ ਦਿੱਤਾ ਜਾਵੇਗਾ।

ਜਦੋਂ ਇਕ ਵਾਰ ਭਿੰਡਰਾਂਵਾਲੇ ਨੂੰ ਖ਼ਾਲਿਸਤਾਨ ਦੀ ਮੰਗ ਉਤੇ ਟਿਪਣੀ ਕਰਨ ਲਈ ਕਿਹਾ ਗਿਆ ਤਾਂ ਇਦਦਾ ਉੱਤਰ ਉਹਨੇ ਸਿੱਧਾ ਨਾ ਦਿੱਤਾ, ਸਗੋਂ ਇਕ ਪ੍ਰੈੱਸ ਇੰਟਰਵਿਊ ਵਿਚ ਕਿਹਾ : 'ਜੇ ਤੁਸੀਂ ਪੰਛੀਆਂ ਨੂੰ ਉਹ ਕੁਝ ਦਿਓ ਜੋ ਉਹਨਾਂ ਨੂੰ ਪਸੰਦ ਹੈ ਤਾਂ ਉਹ ਇਨਕਾਰ ਨਹੀਂ ਕਰਦੇ, ਪਰ ਉਹ ਕੁਝ ਵੀ ਖਾ ਕੇ ਗੁਜ਼ਾਰਾ ਕਰ ਸਕਦੇ ਹਨ।' ਅਮਲ ਦੀ ਘੜੀ ਆ ਗਈ ਸੀ।

ਭਿੰਡਰਾਂਵਾਲਾ ਚਾਹੁੰਦਾ ਸੀ ਕਿ ਅਕਾਲੀ ਮੋਰਚੇ ਦੀ ਇਕ ਮੰਗ ਇਹ ਰੱਖਣ ਕਿ ਉਹਦੇ ਬੰਦਿਆਂ ਨੂੰ ਰਿਹਾ ਕੀਤਾ ਜਾਵੇ। ਅਕਾਲੀ ਲੀਡਰ ਉਹਨੂੰ ਏਡੀ ਮਹੱਤਤਾ ਨਹੀਂ ਸੀ ਦੇਣਾ ਚਾਹੁੰਦੇ ਭਾਵੇਂ ਉਂਜ ਉਹਨੇ ਨੇ 'ਨਿਰਦੋਸ਼ ਲੋਕਾਂ' ਦੀ ਰਿਹਾਈ ਲਈ ਕਿਹਾ, ਪਰ ਜਦੋਂ ਅਕਾਲੀ ਲੀਡਰਾਂ ਨੇ ਉਹਨੂੰ ਦੱਸਿਆ ਕਿ ਉਹ ਲੌਂਗੋਵਾਲ ਦੀ ਲੀਡਰਸ਼ਿਪ ਹੇਠ ਚਲਾਏ ਜਾਂਦੇ ਮੋਰਚੇ ਵਿਚ ਆਪਣੇ ਮੋਰਚੇ ਨੂੰ ਸ਼ਾਮਿਲ ਕਰ ਦੇਵੇ ਤਾਂ ਉਹ ਖ਼ੁਸ਼ੀ-ਖ਼ੁਸ਼ੀ ਮੰਨ ਗਿਆ, ਕਿਉਂਜੁ ਲੌਂਗੋਵਾਲ ਨਾਲ ਮੇਲ ਸਦਕਾ ਉਹਨੂੰ ਰਾਜਸੀ ਸਤਿਕਾਰ-ਯੋਗਤਾ ਮਿਲ ਜਾਣੀ ਸੀ ਜੀਹਦੀ ਉਹਨੂੰ ਡਾਢੀ ਲੋੜ ਸੀ।

ਲੌਂਗੋਵਾਲ ਉਹਨਾਂ ਕੁਝ ਇਕ ਲੋਕਾਂ ਵਿਚੋਂ ਹੈ ਜਿਨ੍ਹਾਂ ਨੂੰ 'ਸੰਤ' ਦਾ ਦਰਜਾ ਦਿੱਤਾ ਗਿਆ ਹੈ ਤੇ ਜਿਹੜੇ ਜੀਵਨ ਤੇ ਘਾਲਣਾ ਦੁਆਰਾ ਵਿਖਾ ਚੁਕੇ ਹਨ ਕਿ ਉਹ ਇਸ ਦਰਜੇ ਦੇ ਹੱਕਦਾਰ ਹਨ। ਹਾਲਾਤ ਨੇ ਉਹਨੂੰ ਰਾਜਨੀਤੀ ਵਿਚ ਧੱਕ ਦਿੱਤਾ, ਨਹੀਂ ਤਾਂ ਉਹਨੇ ਕਿਸੇ ਗੁਰਦੁਆਰੇ ਵਿਚ ਨਾਮ ਜਪਦਿਆਂ ਜੀਵਨ ਬਿਤਾਉਣਾ ਸੀ। ਆਪਣੀਆਂ ਤਕਰੀਰਾਂ ਵਿਚ ਉਹਨੇ ਗੁਰਬਾਣੀ ਵਿਚੋਂ ਜਿੰਨੇ ਹਵਾਲੇ ਦਿੱਤੇ ਹਨ ਉੱਨੇ ਅੱਜ ਤੱਕ ਸਭਨਾਂ ਅਕਾਲੀ ਮੋਰਚਿਆਂ ਵਿਚ ਕੁਲ ਮਿਲਾ ਕੇ ਵੀ ਨਹੀਂ ਦਿੱਤੇ ਗਏ।

ਭਿੰਡਰਾਂਵਾਲੇ ਵਾਂਗ ਉਹ ਵੀ ਇਕ ਕਿਸਾਨ ਪਰਿਵਾਰ ਦਾ ਜੰਮ-ਪਲ ਹੈ। ਉਹ ਛੋਟੀ ਉਮਰੇ ਹੀ ਬਠਿੰਡੇ ਜ਼ਿਲ੍ਹੇ ਦੇ ਮੌਜੇ ਪਿੰਡ ਵਿਚ ਸੰਤ ਜੋਧ ਸਿੰਘ ਦੇ ਡੇਰੇ ਵਿਚ ਜਾ ਟਿਕਿਆ ਤੇ ਉਹਨੇ ਜ਼ਿਲ੍ਹੇ ਸੰਗਰੂਰ ਵਿਚ ਲੌਂਗੋਵਾਲ ਵਿਖੇ ਗੁਰਦੁਆਰਾ ਭਾਈ ਮਨੀ ਸਿੰਘ ਸ਼ਹੀਦ ਦਾ ਚਾਰਜ ਸੰਭਾਲ ਲਿਆ।

ਅਕਾਲੀ ਦਲ ਵਿਚ ਸ਼ਾਮਿਲ ਹੋਣ ਸਮੇਂ ਉਹ ਬੱਸ ਸੋਲਾਂ ਦਾ ਹੀ ਸੀ। ਜਦੋਂ ਵੀ ਪਾਰਟੀ ਵਲੋਂ ਮੱਦਾ ਆਇਆ ਉਹਨੇ ਹੁੰਗਾਰਾ ਭਰਿਆ। ਸੰਤ ਫ਼ਤਹ ਸਿੰਘ ਨੂੰ, ਜੀਹਨੇ ਪੰਜਾਬੀ-ਬੋਲਦਾ ਰਾਜ ਬਣਾਉਣ ਲਈ ਲਹਿਰ ਚਲਾਈ ਸੀ, ਲੌਂਗੋਵਾਲ ਨੇ ਪ੍ਰਭਾਵਤ ਕੀਤਾ ਜਿਹੜਾ ਗ੍ਰਿਫ਼ਤਾਰੀ ਦੇਣ ਵਾਲੇ ਸਤਿਆਗ੍ਰਹੀਆਂ ਦੇ ਸਦਾ ਹੀ ਮੂਹਰੇ ਰਹਿੰਦਾ ਸੀ।

ਬੱਤੀਆਂ ਦੀ ਉਮਰੇ ਉਹ ਅਕਾਲੀ ਦਲ ਦੇ ਅੰਦਰਲੇ ਹਲਕੇ ਵਿਚ ਵਜ਼ਨੀ ਵਿਅਕਤੀ ਸੀ। ਉਹਨੂੰ 1964 ਵਿਚ ਸੰਗਰੂਰ ਜ਼ਿਲ੍ਹੇ ਦੇ ਅਕਾਲੀ ਜੱਥੇ ਦਾ ਪ੍ਰਧਾਨ ਚੁਣਿਆ ਗਿਆ ਤੇ ਨੌਂ ਸਾਲ ਉਹ ਇਸ ਪਦਵੀ ਉਤੇ ਰਿਹਾ। ਉਹ ਹਿੰਸਾ ਦਾ ਸਦਾ ਹੀ ਵਿਰੋਧੀ ਰਿਹਾ ਹੈ ਅਤੇ ਉਹਦਾ ਨਿਸਚਾ ਹੈ ਕਿ ਸਾਧਨ ਓਡੇ ਹੀ ਮਹੱਤਵਪੂਰਨ ਹੁੰਦੇ ਹਨ ਜੇਡੇ ਮਨੋਰਥ। ਉਹਦੇ ਵਿਰੋਧੀ ਉਹਦੀ ਪਹੁੰਚ ਨੂੰ ਕਰੀਬ-ਕਰੀਬ ਗਾਂਧੀ-ਵਾਦੀ ਪਹੁੰਚ ਆਖ ਕੇ ਉਹਦੀ ਹਾਸੀ ਉਡਾਉਂਦੇ ਹਨ, ਪਰ ਜੇ ਅਗਲੀਆਂ ਨਸਲਾਂ ਨੇ ਉਹਦਾ ਗਾਂਧੀ ਨਾਲ ਮੁਕਾਬਲਾ ਕੀਤਾ ਤਾਂ ਉਹਨੂੰ ਉਹ ਗੌਰਵ ਸਮਝੇਗਾ।

ਭਿੰਡਰਾਂਵਾਲਾ ਲੌਂਗੋਵਾਲ ਤੋਂ ਪ੍ਰਭਾਵਤ ਨਾ ਹੋਇਆ ਤੇ ਨਾ ਹੀ ਉਹਦੇ ਅਹਿੰਸਕ ਢੰਗਾਂ ਤੋਂ, ਪਰ ਉਹ ਗੋਲਡਨ ਟੈਂਪਲ ਵਿਖੇ ਹਾਲ-ਕਮਰੇ ਵਿਚ ਜਿਥੇ ਸਤਿਆਗ੍ਰਹੀ ਆਣ ਜੁੜਦੇ ਸਨ, ਉਹਦੇ ਇਕ ਪਾਸੇ ਬਹਿਣ ਲਈ ਤਿਆਰ ਸੀ, ਗ੍ਰਿਫ਼ਤਾਰੀ ਲਈ ਪੇਸ਼ ਹੋਣ ਤੋਂ ਪਹਿਲਾਂ ਧਰਮ-ਯੁੱਧ ਦੇ ਵਾਲੰਟੀਅਰਾਂ ਨੂੰ ਦੋਵੇਂ ਹੀ ਅਸ਼ੀਰਵਾਦ ਦਿਆ ਕਰਦੇ ਸਨ।

ਮੋਰਚਾ 4 ਅਗਸਤ 1982 ਨੂੰ ਸ਼ੁਰੂ ਹੋਇਆ। ਬਾਦਲ ਪਹਿਲਾ ਸਤਿਆਗ੍ਰਹੀ ਸੀ, ਉਹਨੇ 300 ਦੇ ਜੱਥੇ ਨਾਲ ਗ੍ਰਿਫ਼ਤਾਰੀ ਦਿੱਤੀ। ਉਹਨਾਂ ਨੂੰ ਟੈਂਪਲ ਵਿਚੋਂ ਬਾਹਰ ਨਿਕਲਦਿਆਂ ਹੀ ਉਸ ਦਫ਼ਾ ਦੀ ਉਲੰਘਣਾ ਕਰਨ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ, ਜਿਸ ਦੇ ਅਧੀਨ ਪੰਜ ਤੋਂ ਬਹੁਤੇ ਆਦਮੀ ਇਕੱਠੇ ਨਹੀਂ ਹੋ ਸਕਦੇ।

ਅਗਲੇ ਢਾਈ ਮਹੀਨੇ ਰੋਜ਼ਾਨਾ ਇਸੇ ਤਰ੍ਹਾਂ ਜਥੇ ਗ੍ਰਿਫ਼ਤਾਰੀ ਦਿੰਦੇ ਰਹੇ, ਇਹ ਸਭ ਬਹੁਤ ਸਰਲ ਸੀ ਅਤੇ ਲਗਭਗ 70,000 ਸਤਿਆਗ੍ਰਹੀ ਗ੍ਰਿਫ਼ਤਾਰ ਹੋਏ। ਗ੍ਰਿਫ਼ਤਾਰੀ ਦੇਣ ਤੋਂ ਪਹਿਲਾਂ ਉਹ ਸੰਗਤ ਤੋਂ ਅਸ਼ੀਰਵਾਦ ਲੈਂਦੇ ਤੇ ਗੁਰੂ ਗ੍ਰੰਥ ਸਾਹਿਬ 'ਚੋਂ ਵਾਕ ਸੁਣਦੇ ਤੇ ਪੀਲਾ ਪਟਕਾ ਆਪਣੀਆਂ ਪੱਗਾਂ ਉਪਰ ਲਪੇਟਦੇ, ਹਾਲ-ਕਮਰੇ ਵਿਚੋਂ ਇੰਜ ਬਾਹਰ ਜਾਂਦੇ ਜਿਵੇਂ ਉਹ ਧਰਮ-ਯੁੱਧ ਲੜਨ ਜਾ ਰਹੇ ਹੋਣ।

ਇਕ ਵਾਰ ਜਦੋਂ ਮੈਂ ਸੰਗਤ ਨੂੰ ਵੇਖਿਆ, ਮੈਂ ਸੋਚਣ ਲੱਗਿਆ ਕਿ ਹਰ ਅਕਾਲੀ ਐਜੀਟੇਸ਼ਨ ਨੂੰ ਧਾਰਮਿਕ ਰੰਗ ਕਿਉਂ ਚੜ੍ਹ ਜਾਂਦਾ ਹੈ, ਕੀ ਇਸ ਕਰ ਕੇ ਕਿਉਂਜੁ ਇਹ ਸਮਝਿਆ ਜਾਂਦਾ ਸੀ ਕਿ ਧਰਮ ਤੇ ਰਾਜਨੀਤੀ ਇਕੋ ਸਿੱਕੇ ਦੇ ਦੋ ਪਾਸੇ ਹਨ ਜਾਂ ਇਸ ਕਰ ਕੇ ਕਿ ਧਾਰਮਿਕ ਰੰਗ ਚਾੜ੍ਹੇ ਬਿਨਾਂ ਕਿਸੇ ਵੀ ਮੋਰਚੇ ਨੂੰ ਜਾਰੀ ਨਹੀਂ ਸੀ ਰੱਖਿਆ ਜਾ ਸਕਦਾ?

ਕੰਟਰੋਲ ਵਧੇਰੇ ਮਾਡਰੇਟ ਸਿੱਖਾਂ ਦੇ ਹੱਥ ਸੀ। ਅਕਾਲੀਆਂ ਵਲੋਂ ਪੇਸ਼ ਕੀਤੀਆਂ ਗਈਆਂ ਮੰਗਾਂ ਤੋਂ ਬਿਨਾਂ ਜੇ ਕਿਸੇ ਵਲੋਂ ਕੋਈ ਹੋਰ ਮੰਗ ਸਾਹਮਣੇ ਰੱਖੀ ਜਾਂਦੀ ਤਾਂ ਲੌਂਗੋਵਾਲ ਉਹਨੂੰ ਡਾਂਟ ਦਿੰਦਾ। ਜਿਸ ਦਿਨ ਮੈਂ ਸੰਗਤ ਵਿਚ ਮੌਜੂਦ ਸਾਂ, ਜਦੋਂ ਖ਼ਾਲਿਸਤਾਨ ਦਾ ਨਾਅਰਾ ਲਾਇਆ ਗਿਆ, ਲੌਂਗੋਵਾਲ ਨੇ ਇਹੋ ਨਹੀਂ ਸੀ ਇਹਦੀ ਨਿਖੇਧੀ ਕੀਤੀ, ਸਗੋਂ ਇਹ ਵੀ ਕਿਹਾ ਕਿ ਇਹ ਨਾਅਰਾ ਲਾਉਣ ਵਾਲੇ 'ਕਾਂਗਰਸ ਪਾਰਟੀ' ਦੇ ਏਜੰਟ ਹਨ ਤੇ ਅਕਾਲੀ ਸ਼ਕਤੀ ਨਾਲ ਇਹਦੇ ਵਿਰੁਧ ਹਨ।

ਉਦੋਂ ਤੱਕ ਕੰਟਰੋਲ ਉਹਦੇ ਹੱਥ ਸੀ।

ਲੌਂਗੋਵਾਲ ਸੰਗਤ ਵਿਚ ਜਦੋਂ ਵੀ ਬੋਲਦਾ ਉਹਦੀ ਤਕਰੀਰ ਵਿਚ ਮਾਡਰੇਸ਼ਨ ਹੁੰਦੀ, ਕਈ ਵਾਰ ਤਾਂ ਉਹ ਹਿੰਦੂ-ਸਿੱਖ ਏਕੇ ਲਈ ਅਪੀਲ ਵੀ ਕਰਦਾ। ਭਿੰਡਰਾਂਵਾਲੇ ਦੀ ਤਕਰੀਰ ਜ਼ਹਿਰੀਲੀ ਹੁੰਦੀ, ਉਹ ਪੁਲਿਸ ਵਧੀਕੀ ਦੀ ਕੋਈ ਘਟਨਾ ਲੱਭ ਲੈਂਦਾ ਜਾਂ ਸਿੱਖਾਂ ਵਿਰੁਧ ਵਿਤਕਰੇ ਦੀ ਅਤੇ ਆਖਦਾ ਕਿ ਭਾਰਤ ਵਿਚ ਸਿੱਖਾਂ ਨੂੰ ਉਹਨਾਂ ਦਾ ਹੱਥ ਨਹੀਂ ਮਿਲ ਰਿਹਾ ਅਤੇ ਹੱਕ ਇਨਸਾਫ਼ ਲਈ ਲੜਨ ਵਾਸਤੇ ਉਹਨਾਂ ਨੂੰ ਮੁਤਹਿਦ ਹੋ ਜਾਣਾ ਚਾਹੀਦਾ ਹੈ।

ਲਗਭਗ 30,000 ਸਿੱਖ ਗ੍ਰਿਫ਼ਤਾਰ ਹੋਏ, ਜੇਲ੍ਹਾਂ ਵਿਚ ਇਹਨਾਂ ਸਭਨਾਂ ਲਈ ਥਾਂ ਨਹੀਂ ਸੀ, ਜਿਸ ਕਰ ਕੇ ਕੁਝ ਨੂੰ ਕੈਂਪਾਂ ਵਿਚ, ਇਥੋਂ ਤੱਕ ਕਿ ਮਕਾਨਾਂ ਵਿਚ ਵੀ ਰੱਖਿਆ ਗਿਆ, ਜਦੋਂ ਇਹਨਾਂ ਨੂੰ ਲਿਜਾ ਰਹੀ ਇਕ ਬਸ ਦੀ ਟੱਕਰ ਰੇਲਗੱਡੀ ਨਾਲ ਹੋ ਗਈ ਤਾਂ 34 ਜਣੇ ਮਰ ਗਏ। ਮੋਰਚੇ ਨੇ ਸਿੱਖਾਂ ਦੀ ਕਲਪਨਾ ਨੂੰ ਟੁੰਬ ਘੱਤਿਆ ਸੀ ਅਤੇ ਸਤਿਆਗ੍ਰਹੀਆਂ ਦੀ ਕੋਈ ਕਮੀ ਨਹੀਂ ਸੀ। ਸ਼੍ਰੀਮਤੀ ਗਾਂਧੀ ਨੇ ਦੀਵਾਲੀ ਵਾਲੀ ਸ਼ਾਮ ਸਭਨਾਂ ਅਕਾਲੀ ਕੈਦੀਆਂ ਨੂੰ ਰਿਹਾ ਕਰ ਦਿੱਤਾ, ਸ਼ਾਮ ਜਿਸ ਦਿਨ ਰਾਮ ਚੰਦਰ ਚੌਦਾਂ ਵਰ੍ਹੇ ਦੇ ਬਨਵਾਸ ਪਿਛੋਂ ਘਰ ਮੁੜੇ ਸਨ।

ਸਵਰਨ ਸਿੰਘ ਨੇ ਉਹਨਾਂ ਨਾਲ ਉਹਨਾਂ ਦੀ ਇਕ-ਇਕ ਮੰਗ 'ਤੇ ਵਿਚਾਰ ਕੀਤਾ। ਉਹਨਾਂ ਨੂੰ ਪ੍ਰੇਰਿਆ ਕਿ ਖ਼ੁਦ ਗੋਲਡਨ ਟੈਂਪਲ* ਤੋਂ ਕੀਰਤਨ ਬਰਾਡਕਾਸਟ ਕਰਨ ਦੀ ਥਾਂ ਉਹ ਇਸ ਪੇਸ਼ਕਸ਼ ਨੂੰ ਪਰਵਾਨ ਕਰ ਲੈਣ ਕਿ ਆਲ ਇੰਡੀਆ ਰੇਡੀਓ ਦੇ ਜਲੰਧਰ ਸਟੇਸ਼ਨ ਤੋਂ ਕੀਰਤਨ ਬਰਾਡਕਾਸਟ ਕੀਤਾ ਜਾਵੇਗਾ।

ਇਹ ਮੰਗ ਕਿ ਅੰਮ੍ਰਿਤਸਰ ਤੋਂ ਚਲਣ ਵਾਲੀ ਫਲਾਈਂਗ ਮੇਲ ਦਾ ਨਾਂ 'ਹਰਿਮੰਦਰ ਐਕਪ੍ਰੈਸ' ਰੱਖ ਦਿੱਤਾ ਜਾਵੇ, ਉਹਨਾਂ ਨੇ ਇਹ ਮਹਿਸੂਸ ਕਰ ਕੇ ਆਪ ਹੀ ਛੱਡ ਦਿੱਤੀ ਕਿ ਗੱਡੀ ਨੂੰ ਜਿਹੜੀ 'ਸਾਫ਼ ਸਵੱਛ' ਨਹੀਂ, ਹਰਿਮੰਦਰ ਸਾਹਿਬ ਦਾ ਨਾਂ ਦੇਣਾ ਅਨੁਉਚਿਤ ਹੋਵੇਗਾ।

ਚੰਡੀਗੜ੍ਹ ਉਸ ਵੇਲੇ ਕੋਈ ਮਸਲਾ ਨਹੀਂ ਸੀ। ਇਹ ਤਾਂ ਪੱਕੀ ਤਰ੍ਹਾਂ ਸਮਝਿਆ ਗਿਆ ਸੀ ਕਿ ਇਹ ਸ਼ਹਿਰ ਪੰਜਾਬ ਨੂੰ ਹੀ ਮਿਲੇਗਾ। ਜਿਥੋਂ ਤੱਕ ਫ਼ਾਜ਼ਿਲਕਾ ਤੇ ਅਬੋਹਰ ਦਾ ਸੰਬੰਧ ਹੈ, ਅਕਾਲੀਆਂ ਦਾ ਦਾਅਵਾ ਸੀ ਕਿ ਇਥੇ ਪੰਜਾਬੀ-ਬੋਲਦੀ ਵਸੋਂ ਬਹੁਗਿਣਤੀ ਵਿਚ ਹੈ, ਪਰ ਸਵਰਨ ਸਿੰਘ ਇਸ 'ਤੇ ਸਹਿਮਤ ਸੀ ਕਿ ਸਭਨਾਂ ਖੇਤਰਾਂ ਉਤੇ ਪੰਜਾਬ ਤੇ ਹਰਿਆਣੇ ਦੇ ਦਾਅਵਿਆਂ ਦਾ ਫ਼ੈਸਲਾ ਭਾਸ਼ਾਈ ਆਧਾਰ ਉਤੇ ਇਲਾਕਾਈ ਕਮਿਸ਼ਨ ਹੀ ਕਰੇ।

ਦਰਿਆਈ ਪਾਣੀਆਂ ਦਾ ਸਵਾਲ ਬੜਾ ਨਾਜ਼ਕ ਤੇ ਜਟਿਲ ਮਸਲਾ ਸੀ, ਪਰ ਅਕਾਲੀਆਂ ਨੇ ਇਹ ਮੰਨ ਲਿਆ ਕਿ ਸੁਪਰੀਮ ਕੋਰਟ ਦੇ ਜੱਜ ਦਾ ਫ਼ੈਸਲਾ ਉਹਨਾਂ ਨੂੰ ਪਰਵਾਨ ਹੋਵੇਗਾ ਤੇ ਇਸ 'ਤੇ ਵੀ ਇਤਰਾਜ਼ ਨਾ ਕੀਤਾ ਕਿ ਸੁਪਰੀਮ ਕੋਰਟ ਦੇ ਜੱਜ ਮਾਹਿਰਾਂ ਦੀ ਟੀਮ ਦੀ ਮਦਦ ਲੈ ਸਕਦਾ ਹੈ।

ਅਨੰਦਪੁਰ ਸਾਹਿਬ ਮਤਾ ਹੀ ਵੱਡੀ ਅੜਚਣ ਸੀ। ਸਵਰਨ ਸਿੰਘ ਨੇ ਅਕਾਲੀਆਂ ਨੂੰ ਦੱਸਿਆ ਕਿ ਉਹ ਉਹਨਾਂ ਨਾਲ ਜੇ ਕੋਈ ਗੱਲ ਕਰ ਸਕਦਾ ਹੈ ਤਾਂ ਕੇਂਦਰ ਤੇ ਰਾਜ ਦੇ ਸੰਬੰਧਾਂ ਬਾਰੇ ਹੀ ਕਰ

---

* *ਵਿਦੇਸ਼ਾਂ ਵਿਚ ਰਹਿੰਦੇ ਕੁਝ ਸਿੱਖਾਂ ਨੇ ਜਿਹੜੇ ਕਹਿੰਦੇ ਸਨ ਕਿ ਵਿਦੇਸ਼ਾਂ ਵਿਚ ਉਹਨਾਂ ਦੇ ਬੱਚੇ ਆਪਣੇ ਧਰਮ ਦੀ ਛੁਹ ਵਿਚ ਨਹੀਂ ਰਹਿ ਰਹੇ ਤੇ ਕੀਰਤਨ ਸਦਕਾ ਉਹ ਸਿੱਖ ਪਰੰਪਰਾ ਵਿਚ ਪਰਵਾਨ ਚੜ੍ਹ ਸਕਣਗੇ, ਗੋਲਡਨ ਟੈਂਪਲ ਵਿਚ ਲਾਉਣ ਲਈ ਇਕ ਹਾਈ-ਪਾਵਰ ਟਰਾਂਸਮੀਟਰ ਦੀ ਪੇਸ਼ਕਸ਼ ਕੀਤੀ ਸੀ।*

ਸਕਦਾ ਹੈ, ਇਸ ਤੋਂ ਅੱਗੇ ਨਹੀਂ। ਅਕਾਲੀਆਂ ਨੇ ਆਪੋ ਵਿਚ ਕਈ ਮੀਟਿੰਗਾਂ ਕੀਤੀਆਂ, ਉਹਨਾਂ ਨੇ ਆਪਣੇ ਮਤੇ ਨੂੰ 1978 ਵਿਚ ਲੁਧਿਆਣੇ ਦੀ ਮੀਟਿੰਗ ਵਿਚ ਵਧੇਰੇ ਪਰਵਾਨਣ ਯੋਗ ਬਣਾ ਦਿੱਤਾ ਹੋਇਆ ਸੀ ਤੇ ਸਵਰਨ ਸਿੰਘ ਨੂੰ ਦੱਸਿਆ ਕਿ ਅਨੰਦਪੁਰ ਸਾਹਿਬ ਮਤਾ ਮੁਖ ਤੌਰ 'ਤੇ ਕੇਂਦਰ-ਰਾਜ ਸੰਬੰਧਾਂ ਬਾਰੇ ਹੀ ਹੈ, ਉਹਨਾਂ ਦੇ ਮਨ ਵਿਚ ਜੋ ਸੀ ਉਹ ਇਹੋ ਸੀ ਕਿ ਸਿਰਫ਼ ਪੰਜਾਬ ਦੇ ਸੰਬੰਧ ਵਿਚ ਹੀ ਨਹੀਂ, ਸਗੋਂ ਸਭਨਾਂ ਰਾਜਾਂ ਦੇ ਸੰਬੰਧ ਵਿਚ ਹੀ ਅਕੇਂਦਰੀਕਰਣ ਕੀਤਾ ਜਾਵੇ, ਤੇ ਰਾਜਾਂ ਦੇ ਅਧਿਕਾਰ-ਖੇਤਰ ਵਿਚ ਵਧੇਰੇ ਵਿਸ਼ੇ ਆਉਣੇ ਚਾਹੀਦੇ ਹਨ। ਉਸ ਸਮੇਂ ਇਹਨਾਂ ਮਾਮਲਿਆਂ ਨੂੰ ਘੋਖਣ ਬਾਰੇ ਕੋਈ ਸਰਕਾਰੀ ਕਮਿਸ਼ਨ ਮੌਜੂਦ ਨਹੀਂ ਸੀ, ਸੋ ਸਵਾਲ ਪੈਦਾ ਹੋਇਆ ਕਿ ਕਿਹੜੀ ਸੰਸਥਾ ਅਨੰਦਪੁਰ ਸਾਹਿਬ ਮਤੇ ਨੂੰ ਘੋਖੇ।

ਅਕਾਲੀਆਂ ਨੇ ਸੁਝਾਉ ਦਿੱਤਾ ਕਿ ਕੁਲ-ਪਾਰਟੀ ਪਾਰਲੀਮੈਂਟ ਗਰੁਪ ਇਹਨੂੰ ਘੋਖੇ, ਪਰ ਵਿਰੋਧੀ ਪਾਰਟੀਆਂ ਲਈ ਉਹਨਾਂ ਦਾ ਝੁਕਾਉ ਸ਼੍ਰੀਮਤੀ ਗਾਂਧੀ ਨੂੰ ਪਸੰਦ ਨਹੀਂ ਸੀ, ਪਰ ਅਕਾਲੀਆਂ ਦੀ ਵਿਉਂਤ ਦਾ ਵਿਰੋਧੀ ਪਾਰਟੀਆਂ ਅਟੁੱਟ ਅੰਗ ਸੀ, ਪਰ ਸਵਰਨ ਸਿੰਘ ਨੇ ਉਹਨਾਂ ਨੂੰ ਦੱਸਿਆ ਕਿ ਕੁਲ-ਪਾਰਟੀ ਪਾਰਲੀਮੈਂਟਰੀ ਕਮੇਟੀ ਵਿਚ, ਹਰ ਪਾਰਟੀ ਨੂੰ ਪਾਰਲੀਮੈਂਟ ਵਿਚ ਉਹਦੇ ਮੈਂਬਰਾਂ ਦੇ ਤਨਾਸਬ ਨਾਲ ਪ੍ਰਤੀਨਿਧਤਾ ਮਿਲੇਗੀ, ਇਸ ਲਈ ਕਾਂਗਰਸ (ਆਈ) ਨੂੰ ਆਪਣੇ ਆਪ ਹੀ ਬਹੁਸੰਮਤੀ ਪ੍ਰਾਪਤ ਹੋਵੇਗੀ। ਇਸ ਲਈ ਉਹ ਸ਼੍ਰੀਮਤੀ ਗਾਂਧੀ ਉਤੇ ਹੀ ਕਿਉਂ ਨਹੀਂ ਛੱਡ ਦਿੰਦੇ ਕਿ ਉਹ ਅਨੰਦਪੁਰ ਸਾਹਿਬ ਮਤੇ ਨੂੰ ਘੋਖਣ ਲਈ ਤੇ ਆਪਣਾ ਫ਼ੈਸਲਾ ਦੇਣ ਲਈ ਕਮੇਟੀ ਥਾਪ ਦੇਵੇ? ਅਕਾਲੀਆਂ ਨੇ ਇਹ ਸੁਝਾਉ ਮੰਨ ਲਿਆ।

ਸਵਰਨ ਸਿੰਘ, ਭਿੰਡਰਾਂਵਾਲੇ ਨੂੰ ਵੀ ਮਿਲਿਆ। ਉਹਨੇ ਇਹ ਆਖਦਿਆਂ ਕੁਰਸੀ ਉਤੇ ਬਹਿਣੋਂ ਇਨਕਾਰ ਕੀਤਾ ਕਿ ਸੰਤ ਦੇ ਸਾਹਮਣੇ ਕੁਰਸੀ 'ਤੇ ਬਹਿਣਾ ਠੀਕ ਨਹੀਂ ਲੱਗਦਾ ਤੇ ਫ਼ਰਸ਼ ਉਤੇ ਹੀ ਬਹਿ ਗਿਆ, ਜਦ ਕਿ ਭਿੰਡਰਾਂਵਾਲਾ ਮੰਜੀ 'ਤੇ ਲੰਮਾ ਪਿਆ ਰਿਹਾ। ਭਿੰਡਰਾਂਵਾਲੇ ਨੇ ਅਨੰਦਪੁਰ ਸਾਹਿਬ ਮਤੇ 'ਤੇ ਜ਼ੋਰ ਦਿੱਤਾ : ਅਕਾਲੀ ਜਿਸ ਗੱਲ 'ਤੇ ਸਹਿਮਤ ਹੋਏ ਸਨ ਉਸ 'ਤੇ ਉਹ ਬਹੁਤਾ ਖ਼ੁਸ਼ ਨਹੀਂ ਸੀ, ਪਰ ਜਾਪਦਾ ਸੀ ਕਿ ਅਕਾਲੀਆਂ ਦੇ ਨਾਲ ਤੁਰੇਗਾ, ਉਹ ਜਾਣਦਾ ਸੀ ਕਿ ਉਹ ਇਸ ਸੂਰਤ ਵਿਚ ਜੇ ਅਕਾਲੀ ਲੀਡਰਾਂ ਨੇ ਉਹਦੇ ਵਿਰੁਧ ਖੁਲ੍ਹਮ-ਖੁੱਲ੍ਹਾ ਐਲਾਨ ਕਰ ਦਿੱਤਾ, ਅਕਾਲੀ ਲੀਡਰਾਂ ਨਾਲ ਲੜਨ ਲਈ ਬਹੁਤ ਕਮਜ਼ੋਰ ਹੈ। ਨਾਲੇ ਭਿੰਡਰਾਂਵਾਲੇ ਨੂੰ ਅਕਾਲੀਆਂ ਦੇ ਅਨੁਆਈਆਂ ਨੂੰ ਆਪਣੇ ਪਾਸੇ ਲਿਆਉਣ ਲਈ ਸਮਾਂ ਦਰਕਾਰ ਸੀ।

ਸਵਰਨ ਸਿੰਘ ਨੇ ਸ਼੍ਰੀਮਤੀ ਗਾਂਧੀ ਨੂੰ ਇਸ ਸਮਝੌਤੇ ਦੇ ਵੇਰਵੇ ਬਾਰੇ ਅਗਾਹ ਕੀਤਾ। ਉਹਨੇ ਇਹ ਸਮਝੌਤਾ ਮੰਨ ਲਿਆ ਤੇ ਇਸ ਕਰੜੀ ਘਾਲਣਾ ਲਈ ਉਹਦੀ ਸ਼ਲਾਘਾ ਕੀਤੀ।

ਪਰ ਉਹਨੇ ਸਵਰਨ ਸਿੰਘ ਨੂੰ ਦੱਸਿਆ ਕਿ ਉਹ ਇਸ ਮਸਲੇ ਨੂੰ ਕੈਬਨਟ ਸਬ-ਕਮੇਟੀ ਸਾਹਮਣੇ ਰੱਖਣਾ ਚਾਹੇਗੀ, ਜਿਹੜੀ ਉਹਨੇ ਤੁਰਤ ਹੀ ਬਣਾ ਦਿੱਤੀ। ਪਰਨਾਬ ਮੁਕਰਜੀ, ਵੈਂਕਟਰਮਨ, ਨਰਸਿਮਹਾ ਰਾਓ ਤੇ ਪੀ.ਸੀ. ਸੇਠੀ ਇਹਦੇ ਮੈਂਬਰ ਸਨ। ਸਵਰਨ ਸਿੰਘ ਨੇ ਆਪਣਾ ਫ਼ਾਰਮੂਲਾ ਵਿਸਤਾਰ ਵਿਚ ਕਮੇਟੀ ਸਾਹਮਣੇ ਰੱਖਿਆ। ਉਹਨਾਂ ਨੇ ਇਹ ਮਨਜ਼ੂਰ ਕਰ ਲਿਆ, ਸਵਰਨ ਸਿੰਘ ਨੇ ਤਜਵੀਜ਼ ਕੀਤਾ ਕਿ ਪ੍ਰਧਾਨ ਮੰਤਰੀ ਨੂੰ ਸੂਚਨਾ ਦੇ ਦਿੱਤੀ ਜਾਵੇ ਤਾਂ ਜੁ ਉਹ ਅਕਾਲੀਆਂ ਨੂੰ 'ਹਾਂ' ਆਖ ਸਕੇ। ਸਬ-ਕਮੇਟੀ ਦੇ ਮੈਂਬਰਾਂ ਨੇ ਉਹਨੂੰ ਦੱਸਿਆ ਕਿ ਇਸ ਫ਼ਾਰਮੂਲੇ

ਦੀ ਪੁਸ਼ਟੀ ਦਾ ਤੇ ਹਕੂਮਤ ਵਲੋਂ ਪ੍ਰਵਾਨਗੀ ਦੇਣ ਦਾ ਉਹਨਾਂ ਨੂੰ ਪੂਰਨ ਅਧਿਕਾਰ ਹੈ।

ਤਦ-ਅਨੁਸਾਰ, ਸਵਰਨ ਸਿੰਘ ਨੇ ਅਕਾਲੀਆਂ ਨੂੰ ਦੱਸਿਆ ਕਿ ਸਰਕਾਰ ਨੇ ਫ਼ਾਰਮੂਲਾ ਪ੍ਰਵਾਨ ਕਰ ਲਿਆ ਹੈ। ਇਕ ਬਿਆਨ ਦਾ ਖਰੜਾ ਵੀ ਉਹਨਾਂ ਨੂੰ ਵਿਖਾਇਆ ਗਿਆ। ਦਿੱਲੀ ਵਿਚ ਆ ਕੇ ਬੈਠੇ ਅਕਾਲੀ ਲੀਡਰ ਇਹ ਖਰੜਾ ਅੰਮ੍ਰਿਤਸਰ ਲਿਜਾਣਾ ਚਾਹੁੰਦੇ ਸਨ, ਪਰ ਉਹਨਾਂ ਨੂੰ ਦੱਸਿਆ ਗਿਆ ਕਿ ਇਹ ਅਗਲੇ ਦਿਨ ਪਾਰਲੀਮੈਂਟ ਵਿਚ ਰੱਖਿਆ ਜਾਵੇਗਾ ਤੇ ਇਸੇ ਕਰ ਕੇ, ਇਹਦੀ ਐਡਵਾਂਸ ਕਾਪੀ ਉਹਨਾਂ ਨੂੰ ਦੇਣੀ ਯੋਗ ਨਹੀਂ, ਪਰ ਇਸ 'ਤੇ ਸਹਿਮਤੀ ਹੋਈ ਕਿ ਇਹ ਫ਼ਾਰਮੂਲਾ ਜਿਸ ਦਿਨ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਵੇਗਾ ਉਸੇ ਦਿਨ ਹੀ ਉਹਨਾਂ ਨੂੰ ਅੰਮ੍ਰਿਤਸਰ ਰੀਲੇਅ ਕਰ ਦਿੱਤਾ ਜਾਵੇਗਾ।

ਪਰ ਪਾਰਲੀਮੈਂਟ ਵਿਚ ਜੋ ਬਿਆਨ ਰੱਖਿਆ ਗਿਆ ਉਹ ਉਸ ਨਾਲੋਂ ਚੋਖਾ ਵੱਖਰਾ ਸੀ ਜੋ ਅਕਾਲੀਆਂ ਨੂੰ ਵਿਖਾਇਆ ਗਿਆ ਸੀ। ਇਸ ਵਿਚ ਉਹਨਾਂ ਸਭਨਾਂ ਨੁਕਤਿਆਂ ਦਾ ਜ਼ਿਕਰ ਨਹੀਂ ਸੀ ਜਿਨ੍ਹਾਂ ਬਾਰੇ ਸਵਰਨ ਸਿੰਘ ਨੇ ਗਿਆਇਤਾਂ ਦਿੱਤੀਆਂ ਸਨ। ਇਸ ਬਿਆਨ ਵਿਚ ਸਮਝੌਤੇ 'ਤੇ ਪਹੁੰਚਣ ਤੋਂ ਪਹਿਲਾਂ ਰਾਜਸਥਾਨ ਤੇ ਹਰਿਆਣਾ ਦੀ ਪ੍ਰਵਾਨਗੀ ਲੈਣ ਦੀ ਮੁੜ ਗੱਲ ਆਖੀ ਗਈ।

ਅਕਾਲੀਆਂ ਨੇ ਇਹਨੂੰ 'ਗ਼ਦਾਰੀ' ਆਖਿਆ ਤੇ ਸਵਰਨ ਸਿੰਘ ਨੂੰ ਸ਼ਿਕਾਇਤ ਕੀਤੀ, ਪਰ ਉਹ ਕੁਝ ਨਹੀਂ ਸੀ ਆਖ ਸਕਦਾ, ਕਿਉਂਜੁ ਇਹ ਪ੍ਰਤੱਖ ਸੀ ਕਿ ਸ਼੍ਰੀਮਤੀ ਗਾਂਧੀ ਨੇ ਆਖ਼ਰੀ ਛਿਣ ਆਪਣਾ ਮਨ ਬਦਲ ਲਿਆ ਸੀ ਅਤੇ ਮੰਤਰਾਲੇ ਦੀ ਕਮੇਟੀ ਦੀ ਹਾਂ ਦੇ ਕੋਈ ਅਰਥ ਨਹੀਂ ਸਨ ਰਹੇ।

ਪਿੱਛਲ-ਝਾਤ ਮਾਰਦਿਆਂ, ਸਵਰਨ ਸਿੰਘ ਨਹੀਂ ਦੱਸ ਸਕਦਾ ਕਿ ਪਰਦੇ ਪਿੱਛੇ ਕੀ ਹੋਇਆ, ਪਰ ਉਹਦਾ ਅਨੁਮਾਨ ਹੈ ਕਿ ਕੈਬਨਟ ਸਬ-ਕਮੇਟੀ ਨੇ ਸ਼੍ਰੀਮਤੀ ਗਾਂਧੀ ਨੂੰ ਨਹੀਂ ਸੀ ਦੱਸਿਆ ਕਿ ਬਿਆਨ ਦਾ ਇਹ ਖਰੜਾ ਜੋ ਉਹਨੇ ਤਬਦੀਲ ਕੀਤਾ, ਅਕਾਲੀਆਂ ਨੂੰ ਵਿਖਾਇਆ ਜਾ ਚੁਕਿਆ ਹੈ। ਇਹ ਅਨੁਮਾਨ ਸਹੀ ਹੋ ਸਕਦਾ ਹੈ, ਕਿਉਂਜੁ ਸ਼੍ਰੀਮਤੀ ਗਾਂਧੀ ਦੇ ਮੰਤਰੀਆਂ ਦਾ ਉਹਦੇ ਨਾਲ ਕੋਈ ਕੁਮੁਨੀਕੇਸ਼ਨ ਨਹੀਂ ਹੈ। ਜੇ ਉਹਨਾਂ ਨੂੰ ਦੱਸਿਆ ਹੁੰਦਾ ਕਿ ਉਹਨਾਂ ਨੇ ਖ਼ੁਦ ਆਪਣੇ ਤੌਰ 'ਤੇ ਇਸ ਬਿਆਨ ਨੂੰ ਪ੍ਰਮਾਣਿਕਤਾ ਦੇ ਦਿੱਤੀ ਹੈ, ਤਾਂ ਉਹਨਾਂ ਨੂੰ ਭਾਵੇਂ ਉਹਦੇ ਰੋਹ ਦਾ ਸਾਹਮਣਾ ਕਰਨਾ ਪੈਣਾ ਸੀ—ਤੇ ਇਸ ਸੰਭਾਵਨਾ ਤੋਂ ਉਹ ਸਭੇ ਬਚਣਾ ਚਾਹੁੰਦੇ ਹੋਣਗੇ, ਪਰ ਇਹਦੇ ਨਾਲ ਉਹ ਸਮਝੌਤੇ ਲਈ ਰਾਹ ਖੋਲ੍ਹ ਸਕਦੇ ਸਨ।

ਕੀਹਨੇ ਕਿਹੜੇ ਪੜਾਉ ਉਤੇ ਕੰਮ ਵਿਗਾੜਿਆ ਇਹਦਾ ਪਤਾ ਸ਼ਾਇਦ ਕਦੇ ਵੀ ਨਾ ਲੱਗ ਸਕੇ, ਪਰ ਇਹ ਸਪੱਸ਼ਟ ਹੈ ਕਿ ਸ਼੍ਰੀਮਤੀ ਗਾਂਧੀ ਨੇ ਸਵਰਨ ਸਿੰਘ ਨੂੰ 'ਹਾਂ' ਕਹਿਣ ਪਿਛੋਂ ਆਪਣਾ ਮਨ ਬਦਲ ਲਿਆ। ਓਸ ਦਿਨ ਤੋਂ ਸਵਰਨ ਸਿੰਘ ਨੇ ਸਹੁੰ ਖਾਧੀ ਕਿ ਉਹ ਗੱਲਾਂ-ਬਾਤਾਂ ਵਿਚ ਸ਼ਾਮਿਲ ਨਹੀਂ ਹੋਵੇਗਾ ਤੇ ਉਹ ਲਾਂਭੇ ਹੀ ਰਿਹਾ ਹੈ, ਉਦੋਂ ਵੀ ਜਦੋਂ ਪ੍ਰਧਾਨ ਮੰਤਰੀ ਨੇ ਉਹਨੂੰ ਮੁੜ ਬੇਨਤੀ ਕੀਤੀ ਕਿ ਉਹ 'ਕੁਝ ਪਾਰਟ' ਅਦਾ ਕਰੇ, ਪਰ ਉਹ ਨਹੀਂ ਮੰਨਿਆ।

ਸਵਰਨ ਸਿੰਘ ਨੇ ਮਹਿਸੂਸ ਕੀਤਾ ਕਿ ਸਵਾਲ ਹੱਲ ਕਰਨ ਦਾ ਇਕ ਵੱਡਾ ਮੌਕਾ ਹੱਥੋਂ ਨਿਕਲ ਚੁਕਿਆ ਹੈ। ਉਸ ਸਮੇਂ ਭਿੰਡਰਾਂਵਾਲਾ ਏਡਾ ਸ਼ਕਤੀਮਾਨ ਨਹੀਂ ਸੀ ਹੋਇਆ, ਨਾ ਹੀ ਹਰਿਆਣਾ ਮੰਗਾਂ ਪੇਸ਼ ਕਰਨ ਵਿਚ ਸ਼ਾਮਿਲ ਹੋਇਆ ਸੀ। ਅਕਾਲੀ ਆਗੂਆਂ ਨੇ ਮੈਨੂੰ ਕਈ ਵਾਰ ਦੱਸਿਆ ਕਿ ਸਵਰਨ ਸਿੰਘ ਦੇ ਫ਼ਾਰਮੂਲੇ ਨੇ 'ਸਭ ਕੁਝ' ਨਜਿੱਠ ਦਿੱਤਾ ਸੀ। ਜੇ ਇਹ ਹੋ ਜਾਂਦਾ, ਪੰਜਾਬ ਤੇ ਰਾਸ਼ਟਰ ਉਸ

ਦੁਖਾਂਤ ਤੋਂ ਬਚ ਸਕਦੇ ਜੋ ਵਾਪਰਿਆ।

ਤੇ ਦਿੱਲੀ ਵਿਖੇ ਏਸ਼ੀਆਈ ਖੇਡਾਂ ਤੋਂ ਪਹਿਲਾਂ ਇਕ ਹੋਰ ਸਮਝੌਤਾ ਹੁੰਦਾ-ਹੁੰਦਾ ਰਹਿ ਗਿਆ। 4 ਨਵੰਬਰ ਨੂੰ ਅਕਾਲੀਆਂ ਨੇ ਐਲਾਨ ਕੀਤਾ ਕਿ ਉਹ ਖੇਡਾਂ ਵਿਚ 'ਗੜਬੜ' ਪਾਉਣਗੇ, ਪਰ ਫੇਰ ਐਲਾਨ ਕੀਤਾ ਕਿ ਦਿੱਲੀ ਵਿਚ ਸਿਰਫ਼ ਇਕ ਮੁਜ਼ਾਹਰਾ ਹੀ ਕੀਤਾ ਜਾਵੇਗਾ।

ਸ਼੍ਰੀਮਤੀ ਗਾਂਧੀ ਨੂੰ, ਜਿਸ ਦੀ ਨਜ਼ਰ ਵਿਦੇਸ਼ਾਂ ਵਿਚ ਆਪਣੇ ਬਿੰਬ ਉਤੇ ਲੱਗੀ ਰਹਿੰਦੀ ਹੈ, ਇਸ ਤੋਂ ਚਿੰਤਾ ਹੋਈ। ਭਾਵੇਂ ਅਕਾਲੀਆਂ ਨੇ ਮੁੜ ਜ਼ੋਰ ਦਿੰਦੇ ਆਖਿਆ ਕਿ ਉਹਨਾਂ ਦਾ ਰੋਸ ਚਿੰਨ੍ਹਮਈ ਹੀ ਹੋਵੇਗਾ, ਸਰਕਾਰ ਕੋਈ ਗੁੰਜਾਇਸ਼ ਛੱਡਣਾ ਨਹੀਂ ਸੀ ਚਾਹੁੰਦੀ, ਕਿਉਂਜੁ ਏਸ਼ੀਆ ਭਰ ਤੋਂ ਸੈਂਕੜੇ ਐਥਲੀਟ ਇਹਨਾਂ ਖੇਡਾਂ ਵਿਚ ਹਿੱਸਾ ਲੈ ਰਹੇ ਸਨ ਅਤੇ ਦੁਨੀਆਂ ਭਰ ਦੇ ਕਰੋੜਾਂ ਲੋਕਾਂ ਨੇ ਆਪਣੇ ਟੈਲੀਵਿਜਨਾਂ ਉਤੇ ਇਹ ਖੇਡਾਂ ਵੇਖਣੀਆਂ ਸਨ।

ਅਕਾਲੀਆਂ ਨੂੰ ਗੱਲਾਂ-ਬਾਤਾਂ ਲਈ ਉਤੇਜਨਾਮਈ ਸੁਨੇਹਾ ਭੇਜਿਆ ਗਿਆ। ਲੌਂਗੋਵਾਲ ਗੱਲਾਂ-ਬਾਤਾਂ ਵਿਚ ਸ਼ਾਮਿਲ ਹੋਣਾ ਨਹੀਂ ਸੀ ਚਾਹੁੰਦਾ, ਪ੍ਰਧਾਨ ਮੰਤਰੀ ਨਾਲ ਆਪਣੇ ਪਿਛਲੀ ਮੀਟਿੰਗ ਦੇ ਅਸਰ ਤੋਂ ਅਜੇ ਮੁਕਤ ਨਹੀਂ ਸੀ ਹੋਇਆ। ਉਹਨੇ ਬਾਦਲ, ਬਲਵੰਤ ਸਿੰਘ, ਬਰਨਾਲਾ ਤੇ ਗਿਆਨੀ ਜ਼ੈਲ ਸਿੰਘ ਭਾਟੀਆ ਨੂੰ ਭੇਜਿਆ। ਹਕੂਮਤ ਦੇ ਪ੍ਰਤੀਨਿਧ ਸਨ ਵੈਨਕਟਰਮਨ, ਸੇਠੀ ਤੇ ਸ਼ਿਵਸ਼ੰਕਰ ਤੇ ਇਹਨਾਂ ਦੀ ਮਦਦ ਲਈ ਸਨ—ਪੀ.ਸੀ. ਅਲੇਗਜ਼ਾਂਡਰ ਤੇ ਟੀ.ਐਨ. ਚਤੁਰਵੇਦੀ। ਪਹਿਲੀ ਵਾਰ ਅਮਰੇਂਦਰ ਸਿੰਘ, ਜਿਹੜਾ ਲੋਕ ਸਭਾ ਦਾ ਕਾਂਗਰਸ (ਆਈ) ਮੈਂਬਰ ਸੀ, ਗੱਲਾਂ-ਬਾਤਾਂ ਵਿਚ ਸ਼ਾਮਿਲ ਹੋਇਆ। ਅਮਰੇਂਦਰ ਸਿੰਘ ਰਾਜੀਵ ਗਾਂਧੀ ਦਾ ਜ਼ਾਤੀ ਮਿੱਤਰ ਸੀ ਤੇ ਮਰਹੂਮ ਮਹਾਰਾਜਾ ਪਟਿਆਲਾ ਦਾ ਪੁੱਤਰ ਹੋਣ ਦੇ ਨਾਤੇ ਉਹਨੂੰ ਸਿੱਖਾਂ ਵਿਚ ਇੱਜ਼ਤ ਮਾਣ ਹਾਸਲ ਸੀ।

ਗੱਲਾਂ-ਬਾਤਾਂ ਵਿਚ ਦਰਿਆਈ ਪਾਣੀਆਂ ਦੇ ਸਵਾਲ ਨੇ ਕੋਈ ਰੋਕ ਨਾ ਪਾਈ, ਕਿਉਂਜੁ ਹਕੂਮਤ ਨੇ ਇਹਨੂੰ ਸੁਪਰੀਮ ਕੋਰਟ ਦੇ ਜੱਜ ਦੇ ਸਾਹਮਣੇ ਰੱਖਣਾ ਮੰਨ ਲਿਆ। ਧਾਰਮਿਕ ਮੰਗਾਂ ਵਿਚਾਰੀਆਂ ਗਈਆਂ ਤੇ ਸਰਕਾਰ ਨੇ ਅਕਾਲੀ ਆਗੂਆਂ ਨੂੰ ਦੱਸਿਆ ਕਿ ਉਹ ਕੁਲ-ਹਿੰਦ ਗੁਰਦੁਆਰਾ ਐਕਟ ਵਿਚਾਰਨ ਲਈ ਰਜ਼ਾਮੰਦ ਹੋਵੇਗੀ, ਪਰ ਇਸ ਤੋਂ ਪਹਿਲਾਂ, ਦੇਸ਼ ਦੇ ਸਭਨਾਂ ਇਤਿਹਾਸਕ ਗੁਰਦੁਆਰਿਆਂ ਨੂੰ ਇਕੋ-ਇਕ ਸ਼ਾਸਨ ਦੇ ਅਧਿਕਾਰ-ਖੇਤਰ ਵਿਚ ਲਿਆਉਣ ਤੋਂ ਪਹਿਲਾਂ ਉਹ ਰਾਜ-ਸਰਕਾਰਾਂ ਨਾਲ ਅਤੇ ਵੱਖ-ਵੱਖ ਗੁਰਦੁਆਰਿਆਂ ਦੀਆਂ ਮੈਨੇਜਿੰਗ ਕਮੇਟੀਆਂ ਨਾਲ ਸੰਬੰਧਤ ਧਿਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੇਗੀ।

ਚਤੁਰਵੇਦੀ ਕਾਰਵਾਈ ਲਿਖ ਰਿਹਾ ਸੀ ਤੇ ਜਦੋਂ ਉਹਨੇ ਕਾਰਵਾਈ ਪੜ੍ਹ ਕੇ ਸੁਣਾਈ, ਉਹਨੇ ਆਖਿਆ ਕਿ ਕੁਲ-ਹਿੰਦ ਗੁਰਦੁਆਰਾ ਐਕਟ ਬਾਰੇ ਸਲਾਹ-ਮਸ਼ਵਰੇ 'ਸੰਬੰਧਤ ਧਿਰਾਂ' ਨਾਲ ਹੋਣਗੇ। ਗਿਆਨੀ ਜ਼ੈਲ ਸਿੰਘ ਭਾਟੀਆ ਨੇ, ਜਿਹੜਾ ਮੀਟਿੰਗ ਵਿਚ ਹਾਜ਼ਰ ਸੀ, ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ਬਦ ਇਸ ਵਿਚ ਨਹੀਂ ਲਿਖੇ ਗਏ। ਚਤੁਰਵੇਦੀ ਨੇ ਕਿਹਾ ਕਿ 'ਸੰਬੰਧਤ ਧਿਰਾਂ' ਵਿਚ ਇਹ ਕਮੇਟੀ ਵੀ ਆ ਜਾਂਦੀ ਹੈ, ਪਰ ਭਾਟੀਆ ਨੇ ਜ਼ੋਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਹੋਣਾ ਚਾਹੀਦਾ ਹੈ, ਤੇ ਸੇਠੀ ਨੇ ਉਹਦੀ ਹਿਮਾਇਤ ਕੀਤੀ।

ਅਨੰਦਪੁਰ ਸਾਹਿਬ ਮਤੇ ਉਤੇ ਵੀ ਲੰਮੀ ਬਹਿਸ ਹੋਈ, ਸਰਕਾਰ ਕੋਲ ਇਸ ਮਤੇ ਦਾ ਪਹਿਲਾ

ਰੂਪ ਸੀ ਤੇ ਉਹਦੇ ਪ੍ਰਤੀਨਿਧਾਂ ਨੇ ਕਿਹਾ ਕਿ ਉਹ ਉਸ ਮਤੇ 'ਤੇ ਕਿਵੇਂ ਵਿਚਾਰ ਕਰ ਸਕਦੇ ਹਨ, ਜਿਸ ਵਿਚ ਪ੍ਰਭੁਤਾ (ਖ਼ੁਦਮੁਖ਼ਤਾਰੀ) ਦੀ ਗੱਲ ਕੀਤੀ ਗਈ ਹੈ। ਅਕਾਲੀਆਂ ਨੇ ਕਿਹਾ ਕਿ ਮਤੇ ਦਾ ਉਹ ਰੂਪ ਹੀ ਪ੍ਰਮਾਣਿਕ ਹੈ ਜਿਸ ਉਤੇ ਲੌਂਗੋਵਾਲ ਦੇ ਦਸਖ਼ਤ ਹਨ। ਸਰਕਾਰੀ ਪ੍ਰਤੀਧਿਧਾਂ ਨੇ ਕੁਝ ਝਿਜਕ ਨਾਲ ਲੌਂਗੋਵਾਲ ਦੀ ਸਹੀਬੰਦ ਨਕਲ ਨੂੰ ਪਰਵਾਨਣਾ ਮੰਨ ਲਿਆ। ਪੈਕੇਜ ਦੇ ਹਿੱਸੇ ਵਜੋਂ, ਹਕੂਮਤ ਨੇ ਕਿਹਾ ਕਿ ਉਹ ਭਿੰਡਰਾਂਵਾਲੇ ਦੇ ਬੰਦਿਆਂ ਥਾਰਾ ਸਿੰਘ ਤੇ ਅਮਰੀਕ ਸਿੰਘ ਨੂੰ ਰਿਹਾ ਕਰ ਦੇਵੇਗੀ। ਤਿੰਨਾਂ ਦਿਨਾਂ ਦੇ ਅੰਦਰ-ਅੰਦਰ ਕੁਝ ਹੋਰ ਨੂੰ ਰਿਹਾ ਕਰ ਦਿੱਤਾ ਜਾਵੇਗਾ, ਤੇ ਛੁੱਟ ਉਹਨਾਂ ਦੇ ਜਿਨ੍ਹਾਂ ਉਤੇ ਹਿੰਸਾ ਦਾ ਇਲਜ਼ਾਮ ਹੈ, ਬਾਕੀ ਸਭਨਾਂ ਨੂੰ ਹਫਤੇ ਦੇ ਅੰਦਰ-ਅੰਦਰ ਰਿਹਾ ਕਰ ਦਿੱਤਾ ਜਾਵੇਗਾ।

ਇਹ ਮਸਲੇ ਨਿਬੇੜ ਕੇ ਵੈਨਕਟਰਮਨ ਨੇ ਕਿਹਾ ਕਿ ਸਰਕਾਰ ਨੇ ਅਕਾਲੀਆਂ ਦੀਆਂ 90 ਫੀਸਦੀ ਮੰਗਾਂ ਮੰਨ ਲਈਆਂ ਹਨ ਤੇ ਪੁੱਛਿਆ ਕਿ ਉਹ ਬਾਕੀ ਦੀਆਂ 10 ਫੀਸਦੀ ਛੱਡ ਦੇਣ ਬਾਰੇ ਖੁਲ੍ਹਦਿਲੀ ਕਿਉਂ ਨਹੀਂ ਵਿਖਾ ਸਕਦੇ। ਸਰਕਾਰ ਨੇ ਤਜਵੀਜ਼ ਕੀਤੀ ਕਿ ਉਹ ਚੰਡੀਗੜ੍ਹ, ਫ਼ਾਜ਼ਿਲਕਾ ਤੇ ਅਬੋਹਰ ਸਮੇਤ ਸਮੁੱਚਾ ਇਲਾਕਾਈ ਝਗੜਾ ਕਮਿਸ਼ਨ ਨੂੰ ਸੌਂਪ ਦੇਵੇਗੀ। ਅਕਾਲੀਆਂ ਨੇ ਕਿਹਾ ਕਿ ਉਹ, ਜੇ ਚੰਡੀਗੜ੍ਹ ਤੁਰਤ ਪੰਜਾਬ ਵਿਚ ਸ਼ਾਮਿਲ ਕਰ ਦਿੱਤਾ ਜਾਵੇ, ਫ਼ਾਜ਼ਿਲਕਾ ਤੇ ਅਬੋਹਰ ਦਾ ਸਵਾਲ ਕਮਿਸ਼ਨ ਦੇ ਸਾਹਮਣੇ ਰੱਖਣ ਨੂੰ ਸਹਿਮਤ ਹਨ।

ਬਲਵੰਤ ਸਿੰਘ ਨੇ ਸੀ.ਪੀ.ਆਈ. (ਐਮ) ਪੋਲਿਟਬਿਊਰੋ ਮੈਂਬਰ, ਹਰਕਿਸ਼ਨ ਸਿੰਘ ਸੁਰਜੀਤ ਨੂੰ ਫ਼ੋਨ ਕੀਤਾ ਕਿ ਉਹ ਗੱਲਾਂ-ਬਾਤਾਂ ਵਿਚ ਸ਼ਾਮਿਲ ਹੋਵੇ। ਅਲੇਗਜ਼ਾਂਡਰ, ਜਿਸ ਦੇ ਨਿਵਾਸ-ਸਥਾਨ 'ਤੇ ਮੀਟਿੰਗ ਹੋਈ, ਸੁਰਜੀਤ ਨੂੰ ਆਪਣੇ ਟਿਕਾਣੇ 'ਤੇ ਵੇਖ ਕੇ ਹੈਰਾਨ ਰਹਿ ਗਿਆ। ਬਲਵੰਤ ਸਿੰਘ ਨੇ ਕਿਹਾ ਕਿ ਜੇ ਅਕਾਲੀਆਂ ਨੇ ਆਪੋਜ਼ੀਸ਼ਨ ਨੂੰ ਸਮਝੌਤੇ ਵਿਚ ਸ਼ਾਮਿਲ ਨਾ ਕੀਤਾ ਤਾਂ ਇਹ ਆਪੋਜ਼ੀਸ਼ਨ ਨਾਲ ਧੋਖਾ ਹੋਵੇਗਾ।

ਬਾਦਲ ਨੇ ਉਹਦੀ ਹਿਮਾਇਤ ਕੀਤੀ, ਪਰ ਪੁੱਛਿਆ, 'ਧੋਖਾ ਕਾਹਦਾ ?' ਬਾਦਲ ਨੇ ਦੱਸਿਆ ਕਿ ਸੀ.ਪੀ.ਆਈ. (ਐਮ) ਵਾਲੇ ਅਕਾਲੀਆਂ ਨੂੰ ਵਿਚ-ਵਿਚਾਲੇ ਛੱਡਦਿਆਂ, ਮੋਰਚੇ ਤੋਂ ਬਾਹਰ ਹੋ ਗਏ ਸਨ। (ਬਾਦਲ ਦੇ ਵਿਸ਼ਲੇਸ਼ਣ ਅਨੁਸਾਰ, ਅਕਾਲੀਆਂ ਨੂੰ ਸਿੱਖ ਕਿਸਾਨੀ ਤੋਂ ਜਨਤਕ ਹਿਮਾਇਤ ਮਿਲਦੀ ਹੈ ਅਤੇ ਬੀ.ਜੇ.ਪੀ. ਨੂੰ ਨਗਰਾਂ ਵਿਚ ਵਪਾਰਕ ਤਬਕੇ ਤੇ ਕਿੱਤਾਵਰ ਲੋਕਾਂ ਦੀ ਹਿਮਾਇਤ ਹਾਸਲ ਹੈ। ਉਹ ਇਮਾਨਦਾਰੀ ਨਾਲ ਮੰਨਦਾ ਸੀ ਕਿ ਬੀ.ਜੇ.ਪੀ. ਪੰਜਾਬ ਵਿਚ ਹਿੰਦੂਆਂ ਦੀ ਅਤੇ ਅਕਾਲੀ ਸਿੱਖਾਂ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਇਸ ਕਰਕੇ ਦੋਹਾਂ ਨੂੰ ਮਿਲ ਕੇ ਚੱਲਣਾ ਚਾਹੀਦਾ ਹੈ)।

ਗੱਲਾਂ-ਬਾਤਾਂ ਦਾ ਸਾਰ ਪ੍ਰਧਾਨ ਮੰਤਰੀ ਨੂੰ ਰਿਪੋਰਟ ਕਰਦਿਆਂ, ਚਤੁਰਵੇਦੀ ਨੇ ਅਕਾਲੀਆਂ ਦੀ ਇੱਛਾ ਪ੍ਰਗਟਾਈ ਕਿ ਉਹ ਆਪੋਜ਼ੀਸ਼ਨ ਨੂੰ ਗੱਲਾਂ-ਬਾਤਾਂ ਵਿਚ ਸ਼ਾਮਿਲ ਕਰਨ ਦੇ ਚਾਹਵਾਨ ਹਨ। ਇਹ ਸੁਣ ਕੇ ਸ਼੍ਰੀਮਤੀ ਗਾਂਧੀ ਤੈਸ਼ ਵਿਚ ਆ ਗਈ। ਉਹ ਅਕਾਲੀਆਂ ਨਾਲ ਸਮਝੌਤੇ ਕਰਨ ਲਈ ਤਾਂ ਅੱਤ ਦੂਰ ਤਕ ਜਾਣ ਲਈ ਤਿਆਰ ਸੀ, ਪਰ ਉਹ ਤਾਂ ਆਪੋਜ਼ੀਸ਼ਨ ਦੇ ਸਿਰ ਵੀ ਸਿਹਰਾ ਬੰਨ੍ਹਣਾ ਚਾਹੁੰਦੇ ਸਨ।

ਅਕਾਲੀਆਂ ਨੇ ਕਾਂਗਰਸ (ਆਈ) ਤੇ ਵਿਰੋਧੀ ਪਾਰਟੀਆਂ ਦੀ ਸਾਂਝੀ ਮੀਟਿੰਗ ਦੀ ਤਜਵੀਜ਼

ਪੇਸ਼ ਕੀਤੀ ਤੇ ਕਿਹਾ ਕਿ ਜੇ ਸਰਬ-ਸੰਮਤੀ ਨਾਲ ਫ਼ੈਸਲਾ ਨਾ ਹੋ ਸਕਿਆ ਤਾਂ ਆਮ ਸਹਿਮਤੀ (consensus) ਲਾਗੂ ਹੋਣੀ ਚਾਹੀਦੀ ਹੈ, ਪਰ ਇਹ ਗੱਲ ਸ਼੍ਰੀਮਤੀ ਗਾਂਧੀ ਨੂੰ ਪ੍ਰਵਾਨ ਨਹੀਂ ਸੀ, ਕਿਉਂਜੁ ਇਹ ਗੱਲ ਤਾਂ ਕਾਂਗਰਸ (ਆਈ) ਨੂੰ ਇਕ ਗਿਣਦਿਆਂ, ਆਪੋਜ਼ੀਸ਼ਨ ਦੇ ਫ਼ੈਸਲੇ ਦੇ ਬਰਾਬਰ ਹੋਣਾ ਸੀ। ਕਿਉਂਜੁ ਉਹਨਾਂ ਦੀ ਬਹੁ-ਸੰਮਤੀ ਹੋਵੇਗੀ।

ਸ਼੍ਰੀਮਤੀ ਗਾਂਧੀ ਨਾਲ ਸਲਾਹ-ਮਸ਼ਵਰੇ ਪਿਛੋਂ ਤਿਆਰ ਕੀਤਾ ਗਿਆ ਸਰਕਾਰੀ ਫ਼ਾਰਮੂਲਾ ਇਹ ਸੀ ਕਿ ਜੇ ਕਾਂਗਰਸ (ਆਈ) ਤੇ ਆਪੋਜ਼ੀਸ਼ਨ ਵਿਚਕਾਰ ਕੋਈ ਸਮਝੌਤਾ ਨਾ ਹੋਇਆ ਤਾਂ ਮਾਮਲਾ ਸਾਲਸੀ ਲਈ ਸ਼੍ਰੀਮਤੀ ਗਾਂਧੀ ਨੂੰ ਸੌਂਪ ਦਿੱਤਾ ਜਾਵੇ। ਸਰਕਾਰੀ ਅਧਿਕਾਰੀਆਂ ਨੇ ਇਹ ਗੱਲ ਭੇਦ ਨਾ ਰੱਖੀ ਕਿ ਇਸ ਸਾਲਸੀ ਤੋਂ ਉਹਨਾਂ ਦਾ ਮਤਲਬ ਇਹ ਹੈ ਕਿ ਸ਼੍ਰੀਮਤੀ ਗਾਂਧੀ ਚੰਡੀਗੜ੍ਹ ਪੰਜਾਬ ਨੂੰ ਦੇ ਦੇਵੇਗੀ ਅਤੇ ਆਪਣੇ ਪੁਰਾਣੇ ਫ਼ੈਸਲੇ ਅਨੁਸਾਰ ਫ਼ਾਜ਼ਿਲਕਾ ਤੇ ਅਬੋਹਰ ਹਰਿਆਣੇ ਨੂੰ ਦੇਵੇਗੀ। ਦਲੀਲ ਇਹ ਦਿੱਤੀ ਗਈ ਕਿ 'ਸਾਲਸੀ' ਅਕਾਲੀਆਂ ਦੀ ਇੱਜ਼ਤ ਨੂੰ ਬਚਾਉਣ ਵਿਚ ਸਹਾਈ ਹੋਵੇਗੀ। ਅਕਾਲੀ ਇਹਦੇ ਨਾਲ ਸਹਿਮਤ ਨਾ ਹੋਏ ਤੇ ਗੱਲਬਾਤ ਟੁੱਟ ਗਈ।

ਇਹ ਵਿਖਾਉਣ ਲਈ ਕਾਫ਼ੀ ਸਬੂਤ ਮੌਜੂਦ ਹਨ ਕਿ ਇਹ ਹਰਿਆਣੇ ਦਾ ਮੁੱਖ ਮੰਤਰੀ, ਭਜਨ ਲਾਲ ਹੀ ਸੀ ਜੀਹਦਾ ਆਖ਼ਰੀ ਘੜੀ ਸਮਝੌਤੇ ਨੂੰ ਸਾਬੋਤਾਜ ਕਰਨ ਵਿਚ ਹੱਥ ਸੀ। ਸ਼੍ਰੀਮਤੀ ਗਾਂਧੀ ਦੇ ਕੈਂਪ ਵਿਚ ਕੁਝ ਲੋਕਾਂ ਨੇ ਉਹਨੂੰ ਝਬਦੇ ਦਿੱਲੀ ਆਉਣ ਲਈ ਸੁਨੇਹਾ ਭੇਜਿਆ, ਜੇਕਰ ਉਹ ਫ਼ਾਜ਼ਿਲਕਾ ਤੇ ਅਬੋਹਰ ਨੂੰ ਗੁਆਉਣਾ ਨਹੀਂ ਚਾਹੁੰਦਾ। ਕਾਂਗਰਸ (ਆਈ) ਦਾ ਇਕ ਸਿਖਰਲਾ ਲੀਡਰ, ਜਿਹੜਾ ਗੁਮਨਾਮ ਰਹਿਣਾ ਚਾਹੁੰਦਾ ਹੈ, ਦੱਸਦਾ ਹੈ ਕਿ ਖ਼ੁਦ ਸ਼੍ਰੀਮਤੀ ਗਾਂਧੀ ਨੇ ਭਜਨ ਲਾਲ ਨੂੰ ਸੱਦ ਭੇਜਿਆ ਸੀ ਤੇ ਉਹਨੂੰ ਇਸ ਤਜਵੀਜ਼ ਬਾਰੇ ਦੱਸਿਆ ਸੀ।

ਕਹਿੰਦੇ ਹਨ, ਭਜਨ ਲਾਲ ਨੇ ਸ਼੍ਰੀਮਤੀ ਗਾਂਧੀ ਨੂੰ ਦੱਸਿਆ ਕਿ ਉਹ ਜਾਣਦਾ ਹੈ ਉਹਨੂੰ ਏਸ਼ੀਆਡ ਬਾਰੇ ਚਿੰਤਾ ਹੈ, ਪਰ ਜੇ ਕੋਈ ਗੜਬੜ ਹੋਈ ਤਾਂ ਉਹ ਆਪਣੇ ਆਪ ਨੂੰ ਫਾਹੇ ਲਾ ਲਵੇਗਾ, ਉਹ ਇਹ ਗੱਲ ਯਕੀਨੀ ਬਣਾਏਗਾ ਕਿ ਕੋਈ ਅਕਾਲੀ ਦਿੱਲੀ ਵਿਚ ਦਾਖ਼ਲ ਨਾ ਹੋਵੇ। ਉਹਨੇ ਬਾਜ਼ੀ ਜਿੱਤ ਲਈ। ਦਿੱਲੀਉਂ ਵਾਪਸੀ ਤੇ ਉਹਨੇ ਆਪਣੇ ਅਫ਼ਸਰਾਂ ਨੂੰ ਸਪੱਸ਼ਟ ਕਰ ਦਿੱਤਾ ਕਿ ਉਹਦੀ ਸਰਕਾਰ ਦਾ ਭਵਿੱਖ ਹੀ ਇਸ ਉਤੇ ਨਿਰਭਰ ਕਰਦਾ ਹੈ ਕਿ ਦਹਿਸ਼ਤਪਸੰਦ ਏਸ਼ੀਆਡ ਵਿਚ ਗੜਬੜ ਪਾਉਣ ਵਿਚ ਕਿਥੋਂ ਤੱਕ ਸਫਲ ਹੁੰਦੇ ਹਨ। ਉਹਨਾਂ ਨੂੰ ਕਿਵੇਂ ਰੋਕਣਾ ਹੈ ਇਹ ਉਹਨਾਂ ਦਾ, ਅਰਥਾਤ ਅਫ਼ਸਰਾਂ ਦਾ ਕੰਮ ਹੈ।

ਕਿਉਂਜੁ ਪੁਲਿਸ ਕੋਲ ਇਹ ਫ਼ਰਕ ਕਰਨ ਲਈ ਕੋਈ ਰਾਹ ਨਹੀਂ ਸੀ ਕਿ ਕਿਹੜਾ ਸਿੱਖ ਦਹਿਸ਼ਤਪਸੰਦ ਹੈ ਤੇ ਕਿਹੜਾ ਨਹੀਂ। ਸੋ ਦਿੱਲੀ ਆਉਣ ਵਾਲੇ ਹਰ ਸਿੱਖ ਦੀ ਤਲਾਸ਼ੀ ਲਈ ਗਈ। ਗੱਡੀਆਂ ਅੱਧੀ ਰਾਤੀਂ, ਦਸੰਬਰ ਦੀ ਠੰਢ ਵਿਚ, ਪਸਿੱਤੇ ਸਟੇਸ਼ਨਾਂ ਉਤੇ ਖੜੀਆਂ ਕੀਤੀਆਂ ਗਈਆਂ ਅਤੇ ਸਿੱਖ ਮੁਸਾਫ਼ਰਾਂ ਨੂੰ, ਇਥੋਂ ਤੱਕ ਕਿ ਫ਼ਸਟ ਕਲਾਸ ਵਿਚ ਸਫ਼ਰ ਕਰਨ ਵਾਲਿਆਂ ਨੂੰ ਵੀ ਡੱਬਿਆਂ ਵਿਚੋਂ ਬਾਹਰ ਕੱਢਿਆ ਗਿਆ ਤੇ ਪਲੇਟਫ਼ਾਰਮ ਉਤੇ ਪੁਲਿਸ ਅਫ਼ਸਰ ਦੇ ਪੇਸ਼ ਕੀਤਾ ਗਿਆ। ਬੱਸਾਂ ਰੋਕੀਆਂ ਗਈਆਂ ਤੇ ਸਿੱਖ ਮੁਸਾਫ਼ਰਾਂ ਨੂੰ ਉਤਾਰਿਆ ਗਿਆ ਅਤੇ ਕਈ ਥਾਈਂ ਤਾਂ ਉਜੱਡ ਪੁਲਸੀਏ ਨੇ ਆਖਿਆ : 'ਸਾਰੇ ਸਿੱਖ ਬਾਹਰ ਆ ਜਾਣ।'

ਕਾਰਾਂ ਵਿਚ ਸਫ਼ਰ ਕਰਨ ਵਾਲੇ ਲੋਕਾਂ ਨੂੰ ਵੀ ਛੱਡਿਆ ਨਾ ਗਿਆ, ਕਈ ਸੀਨੀਅਰ

ਰਿਟਾਇਰਡ ਫ਼ੌਜੀ ਅਫ਼ਸਰਾਂ ਨੂੰ ਰੋਕਿਆ ਗਿਆ ਤੇ ਇਹਨਾਂ ਵਿਚ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਤੇ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਸ਼ਾਮਿਲ ਸਨ। ਉਹਨਾਂ ਨੇ ਪਛਾਣ ਕਰਵਾਈ ਤਾਂ ਵੀ ਇਹਨੂੰ ਗੋਲਿਆ ਨਾ ਗਿਆ ਤੇ ਹਰ ਕਾਰ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ। ਮੇਜਰ ਜਨਰਲ ਸ਼ਾਹਬੇਗ ਸਿੰਘ, ਜਿਹੜਾ ਅੱਗੇ ਚੱਲ ਕੇ ਭਿੰਡਰਾਂਵਾਲੇ ਨਾਲ ਜਾ ਮਿਲਿਆ, ਦਾ ਇਹ ਕਥਨ ਰਿਕਾਰਡ ਰੂਪ ਵਿਚ ਮੌਜੂਦ ਹੈ ਕਿ ਹਰਿਆਣੇ ਉਹਦੇ ਨਾਲ ਜੋ ਖ਼ੁਆਰ ਕਰਨ ਵਾਲਾ ਸਲੂਕ ਕੀਤਾ ਗਿਆ ਉਸ ਤੋਂ ਪਿਛੋਂ ਹੀ ਉਹਨੇ ਭਿੰਡਰਾਂਵਾਲੇ ਨਾਲ ਮਿਲਣ ਦਾ ਫ਼ੈਸਲਾ ਕੀਤਾ।

ਸਵਰਨ ਸਿੰਘ ਤਕ ਨੂੰ ਵੀ ਰੋਕ ਲਿਆ ਗਿਆ ਤੇ ਇਹ ਦੱਸਣ ਦੇ ਬਾਵਜੂਦ ਕਿ ਉਹ ਕੌਣ ਹੈ ਉਹਦੀ ਤਲਾਸ਼ੀ ਲਈ ਗਈ। ਕਾਂਗਰਸ (ਆਈ) ਦੇ ਸਿੱਖ ਮੈਂਬਰ ਪਾਰਲੀਮੈਂਟ ਨੂੰ ਵੀ ਛੱਡਿਆ ਨਾ ਗਿਆ ਤੇ ਅਮਰਜੀਤ ਕੌਰ, ਕਾਂਗਰਸ (ਆਈ) ਐਮ.ਪੀ. ਪਾਰਲੀਮੈਂਟ ਦੇ ਸੈਂਟਰਲ ਹਾਲ ਵਿਚ ਇਹ ਦੱਸਣ ਲੱਗਿਆਂ ਰੋ ਪਈ ਕਿ ਹਰਿਆਣਾ ਪੁਲਿਸ ਨੇ ਉਹਦੇ ਨਾਲ ਤੇ ਉਹਦੇ ਪਤੀ ਨਾਲ ਕਿਵੇਂ ਵਰਤਾਉ ਕੀਤਾ।

ਸਿੱਖਾਂ ਨੇ ਨਿਰਾਦਰੀ ਹੋਈ ਮਹਿਸੂਸ ਕੀਤੀ, ਕਿਉਂਜੁ ਹਰਿਆਣੇ ਤੋਂ ਦਿੱਲੀ ਜਾ ਰਹੇ ਹਿੰਦੂਆਂ ਨੂੰ, ਸਿਰਫ਼ ਉਹਨਾਂ ਦੀ ਸ਼ਕਲ ਵੇਖ ਕੇ ਹੱਥ ਨਾ ਲਾਇਆ ਗਿਆ। ਸਰਕਾਰ ਨੇ ਇਹਦੇ ਲਈ ਕੋਈ ਪਛਤਾਵਾ ਨਾ ਪ੍ਰਗਟਾਇਆ ਤੇ ਹਾਕਮ ਜਮਾਤ ਦੇ ਕਿਸੇ ਵੀ ਮੈਂਬਰ ਵਲੋਂ ਕੋਈ ਬਿਆਨ ਨਹੀਂ ਦਿੱਤਾ ਗਿਆ ਕਿ ਜੋ ਕੁਝ ਹੋਇਆ ਹੈ ਉਹ ਨਿੰਦਣਯੋਗ ਹੈ। ਸਿੱਖਾਂ ਨੇ ਮਹਿਸੂਸ ਕੀਤਾ ਕਿ ਹੁਣ ਹਕੂਮਤ ਇਕ ਕਮਿਊਨਿਟੀ ਦੇ ਤੌਰ 'ਤੇ ਹੀ ਉਹਨਾਂ ਦੇ ਖ਼ਿਲਾਫ਼ ਹੈ।

ਏਸ਼ੀਆਡ ਖੇਡਾਂ ਸ਼ਾਂਤੀ-ਪੂਰਵਕ ਹੋ ਗਈਆਂ, ਪਰ ਬਹੁਤ ਸਾਰੇ ਸਿੱਖ ਉਸ ਸਲੂਕ ਨੂੰ ਭੁਲਾ ਨਹੀਂ ਸਕੇ ਜੋ ਏਸ਼ੀਆਡ ਦੇ ਦੌਰਾਨ ਉਹਨਾਂ ਨਾਲ ਹੋਇਆ, ਨਾ ਉਹ ਵਰ੍ਹਿਆਂ-ਬੱਧੀ ਇਹਨੂੰ ਭੁਲਾ ਸਕਣਗੇ, ਕਿਉਂਜੁ ਇਸ ਤਰ੍ਹਾਂ ਪਹਿਲੀ ਵਾਰ ਹੋਇਆ ਕਿ ਉਹਨਾਂ 'ਤੇ ਸਿਰਫ਼ ਇਸ ਕਰਕੇ ਸ਼ੱਕ ਕੀਤਾ ਗਿਆ ਕਿ ਉਹ ਸਿੱਖ ਸਨ। ਉਸ ਦਿਨ ਤੋਂ ਉਹਨਾਂ ਦੇ ਓਪਰੇ ਹੋਣ ਦੀ (Alienation) ਭਾਵਨਾ ਵਧਦੀ ਹੀ ਗਈ ਹੈ।

ਅਕਾਲੀਆਂ ਨੇ ਸਿੱਖ ਸਾਬਕਾ ਫ਼ੌਜੀਆਂ ਦੀ ਕਨਵੈਨਸ਼ਨ ਬੁਲਾਈ (23 ਦਸੰਬਰ), ਇਸ ਵਿਚ ਭਾਵੇਂ 2000 ਆਦਮੀ ਸ਼ਾਮਿਲ ਹੋਏ, ਸੀਨੀਅਰ ਰਿਟਾਇਰਡ ਸਿੱਖ ਅਫ਼ਸਰਾਂ ਨੇ ਇਹਦਾ ਬਾਈਕਾਟ ਕੀਤਾ। ਇਵੇਂ ਹੀ ਅਕਾਲੀਆਂ ਵਲੋਂ 9 ਜੂਨ 1983 ਨੂੰ ਸਿੱਖ ਬੁਧੀਜੀਵੀਆਂ ਦੀ ਕਨਵੈਨਸ਼ਨ ਬੁਲਾਈ ਗਈ, ਜਿਸ ਵਿਚ ਮੁਖੀ ਸਿੱਖ ਬੁਧੀਜੀਵੀ ਸ਼ਾਮਿਲ ਨਹੀਂ ਹੋਏ।

ਸਾਬਕਾ ਫ਼ੌਜੀਆਂ ਤੇ ਬੁਧੀਜੀਵੀਆਂ, ਦੋਹਾਂ ਦੀ ਹੀ ਅਕਾਲੀ ਜਤਨਾਂ ਨਾਲ ਹਮਦਰਦੀ ਹੈ, ਪਰ ਪਾਰਟੀ ਦਾ ਇਹਨਾਂ ਨਾਲ ਸੰਪਰਕ ਬਹੁਤ ਹੀ ਮਾਮੂਲੀ ਹੈ। ਇਹ ਦੋਵੇਂ ਆਪਣੇ ਪਿਛੋਕੜ ਕਾਰਨ ਵੀ ਇਕ ਦੂਜੇ ਤੋਂ ਦੂਰ ਹਨ। ਅਕਾਲੀ ਲੀਡਰਸ਼ਿਪ ਜੱਟ ਸਿੱਖਾਂ ਦੀ ਜੰਮ-ਪਲ ਹੈ ਜਦ ਕਿ ਰਿਟਾਇਰਡ ਫ਼ੌਜੀ ਅਫ਼ਸਰ ਤੇ ਬੁਧੀਜੀਵੀ ਬਹੁਤਾ ਗੈਰ-ਜੱਟ ਹਨ, ਅਕਾਲੀਆਂ ਦਾ ਪਿਛੋਕੜ ਵੀ ਆਮ ਤੌਰ 'ਤੇ ਪੇਂਡੂ ਹੈ ਜਦ ਕਿ ਦੂਜਿਆਂ ਦਾ ਮੁਖ ਰੂਪ ਵਿਚ ਸ਼ਹਿਰੀ ਹੈ।

ਹੁਣ ਸਥਿਤੀ ਇਸ ਹੱਦ ਤੱਕ ਵਿਗੜ ਗਈ ਕਿ ਅੱਤਵਾਦੀਆਂ ਦਾ ਜ਼ੋਰ ਵਧ ਗਿਆ ਅਤੇ ਖ਼ਾਲਿਸਤਾਨ ਦੀ ਮੰਗ ਨੂੰ, ਜਿਹੜੀ ਕਿਸੇ ਸਮੇਂ ਸ਼ਾਵਨ-ਵਾਦੀਆਂ ਨਾਲ ਹੀ ਜੁੜੀ ਹੋਈ ਸੀ, ਹੁਣ

ਸਰੋਤੇ ਮਿਲਣ ਲੱਗ ਪਏ ਤੇ ਇਥੇ ਹੀ ਅਕਾਲੀਆਂ ਨੇ, ਇਥੋਂ ਤੱਕ ਕਿ ਲਿਬਰਲ ਸਿੱਖਾਂ ਨੇ ਵੀ ਰਹੱਸਮਈ ਚੁੱਪ ਸਾਧ ਰੱਖਣ ਦੀ ਭਿਆਨਕ ਭੁੱਲ ਕੀਤੀ।

ਮਈ 1983 ਵਿਚ ਅਨੰਦਪੁਰ ਸਾਹਿਬ ਵਿਖੇ, ਜਿਥੇ ਵਾਲੰਟੀਅਰਾਂ ਦਾ ਕੈਂਪ ਲੱਗਿਆ ਸੀ, ਕਈ ਬੁਲਾਰਿਆਂ ਨੇ ਖੁਲ੍ਹਮਖੁੱਲ੍ਹਾ ਖ਼ਾਲਿਸਤਾਨ ਦੀ ਮੰਗ ਪੇਸ਼ ਕੀਤੀ, ਪਰ ਕਿਸੇ ਵੀ ਮਾਡਰੇਟ ਅਕਾਲੀ ਨੇ ਰੋਸ ਨਾ ਪ੍ਰਗਟਾਇਆ। ਰਿਟਾਇਰਡ ਮੇਜਰ ਜਨਰਲ ਭੁੱਲਰ ਨੇ ਪੁੱਛਿਆ ਕਿ ਜਦੋਂ ਸ਼੍ਰੀਮਤੀ ਗਾਂਧੀ ਉਹਨਾਂ ਨੂੰ ਪਲੇਟ ਉਤੇ ਰੱਖ ਕੇ ਖ਼ਾਲਿਸਤਾਨ ਭੇਂਟ ਕਰ ਰਹੀ ਹੈ ਤਾਂ ਉਹ ਇਹਨੂੰ ਕਬੂਲ ਕਰਨੋਂ ਕਿਉਂ ਇਨਕਾਰੀ ਹਨ।

ਜਾਪਦਾ ਹੈ, ਰਾਜਸੀ ਸੋਚਾਂ ਸ਼੍ਰੀਮਤੀ ਇੰਦਰਾ ਗਾਂਧੀ ਦੇ ਮਨ ਵਿਚ ਭਾਰੂ ਸਨ ਤੇ ਇਹਨਾਂ ਕਾਰਨ ਉਹ ਪੰਜਾਬ ਦੇ ਹੱਲ ਨੂੰ ਟਾਲਦੀ ਰਹੀ। ਇਸ ਵੇਲੇ ਤੱਕ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੇ ਭਾਰਤ ਵਿਚ ਪਰੈਸ਼ਰ-ਲਾਬੀ ਕਾਇਮ ਕਰ ਲੀਤੀ ਸੀ ਅਤੇ ਰਾਅ (RAW) ਨੇ ਉਹਨਾਂ ਦੀਆਂ ਸਰਗਰਮੀਆਂ ਬਾਰੇ ਸੂਚਨਾ ਇਕੱਠੀ ਕੀਤੀ। ਅਜੇ ਤੱਕ ਸਿੱਖ ਦੇਸ਼ਭੂਮੀ, ਖ਼ਾਲਿਸਤਾਨ ਦੀ ਮੰਗ ਨੂੰ ਬਹੁਤ ਸੀਮਿਤ ਹਿਮਾਇਤ ਹਾਸਲ ਸੀ।

ਅਕਾਲੀਆਂ ਤੇ ਸਰਕਾਰ ਵਿਚਕਾਰ ਗੱਲਾਂ-ਬਾਤਾਂ 11 ਜੂਨ 1983 ਨੂੰ ਮੁੜ ਛੋਹੀਆਂ ਗਈਆਂ। ਸਰਕਾਰ ਵਲੋਂ ਟਾਲ-ਮਟੋਲ ਦੀ ਉਹੋ ਪੁਰਾਣੀ ਵਾਰਤਾ ਦੁਹਰਾਈ ਗਈ : ਹੁਣ ਨਵੀਂ ਦਿੱਲੀ ਦਾ ਸਟੈਂਡ ਇਹ ਸੀ ਕਿ ਪਾਣੀਆਂ ਦੀ ਵੰਡ ਤੇ ਚੰਡੀਗੜ੍ਹ ਦੇ ਭਵਿੱਖ ਬਾਰੇ ਪੰਜਾਬ ਹੀ ਇਕੋ-ਇਕ ਧਿਰ ਨਹੀਂ ਹੈ, ਦੂਜੇ ਰਾਜ ਵੀ ਹਨ ਜਿਨ੍ਹਾਂ ਨਾਲ ਸਲਾਹ-ਮਸ਼ਵਰਾ ਜ਼ਰੂਰੀ ਹੈ।

ਜਿਥੋਂ ਤੱਕ ਆਪੋਜ਼ੀਸ਼ਨ ਪਾਰਟੀਆਂ ਦਾ ਸੰਬੰਧ ਹੈ ਉਹਨਾਂ ਨੂੰ ਅਜੇ ਤੱਕ ਗੱਲਾਂ-ਬਾਤਾਂ 'ਚੋਂ ਬਾਹਰ ਰੱਖਿਆ ਗਿਆ ਸੀ, ਉਂਜ ਅਕਾਲੀ ਭਾਵੇਂ ਉਹਨਾਂ ਵਿਚੋਂ ਕੁਝ ਨਾਲ ਸਲਾਹ-ਮਸ਼ਵਰਾ ਕਰ ਲਿਆ ਕਰਦੇ ਸਨ। ਚਰਨ ਸਿੰਘ ਅਕਾਲੀਆਂ ਦੀਆਂ ਮੰਗਾਂ ਦੇ ਵਿਰੁਧ ਸੀ, ਪਰ ਸਮੇਤ ਬੀ.ਜੇ.ਪੀ. ਦੇ ਦੂਜੀਆਂ ਵਿਰੋਧੀ ਪਾਰਟੀਆਂ ਅਕਾਲੀਆਂ ਦੀਆਂ ਹਿਮਾਇਤੀ ਸਨ, ਵੱਖ-ਵੱਖ ਰਾਜਸੀ ਪਾਰਟੀਆਂ ਦੇ ਸਭ ਰਾਜ-ਯੂਨਿਟਾਂ ਨੇ ਮੰਗ ਦੀ ਪੁਸ਼ਟੀ ਵਿਚ ਬਿਆਨ ਜਾਰੀ ਕੀਤੇ, ਭਾਵੇਂ ਹਰਿਆਣੇ ਵਿਖੇ ਇਹਨਾਂ ਵਿਚੋਂ ਕੁਝ ਪਾਰਟੀਆਂ ਦੀਆਂ ਇਕਾਈਆਂ ਨੇ ਉਲਟ ਬਿਆਨ ਵੀ ਦਿੱਤੇ ਜਿਨ੍ਹਾਂ ਨੂੰ ਪੜ੍ਹ ਕੇ ਹਾਸਾ ਹੀ ਆਉਂਦਾ ਹੈ। ਹਕੂਮਤ ਨੇ ਆਪੋਜ਼ੀਸ਼ਨ ਨੂੰ ਗੱਲਾਂ-ਬਾਤਾਂ ਵਿਚ ਸ਼ਾਮਿਲ ਕੀਤਾ ਅਤੇ 24-25 ਜਨਵਰੀ 1983 ਨੂੰ ਭਿੰਨ-ਧਿਰੀ ਕਾਨਫ਼ਰੰਸ ਬੁਲਾਈ। ਅਗਲੇ ਸਾਲ ਇਸ ਤਰ੍ਹਾਂ ਦੀਆਂ ਨੌਂ ਕਾਨਫ਼ਰੰਸਾਂ ਹੋਈਆਂ, ਜਿਨ੍ਹਾਂ ਵਿਚ ਸਰਕਾਰ ਦੇ ਸੀਨੀਅਰ ਮੈਂਬਰ, ਅਕਾਲੀਆਂ ਤੇ ਵਿਰੋਧੀ ਪਾਰਟੀਆਂ ਦੇ ਆਗੂ ਸ਼ਾਮਿਲ ਹੋਏ।

ਇਹਨਾਂ ਕਾਨਫ਼ਰੰਸਾਂ ਦਾ ਕੋਈ ਸਿੱਟਾ ਨਾ ਨਿਕਲਿਆ, ਕਦੇ ਕੋਈ ਕਦੇ ਕੋਈ ਰੁਕਾਵਟ ਪੈ ਜਾਂਦੀ, ਕਦੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਅਤੇ ਕਦੇ ਚੰਡੀਗੜ੍ਹ ਦੇ ਸਵਾਲ ਬਾਰੇ। ਇਕੋ-ਇਕ ਪ੍ਰਾਪਤੀ ਇਹ ਹੋਈ ਕਿ ਅਕਾਲੀਆਂ ਨੇ ਇਹ ਮੰਨ ਲਿਆ ਕਿ ਚੰਡੀਗੜ੍ਹ ਪੰਜਾਬ ਵਿਚ ਤੁਰਤ ਸ਼ਾਮਿਲ ਕਰ ਦਿੱਤਾ ਜਾਵੇ, ਤਾਂ ਉਹ ਚੰਡੀਗੜ੍ਹ ਦੇ ਬਰਾਬਰ ਪੰਜਾਬ ਵਿਚੋਂ ਇਲਾਕਾ ਹਰਿਆਣੇ ਨੂੰ ਦੇ ਦੇਣਗੇ।

ਇਹਨਾਂ ਗੱਲਾਂ-ਬਾਤਾਂ 'ਚੋਂ ਉਭਰ ਕੇ ਸਾਹਮਣੇ ਆਉਣ ਵਾਲੀ ਇਕ ਗੱਲ ਇਹ ਸੀ ਕਿ

ਪ੍ਰਧਾਨ ਮੰਤਰੀ ਦਾ ਸਕੱਤਰ, ਪੀ.ਸੀ. ਅਲੇਗਜ਼ਾਂਡਰ, ਜਿਹੜਾ ਹਰ ਤਿੰਨ-ਧਿਰੀ ਕਾਨਫ਼ਰੰਸ ਵਿਚ ਸ਼ਾਮਿਲ ਹੋਇਆ ਸੀ, ਕੁੰਜੀਵਤ ਆਦਮੀ ਸੀ। ਸੇਠੀ ਜਿਹੜਾ ਉਸ ਸਮੇਂ ਗ੍ਰਹਿ ਮੰਤਰੀ ਸੀ, ਉਹਦੇ ਵਲੋਂ ਹੁੰਗਾਰਾ ਮਿਲੇ ਤੋਂ ਪਹਿਲਾਂ ਕਿਸੇ ਸੁਝਾਉ ਜਾਂ ਤਜਵੀਜ਼ ਬਾਰੇ ਕੋਈ ਟਿਪਣੀ ਨਹੀਂ ਕਰਦਾ, ਕਿਉਂਜੁ ਸੇਠੀ ਮੰਤਰੀਆਂ ਨਾਲ ਬੈਠਾ ਸੀ ਤੇ ਅਲੇਗਜ਼ਾਂਡਰ ਅਧਿਕਾਰੀਆਂ ਨਾਲ, ਮੀਟਿੰਗ ਵਿਚ ਕਈ ਵਾਰ ਸੇਠੀ ਉਠ ਕੇ ਅਲੇਗਜ਼ਾਂਡਰ ਕੋਲ ਜਾਂਦਾ ਤੇ ਘੁਸਰ-ਮੁਸਰ ਤਰ੍ਹਾਂ ਗੱਲਾਂ ਕਰਦਾ। ਹਰਕਿਸ਼ਨ ਸਿੰਘ ਸੁਰਜੀਤ ਨੇ ਸੇਠੀ ਨੂੰ ਆਖਿਆ ਕਿ ਉਹ ਆਪਣੀ ਕੁਰਸੀ ਅਲੇਗਜ਼ਾਂਡਰ ਦੀ ਕੁਰਸੀ ਦੇ ਲਾਗੇ ਲੈ ਜਾਵੇ।

ਅਲੇਗਜ਼ਾਂਡਰ ਨਿਰੰਤਰ ਤੌਰ 'ਤੇ ਸ਼੍ਰੀਮਤੀ ਗਾਂਧੀ ਨਾਲ ਛੁਹ ਵਿਚ ਰਿਹਾ। ਇਹ ਗੱਲ ਮੀਟਿੰਗ ਵਿਚ ਆਉਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਵਲੋਂ ਮਿਲੀਆਂ ਹਿਦਾਇਤਾਂ ਤੋਂ ਇਲਾਵਾ ਸੀ। ਪ੍ਰਧਾਨ ਮੰਤਰੀ ਮੀਟਿੰਗ ਵਿਚ ਸ਼ਾਮਿਲ ਅਧਿਕਾਰੀਆਂ ਵਲੋਂ ਮੁਲੰਕਣ ਵੱਲ ਉਚੇਚਾ ਧਿਆਨ ਦਿੰਦੀ, ਕੈਬਨਟ ਸਕੱਤਰ, ਹੋਮ ਸਕੱਤਰ ਤੇ ਐਡੀਸ਼ਨਲ ਸਕੱਤਰ (ਹੋਮ) ਹਰ ਮੀਟਿੰਗ ਤੋਂ ਪਿਛੋਂ ਜੁੜ ਬਹਿੰਦੇ ਅਤੇ ਜਮ੍ਹਾਂ ਤੇ ਮਨਫ਼ੀ ਨੁਕਤਿਆਂ ਦਾ ਲੇਖਾ ਲਾਉਂਦੇ।

ਤ੍ਰਿਕੜੀ—ਪ੍ਰਧਾਨ ਮੰਤਰੀ ਦੇ ਸਕੱਤਰ, ਕੈਬਨਟ ਸਕੱਤਰ ਤੇ ਹੋਮ ਸਕੱਤਰ ਨੇ ਗੱਲਾਂਬਾਤਾਂ ਵਿਚ ਆਦਿ ਤੋਂ ਅੰਤ ਤੱਕ ਨਿਰਣੇਈ ਰੋਲ ਅਦਾ ਕੀਤਾ। ਇਹਨੇ ਹਿਦਾਇਤਾਂ ਤਿਆਰ ਕੀਤੀਆਂ, ਨੋਟਸ ਲੀਤੇ ਤੇ ਸੁਝਾਉ ਦਿੱਤੇ। ਉਹ ਤੇ ਪ੍ਰਧਾਨ ਮੰਤਰੀ ਆਦਿ ਤੋਂ ਅੰਤ ਤੱਕ ਗੱਲਾਂਬਾਤਾਂ ਦੇ ਦੌਰਾਨ ਪੱਕੇ ਤੱਤ ਰਹੇ। ਤ੍ਰਿਕੜੀ ਨੇ ਸਰਕਾਰ ਦੀਆਂ ਨੀਤੀਆਂ ਤੇ ਸ਼੍ਰੀਮਤੀ ਗਾਂਧੀ ਦੀਆਂ ਦਲੀਲਾਂ ਵਿਚ ਹਿੱਸਾ ਪਾਇਆ ਅਤੇ ਇਕ ਮੁਖ ਪੜਚੋਲ ਇਹ ਕੀਤੀ ਗਈ ਕਿ ਇਸ ਤ੍ਰਿਕੜੀ ਕੋਲ ਸੱਤਾ ਤਾਂ ਬਹੁਤ ਜ਼ਿਆਦਾ ਸੀ, ਪਰ ਇਹਦੀ ਜ਼ੁੰਮੇਵਾਰੀ ਕੋਈ ਨਹੀਂ ਸੀ।

ਅਤੇ ਇਹ ਤੱਥ ਕਿ ਇਹਨਾਂ ਵਿਚੋਂ ਕਿਸੇ ਵੀ ਪੰਜਾਬ ਵਿਚ ਕੰਮ ਨਹੀਂ ਸੀ ਕੀਤਾ—ਸਿਵਾਏ ਹੋਮ ਸਕੱਤਰ ਦੇ ਜਿਹੜਾ ਚੰਡੀਗੜ੍ਹ ਦਾ ਚੀਫ਼ ਕਮਿਸ਼ਨਰ ਰਹਿ ਚੁਕਿਆ ਸੀ—ਮੈਂ ਕਾਂਗਰਸ (ਆਈ) ਦੇ ਆਗੂਆਂ, ਵਿਰੋਧੀ ਧੜੇ ਦੇ ਆਗੂਆਂ ਤੇ ਅਕਾਲੀਆਂ ਨੂੰ ਇਸ ਸਿਲਸਿਲੇ ਵਿਚ ਨੁਕਤਾਚੀਨੀ ਕਰਦਿਆਂ ਸੁਣਿਆ ਹੈ ਕਿ ਇਹ ਤ੍ਰਿਕੜੀ ਪੰਜਾਬ ਦੇ ਮਸਲੇ ਨੂੰ ਉਚਿਤ ਤਰ੍ਹਾਂ ਨਹੀਂ ਸਮਝਦੀ ਤੇ ਇਹਦਾ ਮੁਨਾਸਬ ਮੁਲੰਕਣ ਨਹੀਂ ਕਰ ਸਕਦੀ।

ਅਕਾਲੀਆਂ ਨੇ ਆਪਣਾ ਦਬਾਉ ਜਾਰੀ ਰੱਖਿਆ, ਉਹਨਾਂ ਦੇ ਮੈਂਬਰ ਪਾਰਲੀਮੈਂਟ ਅਤੇ ਐਮ.ਐਲ.ਏ. ਨੇ 21 ਫਰਵਰੀ ਤੋਂ ਲਾਗੂ ਹੋਣ ਲਈ ਆਪਣੇ ਅਸਤੀਫੇ ਦੇ ਦਿੱਤੇ। ਚੰਡੀਗੜ੍ਹ ਮਸਲੇ ਦਾ ਧੁਰਾ ਬਣ ਗਿਆ ਹੋਇਆ ਸੀ। ਸਰਕਾਰ ਇਕਪਾਸੜ ਤੌਰ 'ਤੇ ਇਹਨੂੰ ਪੰਜਾਬ ਦੇ ਹਵਾਲੇ ਕਰਨ ਨੂੰ ਤਿਆਰ ਨਹੀਂ ਸੀ ਤੇ ਅਕਾਲੀ ਇਸ ਮੰਗ ਨੂੰ ਛੱਡਣ ਲਈ ਜਾਂ ਅੱਗੇ ਪਾਉਣ ਲਈ ਤਿਆਰ ਨਹੀਂ ਸਨ। ਆਪੋਜ਼ੀਸ਼ਨ ਵੀ ਕੁਝ ਪ੍ਰਾਪਤ ਨਾ ਕਰ ਸਕੀ।

ਰਾਜ ਵਿਚ ਖਿਚਾਉ ਵੱਧ ਗਿਆ, ਸਤੰਬਰ 1981 ਵਿਚ ਜਗਤ ਨਾਰਾਇਣ ਦੇ ਕਤਲ ਪਿਛੋਂ ਰਾਜ ਦੇ ਦੋ ਖੇਤਰਾਂ ਵਿਚ ਹਿੰਸਾ ਦੀਆਂ 115 ਵੱਡੀਆਂ ਵਾਰਦਾਤਾਂ ਹੋਈਆਂ ਅਤੇ 24 ਨਿਰਦੋਸ਼ ਆਦਮੀ ਅੱਤਵਾਦੀਆਂ ਹੱਥੋਂ ਮਾਰੇ ਗਏ ਤੇ ਇਹ ਅੱਤਵਾਦੀ ਭਿੰਡਰਾਂਵਾਲੇ ਦੇ ਆਦਮੀ ਕਰ ਕੇ ਮਸ਼ਹੂਰ ਸਨ।

ਹਿੰਦੂਆਂ ਤੇ ਸਿੱਖਾਂ ਵਿਚਲੇ ਸੰਬੰਧ ਬੱਸ ਰਸਮੀ ਜੇਹੇ ਹੋ ਕੇ ਹੀ ਰਹਿ ਗਏ, ਇਥੋਂ ਤੱਕ ਕਿ ਗੂੜ੍ਹੇ ਯਾਰ ਵੀ ਹੁਣ ਪੰਜਾਬ ਬਾਰੇ ਬਹਿਸ ਤੋਂ ਬਚਣ ਦਾ ਜਤਨ ਕਰਨ ਲੱਗੇ ਅਤੇ ਕਲੱਬਾਂ ਤੇ ਬਾਰ-ਰੂਮਾਂ ਵਿਚ ਦੋ ਕਮਿਊਨਿਟੀਆਂ ਦੇ ਮੈਂਬਰ ਅੱਡ-ਅੱਡ ਗਰੁੱਪਾਂ, ਹਿੰਦੂਆਂ ਜਾਂ ਸਿੱਖਾਂ ਦੇ ਗਰੁੱਪਾਂ ਵਿਚ ਬੈਠਣ ਲੱਗ ਪਏ।

ਰਾਜ-ਸੇਵਾਵਾਂ ਵਿਚ ਪਾੜਾ ਵੀ ਉਘੜ ਕੇ ਸਾਹਮਣੇ ਆ ਗਿਆ। ਸਿੱਖ ਆਮ ਤੌਰ 'ਤੇ ਅਕਾਲੀਆਂ ਤੇ ਉਹਨਾਂ ਦੀਆਂ ਮੰਗਾਂ ਦੇ ਸਮਰਥਕ ਬਣ ਗਏ ਅਤੇ ਹਿੰਦੂ ਆਮ ਤੌਰ 'ਤੇ ਇਹਨਾਂ ਦਾ ਵਿਰੋਧ ਕਰਨ ਲੱਗੇ। ਸਭ ਤੋਂ ਮੰਦਾ ਪ੍ਰਭਾਵ ਪੁਲਿਸ 'ਤੇ ਪਿਆ, ਇਹ ਸਮਝਿਆ ਜਾਣ ਲੱਗ ਪਿਆ ਕਿ ਸਿੱਖ ਅਫ਼ਸਰ ਦਹਿਸ਼ਤਪਸੰਦਾਂ ਨੂੰ ਉਹਨਾਂ ਵਲੋਂ ਕੋਈ ਕਤਲ ਕਰਨ ਜਾਂ ਬੈਂਕ ਲੁੱਟਣ ਦਾ ਕਾਰਾ ਕਰਨ ਪਿਛੋਂ ਬਚ ਕੇ ਨਿਕਲ ਜਾਣ ਦਿੰਦੇ ਹਨ, ਭਾਵੇਂ ਇਸ ਤਰ੍ਹਾਂ ਦੀ ਮਿਲਭਗਤੀ ਦੀਆਂ ਮਿਸਾਲਾਂ ਕੁਝ ਇਕ ਹੀ ਹਨ।

ਪਰ ਸਭ ਤੋਂ ਤਸੱਲੀ ਵਾਲਾ ਤੱਥ ਇਹ ਹੈ ਕਿ ਕੋਈ ਹਿੰਦੂ-ਸਿੱਖ ਝੜਪ ਨਹੀਂ ਹੋਈ। ਇਹਨਾਂ ਦੀ ਰਵਾਇਤੀ ਸ਼ੁੱਭ-ਇੱਛਾ ਤੇ ਮਿੱਤਰਤਾ ਅਜ਼ਮਾਇਸ਼ ਵਿਚ ਪੂਰੇ ਉਤਰੇ। ਇਹਨਾਂ ਵਿਚੋਂ ਬਹੁਤੇ ਪਾਕਿਸਤਾਨ ਤੋਂ ਸ਼ਰਨਾਰਥੀਆਂ ਦੀ ਹੈਸੀਅਤ ਵਿਚ ਆਏ ਸਨ ਤੇ ਮਿਲ ਕੇ ਆਪਣੇ ਜੀਵਨ ਦੀ ਮੁੜ-ਸਿਰਜਣਾ ਕੀਤੀ ਸੀ। ਦੋਵੇਂ ਕਮਿਊਨਿਟੀਆਂ ਨੇ ਜਿਹੜੀ ਸਾਂਝੀ ਪੀੜ ਤੇ ਮੁਸੀਬਤਾਂ ਝੱਲੀਆਂ ਸਨ, ਉਸ ਦਾ ਸਦਕਾ ਇਹਨਾਂ ਵਿਚ ਇਕ ਸਾਂਝ ਪੈਦਾ ਹੋ ਗਈ ਹੋਈ ਸੀ ਜਿਸ ਨੂੰ ਦਹਿਸ਼ਤਪਸੰਦ ਤੋੜ ਨਹੀਂ ਸਕੇ।

ਉਹ ਅੰਤਰ-ਸੰਬੰਧਤ ਵੀ ਹੋ ਗਏ ਸਨ, ਜ਼ਰਾਇਤ ਸਿੱਖਾਂ ਕੋਲ ਸੀ ਤੇ ਉਹਨਾਂ ਦੀ ਉਪਜ ਨੂੰ ਵੇਚਣ ਵਾਲੀਆਂ ਮੰਡੀਆਂ ਹਿੰਦੂਆਂ ਕੋਲ ਸਨ ਤੇ ਦੋਵੇਂ ਹੀ ਸਮਝਦੇ ਸਨ ਕਿ ਸੈਂਟਰ ਦਾ 'ਪੰਜਾਬੀ-ਵਿਰੋਧੀ ਵਤੀਰਾ' ਪੰਜਾਬ ਰਾਜ ਵਿਚ ਸਨਅਤਾਂ ਨਹੀਂ ਲਾ ਰਿਹਾ। ਖ਼ੂਨ ਦੇ ਰਿਸ਼ਤੇ ਦੀ ਵੀ ਖਿੱਚ ਸੀ, ਕਿਉਂਜ਼ ਬਹੁਤ ਸਾਰੇ ਹਿੰਦੂ ਤੇ ਸਿੱਖ ਪਰਿਵਾਰਾਂ ਨੂੰ ਵਿਆਹ ਸ਼ਾਦੀਆਂ ਨੇ ਇਕ ਦੂਜੇ ਨਾਲ ਜੋੜਿਆ ਹੋਇਆ ਸੀ।

ਹਿੰਦੂਆਂ ਵਿਚ ਇਕ ਪਰੰਪਰਾ ਰਹੀ ਹੈ ਕਿ ਪਰਿਵਾਰ ਵਿਚ ਪਹਿਲੇ ਮੁੰਡੇ ਨੂੰ ਸਿੱਖ ਸਜਾਇਆ ਜਾਂਦਾ ਸੀ। ਦੇਸ਼-ਵੰਡ ਤੋਂ ਕਈ ਸਾਲ ਪਹਿਲਾਂ, ਹਿੰਦੂ ਲੀਡਰ, ਮਦਨ ਮੋਹਨ ਮਾਲਵੀਆ ਨੇ ਹਿੰਦੂ-ਮੁਸਲਿਮ ਫ਼ਸਾਦ ਵੇਖਣ ਪਿਛੋਂ, ਹਿੰਦੂਆਂ ਨੂੰ ਇਹ ਕਰਨ ਦਾ ਸੱਦਾ ਦਿੱਤਾ ਸੀ—ਸਿੱਖ ਯੋਧੇ ਹੋਣਗੇ ਜਿਹੜੇ ਹਿੰਦੂਆਂ ਦੀ ਰੱਖਿਆ ਕਰਨਗੇ।

ਪਿੱਛੇ ਜੇਹੇ ਦੇ ਸਾਲਾਂ ਤੋਂ ਇਹ ਰੀਤ ਕਿਤੇ-ਕਿਤੇ ਹੀ ਵੇਖੀ ਗਈ ਹੈ, ਪਰ ਇਹ ਅਜੇ ਮਰੀ ਨਹੀਂ। ਅਕਾਲੀ ਐਜੀਟੇਸ਼ਨ ਦੀ ਸਿਖਰ ਉਤੇ ਵੀ, ਇਕ ਹਿੰਦੂ ਇਸਤਰੀ ਆਪਣੇ ਸਭ ਤੋਂ ਵੱਡੇ ਪੋਤੇ ਨੂੰ ਅੰਮ੍ਰਿਤ ਛਕਾ ਕੇ ਸਿੱਖ ਸਜਾਉਣ ਲਈ ਗੋਲਡਨ ਟੈਂਪਲ ਲਿਆਈ। ਜਦੋਂ ਕੁਝ ਲੋਕਾਂ ਨੇ ਹੈਰਾਨੀ ਪ੍ਰਗਟਾਈ, ਕਿਉਂਜ਼ ਉਸ ਸਮੇਂ ਤੱਕ ਹਿੰਦੂਆਂ ਤੇ ਸਿੱਖਾਂ ਵਿਚਕਾਰ ਧਰੁਵੀਕਰਣ ਪੂਰੀ ਤਰ੍ਹਾਂ ਪ੍ਰਤੱਖ ਹੋ ਚੁਕਿਆ ਸੀ, ਉਹਨੇ ਕਿਹਾ ਕਿ ਇਹ ਤਾਂ ਉਹਦੇ ਪਰਿਵਾਰ ਦੀ ਰਵਾਇਤ ਹੈ, ਉਹਦਾ ਪਹਿਲਾ ਪੁੱਤਰ ਵੀ ਸਿੱਖ ਸੀ ਤੇ ਹੁਣ ਸਭ ਤੋਂ ਵੱਡਾ ਪੋਤਾ ਵੀ ਸਿੱਖ ਹੀ ਸਜੇਗਾ।

ਇਸੇ ਲਈ ਜਦੋਂ ਅਕਾਲੀਆਂ ਨੇ ਕਿਹਾ ਕਿ ਸਿੱਖ ਵੱਖਰੀ ਕੌਮ ਹਨ, ਹਿੰਦੂਆਂ ਨੂੰ ਸਚਮੁਚ

ਹੀ ਚੁੱਪ ਹੋਇਆ। ਭਿੰਡਰਾਂਵਾਲੇ ਦੇ ਪ੍ਰਚਾਰ ਨੇ ਕਿ ਸਿੱਖ ਹਿੰਦੂਆਂ ਤੋਂ ਵੱਖਰੇ ਹਨ, ਬਹੁਤ ਮਾਮੂਲੀ ਫ਼ਰਕ ਪਾਇਆ, ਕਿਉਂਜੁ ਉਹ ਤੇ ਉਹਦੇ ਕਬੀਲੇ ਨੂੰ ਅੱਤਵਾਦੀ ਸਮਝਿਆ ਗਿਆ ਜਿਹੜੇ ਪਰਬਲ ਸਿੱਖ ਰਾਏ ਦੀ ਪ੍ਰਤੀਨਿਧਤਾ ਨਹੀਂ ਕਰਦੇ, ਪਰ ਅਕਾਲੀਆਂ ਦੀਆਂ ਇਸੇ ਤਰ੍ਹਾਂ ਦੀਆਂ ਦਲੀਲਾਂ ਨੇ ਹਿੰਦੂਆਂ ਵਿਚ ਇਸ ਯਕੀਨ ਨੂੰ ਮਜ਼ਬੂਤ ਕਰ ਦਿੱਤਾ ਕਿ ਮਾਡਰੇਟ ਤੇ ਅੱਤਵਾਦੀ ਅਕਾਲੀਆਂ ਵਿਚ ਬੱਸ ਨਾਂ-ਮਾਤਰ ਹੀ ਫ਼ਰਕ ਹੈ।

ਅਕਾਲੀ ਇਸ ਬਾਰੇ ਬਹਿਸ ਵਿਚ ਪੈਣਾ ਨਹੀਂ ਚਾਹੁੰਦੇ ਕਿ ਕੌਮ ਕੀ ਹੁੰਦੀ ਹੈ, ਕਿਹੜੇ ਤੱਤ ਮਿਲ ਕੇ ਕੌਮ ਨੂੰ ਬਣਾਉਂਦੇ ਹਨ, ਕਿਉਂਜੁ ਉਪ-ਮਹਾਂਦੀਪ ਦੀ ਭਾਰਤ ਤੇ ਪਾਕਿਸਤਾਨ ਵਿਚਕਾਰ ਵੰਡ ਪਿਛੋਂ, ਉਹਨਾਂ ਨੇ ਵੀ ਹਿੰਦੂਆਂ ਵਾਂਗ, ਦੋ-ਕੌਮਾਂ ਦੇ ਸਿਧਾਂਤ ਦੀ ਨਿਖੇਧੀ ਕੀਤੀ ਸੀ, ਸਿਧਾਂਤ ਜਿਸ ਨੇ ਪਾਕਿਸਤਾਨ ਨੂੰ ਜਨਮ ਦਿੱਤਾ।

ਅਕਾਲੀਆਂ ਦਾ ਮੁਖ ਮਸਲਾ ਇਹ ਸੀ ਕਿ ਕਮਿਊਨਿਟੀ ਵਿਚ ਆਪਣੀ ਸਾਖ਼ ਕਿਵੇਂ ਬਣਾਈ ਰੱਖਣ, ਹਕੂਮਤ ਉਹਨਾਂ ਨੂੰ ਇਹ ਵਿਖਾਉਣ ਲਈ ਕੋਈ ਮੌਕਾ ਨਹੀਂ ਸੀ ਦੇ ਰਹੀ ਕਿ ਮੁਖ-ਧਾਰਾ ਵਿਚ ਰਹਿੰਦਿਆਂ, ਉਹਨਾਂ ਨੇ ਆਪਣੀਆਂ ਮੰਗਾਂ ਜਿੱਤ ਲਈਆਂ ਹਨ, ਅਲਹਿਦਗੀ ਦਾ ਭਿੰਡਰਾਂਵਾਲੇ ਦਾ ਸਿਧਾਂਤ ਕਮਿਊਨਿਟੀ ਵਿਚ ਜ਼ੋਰ ਫੜਦਾ ਜਾ ਰਿਹਾ ਸੀ, ਕੀ ਅਕਾਲੀ ਆਗੂ ਸਿੱਖਾਂ ਨੂੰ ਵੱਖਰੀ ਕੌਮ ਹੋਣ ਦੀ ਲਾਈਨ ਅਖ਼ਤਿਆਰ ਕਰ ਕੇ ਆਪਣੀ ਪੁਜ਼ੀਸ਼ਨ ਬਹਾਲ ਕਰ ਸਕਦੇ ਸਨ ? ਉਹਨਾਂ ਨੇ ਗ਼ਲਤੀ ਇਹ ਕੀਤੀ ਕਿ ਸਹੇ ਨਾਲ ਮਿਲ ਕੇ ਦੌੜੇ ਤੇ ਕੁੱਤਿਆਂ ਨਾਲ ਮਿਲ ਕੇ ਸ਼ਿਕਾਰ ਕੀਤਾ।

ਕੌਮ ਦਾ ਸ਼ਬਦ ਪਹਿਲੀ ਵਾਰ ਅਕਤੂਬਰ 1973 ਵਿਚ ਅਨੰਦਪੁਰ ਸਾਹਿਬ ਮਤੇ ਵਿਚ ਵਰਤਿਆ ਗਿਆ। ਲਿਖਿਆ ਸੀ : 'ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੀਆਂ ਆਸਾਂ ਉਮੰਗਾਂ ਦਾ ਸਾਕਾਰ ਰੂਪ ਹੈ ਅਤੇ ਇਸ ਹੈਸੀਅਤ ਵਿਚ ਇਹ ਉਹਦੀ ਪ੍ਰਤੀਨਿਧਤਾ ਕਰਨ ਦੀ ਹੱਕਦਾਰ ਹੈ....' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਦੇ ਵੱਖਰੀ ਕੌਮ ਹੋਣ ਬਾਰੇ ਮਤਾ, 29 ਮਾਰਚ 1981 ਨੂੰ ਪਾਸ ਕੀਤਾ।

ਕੌਮ ਸ਼ਬਦ ਨੂੰ 'ਨੇਸ਼ਨ' ਵਿਚ ਉਲਥਾਉਣ ਬਾਰੇ ਕਈ ਅਕਾਲੀ ਲੀਰਡ ਔਖੇ ਹਨ, ਕਿਉਂਜੁ ਇਹਦੀ ਅਰਥ-ਛਾਇਆ ਵੱਖਰੀ ਹੈ, ਜਿਸ ਦਾ ਅਨੁਵਾਦ ਹੋਣਾ ਮੁਸ਼ਕਲ ਹੈ, ਇਹਦਾ ਅਰਥ ਨੈਸ਼ਨੈਲੀਟੀ ਵੀ ਹੋ ਸਕਦਾ ਹੈ, ਉਸ ਅਰਥ ਵਿਚੋਂ ਜਿਵੇਂ ਇਹ ਸ਼ਬਦ ਸੋਵੀਅਤ ਯੂਨੀਅਨ ਵਿਚ ਵਰਤਿਆ ਜਾਂਦਾ ਹੈ, ਪਰ ਕੁਝ ਆਗੂਆਂ ਨੇ ਦ੍ਰਿੜ੍ਹ ਸਟੈਂਡ ਲਿਆ ਮਿਸਾਲ ਵਜੋਂ, ਬਲਵੰਤ ਸਿੰਘ ਨੇ ਜੀਹਨੇ ਲੰਡਨ ਵਿਖੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਸਿੱਖ ਵੱਖਰੀ ਨੇਸ਼ਨ ਨਹੀਂ ਹਨ, ਸਗੋਂ ਇਕ ਵੱਖਰੀ ਹੋਂਦ ਹਨ, ਭਾਰਤ-ਵਾਪਸ ਤੇ ਬਹੁਤੇ ਸਿੱਖਾਂ ਦਾ ਰੌਂ ਵੇਖ ਕੇ ਪਹਿਲਾ ਬਿਆਨ ਵਾਪਸ ਲੈ ਲਿਆ।

ਬਾਦਲ ਖ਼ੁਸ਼ ਨਹੀਂ ਸੀ ਤੇ ਉਹ ਵੀ ਚੁੱਪ ਰਿਹਾ ਜਦੋਂ ਉਹਨੇ ਲੌਂਗੋਵਾਲ ਤੇ ਟੌਹੜੇ ਨੂੰ ਨੇਸ਼ਨ ਵਾਲੇ ਥੀਸਸ ਦੇ ਸਮਰਥਕਾਂ ਵਿਚ ਵੇਖਿਆ। ਜੇ ਬਾਦਲ ਆਪਣੇ ਵਿਚਾਰ ਜ਼ੋਰ ਨਾਲ ਪੇਸ਼ ਕਰਦਾ ਤਾਂ ਬਰਨਾਲਾ, ਬਲਵੰਤ ਸਿੰਘ ਤੇ ਰਾਮੂਵਾਲੀਆ ਨੇ ਉਹਦੀ ਹਿਮਾਇਤ ਕਰਨੀ ਸੀ, ਪਰ ਅਜੇਹਾ ਅਵਸਰ ਯਾਦ ਕਰਨਾ ਮੁਸ਼ਕਲ ਹੈ ਜਦੋਂ ਬਾਦਲ ਨੇ ਹਾਰਡ-ਲਾਈਨਰਾਂ ਵਿਰੁਧ ਕੋਈ ਸਟੈਂਡ ਲਿਆ

ਹੋਵੇ, ਇਹ ਵੀ ਕੋਈ ਛੋਟ ਨਹੀਂ ਸੀ।

ਪੰਜਾਬ ਦੇ ਹਿੰਦੂ ਲੀਡਰ ਕੌਮ ਦਾ ਸਵਾਲ ਅਕਾਲੀਆਂ ਨਾਲ ਵਿਚਾਰਨਾ ਚਾਹੁੰਦੇ ਸਨ, ਪਰ ਉਹਨਾਂ ਨੇ ਇਸ ਤੋਂ ਇਨਕਾਰ ਕੀਤਾ। ਉਦੋਂ ਵੀ ਜਦੋਂ ਪੰਜਾਬ ਵਿਚ ਹਿੰਦੂ ਤੇ ਸਿੱਖ ਲੀਡਰਾਂ ਨੂੰ ਜੋੜ ਕੇ ਵਿਚਾਰਨ ਲਈ ਜਤਨ ਕੀਤੇ ਗਏ, ਅਕਾਲੀਆਂ ਦੀ ਮੁਢਲੀ ਸ਼ਰਤ ਇਹੋ ਹੁੰਦੀ ਕਿ ਹਿੰਦੂ ਲੀਡਰ ਇਹ ਵਾਹਦਾ ਕਰਨ ਕਿ ਉਹ ਕੌਮ ਬਾਰੇ ਬਹਿਸ ਨਹੀਂ ਛੇੜਨਗੇ।

ਮੈਂ ਭਿੰਡਰਾਂਵਾਲੇ ਨਾਲ ਆਪਣੀ ਇਕ ਚਰਚਾ ਦੇ ਚੇਤੇ ਸਜਰਾਂਦਾ ਹਾਂ। ਮੈਂ ਉਹਨੂੰ ਪੁੱਛਿਆ ਕਿ ਮੇਰੀ ਕੌਮ ਕਿਹੜੀ ਹੈ—ਮੇਰੀ ਮਾਂ ਸਿੱਖ ਸੀ ਤੇ ਪਿਤਾ ਹਿੰਦੂ। ਉਹਨੇ ਕੁਝ ਚਿਰ ਤਾਂ ਉਤਰ ਨਾ ਦਿੱਤਾ, ਫੇਰ ਬੋਲਿਆ, 'ਇਹ ਤੁਹਾਡਾ ਨਿਜੀ ਮਸਲਾ ਹੈ।' ਪਰ ਜਦੋਂ ਮੈਂ ਉਤਰ ਦੇਣ ਉਤੇ ਜ਼ੋਰ ਦਿੱਤਾ ਤਾਂ ਉਹਨੇ ਕਿਹਾ, 'ਸਭੇ ਹੀ ਸਿੱਖ ਪੈਦਾ ਹੁੰਦੇ ਹਨ, ਕਿਉਂਜੁ ਜਨਮ ਸਮੇਂ ਉਹਨਾਂ ਦੇ ਕੇਸ ਹੁੰਦੇ ਹਨ। ਅੱਗੇ ਚੱਲ ਕੇ ਉਹ ਆਪਣੇ ਵਾਲ ਕਟਵਾ ਕੇ ਹਜਾਮਤ ਕਰਵਾ ਕੇ ਸਿੱਖੀ ਵਿਚੋਂ ਬਾਹਰ ਨਿਕਲ ਜਾਂਦੇ ਹਨ।'*

ਅਸਲ ਵਿਚ ਭਿੰਡਰਾਂਵਾਲਾ ਤਾਂ ਇਕ ਕਦਮ ਹੋਰ ਅਗਾਂਹ ਗਿਆ। ਉਹਨੇ ਕਿਹਾ ਕਿ ਜਿਹੜੇ ਸਿੱਖ ਆਪਣੀਆਂ ਦਾਹੜੀਆਂ ਛਾਂਗਦੇ ਹਨ ਜਾਂ ਸ਼ਰਾਬ ਪੀਂਦੇ ਹਨ ਉਹ ਸਿੱਖ ਨਹੀਂ ਹਨ। ਉਹ ਮੂਲ-ਸਿਧਾਂਤਵਾਦੀ ਬਣਦਾ ਜਾ ਰਿਹਾ ਸੀ ਤੇ ਉਹਨੂੰ ਸਿੱਖਾਂ ਦਾ ਖੋਮੇਨੀ ਵੀ ਸੱਦਿਆ ਜਾਣ ਲੱਗ ਪਿਆ ਸੀ। ਉਹਦੀ ਅਪੀਲ ਉਤੇ ਬਹੁਤ ਸਾਰੇ ਸਿੱਖਾਂ ਨੇ ਤਾਂ ਆਪਣੀਆਂ ਦਾੜ੍ਹੀਆਂ ਬੰਨ੍ਹਣੀਆਂ ਵੀ ਬੰਦ ਕਰ ਦਿੱਤੀਆਂ, ਕਈ ਨੌਜਵਾਨ ਜਿਹੜੇ ਸਹਿਜਧਾਰੀ ਬਣ ਗਏ ਸਨ ਉਹਨਾਂ ਨੇ ਆਪਣੇ ਕੇਸ ਕਟਵਾਉਣੇ ਬੰਦ ਕਰ ਦਿੱਤੇ ਤੇ ਦਾੜ੍ਹੀਆਂ ਵੀ ਮੁੜ ਰੱਖ ਲਈਆਂ।

ਇਚਿਰ, ਸ਼੍ਰੀਮਤੀ ਗਾਂਧੀ ਨੇ ਕੁਝ ਧਾਰਮਿਕ ਮੰਗਾਂ ਮੰਨਣ ਦਾ ਐਲਾਨ ਕਰ ਦਿੱਤਾ। ਦਿੱਲੀ ਦੇ ਚਾਂਦਨੀ ਚੌਕ ਵਿਚ ਸੀਸ ਗੰਜ ਗੁਰਦੁਆਰੇ ਦੇ ਨਾਲ ਦੀ ਇਮਾਰਤ ਦਾ ਇਕ ਹਿੱਸਾ, ਜਿਹੜਾ ਚਿਰੋਕਣਾ ਪੁਲਿਸ ਸਟੇਸ਼ਨ, ਕੋਤਵਾਲੀ ਸੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇ ਦਿੱਤਾ ਗਿਆ। ਇਸ ਮੌਕੇ ਰਾਜੀਵ ਗਾਂਧੀ ਮੌਜੂਦ ਸੀ ਤੇ ਟੌਹੜਾ ਵੀ, ਜਿਹੜਾ ਅੱਗੇ ਚੱਲ ਕੇ ਰਾਜੀਵ ਨੂੰ ਇਹ ਜਾਣਨ ਲਈ ਕਈ ਵਾਰ ਮਿਲਿਆ ਕਿ ਕੀ ਉਹ ਲੌਂਗੋਵਾਲ ਤੋਂ ਉਪਰ-ਉਪਰ ਦੀ ਸਰਕਾਰ ਤੋਂ ਗਿਆਇਤਾਂ ਹਾਸਲ ਕਰ ਸਕਦਾ ਹੈ।

ਕੇਂਦਰ-ਰਾਜ ਸੰਬੰਧਾਂ ਬਾਰੇ ਸ਼੍ਰੀਮਤੀ ਗਾਂਧੀ ਨੇ 3 ਮਾਰਚ 1983 ਨੂੰ ਇਕ ਕਮਿਸ਼ਨ ਥਾਪ ਦਿੱਤਾ, ਜਿਸ ਦਾ ਚੇਅਰਮੈਨ ਸਾਬਕਾ ਸੁਪ੍ਰੀਮ ਕੋਰਟ ਜੱਜ ਜਸਟਸ ਆਰ.ਐਸ. ਸਰਕਾਰੀਆ ਨੂੰ ਬਣਾਇਆ ਤੇ ਇਸ ਤਰ੍ਹਾਂ ਅਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਨ ਲਈ ਅਕਾਲੀਆਂ ਦੀ ਮੰਗ ਮੰਨ ਲਈ ਗਈ, ਕਿਉਂਜੁ 19 ਸਤੰਬਰ 1982 ਨੂੰ ਅੰਮ੍ਰਿਤਸਰ ਵਿਖੇ ਇਕ ਇੰਟਰਵਿਊ ਵਿਚ ਲੌਂਗੋਵਾਲ ਨੇ ਕਿਹਾ ਸੀ ਕਿ ਅਟਾਨੋਮੀ (ਖ਼ੁਦ-ਅਖ਼ਤਿਆਰੀ) ਲਈ ਸਿੱਖਾਂ ਦੀ ਮੰਗ ਦੀ ਵੱਡੀ ਹੱਦ ਤੱਕ ਪੂਰਤੀ ਹੋ ਜਾਵੇਗੀ ਜੇ ਭਾਰਤ ਸਰਕਾਰ ਸੈਂਟਰ ਤੋਂ ਰਾਜਾਂ ਨੂੰ ਕਾਫ਼ੀ ਸੱਤਾ ਦੇ ਇੰਤਕਾਲ ਬਾਰੇ ਵਿਚਾਰ ਕਰਨ ਲਈ ਹਾਈ-ਪਾਵਰ ਕਮਿਸ਼ਨ ਥਾਪ ਦੇਵੇ। ਇਕ ਸਿੱਖ ਨੂੰ ਚੇਅਰਮੈਨ ਬਣਾ ਕੇ ਹਕੂਮਤ ਨੇ ਲੌਂਗੋਵਾਲ ਦੀਆਂ ਖ਼ਾਹਿਸ਼ਾਂ ਨੂੰ ਸਤਿਕਾਰਿਆ, ਕਿਉਂਜੁ ਉਹਨੇ ਇਕ ਇੰਟਰਵਿਊ ਵਿਚ ਆਖਿਆ ਸੀ : 'ਹਕੂਮਤ ਦੇ ਇਰਾਦੇ ਇਸ ਕਮਿਸ਼ਨ ਲਈ ਨਾਮਜ਼ਦ ਕੀਤੇ ਜਾਣ ਵਾਲੇ ਆਦਮੀਆਂ ਤੋਂ ਸਪੱਸ਼ਟ ਹੋ ਜਾਣਗੇ।'

---

* *ਅੰਗਰੇਜ਼ੀ ਵਿਚੋਂ ਅਨੁਵਾਦ।*

ਪਰ ਗ੍ਰਹਿ ਮੰਤਰਾਲੇ ਦੀ ਹਿਦਾਇਤ ਇਹ ਸੀ ਕਿ 'ਸੈਂਟਰ-ਰਾਜ ਸੰਬੰਧਾਂ ਨੂੰ ਚਲਾਉਣ ਵਾਲੀਆਂ ਸੰਵਿਧਾਨ ਦੀਆਂ ਧਾਰਾਵਾਂ ਇਸ ਖੇਤਰ ਵਿਚ ਪੈਦਾ ਹੋਣ ਵਾਲੀ ਕਿਸੇ ਵੀ ਸਥਿਤੀ ਨਾਲ ਨਿਪਟਣ ਜਾਂ ਕਿਸੇ ਵੀ ਮਸਲੇ ਨੂੰ ਹੱਲ ਕਰਨ ਦੇ ਮੰਤਵ ਲਈ ਕਾਫ਼ੀ ਹਨ।'

ਰਿਆਇਤਾਂ ਇਕਪਾਸੜ ਤੌਰ 'ਤੇ ਦਿੱਤੀਆਂ ਗਈਆਂ। ਜੇ ਇਹ ਅਕਾਲੀਆਂ ਨਾਲ ਗੱਲਾਂਬਾਤਾਂ ਦੇ ਦੌਰਾਨ ਦਿੱਤੀਆਂ ਜਾਂਦੀਆਂ ਤਾਂ ਉਹ ਕਿਸੇ ਹੱਦ ਤੱਕ ਨਰਮ ਹੋ ਸਕਦੇ ਸਨ। ਅਕਾਲੀ ਸਿੱਖ ਕਮਿਊਨਿਟੀ ਨੂੰ ਵਿਖਾ ਸਕਦੇ ਕਿ ਇਹ ਰਿਆਇਤਾਂ ਅਮਨ-ਭਰੇ ਢੰਗਾਂ ਰਾਹੀਂ ਹਾਸਲ ਕੀਤੀਆਂ ਗਈਆਂ ਹਨ। ਭਿੰਡਰਾਂਵਾਲੇ ਦਾ ਪ੍ਰਭਾਵ ਵਧਣ ਦੇ ਨਾਲ-ਨਾਲ ਅਕਾਲੀ ਆਪਣੇ ਅਨੁਆਈਆਂ ਦੀ ਘੱਟ ਰਹੀ ਗਿਣਤੀ ਨੂੰ ਵੇਖ ਸਕਦੇ ਸਨ। ਸਦਾ-ਵਧੇਰੇ ਸਿੱਖ ਇਸ ਦ੍ਰਿਸ਼ਟੀਕੋਣ ਨੂੰ ਅਪਣਾਉਣ ਲੱਗੇ ਸਨ ਕਿ ਗੱਲਾਂ-ਬਾਤਾਂ ਤੇ ਮੇਲ-ਮਿਲਾਪ ਦੀ ਅਕਾਲੀ ਨੀਤੀ ਦੇ ਕੋਈ ਸਿੱਟੇ ਨਹੀਂ ਨਿਕਲਣਗੇ। ਭਿੰਡਰਾਂਵਾਲਾ ਇਹਨੂੰ ਗਾਂਧੀਵਾਦ ਦੱਸਦਾ ਸੀ ਤੇ ਕਹਿੰਦਾ ਸੀ ਕਿ ਸ਼ਾਂਤੀ ਦੇ ਰਾਹ ਦੇ ਸਿੱਖਾਂ ਲਈ ਕੋਈ ਸਿੱਟੇ ਨਹੀਂ ਨਿਕਲੇ। 'ਹੁਣ ਉਹਨਾਂ ਨੂੰ ਲੜਨਾ ਚਾਹੀਦਾ ਹੈ।'

ਇਕ ਇੰਟਰਵਿਊ ਵਿਚ ਮੈਂ ਭਿੰਡਰਾਂਵਾਲੇ ਨੂੰ ਪੁੱਛਿਆ ਕਿ ਉਹ ਲੜਾਈ ਦਾ ਹੋਕਾ ਕਿਉਂ ਦੇ ਰਿਹਾ ਹੈ, ਕੀ ਉਹਦਾ ਇਹ ਮਤਲਬ ਹੈ ਕਿ ਮੋਰਚਾ ਫੇਲ੍ਹ ਹੋ ਗਿਆ ਹੈ ਤੇ ਕੁਝ ਪ੍ਰਾਪਤ ਨਹੀਂ ਕਰ ਸਕਿਆ ? ਉਹਨੇ ਕਿਹਾ ਕਿ ਜਦੋਂ ਉਹ ਮੋਰਚੇ ਵਿਚ ਸ਼ਾਮਿਲ ਹੋਇਆ, ਉਹਦੇ ਮਨ ਵਿਚ ਦੋ ਗੱਲਾਂ ਸਨ, ਇਕ ਇਹ ਕਿ ਸਭਨਾਂ ਸਿੱਖਾਂ ਨੂੰ ਇਕੋ-ਇਕ ਪਲੇਟਫਾਰਮ ਉਤੇ ਇਕੱਠਾ ਕਰ ਦਿੱਤਾ ਜਾਵੇ ਤੇ ਉਹਨੂੰ ਨਿਸਚਾ ਸੀ ਕਿ ਇਹਦੀ ਪ੍ਰਾਪਤੀ ਉਹਨੇ ਕਰ ਲਈ ਹੈ, ਤੇ ਦੂਜੀ ਇਹ ਕਿ ਸਿੱਖਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਜਾਵੇ ਕਿ ਭਾਰਤ ਵਿਚ ਉਹ ਬਰਾਬਰ ਦੇ ਨਾਗਰਿਕ ਨਹੀਂ ਹਨ, ਉਹ ਭਾਵੇਂ ਦਿੱਲੀ, ਬੰਬਈ, ਕਲਕੱਤੇ ਜਾਂ ਮਦਰਾਸ ਵਿਚ ਰਹਿ ਰਹੇ ਹਨ, ਉਹਨਾਂ ਨੂੰ ਸ਼ਿਕਾਇਤ ਹੈ। ਉਹਨੇ ਕਿਹਾ ਕਿ ਅਗਲਾ ਪੜਾਉ ਵੱਖਰੀ ਦੇਸ਼ਭੂਮੀ ਦੀ ਪ੍ਰਾਪਤੀ ਹੋਵੇਗਾ ਤੇ ਇਹਦੇ ਲਈ ਸਿੱਖਾਂ ਨੂੰ ਲੜਨ ਲਈ ਤਿਆਰ ਹੋਣਾ ਚਾਹੀਦਾ ਹੈ।

ਸਿੱਖਾਂ ਦੇ ਓਪਰਿਆਏ ਜਾਣ (alienation) ਬਾਰੇ ਭਿੰਡਰਾਂਵਾਲੇ ਦਾ ਵਿਸ਼ਲੇਸ਼ਣ ਸਹੀ ਸੀ। ਅਕਾਲੀਆਂ ਦੀਆਂ ਮੰਗਾਂ ਤੇ ਮੋਰਚੇ ਨਾਲ ਹਕੂਮਤ ਨੇ ਜਿਸ ਕੁਚੱਜੀ ਤੇ ਕੁਢੰਗੀ ਤਰ੍ਹਾਂ ਨਿਪਟਣ ਦਾ ਜਤਨ ਕੀਤਾ, ਉਹਨੇ ਓਪਰਿਆਏ-ਜਾਣ ਦਾ ਇਹ ਜਜ਼ਬਾ ਪੈਦਾ ਕੀਤਾ ਸੀ। ਖ਼ਾਲਿਸਤਾਨ ਦੀ ਮੰਗ ਉਤੇ ਅਧਿਕਾਰੀਆਂ ਨੇ ਵੀ ਕੰਮ ਵਿਗਾੜਿਆ ਸੀ। ਜਦੋਂ ਪੰਜਾਬ ਵਿਚ ਸਿੱਖ ਦੇਸ਼ਭੂਮੀ, ਜਾਂ ਖ਼ਾਲਿਸਤਾਨ ਦਾ ਨਾਹਰਾ ਲੱਗਿਆ, ਪ੍ਰਧਾਨ ਮੰਤਰੀ ਨੇ ਮਾਰਚ, 1981 ਵਿਚ ਗ੍ਰਹਿ ਮੰਤਰਾਲੇ ਨੂੰ ਲਿਖਿਆ ਕਿ 'ਜਦ ਕਿ ਸਾਨੂੰ ਉਤੇਜਤ ਨਹੀਂ ਹੋਣਾ ਚਾਹੀਦਾ, ਸਾਵਧਾਨ ਹੋਣਾ ਤੇ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਇਹ (ਖ਼ਾਲਿਸਤਾਨ ਲਹਿਰ) ਵਧਦੀ ਫੁਲਦੀ ਨਹੀਂ।' ਫੇਰ ਅਪ੍ਰੈਲ 1981 ਵਿਚ ਉਹਨੇ ਹੁਕਮ ਦਿੱਤਾ, 'ਕੁਝ ਕਾਰਵਾਈ ਕੀਤੀ ਜਾਵੇ, ਪਰ ਗਹੁ-ਭਰੀ ਸੋਚ ਦੀ ਲੋੜ ਹੈ।'

ਉਸ ਸਮੇਂ ਦੇ ਗ੍ਰਹਿ ਮੰਤਰੀ ਜ਼ੈਲ ਸਿੰਘ ਨੇ ਹਿਦਾਇਤ ਦਿੱਤੀ : 'ਖ਼ਾਲਿਸਤਾਨ ਦੇ ਸਮਰਥਕਾਂ ਨੂੰ ਨਿਖੇੜਨ ਦਾ ਜਤਨ ਕੀਤਾ ਜਾਵੇ। ਦੋਹਾਂ ਨੇ ਹੀ ਸਾਵਧਾਨੀ ਵਰਤਣ ਦੀ ਲੋੜ ਉਤੇ ਜ਼ੋਰ ਦਿੱਤਾ ਤੇ ਜਾਪਦਾ ਹੈ ਦੋਹਾਂ ਨੇ ਹੀ ਸੁਝਾਇਆ ਕਿ ਕੀਤੀ ਜਾਣ ਵਾਲੀ ਕਾਰਵਾਈ ਅੱਤਵਾਦੀਆਂ ਤੇ ਹੋਰਨਾਂ ਵਿਚਕਾਰ ਫਰਕ ਕਰੇ। ਅਧਿਕਾਰੀਆਂ ਨੇ, ਖ਼ਾਸ ਤੌਰ 'ਤੇ ਪੰਜਾਬ ਵਿਚ ਇਸ ਤੋਂ ਬਿਲਕੁਲ ਉਲਟ ਕੀਤਾ, ਉਹਨਾ ਨੇ ਬਿਨਾਂ ਸੋਚੇ-ਸਮਝੇ ਤਾਕਤ ਦੀ ਵਰਤੋਂ ਕੀਤੀ ਜਦ ਕਿ ਜੁਗਤਕਾਰੀ ਤੇ ਸਬਰ ਨੇ

ਲਾਭ ਪ੍ਰਾਪਤ ਕਰਨਾ ਸੀ, ਤੇ ਉਹਨਾਂ ਵਲੋਂ ਹੋਏ ਇਸ ਧਿੰਙਾਣੇ ਨੇ ਸਭਨਾਂ ਗੈਰ-ਕਾਂਗਰਸ (ਆਈ) ਸਿੱਖਾਂ ਨੂੰ ਹਕੂਮਤ ਦੇ ਖ਼ਿਲਾਫ਼ ਮੁਤਹਿਦ ਕਰ ਦਿੱਤਾ।

ਮੋਰਚੇ ਨੂੰ ਲੋਕਾਂ ਵਲੋਂ ਭਰੇ ਗਏ ਹੁੰਗਾਰੇ ਨੇ ਤਾਂ ਖ਼ੁਦ ਅਕਾਲੀ ਆਗੂਆਂ ਨੂੰ ਵੀ ਹੈਰਾਨ ਕਰ ਦਿੱਤਾ। ਸ਼ੁਰੂ-ਸ਼ੁਰੂ ਵਿਚ ਉਹਨਾਂ ਨੂੰ ਇਸ ਹੁੰਗਾਰੇ ਬਾਰੇ ਯਕੀਨ ਨਹੀਂ ਸੀ ਸੋ ਜਦੋਂ ਲਗਭਗ 30000 ਲੋਕਾਂ ਨੇ ਢਾਈ ਮਹੀਨੇ ਦੇ ਅੰਦਰ-ਅੰਦਰ ਗ੍ਰਿਫ਼ਤਾਰੀ ਦੇ ਦਿੱਤੀ ਤੇ ਹੋਰ ਬਹੁਤ ਸਾਰੇ ਕਤਾਰ ਵਿਚ ਖੜੇ ਸਨ, ਅਕਾਲੀਆਂ ਨੂੰ ਖ਼ੁਸ਼ ਕਰ ਦਿੱਤਾ। ਇਹਨਾਂ ਮੰਗਾਂ ਨੇ ਸਮੁੱਚੀ ਸਿੱਖ ਕਮਿਊਨਿਟੀ, ਜਾਂ ਉਹਨਾਂ ਦੇ ਸ਼ਬਦਾਂ ਵਿਚ ਕੌਮ ਨੂੰ ਇਕਮਿਕ ਕਰ ਦਿੱਤਾ, ਪਰ ਕਈ ਥਾਂ ਹਿੰਸਾ ਹੋਈ ਤੇ ਛੇ ਆਦਮੀ ਮਰ ਗਏ (4 ਅਪ੍ਰੈਲ 1983)। ਹੁਣ ਭਿੰਡਰਾਂਵਾਲੇ ਦਾ ਰਥ ਰਿੜ੍ਹਦਾ ਜਾ ਰਿਹਾ ਸੀ ਤੇ ਇਹਦੇ 'ਤੇ ਹੋਰ ਹੋਰ ਸਿੱਖ ਚੜ੍ਹ ਰਹੇ ਸਨ। ਮਾਡਰੇਟ ਆਗੂ ਵਾਪਰਦੇ ਨੂੰ ਵੇਖ ਰਹੇ ਸਨ।

ਇਹਦਾ ਪਰਤੋ ਲੌਂਗੋਵਾਲ ਤੇ ਭਿੰਡਰਾਂਵਾਲੇ ਵਿਚਕਾਰ ਠੰਢਿਆਰ ਵਿਚ ਨਿਕਲਦਾ ਹੈ। ਲੌਂਗੋਵਾਲ ਮੋਰਚੇ ਨੂੰ ਅਹਿੰਸਕ ਰੱਖਣਾ ਚਾਹੁੰਦਾ ਸੀ, ਪਰ ਭਿੰਡਰਾਂਵਾਲਾ ਇਹਨੂੰ ਜੁਝਾਰ ਤਿਖ ਦੇਣ ਦਾ ਚਾਹਵਾਨ ਸੀ। ਲੌਂਗੋਵਾਲ ਲਈ ਹਿੰਦੂ-ਸਿੱਖ ਏਕਤਾ ਅਹਿਮ ਸੀ, ਪਰ ਭਿੰਡਰਾਂਵਾਲੇ ਲਈ ਇਹ ਏਕਤਾ ਸਿੱਖ ਸਰਬ-ਉਚਤਾ ਦੇ ਰਾਹ ਦੀ ਰੋਕ ਸੀ।

ਲੌਂਗੋਵਾਲ ਨੇ ਵਿਚਲਾ ਰਸਤਾ ਅਖ਼ਤਿਆਰ ਕੀਤਾ ਜਦੋਂ ਉਹ ਭਿੰਡਰਾਂਵਾਲੇ ਵਲੋਂ ਜ਼ੋਰ ਦੇਣ ਉਤੇ ਇਕ ਅਕਾਲੀ ਮਤੇ ਵਿਚੋਂ 'ਹਿੰਦੂ-ਸਿੱਖ ਏਕਤਾ' ਵਰਗੇ ਸ਼ਬਦ ਕੱਢਣਾ ਮੰਨ ਗਿਆ, ਪਰ ਦੋਵੇਂ ਇਕ ਦੂਜੇ ਬਾਰੇ ਜੋ ਸ਼ਬਦ ਵਰਤਦੇ ਉਹਨਾਂ ਤੋਂ ਉਹਨਾਂ ਦੇ ਵਿਚਾਰ ਤੇ ਪਹੁੰਚ ਵਿਚਲਾ ਫ਼ਰਕ ਸਪੱਸ਼ਟ ਹੋ ਜਾਂਦਾ, ਲੌਂਗੋਵਾਲ ਨੇ ਭਿੰਡਰਾਂਵਾਲੇ ਦੇ ਡੇਰੇ ਨੂੰ 'ਚੰਬਲ ਦੀ ਘਾਟੀ' ਦੱਸਿਆ ਅਤੇ ਭਿੰਡਰਾਂਵਾਲਾ, ਲੌਂਗੋਵਾਲ ਦੇ ਟਿਕਾਣੇ ਨੂੰ 'ਗਾਂਧੀ ਨਿਵਾਸ' ਆਖਦਾ।

ਲੌਂਗੋਵਾਲ ਵੇਖ ਸਕਦਾ ਸੀ ਉਹਦੇ ਅਨੁਆਈਆਂ ਨੂੰ ਭਿੰਡਰਾਂਵਾਲਾ ਆਪਣੇ ਵੱਲ ਖਿੱਚ ਰਿਹਾ ਹੈ ਜਿਹੜਾ ਦਾਅਵੇ ਨਾਲ ਕਹਿੰਦਾ ਸੀ : ਹਿੰਦੂ ਸਾਨੂੰ ਗ਼ੁਲਾਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਨਵੀਂ ਦਿੱਲੀ ਦੇ ਹਿੰਦੂ ਸਾਮਰਾਜੀ ਹਾਕਮਾਂ ਦੇ ਅਧੀਨ ਸਿੱਖਾਂ ਵਿਰੁਧ ਉਪੱਦਰ ਦਿਨੋ-ਦਿਨ ਵਧ ਰਹੇ ਹਨ, ਸਿੱਖਾਂ ਨੇ ਏਡੀ ਨਿਰਾਦਰੀ ਅੱਗੇ ਕਦੇ ਮਹਿਸੂਸ ਨਹੀਂ ਕੀਤੀ, ਮੁਗ਼ਲ ਬਾਦਸ਼ਾਹਾਂ ਤੇ ਅੰਗਰੇਜ਼ ਬਸਤੀਵਾਦੀਆਂ ਦੇ ਰਾਜ-ਕਾਲ ਵਿਚ ਵੀ ਨਹੀਂ। ਸਿੱਖ ਭਲਾ ਕਦੋਂ ਤਕ ਇਸ ਅਨਿਆਂ ਨੂੰ ਸਹਿੰਦੇ ਰਹਿਣਗੇ ?

ਲੌਂਗੋਵਾਲ ਅਜੇ ਵੀ ਸਮਝਦਾ ਸੀ, ਜਿਵੇਂ ਕਿ ਉਹਨੇ ਇਕ ਇੰਟਰਵਿਊ ਵਿਚ ਮੈਨੂੰ ਦੱਸਿਆ ਕਿ ਜੇ ਸਰਕਾਰ ਉਹਨਾਂ ਦੀਆਂ ਮੰਗਾਂ ਪ੍ਰਵਾਨ ਕਰ ਲਵੇ ਤਾਂ ਉਹ ਅਜੇ ਵੀ ਸਿੱਖ ਰਾਏ ਨੂੰ ਸਹੀ ਰਾਹ 'ਤੇ ਲਿਆ ਸਕਦਾ ਹੈ, ਇਸ ਸੂਰਤ ਵਿਚ ਉਹ ਕੌਮ ਪਾਸ ਕੋਈ ਪ੍ਰਾਪਤੀ ਲੈ ਕੇ ਜਾ ਸਕੇਗਾ, ਪਰ ਜਿਵੇਂ ਕਿ ਹਾਲਾਤ ਸਨ, ਸਿੱਖਾਂ ਨੂੰ ਯਕੀਨ ਹੋ ਚੁਕਿਆ ਸੀ ਕਿ ਹਕੂਮਤ ਉਹਨਾਂ ਨੂੰ ਚੰਡੀਗੜ੍ਹ ਨਹੀਂ ਦੇਵੇਗੀ (ਹਿੰਦੂ ਇਸ ਸ਼ਹਿਰ ਦੀ ਵਸੋਂ ਦਾ 70 ਫੀਸਦੀ ਤੋਂ ਉਪਰ ਹਨ)। ਲੌਂਗੋਵਾਲ ਆਪਣੇ ਇਸ ਵਿਸ਼ਵਾਸ ਵਿਚ ਬਹੁਤ ਪੱਕਾ ਸੀ ਕਿ ਭਿੰਡਰਾਂਵਾਲਾ ਹਕੂਮਤ ਦਾ ਹੀ ਹੱਥਠੋਕਾ ਹੈ ਤੇ ਆਪਣੇ ਇਸ ਵਿਚਾਰ ਦੇ ਹੱਕ ਵਿਚ ਅਮਰੀਕ ਸਿੰਘ ਤੇ ਥਾਰਾ ਸਿੰਘ ਦੀ ਰਿਹਾਈ ਦੀ ਮਿਸਾਲ ਦਿੱਤੀ। ਯਾਦ ਰਹੇ, ਇਹ ਉਹ ਦੋ ਆਦਮੀ ਸਨ ਜਿਨ੍ਹਾਂ ਦੀ ਗ੍ਰਿਫ਼ਤਾਰੀ ਵਿਰੁਧ ਭਿੰਡਰਾਂਵਾਲੇ ਨੇ ਆਪਣਾ ਮੋਰਚਾ ਲਾਇਆ

ਸੀ। (ਅਮਰੀਕ ਸਿੰਘ ਨੇ ਰਿਹਾਈ ਪਿਛੋਂ ਗੋਲਡਨ ਟੈਂਪਲ ਵਿਚ ਪਨਾਹ ਲਈ)।

ਜਦੋਂ ਲੌਂਗੋਵਾਲ ਸ਼ਹੀਦੀ ਜੱਥੇ ਨੂੰ ਸਹੁੰ ਚੁਕਵਾਂਦਾ ਕਿ ਉਹ ਅਕਾਲੀ ਦਲ ਦੇ ਪ੍ਰਧਾਨ ਲੌਂਗੋਵਾਲ ਦੀਆਂ ਹਿਦਾਇਤਾਂ ਉਤੇ ਚਲਣਗੇ, ਤਾਂ ਲੌਂਗੋਵਾਲ ਤੇ ਭਿੰਡਰਾਂਵਾਲੇ ਵਿਚਕਾਰ ਮਿੱਤਰਭਾਵਨਾ ਜਾਪਦੀ। ਭਿੰਡਰਾਂਵਾਲੇ ਨੇ ਵੀ 13 ਅਪ੍ਰੈਲ 1983 ਨੂੰ ਵਫ਼ਾਦਾਰੀ ਦੀ ਸਹੁੰ ਚੁਕੀ, ਪਰ ਇਹ ਏਕਾ, ਜਾਂ ਇਹਨੂੰ ਯੁੱਧ-ਵਿਰਾਮ ਕਹਿ ਲਵੋ, ਬਹੁਤ ਚਿਰ ਕਾਇਮ ਨਾ ਰਿਹਾ। ਭਿੰਡਰਾਂਵਾਲੇ ਦੇ ਆਦਮੀਆਂ ਹੱਥੋਂ ਹੁੰਦੇ ਕਤਲਾਂ ਉਤੇ ਦੋਹਾਂ ਦੀ ਝੜਪ ਹੋਈ।

ਅਗਸਤ 1983 ਵਿਚ ਲੌਂਗੋਵਾਲ ਨੇ ਨਿਰਦੋਸ਼ ਤੇ ਸ਼ਸਤਰਹੀਣ ਲੋਕਾਂ ਦੇ ਕਤਲਾਂ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਸਿੱਖ ਧਰਮ ਦੇ ਅਸੂਲਾਂ ਦੇ ਵਿਰੁਧ ਦੱਸਿਆ। ਸਾਪੇਖਕ ਤੌਰ 'ਤੇ ਇਕ ਗੁਮਨਾਮ ਗਰੁੱਪ, ਅਕਾਲ ਫੈਡਰੇਸ਼ਨ, ਨੇ ਜਿਹਡਾ ਅਕਾਲ ਤਖ਼ਤ ਦੇ ਗੌਰਵ ਦੀ ਰੱਖਿਆ ਲਈ ਕਾਇਮ ਕੀਤਾ ਗਿਆ, ਤਖ਼ਤ ਸਾਹਮਣੇ ਸ਼ਿਕਾਇਤ ਰੱਖੀ ਕਿ ਲੌਂਗੋਵਾਲ ਦਾ ਬਿਆਨ ਸਿੱਖਾਂ ਦੀਆਂ ਰਵਾਇਤਾਂ ਦੇ ਖ਼ਿਲਾਫ਼ ਹੈ। ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਅਕਾਲ ਫੈਡਰੇਸ਼ਨ ਦੀ ਹਿਮਾਇਤ ਕੀਤੀ ਤੇ ਇਵੇਂ ਹੀ ਭਿੰਡਰਾਂਵਾਲੇ ਨੇ ਵੀ ਇਸ ਸ਼ਿਕਾਇਤ ਦੀ ਹਿਮਾਇਤ ਕੀਤੀ, ਪਰ ਅਕਾਲ ਤਖ਼ਤ ਦੇ ਜੱਥੇਦਾਰ ਨੇ ਲੌਂਗੋਵਾਲ ਨੂੰ ਦੋਸ਼-ਮੁਕਤ ਕੀਤਾ।

ਭਿੰਡਰਾਂਵਾਲੇ ਨੇ ਲੌਂਗੋਵਾਲ ਨੂੰ ਛੁਟਿਆਉਣ ਲਈ ਆਪਣੀ ਚਾਲ ਚੱਲੀ ਅਤੇ ਮੋਰਚੇ ਉਤੇ ਨਜ਼ਰਸਾਨੀ ਲਈ ਸੁਹਿਰਦ ਸਿੱਖਾਂ ਦੀ ਕਨਵੈਨਸ਼ਨ ਬੁਲਾਈ (3-4 ਸਤੰਬਰ)। ਲੌਂਗੋਵਾਲ ਨੇ ਇਸ 'ਤੇ ਇਤਰਾਜ਼ ਕੀਤਾ ਅਤੇ ਆਖਿਆ ਕਿ ਸਿਰਫ਼ ਮੋਰਚਾ ਡਿਕਟੇਟਰ ਹੀ ਅਜਿਹੀ ਮੀਟਿੰਗ ਬੁਲਾ ਸਕਦਾ ਹੈ, ਪਰ ਭਿੰਡਰਾਂਵਾਲੇ ਦੇ ਸਮਰਥਕ ਲੌਂਗੋਵਾਲ ਤੇ ਦੂਜੇ ਅਕਾਲੀ ਲੀਡਰਾਂ ਉਤੇ 'ਮੋਰਚੇ ਦੇ ਢਿੱਲੀ ਤਰ੍ਹਾਂ ਚਲਣ' ਲਈ ਨੁਕਤਾਚੀਨੀ ਕਰਦੇ ਰਹੇ। 29 ਅਗਸਤ ਨੂੰ ਲੌਂਗੋਵਾਲ ਨੇ ਕਾਮ ਰੋਕੋ ਦਾ ਸੱਦਾ ਦਿੱਤਾ ਤੇ ਇਹ ਸਫਲ ਰਿਹਾ ਅਤੇ ਸਰਕਾਰੀ ਦਫ਼ਤਰਾਂ ਤੇ ਕਾਰੋਬਾਰਾਂ ਵਿਚ ਕੰਮ ਅਸਲੋਂ ਹੀ ਬੰਦ ਰਿਹਾ, ਪਰ 'ਸੁਹਰਿਦ ਸਿੱਖ' ਨਹੀਂ ਸੀ ਸਮਝਦੇ ਕਿ ਅਮਨ-ਭਰੇ ਢੰਗਾਂ ਦੇ ਕੋਈ ਸਿੱਟੇ ਨਿਕਲ ਰਹੇ ਹਨ।

ਲੌਂਗੋਵਾਲ ਤੇ ਭਿੰਡਰਾਂਵਾਲੇ ਵਿਚਕਾਰ ਮਤਭੇਦ ਏਡੇ ਖੁਲ੍ਹਮ-ਖੁਲ੍ਹਾ ਸਨ ਕਿ ਸਿੱਖ ਸਰਗਰਮ ਕਾਰਕੁਨ ਲੌਂਗੋਵਾਲ-ਪੱਖੀ ਤੇ ਭਿੰਡਰਾਂਵਾਲੇ-ਪੱਖੀ ਗਰੁੱਪਾਂ ਵਿਚ ਵੰਡੇ ਗਏ ਸਨ। ਟੌਹੜਾ ਨੇ ਦੋਹਾਂ ਨੂੰ 5 ਸਤੰਬਰ ਨੂੰ ਆਪਣੇ ਦਫ਼ਤਰ ਵਿਚ ਮਿਲਾਇਆ, ਪਰ ਸਮਝੌਤੇ ਦੀ ਕੋਈ ਆਸ ਨਜ਼ਰ ਨਹੀਂ ਸੀ ਆਉਂਦੀ। ਲੌਂਗੋਵਾਲ ਲਈ ਅਹਿੰਸਾ ਧਰਮ ਦਾ ਮਾਮਲਾ ਸੀ, ਭਿੰਡਰਾਂਵਾਲੇ ਲਈ ਇਹ ਇਕ ਲੱਫਾਜ਼ੀ ਹੀ ਸੀ ਤੇ ਇਹਦਾ ਸਮਾਂ ਵਿਹਾ ਚੁਕਿਆ ਸੀ।

ਲੌਂਗੋਵਾਲ ਨਿਰਦੋਸ਼ ਹਿੰਦੂਆਂ ਦੇ ਕਤਲਾਂ ਦੇ ਵਿਰੁਧ ਸੀ, ਭਿੰਡਰਾਂਵਾਲਾ ਲਈ ਇਹ ਇਕੋ-ਇਕ ਰਾਹ ਸੀ, ਜਿਸ ਨਾਲ ਉਹ ਇਕ ਪਾਸੇ ਤਾਂ ਧਿਆਨ ਖਿੱਚ ਸਕਦਾ ਸੀ ਤੇ ਦੂਜੇ ਪਾਸੇ ਪੰਜਾਬ 'ਚੋਂ ਹਿੰਦੂਆਂ ਨੂੰ ਡਰਾ ਕੇ ਭਜਾ ਸਕਦਾ ਸੀ। ਦੋ ਘੰਟੇ ਗੱਲਬਾਤ ਹੁੰਦੀ ਰਹੀ, ਪਰ ਉਹ ਇਕ ਦੂਜੇ ਤੋਂ ਓਡੇ ਹੀ ਦੂਰ ਰਹੇ ਜਿਡੇ ਮੀਟਿੰਗ ਤੋਂ ਪਹਿਲਾਂ ਸਨ, ਉਹ ਮੁੜ ਕਦੇ ਨਹੀਂ ਮਿਲੇ, ਉਂਜ ਭਾਵੇਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦੋਹਾਂ ਨੂੰ ਮੁੜ ਇਕ ਕਨਵੈਨਸ਼ਨ ਵਿਚ ਇਕੱਠਾ ਕੀਤਾ (20 ਸਤੰਬਰ)। ਭਿੰਡਰਾਂਵਾਲੇ ਨੂੰ ਅਖ਼ੀਰ 'ਤੇ ਬੋਲਣ ਦਾ ਮਾਣ ਦਿੱਤਾ ਗਿਆ। ਇਹਨੇ ਲੌਂਗੋਵਾਲ

ਨੂੰ ਹੋਰ ਗੁੱਸਾ ਚੜ੍ਹਾਇਆ। ਜਿਥੇ ਲੌਂਗੋਵਾਲ ਦੀ ਤਕਰੀਰ ਸਾਧਾਰਨ ਤੇ ਵਿਆਪਕ ਗੱਲਾਂ ਵਾਲੀ ਸੀ ਉਥੇ ਭਿੰਡਰਾਂਵਾਲੇ ਦੀ ਤਕਰੀਰ ਅਭਿਮਾਨੀ ਤੌਰ 'ਤੇ ਚੈਲੰਜ ਕਰਨ ਵਾਲੀ ਸੀ। 'ਮੈਂ ਸਭ ਤੋਂ ਬਹੁਤਾ ਲੋਕ-ਪ੍ਰਿਆ ਸਿੱਖ ਲੀਡਰ ਹਾਂ ਕਿ ਨਹੀਂ ? ਮੇਰੇ ਬਾਰੇ ਦਿੱਲੀ ਵਿਚ ਲੋਕ ਕੀ ਕਹਿੰਦੇ ਹਨ ? ਕੀ ਹਿੰਦੂ ਮੈਨੂੰ ਅੱਤਵਾਦੀ ਨਹੀਂ ਕਹਿੰਦੇ ?' ਉਹਨੂੰ ਉੱਤਰਾਂ ਦਾ ਪਤਾ ਸੀ ਤੇ ਹਾਰੀ ਸਾਰੀ ਨੂੰ ਹੀ ਇਹਦਾ ਪਤਾ ਸੀ।

'ਮੈਂ ਹਰ ਰੋਜ਼ ਅਖ਼ਬਾਰ ਪੜ੍ਹਦਾ ਹਾਂ....' ਉਹਨੇ ਕਿਹਾ। ਭਿੰਡਰਾਂਵਾਲਾ ਅਕਸਰ ਆਖਦਾ, 'ਸ਼ਸਤਰਬਧ ਹੋਣਾ ਹਰ ਸਿੱਖ ਦਾ ਜਨਮ ਅਧਿਕਾਰ ਹੈ....ਸ਼ਸਤਰ ਤੋਂ ਬਿਨਾਂ ਸਿੱਖ ਨੰਗਾ ਹੈ, ਜ਼ਿਬਾਹ ਹੋਣ ਲਈ ਲਿਜਾਏ ਜਾਂਦੇ ਲੇਲੇ ਵਰਗਾ।' ਉਹ ਅਕਸਰ ਸ਼੍ਰੀਮਤੀ ਗਾਂਧੀ 'ਤੇ ਹਮਲੇ ਕਰਦਾ— 'ਇੰਦਰਾ ਗਾਂਧੀ ਬਹੁਤ ਹੁਸ਼ਿਆਰ ਤੀਵੀਂ ਹੈ, ਉਹ ਦੂਹਰੇ ਮਾਨਦੰਡ ਵਰਤਦੀ ਹੈ, ਉਹ ਜਾਂ ਤਾਂ ਸਭਨਾਂ ਸਿੱਖਾਂ ਨੂੰ ਮਾਰ ਮੁਕਾਉਣਾ ਚਾਹੁੰਦੀ ਹੈ ਜਾਂ ਉਹਨਾਂ ਤੋਂ ਆਪਣੀਆਂ ਚਪਲਾਂ ਚਟਵਾਣਾ ਚਾਹੁੰਦੀ ਹੈ।.... ਬ੍ਰਾਹਮਣ ਪਰਿਵਾਰ ਦੀ ਜੰਮ-ਪਲ ਹੋਣ ਕਰਕੇ ਭਲਾ ਸ਼੍ਰੀਮਤੀ ਗਾਂਧੀ ਸਿੱਖਾਂ ਦੇ ਮਸਲਿਆਂ ਨੂੰ ਕਿਵੇਂ ਜਾਣ-ਸਮਝ ਸਕਦੀ ਹੈ ? ਉਹਨੂੰ ਹੋਰ ਕਿਸੇ ਵੀ ਗੱਲ ਨਾਲੋਂ ਬਹੁਤੀ ਫ਼ਿਕਰ ਆਪਣਾ ਖ਼ਾਨਦਾਨੀ ਰਾਜ ਕਾਇਮ ਕਰਨ ਬਾਰੇ ਹੀ ਹੈ....।'

ਭਿੰਡਰਾਂਵਾਲੇ ਦੀ ਸਾਖ, ਖ਼ਾਸ ਤੌਰ 'ਤੇ ਸਿੱਖ ਨੌਜਵਾਨਾਂ ਵਿਚ ਚੜ੍ਹਤ 'ਤੇ ਸੀ, ਜੀਹਦੇ ਰੂਪ ਵਿਚ ਉਹਨਾਂ ਨੂੰ ਇਕ ਹੀਰੋ ਨਜ਼ਰ ਆਇਆ, ਜਿਹੜਾ ਉਹਨਾਂ ਨੂੰ ਹਥਿਆਰ ਚੁਕਣ ਦਾ ਸੱਦਾ ਦੇ ਰਿਹਾ ਸੀ ਤੇ ਉਹਦੀ ਚੜ੍ਹਤ ਨੂੰ ਵੇਖ ਕੇ, ਲੌਂਗੋਵਾਲ ਕੈਂਪ ਦੇ ਕਈ ਆਗੂ ਭਿੰਡਰਾਂਵਾਲੇ ਦੇ ਦਰਸ਼ਨਾਂ ਨੂੰ ਆਉਣ ਲਗੇ, ਤੇ ਉਹ ਜਿਨ੍ਹਾਂ ਨੇ ਬੀਤੇ ਵਿਚ ਆਪਣੀ ਗੱਲ ਜ਼ੋਰ ਨਾਲ ਨਹੀਂ ਸੀ ਆਖੀ, ਹੁਣ ਉਹਨਾਂ ਦਾ ਵਤੀਰਾ ਬਦਲ ਗਿਆ ਦਿੱਸਿਆ। ਸਰਕਾਰ ਉਹਨਾਂ ਦੀਆਂ ਘੱਟੋ-ਘੱਟ ਕੁਝ ਮੰਗਾਂ ਮੰਨ ਕੇ ਉਹਨਾਂ ਨੂੰ ਜਿੱਤ ਸਕਦੀ ਸੀ। ਉਹਨਾਂ ਵਿਚੋਂ ਕੁਝ ਨੇ ਤਾਂ ਨਵੀਂ ਦਿੱਲੀ ਨੂੰ ਸੁਨੇਹਾ ਵੀ ਭੇਜਿਆ ਕਿ ਉਹ ਭਿੰਡਰਾਂਵਾਲੇ ਨੂੰ ਗੋਲਡਨ ਕਾਂਪਲੈਕਸ ਵਿਚੋਂ ਬਾਹਰ ਕੱਢ ਦੇਣਗੇ ਜੇਕਰ ਉਹਨਾਂ ਦੀਆਂ ਮੰਗਾਂ ਮੰਨ ਕੇ ਉਹਨਾਂ ਦੇ ਹੱਥ ਮਜ਼ਬੂਤ ਕਰ ਦਿੱਤੇ ਜਾਣ, ਪਰ ਉਹਨਾਂ ਨੂੰ ਕੋਈ ਹੁੰਗਾਰਾ ਨਾ ਭਰਿਆ ਗਿਆ।

ਪੰਜਾਬ ਉਤੇ ਡਰ ਛਾ ਗਿਆ। ਗੋਲਡਨ ਟੈਂਪਲ ਵਿਚ, ਜਿਥੇ ਉਹਨਾਂ ਵਿਚੋਂ ਅਨੇਕਾਂ ਪੂਜਾ ਕਰਨ ਜਾਂਦੇ ਸਨ, ਹਿੰਦੂ ਨਫ਼ਰਤ ਦਾ ਪ੍ਰਚਾਰ ਹੁੰਦਾ ਵੇਖ ਕੇ ਹੈਰਾਨ ਰਹਿ ਗਏ, ਬਹੁਤਿਆਂ ਨੇ ਤਾਂ ਵਪਾਰ ਸਾਹਿਬ ਜਾਣਾ ਹੀ ਛੱਡ ਦਿੱਤਾ, ਕਿਉਂਜ਼ ਉਹ ਡਰਨ ਲੱਗ ਪਏ ਸਨ। ਹਿੰਦੂ ਮੁਖ ਤੌਰ 'ਤੇ ਨਵੀਂ ਦਿੱਲੀ ਤੇ ਕਾਂਗਰਸ (ਆਈ) ਵੱਲ ਸੁਰਖਿਆ ਲਈ ਵੇਖਣ ਲੱਗੇ, ਭਾਵੇਂ ਉਹ ਮਹਿਸੂਸ ਕਰਦੇ ਸਨ ਕਿ ਸ਼੍ਰੀਮਤੀ ਇੰਦਰਾ ਗਾਂਧੀ ਅੱਤਵਾਦੀਆਂ ਵਿਰੁਧ ਇਸ ਕਰਕੇ ਕੋਈ ਕਾਰਵਾਈ ਨਹੀਂ ਕਰ ਰਹੀ, ਕਿਉਂਜ਼ ਉਹਦੀ ਪਾਰਟੀ ਦੀ ਭਿੰਡਰਾਂਵਾਲੇ ਨਾਲ 'ਸਾਜ਼-ਬਾਜ਼' ਹੈ ਅਤੇ ਇਸ ਕਰਕੇ ਵੀ ਕਿਉਂਜ਼ ਉਹ ਇਸ ਵਤੀਰੇ ਨੂੰ ਉਹਦੀ ਰਾਜਨੀਤੀ ਸਮਝਦੇ ਸਨ।

ਸਿੱਖਾਂ ਨਾਲ ਨਿਜੀ ਸੰਬੰਧ, ਭਾਵੇਂ ਰਸਮੀ ਹੀ ਸਨ, ਜਾਰੀ ਰਹੇ ਅਤੇ ਜੀਵਨ ਇਸ ਅਰਥ ਵਿਚ ਨਾਰਮਲ ਸੀ ਕਿ ਹਿੰਦੂ ਉਹਨਾਂ ਨਾਲ ਕਾਰੋਬਾਰ ਕਰਦੇ ਸਨ, ਪਰ ਉਹ ਖਿਚਾਉ ਨੂੰ ਮਹਿਸੂਸ ਕਰ ਸਕਦੇ ਸਨ। ਕਹਿੰਦੇ ਸਨ ਕਿ ਹਿਟ-ਲਿਸਟ ਬਣਾ ਲਈ ਗਈ ਹੋਈ ਹੈ ਤੇ ਜਿਹੜੇ ਹਿੰਦੂਆਂ ਬਾਰੇ ਰਿਪੋਰਟ ਸੀ ਕਿ ਇਸ ਲਿਸਟ ਉਤੇ ਉਹਨਾਂ ਦੇ ਨਾਂ ਹਨ, ਉਹਨਾਂ ਨੇ ਆਪਣੇ ਬਚਾਉ ਲਈ ਜੋ ਕਰ

ਸਕਦੇ ਸਨ ਕੀਤਾ। ਇਸ ਬਾਰੇ ਬਾਕਾਇਦਾ ਤੌਰ 'ਤੇ ਖ਼ਬਰਾਂ ਆਉਂਦੀਆਂ, ਅੱਜ ਕਿਸੇ ਨੂੰ ਇਥੇ ਮਾਰ ਦਿੱਤਾ ਗਿਆ ਹੈ ਤੇ ਕੱਲ੍ਹ ਉਥੇ ਅਤੇ ਅਕਸਰ ਭਿੰਡਰਾਂਵਾਲੇ ਦੇ ਆਦਮੀ ਇਹਨਾਂ ਕਤਲਾਂ ਲਈ ਜ਼ਿੰਮੇਵਾਰ ਹੋਣ ਦਾ ਦਾਅਵਾ ਕਰਦੇ।

ਇਹ ਸਮਾਂ ਸੀ ਜਦੋਂ ਪੰਜਾਬੋਂ ਬਾਹਰਲੇ ਸਿੱਖ ਦਖ਼ਲ ਦੇ ਸਕਦੇ ਸਨ, ਘੱਟੋ-ਘੱਟ ਇਹਨਾਂ ਕਤਲਾਂ ਦੀ ਨਿਖੇਧੀ ਵਿਚ ਬਿਆਨ ਜਾਰੀ ਕਰ ਸਕਦੇ ਸਨ। ਲੌਂਗੋਵਾਲ ਆਖਦਾ ਕਿ 'ਉਹ (ਭਾਵ ਭਿੰਡਰਾਂਵਾਲਾ) ਇਹ ਨਹੀਂ ਸਮਝਦਾ ਕਿ ਭਾਰਤ ਭਰ ਦੇ ਸਿੱਖ ਅਸੁਰਖਿਅਤ ਹਨ। ਫ਼ਰਜ਼ ਕਰੋ, ਬਦਲੇ ਦੀ ਕਾਰਵਾਈ ਸ਼ੁਰੂ ਹੋ ਜਾਵੇ ਤਾਂ ?'

ਅਸਲ ਵਿਚ ਹੁਣ ਵੀ ਗ੍ਰਿਫ਼ਤ ਵਿਚ ਨਹੀਂ ਸੀ ਰਿਹਾ ਅਕਾਲੀ ਦਲ ਦੀ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਹਿਰਲੇ ਲੜਾਕਾਪਨ ਦਾ ਵਿਖਾਲਾ ਕਰਨ ਲੱਗੀ। ਉਹਦੇ ਸਰਗਰਮ ਕਾਰਕੁਨ ਮੁਖ ਸਾਬੋਤਾਜੀਏ ਨਿਕਲੇ। ਇਹਦਾ ਜਨਰਲ ਸਕੱਤਰ, ਹਰਮਿੰਦਰ ਸਿੰਘ ਸੰਧੂ, ਜਿਹੜਾ ਭਿੰਡਰਾਂਵਾਲੇ ਦਾ ਨਿਕਟ-ਵਰਤੀ ਸੀ, ਗਾਈਡਿੰਗ ਸਪਿਰਟ ਸੀ। ਕਈ ਜਣੇ ਬੰਬਾਂ ਤੇ ਵਿਸਫੋਟਕਾਂ ਦੇ ਧਮਾਕਿਆਂ ਲਈ ਜ਼ਿੰਮੇਵਾਰ ਸਨ ਜਿਹੜੇ ਕਈ ਬੰਦਿਆਂ ਦੇ ਕਤਲ ਤੇ ਅਨੇਕਾਂ ਨੂੰ ਜ਼ਖ਼ਮੀ ਕਰਨ ਦਾ ਕਾਰਨ ਬਣੇ।

ਦਲ ਖ਼ਾਲਸੇ ਦੀਆਂ ਵੀ ਦੰਦੀਆਂ ਨਿਕਲ ਰਹੀਆਂ ਸਨ। ਇਹਦੇ ਕਾਰਕੁਨ ਚੰਡੀਗੜ੍ਹ ਵਿਖੇ ਅਮਰੀਕੀ ਨੈਸ਼ਨਲ ਗੰਗਾ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ। ਚੀਫ਼ ਖ਼ਾਲਸਾ ਦੀਵਾਨ ਵਲੋਂ ਬੁਲਾਈ 54ਵੀਂ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੇ ਸਮਾਗਮ ਵਿਚ ਸ਼ਾਮਿਲ ਹੋਏ। ਇਸ ਕਾਨਫ਼ਰੰਸ ਵਲੋਂ ਪਾਸ ਕੀਤੇ ਗਏ ਮਤੇ ਵਿਚ ਮੰਗ ਕੀਤੀ ਗਈ ਕਿ ਸਿੱਖਾਂ ਨੂੰ ਸੰਯੁਕਤ ਰਾਸ਼ਟਰ ਮੈਂਬਰਸ਼ਿਪ ਦਿੱਤੀ ਜਾਵੇ ਅਤੇ ਇਹ ਵੀ ਐਲਾਨ ਕੀਤਾ ਗਿਆ ਕਿ ਸਿੱਖ ਇਕ ਵੱਖਰੀ ਕੌਮ ਹਨ।

ਦੂਜੇ ਪਾਸੇ, ਅਨੇਕਾਂ ਹਿੰਦੂਆਂ ਨੇ ਤਰਸ਼ੂਲ ਤੇ ਲਾਠੀਆਂ ਖ਼ਰੀਦੀਆਂ, ਹਿੰਦੂ ਸੁਰਖਿਆ ਸੰਮਤੀ ਵਰਗੀਆਂ ਕਈ ਜਥੇਬੰਦੀਆਂ ਹਿੰਦੂਆਂ ਦੀ ਰਾਖੀ ਲਈ ਬਣ ਗਈਆਂ ਅਤੇ ਪਟਿਆਲੇ ਵਿਚ ਇਕ ਗੁਮਨਾਮ ਹਿੰਦੂ, ਪਵਨ ਕੁਮਾਰ ਨੇ ਜਿਵੇਂ ਕਿ ਹੋਰਨਾਂ ਕਈਆਂ ਨੇ ਹਿੰਦੂ-ਪੱਖੀ ਮੁਜ਼ਾਹਰੇ ਕਰਕੇ ਨਾਮਣਾ ਖੱਟਿਆ, ਪਰ ਰਾਸ਼ਟਰ ਸਵੈਮ ਸਿੰਘ (ਆਰ.ਐਸ.ਐਸ.) ਇਸ ਝਗੜੇ ਤੋਂ ਅੱਡ ਰਿਹਾ, ਕਿਉਂਜੁ ਉਹਨਾਂ ਦੇ ਮੁਖੀ ਬਾਲਾ ਸਾਹਿਬ ਦਿਓਰਸ ਨੇ ਆਪਣੇ ਵਰਕਰਾਂ ਨੂੰ ਦੱਸਿਆ ਕਿ ਸਿੱਖ ਵੀ ਹਿੰਦੂਆਂ ਦਾ ਹੀ ਅੰਗ ਹਨ ਅਤੇ ਉਹਨਾਂ ਨੂੰ ਨੁਕਸਾਨ ਪੁਚਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਜੁ ਉਹਨਾਂ ਨੂੰ ਹਾਨੀ ਪਹੁੰਚਾਉਣੀ ਹਿੰਦੂਆਂ ਨੂੰ ਹੀ ਹਾਨੀ ਪਹੁੰਚਾਉਣੀ ਦੇ ਬਰਾਬਰ ਹੋਵੇਗੀ।

ਪੰਜਾਬ ਦੀ ਆਰਥਿਕਤਾ ਨੂੰ ਹਾਨੀ ਪੁੱਜੀ, ਕਾਰੋਬਾਰ ਛੇਤੀ ਹੀ ਘਟ ਗਿਆ ਅਤੇ ਰਾਜ ਤੋਂ ਬਾਹਰਲੇ ਖ਼ਰੀਦਾਰਾਂ ਤੇ ਸਪਲਾਇਰਾਂ ਨੇ ਅਮਲੀ ਤੌਰ 'ਤੇ ਪੰਜਾਬ ਆਉਣਾ ਬੰਦ ਕਰ ਦਿੱਤਾ। ਇਹਦਾ ਅਸਰ ਪੈਦਾਵਾਰ 'ਤੇ ਪਿਆ, ਜੋ ਘਟ ਕੇ ਅੱਧੀ ਰਹਿ ਗਈ। ਬੇਕਾਰਾਂ ਦੀ ਗਿਣਤੀ ਵਧ ਗਈ ਅਤੇ ਦੇਸ਼ ਦੇ ਅੱਤ ਖ਼ੁਸ਼ਹਾਲ ਰਾਜ ਵਿਚ ਜੀਵਨ-ਹਾਲਤਾਂ ਦੀ ਅਵੁਨਤੀ ਹੋਣ ਲੱਗੀ। ਕਈ ਸਨਅਤੀ ਯੂਨਿਟਾਂ ਦੀ ਪੈਦਾਵਾਰ ਦੋ ਸਾਲ ਪਹਿਲਾਂ ਦੇ ਮੁਕਾਬਲੇ ਉਤੇ 40 ਫੀਸਦੀ ਹੀ ਰਹਿ ਗਈ। ਨਕਦ ਭੁਗਤਾਨ ਵਿਚ ਕਮੀ ਨੇ ਵੀ ਸਨਅਤ ਨੂੰ ਹਾਨੀ ਪੁਚਾਈ, ਕਿਉਂਜੁ ਸਪਲਾਇਰਾਂ ਨੇ ਕਰੈਡਿਟ ਦੇਣਾ ਬੰਦ ਕਰ ਦਿੱਤਾ ਤੇ ਖ਼ਰੀਦਾਰ ਅਦਾਇਗੀ ਤੋਂ ਪਹਿਲਾਂ ਮਾਲ ਦੀ ਅਸਲੋਂ ਹੀ ਡਲਿਵਰੀ ਹੋਈ ਚਾਹੁੰਦੇ ਸਨ।

ਕਤਲ, ਡਾਕੇ ਤੇ ਧਾੜੇ ਆਮ ਹੋ ਗਏ। 17 ਅਪ੍ਰੈਲ ਨੂੰ ਨਿਰੰਕਾਰੀ ਕਤਲ ਕੇਸ ਦੇ ਇਕ ਗਵਾਹ ਨੂੰ ਜਲੰਧਰ ਵਿਚ ਗੋਲੀ ਮਾਰ ਦਿੱਤੀ ਗਈ। 18 ਅਪ੍ਰੈਲ ਨੂੰ ਇਕ ਨਿਰੰਕਾਰੀ ਗੰਭੀਰ ਤਰ੍ਹਾਂ ਜ਼ਖ਼ਮੀ ਹੋ ਗਿਆ। 20 ਅਪ੍ਰੈਲ ਨੂੰ ਜਲੰਧਰ ਜ਼ਿਲ੍ਹੇ ਦੇ ਇਕ ਬੈਂਕ ਵਿਚੋਂ ਤਿੰਨ ਲੱਖ ਰੁਪਏ ਲੁੱਟ ਲਏ ਗਏ। 21 ਅਪ੍ਰੈਲ ਨੂੰ ਸੁਲਤਾਨਪੁਰ ਲੋਧੀ, ਕਪੂਰਥਲਾ ਵਿਚ ਇਕ ਆਦਮੀ ਨੂੰ ਗੋਲੀ ਮਾਰੀ ਗਈ ਤੇ ਏਸੇ ਇਲਾਕੇ ਵਿਚ ਅਗਲੇ ਦਿਨ ਇਕ ਹੋਰ ਆਦਮੀ ਨੂੰ ਕਤਲ ਕਰ ਦਿੱਤਾ ਗਿਆ। 25 ਅਪ੍ਰੈਲ ਨੂੰ ਜਲੰਧਰ ਦੇ ਡੀ.ਆਈ.ਜੀ. ਪੁਲਸ ਏ.ਐਸ. ਅਟਵਾਲ ਨੂੰ ਗੋਲਡਨ ਟੈਂਪਲ ਦੇ ਮੁਖ ਪ੍ਰਵੇਸ਼-ਦੁਆਰ ਉਤੇ ਗੋਲੀ ਮਾਰੀ ਗਈ।

ਅਟਵਾਲ ਦੇ ਕਤਲ ਨੇ ਰਾਜ ਤੇ ਨਵੀਂ ਦਿੱਲੀ ਨੂੰ ਹਿਲਾ ਦਿੱਤਾ। ਕਾਤਲ ਗੋਲਡਨ ਟੈਂਪਲ ਦੇ ਅੰਦਰੋਂ ਆਇਆ ਸੀ ਤੇ ਅਟਵਾਲ ਨੂੰ ਕਤਲ ਕਰਨ ਪਿਛੋਂ ਗੋਲਡਨ ਟੈਂਪਲ ਵਿਚ ਹੀ ਦੌੜ ਕੇ ਪਨਾਹ ਲਈ ਸੀ। ਕੁਝ ਦਿਨ ਪਿਛੋਂ ਜਦੋਂ ਮੈਂ ਗੋਲਡਨ ਟੈਂਪਲ ਗਿਆ, ਅਟਵਾਲ ਦੇ ਕਾਤਲ ਵੱਲ ਮੇਰਾ ਧਿਆਨ ਦਿਵਾਇਆ ਗਿਆ ਤੇ ਮੈਂ ਟੈਂਪਲ ਦੇ ਅੰਦਰ ਕੰਧਾਂ ਉਤੇ ਪੰਜਾਬੀ ਵਿਚ ਲਿਖੇ ਲੱਗੇ ਕਈ ਹੱਥ-ਲਿਖੇ ਪੋਸਟਰ ਵੇਖੇ ਜਿਨ੍ਹਾਂ ਵਿਚ ਕਤਲ ਦਾ ਸਵਾਗਤ ਕੀਤਾ ਗਿਆ ਸੀ ਅਤੇ ਅੰਤ 'ਤੇ 'ਲਾਲ ਸਲਾਮ' ਲਿਖਿਆ ਸੀ, ਕੁਝ ਸਾਬਕਾ ਨਕਸਲਾਈਟ ਭਿੰਡਰਾਂਵਾਲੇ ਦੀਆਂ ਸਫ਼ਾਂ ਵਿਚ ਆਣ ਸ਼ਾਮਿਲ ਹੋਏ ਸਨ।

ਦਰਬਾਰਾ ਸਿੰਘ ਚਾਹੁੰਦਾ ਸੀ ਕਿ ਪੁਲਿਸ ਕਾਤਲ ਨੂੰ ਫੜਨ ਲਈ ਗੋਲਡਨ ਟੈਂਪਲ ਵਿਚ ਦਾਖ਼ਲ ਹੋਵੇ। ਨਵੀਂ ਦਿੱਲੀ ਉਹਦੇ ਨਾਲ ਸਹਿਮਤ ਨਹੀਂ ਸੀ। ਜੇ ਟੈਂਪਲ ਵਿਚ ਦਾਖ਼ਲ ਹੋਣਾ ਹੀ ਸੀ ਤਾਂ ਸੌ-ਵਿਸਵੇ ਇਹੋ ਅੱਤ ਢੁਕਵਾਂ ਮੌਕਾ ਸੀ, ਕਿਉਂਜੁ ਸਿੱਖ ਕਮਿਊਨਿਟੀ ਨੂੰ ਵੀ ਧੱਕਾ ਵੱਜਾ ਸੀ—ਅਟਵਾਲ ਨੂੰ ਜਿਹੜਾ ਸਿੱਖ ਸੀ, ਮੱਥਾ ਟੇਕ ਕੇ ਦਰਬਾਰ ਸਾਹਿਬ ਵਿਚੋਂ ਬਾਹਰ ਆਉਣ ਤੇ ਕਤਲ ਕੀਤਾ ਗਿਆ ਸੀ ਤੇ ਉਦੋਂ ਭਿੰਡਰਾਂਵਾਲਾ ਅਜੇ ਗੁਰੂ ਨਾਨਕ ਨਿਵਾਸ ਵਿਚ ਹੀ ਸੀ।

ਸ਼੍ਰੀਮਤੀ ਗਾਂਧੀ ਨੇ ਉਦੋਂ ਕਮਾਂਡੋਆਂ ਨੂੰ ਕਿਉਂ ਹੁਕਮ ਨਾ ਦਿੱਤਾ ਕਿ ਉਹਨੂੰ ਉਥੋਂ ਚੁਕ ਲਿਆਉਣ ? —ਇਹ ਗੋਲਡਨ ਟੈਂਪਲ ਦਾ ਹਿੱਸਾ ਨਹੀਂ ਸੀ। ਅੱਗੇ ਚੱਲ ਕੇ ਗੁਰੂ ਨਾਨਕ ਨਿਵਾਸ ਵਿਚ ਵੀ ਦਰਸ਼ਕਾਂ ਨੂੰ ਆਪਣੇ ਸਿਰ ਢੱਕ ਕੇ ਤੇ ਜੁੱਤੀਆਂ ਲਾਹ ਕੇ ਜਾਣਾ ਜ਼ਰੂਰੀ ਹੋ ਗਿਆ, ਕਿਉਂਜੁ ਹੁਣ ਇਹਨੂੰ ਵੀ ਗੋਲਡਨ ਟੈਂਪਲ ਕਾਂਪਲੈਕਸ ਦਾ ਹਿੱਸਾ ਐਲਾਨ ਦਿੱਤਾ ਗਿਆ ਸੀ। ਭਿੰਡਰਾਂਵਾਲੇ ਨੇ ਬਾਦ ਦੀ ਉਹ ਸੁਰਾਖ਼ ਬੰਦ ਕਰ ਦਿੱਤਾ, ਜਿਸ ਨੂੰ ਹਕੂਮਤ ਵੇਖ ਨਹੀਂ ਸੀ ਸਕੀ।

6 ਅਕਤੂਬਰ ਤੱਕ ਭਿੰਡਰਾਂਵਾਲੇ ਦੇ ਆਦਮੀ ਹਿੰਦੂਆਂ ਨੂੰ ਜਿਹੜੇ ਵਿਰੋਧੀ ਸਮਝੇ ਗਏ ਸਨ, ਨਿਰੰਕਾਰੀਆਂ, ਪੁਲਿਸ ਅਧਿਕਾਰੀਆਂ ਜਾਂ ਉਹਨਾਂ ਸਿੱਖਾਂ ਨੂੰ ਜਿਹੜੇ 'ਸੂਹੀਏ' ਸਨ ਜਾਂ ਜਿਨ੍ਹਾਂ ਨੇ ਹਕੂਮਤ ਦਾ ਸਾਥ ਦਿੱਤਾ ਸੀ, ਗੋਲੀ ਦਾ ਨਿਸ਼ਾਨਾ ਬਣਾਉਂਦੇ ਰਹੇ, ਪਰ ਇਸ ਮਗਰੋਂ ਕਤਲ ਰਲੇ-ਮਿਲੇ ਹੋ ਗਏ, ਲੁਧਿਆਣੇ ਜ਼ਿਲ੍ਹੇ ਵਿਚ ਢਿਲਵਾਂ ਲਾਗੇ ਇਕ ਬੱਸ ਦੇ ਛੇ ਹਿੰਦੂ ਮੁਸਾਫ਼ਰਾਂ ਨੂੰ ਕਤਲ ਕਰ ਦਿੱਤਾ ਗਿਆ। ਇਹ ਨਿਰਦੋਸ਼ ਲੋਕ ਸਨ ਜਿਨ੍ਹਾਂ ਦਾ ਪਾਲੇਟਿਕਸ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ ਅਤੇ ਇਹਦੇ ਨਾਲ ਹਿੰਦੂਆਂ ਤੇ ਸਿੱਖਾਂ ਵਿਚ ਆਖ਼ਰੀ ਲਕੀਰ ਖਿੱਚੀ ਗਈ।

ਦੇਸ਼ ਭਰ ਵਿਚ ਲੋਕ ਸਮਝਣ ਲੱਗ ਪਏ ਕਿ ਸਿੱਖ ਪੰਜਾਬ ਵਿਚ ਹਿੰਦੂਆਂ ਨੂੰ ਕਤਲ ਕਰਨ ਉਤੇ ਤੁਲੇ ਹੋਏ ਹਨ। ਅਕਾਲੀ ਮੰਗਾਂ, ਜਿਨ੍ਹਾਂ ਨੂੰ ਹਿੰਦੂਆਂ ਵਿਚ ਵੱਡੇ-ਪੈਮਾਨੇ ਦੀ ਹਿਮਾਇਤ ਹਾਸਲ

ਸੀ, ਪਿਛੋਕੜ ਵਿਚ ਚੱਲੀਆਂ ਗਈਆਂ। ਦੋਹਾਂ ਕਮਿਊਨਿਟੀਆਂ ਵਿਚਲਾ ਪਾੜਾ ਜੋ ਪਹਿਲਾਂ ਪੰਜਾਬ ਤਕ ਸੀਮਿਤ ਸੀ, ਹੁਣ ਭਾਰਤ ਭਰ ਵਿਚ ਫੈਲ ਗਿਆ।

ਬੜੇ ਘੱਟ ਸਿੱਖਾਂ ਨੇ ਕਤਲਾਂ ਵਿਰੁਧ ਆਵਾਜ਼ ਉਠਾਈ। ਇਹਨਾਂ ਕੁਝ ਇਕਨਾਂ ਵਿਚ ਲੌਂਗੋਵਾਲ ਅਤੇ ਰਿਟਾਇਰਡ ਏਅਰ ਮਾਰਸ਼ਲ ਅਰਜਨ ਸਿੰਘ ਸ਼ਾਮਿਲ ਸਨ। ਜੇਕਰ ਸਭਨਾਂ ਅਕਾਲੀ ਆਗੂਆਂ ਨੇ ਆਪਣੀ ਆਵਾਜ਼ ਉਠਾਈ ਹੁੰਦੀ ਤੇ ਕਤਲਾਂ ਦੀ ਨਿਖੇਧੀ ਕੀਤੀ ਹੁੰਦੀ ਜਾਂ ਜਿਵੇਂ ਕਿ ਲੌਂਗੋਵਾਲ ਨੇ ਕੀਤਾ ਜਦੋਂ ਪੁਲਿਸ ਨਾਲ ਝੜਪ ਵਿਚ ਦੋ ਨਿਹੰਗ ਮਾਰੇ ਗਏ ਸਨ, ਇਹਨਾਂ ਕਤਲਾਂ ਵੱਲ ਗਹੁ ਕਰਨ ਲਈ ਕਮੇਟੀ ਬਣਾ ਦਿੱਤੀ ਹੁੰਦੀ, ਤਾਂ ਹੋ ਸਕਦਾ ਹੈ ਹਿੰਦੂ ਕਿਸੇ ਹੱਦ ਤੱਕ ਸ਼ਾਂਤ ਹੋ ਜਾਂਦੇ। ਲੌਂਗੋਵਾਲ ਵਲੋਂ ਮੁੜ-ਪੇਸ਼ ਕੀਤੀ ਗਈ ਇਸ ਤਜਵੀਜ਼ ਨੇ ਕਿ ਪੰਜਾਬ ਵਿਚ ਹੋਏ ਸਭਨਾਂ ਕਤਲਾਂ ਦੀ ਪੁਣ-ਛਾਣ ਲਈ ਸੁਪ੍ਰੀਮ ਕੋਰਟ ਦੇ ਜੱਜ ਦੀ ਚੇਅਰਮੈਨਸ਼ਿਪ ਹੇਠ ਇਕ ਕਮਿਸ਼ਨ ਥਾਪ ਦਿੱਤਾ ਜਾਵੇ, ਉਹਦੀ ਇਮਾਨਦਾਰੀ ਬਾਰੇ ਹਿੰਦੂਆਂ ਨੂੰ ਨਿਸਚਾ ਨਾ ਦਿਵਾਇਆ, ਉਹ ਹੋਰ ਸਦਾ-ਵਧੇਰੇ ਇਹ ਮਹਿਸੂਸ ਕਰਨ ਲੱਗੇ ਕਿ ਮਾਡਰੇਟਾਂ ਤੇ ਅੱਤਵਾਦੀਆਂ ਵਿਚਕਾਰ ਕੋਈ ਫ਼ਰਕ ਨਹੀਂ। ਕਤਲਾਂ ਵਿਰੁਧ ਜਾਂ ਭਿੰਡਰਾਂਵਾਲੇ ਵਿਰੁਧ ਸਪੱਸ਼ਟ ਤਰ੍ਹਾਂ ਨਾ ਬੋਲ ਕੇ ਅਕਾਲੀਆਂ ਨੇ ਆਪਣੀ ਸਾਖ਼ ਗੁਆ ਲਈ।

ਅਕਾਲੀਆਂ ਨੇ ਕਿਹਾ ਕਿ ਇਹ ਦੁਰਘਟਨਾ ਰਾਜ ਦੇ ਮੁਖ ਮੰਤਰੀ ਦਰਬਾਰਾ ਸਿੰਘ ਅਤੇ ਰਾਸ਼ਟਰਪਤੀ ਜ਼ੈਲ ਸਿੰਘ ਵਿਚਕਾਰ ਰਾਜਸੀ ਟੱਕਰ ਦਾ ਹੀ ਅੰਗ ਹੈ। ਇਹਨਾਂ ਵਿਚਲਾ ਲੜਾਈ-ਝਗੜਾ ਮਸ਼ਹੂਰ ਹੈ ਅਤੇ ਪੰਜਾਬ ਵਿਚ ਮੁਸੀਬਤ ਨੂੰ ਇਕ ਦੂਜੇ ਦੇ ਸਿਲਸਿਲੇ ਵਿਚ ਇਹਨਾਂ ਦੀਆਂ ਚਾਲਾਂ ਨਾਲ ਜੋੜਿਆ ਜਾ ਸਕਦਾ ਹੈ। ਦਰਬਾਰਾ ਸਿੰਘ ਦੇ ਮੁਖ ਮੰਤਰੀ ਬਣਾਏ ਜਾਣ ਦੇ ਪਹਿਲੇ ਦਿਨ ਤੋਂ ਹੀ ਜ਼ੈਲ ਸਿੰਘ ਨਾ-ਖ਼ੁਸ਼ ਸੀ ਅਤੇ ਦਰਬਾਰਾ ਸਿੰਘ, ਜਿਹੜਾ ਰਾਜਨੀਤੀ ਵਿਚ ਪ੍ਰਵੇਸ਼ ਦੇ ਦਿਨੋਂ ਹੀ ਕਾਂਗਰਸੀ ਸੀ, ਜ਼ੈਲ ਸਿੰਘ ਨੂੰ, ਜਿਹੜਾ ਕਦੇ ਅਕਾਲੀ ਰਹਿ ਚੁਕਿਆ ਸੀ, ਆਪਣਾ ਲੀਡਰ ਨਹੀਂ ਸੀ ਮੰਨਦਾ।

ਦਰਬਾਰਾ ਸਿੰਘ ਨੂੰ ਰਾਜ ਦੇ ਮਾਮਲਿਆਂ ਵਿਚ ਜ਼ੈਲ ਸਿੰਘ ਦਾ ਦਖ਼ਲ, ਜਦੋਂ ਉਹ ਗ੍ਰਹਿ ਮੰਤਰੀ ਸੀ, ਵੀ ਪਸੰਦ ਨਹੀਂ ਸੀ। ਜ਼ੈਲ ਸਿੰਘ ਬਸ ਇਸ ਕਰ ਕੇ ਹੀ ਨਾਰਾਜ਼ ਨਹੀਂ ਸੀ ਕਿ ਦਰਬਾਰਾ ਸਿੰਘ ਉਹਦਾ ਸਤਿਕਾਰ ਨਹੀਂ ਸੀ ਕਰਦਾ, ਸਗੋਂ ਇਸ ਕਰ ਕੇ ਵੀ ਕਿ ਉਹਨੇ ਉਹਦੇ ਸਭਨਾਂ ਆਦਮੀਆਂ ਨੂੰ, ਜਿਥੇ ਕਿਤੇ ਵੀ ਸਨ, ਹਕੂਮਤ ਵਿਚ ਜਾਂ ਪਾਰਟੀ ਸੰਗਠਨ ਵਿਚੋਂ ਬਾਹਰ ਕੱਢ ਦਿੱਤਾ ਸੀ।

ਜ਼ੈਲ ਸਿੰਘ ਨੇ ਦਰਬਾਰਾ ਸਿੰਘ ਨੂੰ ਡਿਸਮਿਸ ਕਰਨ ਦੀ ਮੁੜ-ਮੁੜ ਸਲਾਹ ਦਿੱਤੀ, ਪਰ ਉਹ ਸਫਲ ਨਾ ਹੋਇਆ, ਪਰ ਬੱਸ ਵਿਚ ਸਵਾਰ ਮੁਸਾਫ਼ਰਾਂ ਦੇ ਕਤਲ ਪਿਛੋਂ ਏਡਾ ਰੌਲਾ ਪਿਆ ਕਿ ਸ਼੍ਰੀਮਤੀ ਗਾਂਧੀ ਨੇ ਦਰਬਾਰਾ ਸਿੰਘ ਨੂੰ ਅਸਤੀਫ਼ਾ ਦੇਣ ਲਈ ਆਖਿਆ। ਇਕ ਤਜਰਬੇਕਾਰ ਸਿਵਿਲ ਸਰਵੈਂਟ, ਬੀ.ਡੀ. ਪਾਂਡੇ ਨੂੰ, ਜਿਹੜਾ ਉਦੋਂ ਪੱਛਮੀ ਬੰਗਾਲ ਦਾ ਗਵਰਨਰ ਸੀ, ਪੰਜਾਬ ਦਾ ਸ਼ਾਸਨ ਚਲਾਉਣ ਲਈ ਉਥੋਂ ਦਾ ਗਵਰਨਰ ਲਾ ਦਿੱਤਾ ਗਿਆ।

ਇਸ ਸਮੇਂ ਵੀ ਭਿੰਡਰਾਂਵਾਲੇ ਨੂੰ ਫੜਨ ਲਈ ਗੁਰੂ ਨਾਨਕ ਨਿਵਾਸ 'ਤੇ ਧਾਵਾ ਬੋਲਿਆ ਜਾ ਸਕਦਾ ਸੀ ਅਤੇ ਉਥੋਂ ਉਹਨਾਂ ਮੁਜਰਮਾਂ ਨੂੰ ਕਾਬੂ ਕੀਤਾ ਜਾ ਸਕਦਾ ਸੀ ਜਿਨ੍ਹਾਂ ਨੇ ਕਤਲ ਜਾਂ ਡਾਕੇ

ਮਾਰਨ ਪਿਛੋਂ ਟੈਂਪਲ ਵਿਚ ਆ ਪਨਾਹ ਲਈ ਸੀ। ਇਹਨਾਂ ਕਤਲਾਂ ਨੇ ਸਿੱਖ-ਰਾਏ ਨੂੰ ਵੀ ਡਰ ਨਾਲ ਏਡਾ ਕੰਬਾ ਦਿੱਤਾ ਹੋਇਆ ਸੀ ਕਿ ਬਹੁਤੇ ਸਿੱਖ ਆਪਣੇ ਆਪ ਨੂੰ ਅੱਤਵਾਦੀਆਂ ਨਾਲ ਜੋੜਨਾ ਨਹੀਂ ਸੀ ਚਾਹੁੰਦੇ।

ਜੇ ਸਰਕਾਰ ਇਸ ਇਮਾਰਤ ਉਤੇ ਧਾਵਾ ਬੋਲ ਦਿੰਦੀ ਤਾਂ ਉਹ ਬਲਬੀਰ ਸਿੰਘ ਸੰਧੂ ਨੂੰ ਵੀ ਫੜ ਸਕਦੀ ਜਿਹੜਾ ਇਥੇ ਇਕ ਕਮਰੇ ਵਿਚ ਰਹਿ ਰਿਹਾ ਸੀ। ਉਹ ਖ਼ਾਲਿਸਤਾਨ ਦਾ ਸਮਰਥਕ ਸੀ ਅਤੇ ਜਦੋਂ ਮੈਂ ਇਕ ਵਾਰ ਉਸ ਨੂੰ ਉਹਦੇ ਕਮਰੇ ਵਿਚ ਮਿਲਿਆ ਉਹਨੇ ਮੈਨੂੰ 'ਵਿਸ਼ਾਲ ਖ਼ਾਲਿਸਤਾਨ' ਦਾ ਨਕਸ਼ਾ ਵਿਖਾਇਆ ਸੀ, ਜਿਸ ਵਿਚ ਲਾਹੌਰ ਨੂੰ ਇਹਦੀ ਰਾਜਧਾਨੀ ਦਰਸਾਇਆ ਗਿਆ ਸੀ। ਉਹਨੇ ਮੈਨੂੰ ਦੱਸਿਆ ਕਿ ਉਹ ਜਗਜੀਤ ਸਿੰਘ ਚੌਹਾਨ ਵਲੋਂ ਸੁਨੇਹੇ ਨੂੰ ਉਡੀਕ ਰਿਹਾ ਸੀ, ਜਿਹੜਾ ਖ਼ਾਲਿਸਤਾਨ ਦਾ ਡਿਕਟੇਟਰ ਸੀ ਤੇ ਜੀਹਦੇ ਬਾਰੇ ਆਸ ਸੀ ਕਿ ਪਾਕਿਸਤਾਨ ਵਿਚ ਹੈ। 'ਤੁਸੀਂ ਜਾਣਦੇ ਹੀ ਹੋ ਕਿ ਉਹ ਜਰਨਲ ਜ਼ਿਆ ਦਾ ਗੂੜ੍ਹਾ ਮਿੱਤਰ ਹੈ', ਬਲਬੀਰ ਸਿੰਘ ਨੇ ਮੈਨੂੰ ਦੱਸਿਆ। ਜਦੋਂ ਮੈਂ ਇਹ ਗੱਲ ਲੌਂਗੋਵਾਲ ਨੂੰ ਦੱਸੀ, ਉਹਨੇ ਉੱਤਰ ਦਿੱਤਾ, 'ਉਹ ਇੰਟੈਲੀਜੈਂਸ ਬਿਊਰੋ ਦਾ ਏਜੰਟ ਹੈ।'

ਢਿਲਵਾਂ ਲਾਗੇ ਬੱਸ ਮੁਸਾਫ਼ਰਾਂ ਦੇ ਕਤਲ ਤੋਂ ਲੱਗਾ ਧੱਕਾ ਅਜੇ ਕਾਇਮ ਹੀ ਸੀ ਕਿ ਨੁਸ਼ਹਿਰਾ, ਜਲੰਧਰ ਲਾਗੇ ਚਾਰ ਹੋਰ ਹਿੰਦੂਆਂ ਮੁਸਾਫ਼ਰਾਂ ਨੂੰ ਕਤਲ ਕਰ ਦਿੱਤਾ ਗਿਆ ਜਿਹੜੇ ਬੱਸ ਵਿਚ ਸਵਾਰ ਸਨ। ਇਕ ਨਿਹੰਗ ਨੇ ਇਕ ਹਿੰਦੂ ਨੂੰ ਇਹ ਆਖ ਕੇ ਬਚਾਇਆ ਕਿ ਇਹ ਉਹਦਾ ਪੁੱਤਰ ਹੈ। ਲੌਂਗੋਵਾਲ ਨੇ ਨਿਹੰਗ ਦੀ ਸ਼ਲਾਘਾ ਕੀਤੀ ਤੇ ਆਖਿਆ, ਇਹ ਕਤਲ ਸਿੱਖ ਰਵਾਇਤਾਂ ਦੇ ਵਿਰੁਧ ਹਨ। 11 ਨਵੰਬਰ ਨੂੰ ਉਹਨੇ ਪੰਜਾਬ ਵਿਚ ਨਿਰਦੋਸ਼ਾਂ ਦੇ ਕਤਲ ਲਈ ਸਭਨਾਂ ਪੰਜਾਬੀਆਂ ਨੂੰ, ਖ਼ਾਸ ਤੌਰ 'ਤੇ ਸਿੱਖਾਂ ਨੂੰ ਝਾੜ-ਝੰਬ ਪਾਈ। ਉਹਨੇ ਟੈਲੀਵਿਯਨ ਉਤੇ ਵੀ ਰਾਸ਼ਟਰ ਦੇ ਸਾਹਮਣੇ ਇਹਨਾਂ ਕਤਲਾਂ ਦੀ ਨਿਖੇਧੀ ਕੀਤੀ।

ਪੰਜਾਬ ਵਿਚ ਕਾਨੂੰਨ ਤੇ ਅਮਨ ਦੀ ਸਥਿਤੀ ਦੀ ਵਿਸ਼ਾਲ ਪੜਚੋਲ ਹੋਈ ਤੇ ਮੰਨਿਆ ਜਾਣ ਲੱਗਿਆ ਕਿ ਕੇਂਦਰੀ ਰਾਜ ਨੇ ਕੋਈ ਫ਼ਰਕ ਨਹੀਂ ਪਾਇਆ, ਪਰ ਤੱਥ ਇਹ ਸੀ ਕਿ ਨਾ ਹੀ ਗਵਰਨਰ ਤੇ ਨਾ ਹੀ ਉਹਦੇ ਸਲਾਹਕਾਰ ਦੀ ਮਰਜ਼ੀ ਖੁੱਲ੍ਹੀ ਤਰ੍ਹਾਂ ਚਲਦੀ ਸੀ, ਨਿੱਕੇ ਤੋਂ ਨਿੱਕੇ ਕਦਮ ਬਾਰੇ ਵੀ ਗ੍ਰਹਿ-ਮੰਤਰਾਲੇ ਤੋਂ ਮਨਜ਼ੂਰੀ ਲੈਣੀ ਹੁੰਦੀ ਸੀ। ਜੀਹਨੇ ਪੰਜਾਬ ਲਈ ਇਕ ਸਪੈਸ਼ਲ ਸੈੱਲ ਕਾਇਮ ਕੀਤਾ ਹੋਇਆ ਸੀ ਤੇ ਜਿਹੜਾ ਪ੍ਰਧਾਨ ਮੰਤਰੀ ਦੇ ਸਕੱਤਰੇਤ ਨਾਲ ਨਿਰੰਤਰ ਛੁਹ ਵਿਚ ਰਹਿੰਦਾ ਸੀ।

ਸੂਚਨਾ ਬਾਕਾਇਦਾ ਤੌਰ 'ਤੇ ਕਪੂਰਥਲਾ ਖ਼ਾਨਦਾਨ ਦੇ ਅਰੂਨ ਸਿੰਘ ਨੂੰ ਪੁਚਾਈ ਜਾਂਦੀ ਸੀ, ਜਿਹੜਾ ਆਪਣੀ ਵਾਰੀ ਰਾਜੀਵ ਗਾਂਧੀ ਨੂੰ ਜਾਣਕਾਰੀ ਦਿੰਦਾ ਰਹਿੰਦਾ ਸੀ। ਰਾਜੀਵ ਦੇ ਖੋਜਕਾਰ ਕਈ ਵਾਰ ਸੁਝਾਉ ਦੇਣ ਲਈ ਆਉਂਦੇ ਅਤੇ ਅਮਰੇਂਦਰ ਸਿੰਘ ਨਾਲ ਅਕਸਰ ਸਲਾਹ-ਮਸ਼ਵਰਾ ਕੀਤਾ ਜਾਂਦਾ, ਪਰ ਅੰਤਮ ਫ਼ੈਸਲਾ ਨਿਰਸੰਦੇਹ ਹੀ, ਸ਼੍ਰੀਮਤੀ ਗਾਂਧੀ ਦਾ ਹੁੰਦਾ ਸੀ।

ਇਕ ਵਾਰ ਸਾਬਕਾ ਸਲਾਹਕਾਰ ਨੇ ਮੈਨੂੰ ਦੱਸਿਆ ਕਿ ਇਥੋਂ ਤੱਕ ਕਿ ਪੁਲਿਸ ਇੰਸਪੈਕਟਰਾਂ ਦੀ ਤਬਦੀਲੀ ਬਾਰੇ ਵੀ ਆਖ਼ਰੀ ਫ਼ੈਸਲਾ ਨਵੀਂ ਦਿੱਲੀ ਤੋਂ ਕਲੀਅਰੈਂਸ ਬਿਨਾਂ ਨਹੀਂ ਸੀ ਹੋ ਸਕਦਾ। ਦੂਜੇ ਪਾਸੇ ਸੈਂਟਰ ਨਿੱਕੀ ਜਿਹੀ ਘਟਨਾ ਬਾਰੇ ਵੀ ਚਵ੍ਹੀ ਘੰਟੇ ਦੇ ਅੰਦਰ-ਅੰਦਰ ਰਿਪੋਰਟ ਮੰਗ ਭੇਜਦਾ। ਬਿਲ੍ਹਿਆਂ ਵਿਚ ਅਧਿਕਾਰੀ ਇਹਨਾਂ ਵਧਦੀਆਂ ਹੋਈਆਂ ਮੰਗਾਂ ਦੀ ਪੂਰਤੀ ਮੁਸ਼ਕਲ ਨਾਲ ਹੀ ਕਰ

ਸਕਦੇ ਸਨ, ਕਿਉਂਜੁ ਪੁਲਿਸ ਕੁੰਜੀਵਤ ਸਥਾਨਾਂ ਉਤੇ ਟਿਕਾਈ ਗਈ ਸੀ ਅਤੇ ਇਹਨੂੰ ਵੀ ਆਈ.ਪੀ. ਦੀ ਰੱਖਿਆ ਲਈ ਵਰਤਿਆ ਜਾ ਰਿਹਾ ਸੀ।

ਪੀ.ਐਸ. ਭਿੰਡਰ, ਜੀਹਨੂੰ ਸ਼੍ਰੀਮਤੀ ਗਾਂਧੀ ਨੇ ਪੰਜਾਬ ਪੁਲਿਸ ਦਾ ਸਮੁੱਚਾ ਇੰਚਾਰਜ ਬਣਾ ਕੇ ਭੇਜਿਆ ਸੀ, ਏਡਾ ਰੁਝਿਆ ਹੋਇਆ ਸੀ ਕਿ ਸੈਂਟਰ ਦੀ ਹਰ ਲਿਲ੍ਹ ਨੂੰ ਪੂਰਾ ਕਰਨਾ ਉਹਦੇ ਲਈ ਮੁਸ਼ਕਲ ਸੀ। ਇਹ ਵੀ ਮਹੱਤਵਪੂਰਨ ਹੈ ਕਿ ਉਹਦੀ ਪਤਨੀ, ਜਿਹੜੀ ਕਾਂਗਰਸ (ਆਈ) ਮੈਂਬਰ ਪਾਰਲੀਮੈਂਟ ਹੈ, ਜੁਲਾਈ 1983 ਵਿਚ ਭਿੰਡਰਾਂਵਾਲੇ ਦੇ ਦਰਸ਼ਨਾਂ ਲਈ ਗਈ ਸੀ। ਖੁਦ ਭਿੰਡਰ ਨੇ ਇਕ ਬਿਆਨ ਦਿੱਤਾ ਸੀ ਕਿ ਗੋਲਡਨ ਟੈਂਪਲ ਵਿਚ ਕੋਈ ਮੁਜਰਮ ਛੁਪੇ ਹੋਏ ਨਹੀਂ ਹਨ ਤੇ ਸ਼੍ਰੀਮਤੀ ਗਾਂਧੀ ਨੇ ਵਿਸ਼ਵਾਸ ਦਿਵਾਇਆ ਸੀ ਕਿ ਪੁਲਿਸ ਗੋਲਡਨ ਟੈਂਪਲ ਵਿਚ ਦਾਖ਼ਲ ਨਹੀਂ ਹੋਵੇਗੀ।

ਭਿੰਡਰਾਂਵਾਲਾ ਸੁਰੱਖਿਅਤ ਮਹਿਸੂਸ ਕਰਦਾ ਸੀ, ਪਰ ਲੌਂਗੋਵਾਲ ਦੇ ਬਿਆਨ ਨੇ ਜਿਸ ਵਿਚ ਉਹਨੇ ਹਿੰਦੂਆਂ ਦੇ ਕਤਲ ਦੀ ਨਿਖੇਧੀ ਕੀਤੀ, ਉਹਨੂੰ ਕਰੋਧ ਚਾੜ੍ਹ ਦਿੱਤਾ ਤੇ ਉਹ ਅਕਾਲੀ ਲੀਡਰ ਨੂੰ ਦੁਸ਼ਮਣ ਨੰਬਰ ਇਕ ਸਮਝਣ ਲੱਗਿਆ। ਇਸ ਤੋਂ ਪਹਿਲਾਂ ਉਹਦੇ ਗੁੱਸੇ ਦੀ ਸੇਧ ਬਹੁਤਾ ਬਾਦਲ ਵਿਰੁਧ ਸੀ ਜੀਹਨੂੰ ਉਹ ਹਿੰਦੂ-ਸਿੱਖ ਏਕੇ ਦੇ ਹਿਮਾਇਤੀ ਵਜੋਂ ਪਸੰਦ ਨਹੀਂ ਸੀ ਕਰਦਾ। ਉਹ ਬਾਦਲ ਨਾਲ ਏਡਾ ਨਾਰਾਜ਼ ਸੀ ਕਿ ਇਕ ਵਾਰ ਉਹਦੇ ਪਿੰਡ ਬਾਦਲ ਗਿਆ ਤਾਂ ਇਹ ਜਾਣਨ ਉਤੇ ਕਿ ਬਾਦਲ ਆਪਣੇ ਪਿੰਡ ਮੌਜੂਦ ਹੈ, ਉਹਨੇ ਉਥੇ ਪਾਣੀ ਪੀਣੋਂ ਵੀ ਇਨਕਾਰ ਕਰ ਦਿੱਤਾ ਸੀ।

ਜਦੋਂ ਨਿਰੰਕਾਰੀ ਕਤਲ ਕੇਸ ਦਾ ਮੁਖ ਦੋਸ਼ੀ ਰਣਜੀਤ ਸਿੰਘ, ਦਿੱਲੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਤਾਂ ਭਿੰਡਰਾਂਵਾਲੇ ਨੇ ਅਕਾਲੀ ਲੀਡਰਾਂ ਉਤੇ ਹੀ ਉਜ ਲਾਈ ਕਿ ਉਹਨਾਂ ਨੇ ਪੁਲਿਸ ਨੂੰ ਉਹਦੀ ਸੂਹ ਦਿੱਤੀ ਸੀ। ਹਿੰਦੂ ਜੈ ਸੰਗ੍ਹ ਦਾ ਇਹ ਬਿਆਨ ਕਿ ਉਹ 5 ਦਸੰਬਰ ਤੋਂ ਪਹਿਲਾਂ-ਪਹਿਲਾਂ ਸਿੱਖਾਂ ਨੂੰ ਰਾਜਸਥਾਨ ਵਿਚੋਂ ਬਾਹਰ ਕੱਢ ਦੇਵੇਗਾ, ਭਿੰਡਰਾਂਵਾਲੇ ਦੇ ਕੰਮ ਆਇਆ। ਉਹਨੇ ਧਮਕੀ ਦਿੱਤੀ ਕਿ ਜੇ ਰਾਜਸਥਾਨ ਵਿਚ ਕਿਸੇ ਸਿੱਖ ਨੂੰ ਮਾਰਿਆ ਗਿਆ ਤਾਂ ਪੰਜਾਬ ਵਿਚ ਹਿੰਦੂਆਂ ਦਾ ਕਤਲਾਮ ਕੀਤਾ ਜਾਵੇਗਾ।

ਪਾਰਲੀਮੈਂਟ ਵਿਚ ਰੌਲਾ ਪੈ ਗਿਆ। ਸਭਨਾਂ ਰਾਜਸੀ ਪਾਰਟੀਆਂ ਨੇ ਕਾਰਵਾਈ ਕਰਨ ਦੀ ਮੰਗ ਕੀਤੀ। ਸੀ.ਪੀ.ਆਈ. (ਐਮ) ਨੇ ਜਿਹੜੀ ਪੰਜਾਬ ਵਿਚ ਡੂੰਘੀ ਦਿਲਚਸਪੀ ਲੈਂਦੀ ਰਹੀ ਸੀ, ਕਿਉਂਜੁ ਇਹਦੇ ਪੋਲਿਟ-ਬਿਊਰੋ ਦਾ ਇਕ ਮੈਂਬਰ, ਹਰਕਿਸ਼ਨ ਸਿੰਘ ਸੁਰਜੀਤ ਸਿੱਖ ਸੀ ਤੇ ਜੀਹਨੇ ਲੀਡਰਸ਼ਿਪ ਦੀ ਹਿਮਾਇਤ ਕੀਤੀ ਸੀ, ਹੁਣ ਅਕਾਲੀ ਆਗੂਆਂ ਵਿਰੁਧ ਸਟੈਂਡ ਲਿਆ ਤੇ ਕਿਹਾ ਕਿ ਉਹ ਭਿੰਡਰਾਂਵਾਲੇ ਵਿਰੁਧ ਡਟ ਕੇ ਕਿਉਂ ਨਹੀਂ ਨਿੱਤਰ ਰਹੇ।

ਪਰ ਇਚਿਰ ਅਕਾਲੀਆਂ ਦੇ ਅਨੁਆਈ ਬਹੁਤ ਹੀ ਘਟ ਚੁੱਕੇ ਹੋਏ ਸਨ ਤੇ ਸਰਕਾਰ ਨੇ ਮਹਿਸੂਸ ਕੀਤਾ ਕਿ ਉਹਨਾਂ ਨਾਲ ਨਿਬੇੜੇ ਦੇ ਕੋਈ ਬਹੁਤੇ ਅਰਥ ਨਹੀਂ ਹੋਣਗੇ, ਕਿਉਂਜੁ ਹੁਣ ਜਿਸ ਬੰਦੇ ਦਾ ਅਸਰ-ਰਸੂਖ ਹੈ ਉਹ ਭਿੰਡਰਾਂਵਾਲਾ ਹੀ ਹੈ ਤੇ ਉਹ ਇਕ ਵੱਖਰਾ ਰਾਜ ਬਣਾਉਣ ਤੇ ਤੁੱਲਿਆ ਬੈਠਾ ਸੀ।

ਹਕੂਮਤ ਨੂੰ ਉਹਨਾਂ ਹਥਿਆਰਾਂ ਦੀ ਚਿੰਤਾ ਸੀ ਜਿਹੜੇ ਚੋਰੀ-ਛਿਪੀ ਗੋਲਡਨ ਟੈਂਪਲ ਵਿਚ ਪੁਚਾਏ ਜਾ ਰਹੇ ਸਨ। ਪੰਜਾਬ ਤੇ ਸੈਂਟਰ ਦੋਹਾਂ ਦੀਆਂ ਇੰਟੈਲੀਜੈਂਸ ਸੰਸਥਾਵਾਂ ਸਮੇਂ-ਸਮੇਂ ਰਿਪੋਰਟਾਂ ਭੇਜਦੀਆਂ ਰਹੀਆਂ ਸਨ ਕਿ ਹਥਿਆਰ ਮੁਖ ਤੌਰ 'ਤੇ ਲੰਗਰ ਲਈ ਰਾਸ਼ਨ ਢੋਣ ਵਾਲੇ ਟਰੱਕਾਂ ਵਿਚ,

ਕਣਕ ਦੀਆਂ ਬੋਰੀਆਂ ਦੇ ਢੇਰਾਂ ਹੇਠਾਂ ਲੁਕਾ ਕੇ ਲਿਆਂਦੇ ਜਾਂਦੇ ਹਨ। ਸ਼ਾਹਬੇਗ ਸਿੰਘ ਤੇ ਬੁੱਲਰ, ਸਾਬਕਾ ਮੇਜਰ-ਜਨਰਲ ਹੁਣ ਭਿੰਡਰਾਂਵਾਲੇ ਦੇ ਸਲਾਹਕਾਰ ਸਨ ਤੇ ਉਹ ਸ਼ਸਤਰ ਪ੍ਰਾਪਤ ਕਰਨ ਦੇ ਇੰਚਾਰਜ ਸਨ। ਭਿੰਡਰਾਂਵਾਲਾ ਗੋਲਡਨ ਟੈਂਪਲ ਵਿਚ ਜੁੜੀਆਂ ਸਿੱਖ ਸੰਗਤਾਂ ਨੂੰ ਦੱਸਦਾ, 'ਮੈਂ ਤੁਹਾਨੂੰ ਕਹਿੰਦਾ ਰਿਹਾ ਹਾਂ ਕਿ ਟੈਲੀਵਿਯਨ ਸੈੱਟ ਤੇ ਰੈਫਰੀਜਰੇਟਰ ਖ਼ਰੀਦਣਾ ਬੰਦ ਕਰ ਦਿਓ ਅਤੇ ਬੰਦੂਕਾਂ ਖ਼ਰੀਦੋ। ਹੁਣ ਜੇ ਇਹ ਹਿੰਦੂ ਸਟੇਨਗੰਨਾਂ ਲੈ ਕੇ ਆ ਗਏ ਤਾਂ ਤੁਸੀਂ ਕੀ ਕਰੋਗੇ ? ਕੀ ਤੁਸੀਂ ਆਪਣੇ ਟੈਲੀਵਿਯਨ ਨਾਲ ਉਹਨਾਂ ਨੂੰ ਮਾਰੋਗੇ ?'

ਭਿੰਡਰਾਂਵਾਲੇ ਨੇ ਲੌਂਗੋਵਾਲ ਨੂੰ ਕਿਹਾ ਕਿ ਉਹ ਪੰਜਾਬ ਵਿਚ ਹਿੰਦੂਆਂ ਨੂੰ ਕਤਲ ਕਰਨ ਲਈ ਸਿੱਖ ਜਨਤਾ ਨੂੰ ਮੋਟਰਸਾਈਕਲ ਤੇ ਰਿਵਾਲਵਰ ਖ਼ਰੀਦਣ ਦਾ ਸੱਦਾ ਦੇਵੇ। ਇਹ ਸੁਣ ਕੇ ਲੌਂਗੋਵਾਲ ਨੂੰ ਸਖ਼ਤ ਧੱਕਾ ਲੱਗਿਆ ਤੇ ਉਹਨੇ ਇਕ ਬਿਆਨ ਜਾਰੀ ਕੀਤਾ, ਜਿਸ ਵਿਚ ਭਿੰਡਰਾਂਵਾਲੇ ਦੇ ਸੁਝਾਉ ਬਾਰੇ ਆਮ ਜਨਤਾ ਨੂੰ ਦੱਸਿਆ, ਪਰ ਅੱਤਵਾਦੀਆਂ ਵਲੋਂ ਏਡਾ ਦਬਾਉ ਪਿਆ ਅਤੇ ਟੌਹੜੇ ਵਲੋਂ ਵੀ ਕਿ ਲੌਂਗੋਵਾਲ ਨੂੰ ਇਸ ਬਿਆਨ ਤੋਂ ਇਨਕਾਰ ਕਰਨਾ ਪਿਆ ਜਦੋਂ ਇਹ ਅਖ਼ਬਾਰਾਂ ਵਿਚ ਛਪ ਚੁਕਿਆ ਸੀ।

ਭਾਵੇਂ ਐਲਾਨ ਕੀਤਾ ਗਿਆ ਸੀ ਕਿ ਗੁਰੂ ਨਾਨਕ ਨਿਵਾਸ ਗੋਲਡਨ ਕਾਂਪਲੈਕਸ ਦਾ ਹੀ ਹਿੱਸਾ ਹੈ, ਭਿੰਡਰਾਂਵਾਲਾ ਇਥੇ ਆਪਣੇ ਆਪ ਨੂੰ ਅਸੁਰੱਖਿਅਤ ਸਮਝਣ ਲੱਗਿਆ। ਉਹਨੇ ਸੋਚਿਆ ਕਿ ਇਕ ਦਿਨ ਅਕਾਲੀ ਲੀਡਰ ਉਹਨੂੰ ਫੜਾਉਣ ਲਈ ਪੁਲਿਸ ਨੂੰ ਬੁਲਾਉਣਗੇ।

ਲੌਂਗੋਵਾਲ ਨੂੰ ਇਹਦਾ ਪੱਕਾ ਯਕੀਨ ਸੀ ਕਿ ਹਕੂਮਤ ਉਦੋਂ ਤੱਕ ਝੁਕੇਗੀ ਨਹੀਂ ਜਦੋਂ ਤੱਕ ਪੰਜਾਬ ਦੇ ਹਿੰਦੂ, ਅਕਾਲੀ ਮੰਗਾਂ ਦੀ ਹਿਮਾਇਤ ਨਹੀਂ ਕਰਦੇ। ਪੰਜਾਬੀ ਗਰੁੱਪ, ਜਿਹੜਾ ਦਿੱਲੀ ਵਿਚ ਕੰਮ ਕਰ ਰਿਹਾ ਸੀ, ਉਹਨੂੰ ਇਸ ਸਿਲਸਿਲੇ ਵਿਚ ਕਈ ਵਾਰ ਮਿਲ ਚੁਕਿਆ ਸੀ ਕਿ ਕਤਲਾਂ ਵਿਰੁਧ ਹੁਕਮਨਾਮਾ ਜਾਰੀ ਕਰਵਾਇਆ ਜਾਵੇ। ਇਸ ਤੋਂ ਪਹਿਲਾਂ ਅਕਾਲੀਆਂ ਦੀ ਦਲੀਲ ਇਹ ਹੁੰਦੀ ਸੀ ਕਿ ਇਹਦਾ ਮਤਲਬ ਤਾਂ ਇਹ ਇਕਬਾਲ ਕਰਨਾ ਹੋਵੇਗਾ ਕਿ ਸਭ ਕਾਤਲ ਸਿੱਖ ਹਨ, ਪਰ ਲੌਂਗੋਵਾਲ ਨੇ ਇਸ ਲੋੜ ਨੂੰ ਜ਼ਰੂਰੀ ਸਮਝ ਕੇ ਇਸ ਬਾਰੇ ਕਦਮ ਉਠਾਇਆ, ਪਰ ਟੌਹੜੇ ਨੇ ਨਾਮੰਜ਼ੂਰ ਕਰ ਦਿੱਤਾ (22 ਨਵੰਬਰ 1983)।

ਸਰਕਾਰ ਉਤੇ ਕੁਝ ਕਰਨ ਲਈ ਦਬਾਉ ਪੈ ਰਿਹਾ ਸੀ—ਲੋਕ ਦਲ ਤੇ ਬੀ.ਜੇ.ਪੀ. ਫ਼ੌਜੀ ਕਾਰਵਾਈ ਦੀ ਮੰਗ ਕਰ ਰਹੇ ਸਨ—ਭਿੰਡਰਵਾਂਲੇ ਨੇ ਸੋਚਿਆ ਕਿ ਸੈਂਟਰਲ ਰੀਜ਼ਰਵ ਪੁਲਿਸ ਅਚਿੰਤੇ ਵਾਰ ਕਰੇਗੀ। ਉਹ ਅਕਾਲ ਤਖ਼ਤ ਵਿਚ ਡੇਰਾ ਲਾਉਣਾ ਚਾਹੁੰਦਾ ਸੀ, ਪਰ ਜੱਥੇਦਾਰ ਕਿਰਪਾਲ ਸਿੰਘ ਨੇ ਕਿਹਾ ਕਿ ਉਹ ਅਕਾਲ ਤਖ਼ਤ ਅੰਦਰ ਹਥਿਆਰ ਲਿਜਾਣ ਦੀ ਆਗਿਆ ਨਹੀਂ ਦੇਵੇਗਾ। ਭਿੰਡਰਾਂਵਾਲੇ ਨੇ ਟੌਹੜੇ ਨੂੰ ਸ਼ਿਕਾਇਤ ਕੀਤੀ ਜੀਹਨੇ ਕਿਰਪਾਲ ਸਿੰਘ ਨੂੰ ਪਰੇਰ ਕੇ ਮੰਨਵਾ ਲਿਆ। ਭਾਵੇਂ ਜੱਥੇਦਾਰ ਕੀ ਕਰ ਸਕਦਾ ਸੀ ਜਦੋਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਮੁਲਾਜ਼ਮ ਸੀ, ਕਮੇਟੀ ਜਿਸ ਦਾ ਪ੍ਰਧਾਨ ਟੌਹੜਾ ਸੀ ? 15 ਦਸੰਬਰ 1983 ਨੂੰ ਭਿੰਡਰਾਂਵਾਲਾ ਅਕਾਲ ਤਖ਼ਤ ਵਿਚ ਦਾਖ਼ਲ ਹੋਇਆ।

ਉਸੇ ਦਿਨ ਹੀ ਟੈਂਪਲ ਅੰਦਰ ਕਿਲ੍ਹਾਬੰਦੀਆਂ ਸ਼ੁਰੂ ਹੋ ਗਈਆਂ। ਭਾਵੇਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੋਵੇਂ ਹੀ ਆਖ ਚੁਕੇ ਸਨ ਕਿ ਉਹ ਪੁਲਿਸ ਨੂੰ ਗੋਲਡਨ ਟੈਂਪਲ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ ਦੇਣਗੇ, ਇਹ ਖ਼ਬਰ ਵੀ ਆਈ ਕਿ ਜ਼ੈਲ ਸਿੰਘ ਨੇ ਧਮਕੀ ਦਿੱਤੀ ਕਿ ਹਕੂਮਤ ਨੇ

ਜੇ ਕਦੇ ਆਪਣਾ ਨਿਰਣਾ ਬਦਲਿਆ ਤਾਂ ਉਹ ਅਸਤੀਫਾ ਦੇ ਦੇਵੇਗਾ।*

ਲੌਂਗੋਵਾਲ ਨੂੰ ਭਿੰਡਰਾਂਵਾਲੇ ਦਾ ਅਕਾਲ ਤਖ਼ਤ ਵਿਚ ਚਲੇ ਜਾਣਾ ਪਸੰਦ ਨਹੀਂ ਸੀ, ਪਰ ਉਹ ਇਸ ਬਾਰੇ ਕੁਝ ਕਰਨ ਦੇ ਸਮਰੱਥ ਨਹੀਂ ਸੀ, ਕਿਉਂਜੁ ਉਹ ਜਾਣਦਾ ਸੀ ਕਿ ਟੌਹੜਾ ਭਿੰਡਰਾਂਵਾਲੇ ਦੇ ਪਿੱਛੇ ਹੈ। ਟੌਹੜਾ ਅਸਲ ਵਿਚ ਲੌਂਗੋਵਾਲ ਤੇ ਭਿੰਡਰਾਂਵਾਲੇ, ਦੋਹਾਂ ਨਾਲ ਹੀ ਚੰਗੇ ਸੰਬੰਧ ਕਾਇਮ ਰੱਖਣ ਦੇ ਜਤਨ ਕਰਦਾ ਸੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਇਕ ਕਨਵੈਨਸ਼ਨ ਬੁਲਾਈ, ਜਿਸ ਵਿਚ ਸ਼ਾਮਿਲ ਹੋਣ ਲਈ ਉਹਨੇ ਲੌਂਗੋਵਾਲ ਨੂੰ ਸੱਦਾ-ਪੱਤਰ ਨਾ ਭੇਜਿਆ। ਕਨਵੈਨਸ਼ਨ ਵਿਚ ਭਿੰਡਰਾਂਵਲੇ ਨੇ ਆਕਲੀ ਲੀਡਰਾਂ ਬਾਰੇ ਕਿਹਾ, "ਇਹ ਗ਼ਦਾਰ ਹਨ ਤੇ ਹਿੰਦੂ ਸਾਮਰਾਜੀ ਹਾਕਮਾਂ ਦੇ ਸੋਖਿਆਂ ਹੀ ਸ਼ਿਕਾਰ ਹੋਣ ਵਾਲੇ ਹਨ। ਉਹ ਕਹਿੰਦੇ ਕੁਝ ਨੇ ਤੇ ਕਰਦੇ ਕੁਝ ਨੇ, ਸਿੱਖ ਇਹਨਾਂ ਨੂੰ ਕਦੇ ਮੁਆਫ ਨਹੀਂ ਕਰਨਗੇ।"

ਅਕਾਲੀ ਦਲ ਦੀ ਯੂਥ ਵਿੰਗ ਨੇ ਇਹਦੇ ਜਵਾਬ ਵਿਚ ਕਨਵੈਨਸ਼ਨ ਬੁਲਾਈ, ਜਿਸ ਵਿਚ ਭਿੰਡਰਾਂਵਾਲੇ ਨੂੰ ਸੱਦਾ-ਪੱਤਰ ਨਾ ਭੇਜਿਆ ਗਿਆ, ਪਰ ਭਿੰਡਰਾਂਵਾਲੇ ਦੇ ਆਦਮੀਆਂ ਨੇ ਕਨਵੈਨਸ਼ਨ ਵਿਚ ਇਕ ਦੁਵਰਕਾ ਵੰਡਿਆ, ਜਿਸ ਵਿਚ ਕਿਹਾ ਗਿਆ ਕਿ ਲੌਂਗੋਵਾਲ 'ਸਰਕਾਰ ਦਾ ਏਜੰਟ' ਹੈ। ਟੌਹੜੇ ਨੇ ਮੁੜ ਦੋਹਾਂ ਨੂੰ ਇਕੱਠਾ ਕਰਨ ਦਾ ਜਤਨ ਕੀਤਾ, ਪਰ ਭਿੰਡਰਾਂਵਾਲੇ ਨੇ ਲੌਂਗੋਵਾਲ ਨੂੰ ਇਹ ਕਹਿ ਕੇ ਮਿਲਣੋਂ ਇਨਕਾਰ ਕਰ ਦਿੱਤਾ ਕਿ ਉਹਨੇ ਸਹੁੰ ਚੁਕੀ ਹੋਈ ਹੈ ਕਿ ਉਹਨੂੰ ਮੁੜ ਕਦੇ ਨਹੀਂ ਮਿਲੇਗਾ।

ਅਕਾਲੀਆਂ ਨੇ ਪੰਜਾਬ ਬੰਦ ਦਾ ਸੱਦਾ ਦਿੱਤਾ, ਜਿਹੜਾ 8 ਫਰਵਰੀ 1984 ਨੂੰ ਸ਼ਾਂਤ-ਪੂਰਵਕ ਰਿਹਾ। ਇਹ ਤਾਕਤ ਦਾ ਵਿਖਾਲਾ ਸੀ, ਇਹ ਅਮਨ-ਭਰੇ ਢੰਗਾਂ ਵਿਚ ਵਿਸ਼ਵਾਸ ਦਾ ਵੀ ਵਿਖਾਲਾ ਸੀ। ਇਹਨੇ ਨਵੀ ਦਿੱਲੀ ਨੂੰ ਅਕਾਲੀਆਂ ਨੂੰ ਗੱਲਾਂਬਾਤਾਂ ਲਈ ਸੱਦਾ-ਪੱਤਰ ਭੇਜਣ ਲਈ ਟੁੰਬਿਆ। ਆਪੋਜ਼ੀਸ਼ਨ ਪਾਰਟੀਆਂ ਵੀ ਮੌਜੂਦ ਸਨ। ਜਨਤਾ ਪਾਰਟੀ ਦੇ ਮੁਖੀ ਚੰਦਰ ਸ਼ੇਖਰ ਨੇ ਕੰਮ ਵਿਗਾੜ ਦਿੱਤਾ, ਉਹਨੇ ਅਕਾਲੀਆਂ ਉਤੇ ਹਮਲਾ ਕਰਦਿਆਂ ਕਿਹਾ ਕਿ ਉਹ ਚੰਡੀਗੜ੍ਹ ਦੇ ਸਵਾਲ 'ਤੇ 'ਵਿਵੇਕਹੀਣ' ਹਨ, ਕਿਉਂਜੁ ਸ਼ਾਹ ਕਮਿਸ਼ਨ ਨੇ ਅਸਲ ਵਿਚ ਚੰਡੀਗੜ੍ਹ ਹਰਿਆਣੇ ਨੂੰ ਦਿੱਤਾ ਸੀ। ਭਾਵੇਂ ਅਕਾਲੀਆਂ ਨੇ ਇਹ ਆਖ ਕੇ ਵਾਤਾਵਰਨ ਨੂੰ ਸੁਖਾਵਾਂ ਕਰਨ ਦੀ ਕੋਸ਼ਿਸ਼ ਕੀਤੀ ਕਿ ਸ਼ਾਹ ਨੇ ਅਕਾਲੀਆਂ ਤੇ ਕਾਂਗਰਸ (ਆਈ**) ਦੋਹਾਂ ਨਾਲ ਹੀ ਅਨਿਆਂ ਕੀਤਾ ਹੈ, ਸਮੁੱਚੇ ਤੌਰ 'ਤੇ ਆਪੋਜ਼ੀਸ਼ਨ ਨੇ ਅਕਾਲੀਆਂ ਦੀ ਹੀ ਖੂੰਬ ਠੱਪੀ।

ਇਸ ਮੌਕੇ ਪੰਜਾਬ ਦੇ ਸੰਕਟ ਨੂੰ ਹੱਲ ਕਰਨ ਦੀ ਸੰਭਾਵਨਾ ਸੀ—ਭਾਵੇਂ, ਅਸਲੋਂ ਹੀ ਮਮੂਲੀ ਜਿਹੀ—ਪਰ ਭਜਨ ਲਾਲ ਨੇ ਇਹਦਾ ਗਲਾ ਘੁਟ ਦਿੱਤਾ। ਕੁਝ ਸੈਂਟਰਲ ਅਧਿਕਾਰੀਆਂ ਦੇ ਕਹਿਣ 'ਤੇ ਚੰਦਰ ਸ਼ੇਖਰ ਨੇ ਬਾਦਲ, ਟੌਹੜਾ ਤੇ ਬਲਵੰਤ ਸਿੰਘ ਨੂੰ ਦਿੱਲੀ ਵਿਖੇ ਇਕ ਮਿੱਤਰ ਦੇ ਘਰ ਖਾਣੇ

---

* *ਜ਼ੈਲ ਸਿੰਘ ਨੇ ਇਸ ਖ਼ਬਰ ਦੇ ਵਿਰੋਧ ਵਿਚ ਕੋਈ ਬਿਆਨ ਜਾਰੀ ਨਹੀਂ ਕੀਤਾ, ਕਿਉਂਜੁ ਉਹਨੂੰ ਬਹੁਤ ਸਾਰੇ ਵਧਾਈ-ਤਾਰ ਆਏ ਸਨ, ਪਰ ਜਦੋਂ ਆਪੋਜ਼ੀਸ਼ਨ ਨੇ ਪਾਰਲੀਮੈਂਟ ਵਿਚ ਇਹ ਸਵਾਲ ਉਠਾਇਆ, ਤਾਂ ਸਰਕਾਰ ਨੇ ਉਸ 'ਤੇ ਜ਼ੋਰ ਦੇ ਕੇ ਇਸ ਖ਼ਬਰ ਦੇ ਖੰਡਨ ਵਿਚ ਬਿਆਨ ਦਿਵਾਇਆ।*

** *ਇਥੇ ਇਸ਼ਾਰਾ ਸ਼ਾਹ ਕਮਿਸ਼ਨ ਦੀ ਉਸ ਰਿਪੋਰਟ ਵੱਲ ਹੈ, ਜਿਸ ਵਿਚ ਉਹਨੇ ਐਮਰਜੈਂਸੀ (1975-77) ਦੇ ਦੌਰਾਨ ਸ਼੍ਰੀਮਤੀ ਇੰਦਰਾ ਗਾਂਧੀ ਦੇ ਰਾਜ ਨੂੰ ਦੋਸ਼ੀ ਠਹਿਰਾਇਆ ਸੀ।*

'ਤੇ ਬੁਲਾਇਆ। ਉਹਨੇ ਹਰਿਆਣੇ ਦੇ ਆਗੂਆਂ, ਭਜਨ ਲਾਲ ਤੇ ਦੇਵੀ ਲਾਲ ਨੂੰ ਵੀ ਬੁਲਾਇਆ ਸੀ। ਦੋਵੇਂ ਧਿਰਾਂ ਇਕੋ ਛੱਤ ਹੇਠ ਇਕ ਦੂਜੇ ਨੂੰ ਵੇਖ ਕੇ ਹੈਰਾਨ ਰਹਿ ਗਈਆਂ, ਕਿਉਂਜੁ ਚੰਦਰ ਸ਼ੇਖਰ ਨੇ ਕਿਸੇ ਨੂੰ ਵੀ ਨਹੀਂ ਸੀ ਦੱਸਿਆ ਕਿ ਕੀਹਨੂੰ-ਕੀਹਨੂੰ ਖਾਣੇ 'ਤੇ ਸੱਦਿਆ ਜਾ ਰਿਹਾ ਹੈ।

ਭਜਨ ਲਾਲ ਨੇ ਬੇਲਚਕ ਵਤੀਰਾ ਅਖ਼ਤਿਆਰ ਕੀਤਾ ਤੇ ਪੁਰਾਣੀ ਰਟ ਹੀ ਲਾਉਂਦਾ ਰਿਹਾ ਕਿ ਸ਼੍ਰੀਮਤੀ ਇੰਦਰਾ ਗਾਂਧੀ ਦੇ ਅਵਾਰਡ ਦੇ ਅਧੀਨ ਚੰਡੀਗੜ੍ਹ ਦੇ ਬਦਲੇ ਵਿਚ ਅਬੋਹਰ ਤੇ ਫਾਜ਼ਿਲਕਾ ਹਰਿਆਣੇ ਨੂੰ ਮਿਲਣੇ ਚਾਹੀਦੇ ਹਨ। ਪਰ ਦੇਵੀ ਲਾਲ ਸਮਝੌਤਾ-ਪਸੰਦ ਰੌਂ ਵਿਚ ਸੀ ਤੇ ਬਦਲ ਵਜੋਂ ਕਿਸੇ ਵੀ ਫਾਰਮੂਲੇ ਨੂੰ ਵਿਚਾਰਨ ਲਈ ਤਿਆਰ ਸੀ। ਇਹ ਉਸ ਸਮੇਂ ਭਜਨ ਲਾਲ ਦਾ ਹੀ ਵਤੀਰਾ ਸੀ, ਜਿਸ ਨੂੰ ਵੇਖ ਕੇ ਅਕਾਲੀਆਂ ਨੇ ਆਖ਼ਰਕਾਰ ਗੱਲਾਂਬਾਤਾਂ ਛਿਕੇ ਟੰਗ ਦਿੱਤੀਆਂ।

ਜਦੋਂ ਚੰਦਰ ਸ਼ੇਖਰ ਨੇ ਅੱਗੇ ਚੱਲ ਕੇ ਪਰਨਾਬ ਮੁਕਰਜੀ ਨੂੰ ਭਜਨ ਲਾਲ ਦੇ ਵਤੀਰੇ ਬਾਰੇ ਦੱਸਿਆ ਤਾਂ ਮੁਕਰਜੀ ਨੇ ਇਹ ਆਖਦਿਆਂ ਪਛਤਾਵਾ ਪ੍ਰਗਟਾਇਆ ਕਿ ਭਜਨ ਲਾਲ ਨੂੰ ਪਹਿਲਾਂ ਸਮਝਾਇਆ ਨਹੀਂ ਸੀ ਗਿਆ। ਉਹਨੇ ਚੰਦਰ ਸ਼ੇਖਰ ਨੂੰ ਅਕਾਲੀ ਆਗੂਆਂ ਤੇ ਹਰਿਆਣੇ ਦੇ ਲੀਡਰਾਂ ਵਿਚਕਾਰ ਇਕ ਹੋਰ ਮੀਟਿੰਗ ਦਾ ਪ੍ਰਬੰਧ ਕਰਨ ਲਈ ਕਿਹਾ, ਪਰ ਹੁਣ ਬਹੁਤ ਦੇਰ ਹੋ ਚੁਕੀ ਹੋਈ ਸੀ।

ਅਕਾਲੀ ਇਹਦੇ ਲਈ ਤਿਆਰ ਨਹੀਂ ਸਨ। ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ ਵਿਚ ਹਿੰਦੂ ਸੰਗਠਨ ਵਲੋਂ ਸੰਗਠਤ ਕੀਤਾ ਗਿਆ ਬੰਦ ਉਹਨਾਂ ਨੂੰ ਵੇਲੇ-ਸਿਰ ਹੱਥ ਲੱਗਾ ਤੇ ਉਹਨਾਂ ਨੇ ਗੱਲਾਂਬਾਤਾਂ ਨੂੰ ਅਨਿਸਚਿਤ ਸਮੇਂ ਲਈ ਮੁਲਤਵੀ ਕਰ ਦਿੱਤਾ।

19 ਫਰਵਰੀ ਨੂੰ ਹਰਿਆਣੇ ਵਿਖੇ ਪਾਨੀਪਤ ਤੇ ਜਗਾਧਰੀ ਵਿਚ ਹਿੰਸਾ ਭੜਕ ਪਈ, ਨੌਂ ਸਿੱਖ ਕਤਲ ਹੋਏ ਤੇ ਤਿੰਨ ਗੁਰਦੁਆਰੇ ਤਬਾਹ ਕਰ ਦਿੱਤੇ ਗਏ। ਇਸ ਵਿਚ ਅਧਿਕਾਰੀਆਂ ਦੀ ਮਿਲਭਗਤੀ ਪ੍ਰਤੱਖ ਸੀ, ਕਿਉਂਜੁ ਸਥਿਤੀ ਨੂੰ ਸ਼ੁਰੂ ਵਿਚ ਕਾਬੂ ਕਰਨ ਲਈ ਨਾਂ-ਮਾਤਰ ਜਤਨ ਹੀ ਕੀਤਾ ਗਿਆ ਸੀ।

ਪਾਨੀਪਤ ਦੇ ਸਿੱਖ ਲੌਂਗੋਵਾਲ ਨੂੰ ਜਾ ਕੇ ਮਿਲੇ ਜੀਹਨੇ ਸਬਰ ਕਰਨ ਲਈ ਕਿਹਾ ਤੇ ਉਹਨਾਂ ਨੂੰ ਹਿੰਦੂ-ਸਿੱਖ ਏਕੇ ਲਈ ਕੰਮ ਕਰਨ ਦੀ ਸਲਾਹ ਦਿੱਤੀ, ਪਰ ਫੇਰ ਜਦੋਂ ਉਹ ਭਿੰਡਰਾਂਵਾਲੇ ਨੂੰ ਮਿਲੇ, ਤਾਂ ਇਹਨਾਂ ਵਿਚੋਂ ਇਕ ਆਦਮੀ ਅਨੁਸਾਰ, ਭਿੰਡਰਾਂਵਾਲੇ ਨੇ ਕਿਹਾ, 'ਤੁਸੀਂ ਗਾਂਧੀ ਨਿਵਾਸ ਗਏ ਸੋ। ਗਾਂਧੀਵਾਦੀ ਨੇ ਕੀ ਆਖਿਆ ਹੈ, ਇਹੋ ਨਾ ਕਿ ਅਮਨ ਤੇ ਏਕਾ ਜ਼ਰੂਰੀ ਹਨ। ਮੈਂ ਤੁਹਾਨੂੰ ਦੱਸਦਾ ਹਾਂ ਕਿ ਭਾਜੀ ਮੋੜਾਂਗਾ।'

ਭਿੰਡਰਾਂਵਾਲੇ ਦੇ ਆਦਮੀਆਂ ਨੇ ਬਦਲੇ ਦੀ ਕਾਰਵਾਈ ਵਜੋਂ ਚਾਲੀ ਹਿੰਦੂ ਮਾਰ ਦਿੱਤੇ, ਉਹਨਾਂ ਨੇ ਪ੍ਰੀਤਲੜੀ ਦੇ ਸੰਪਾਦਕ ਸੁਮੀਤ ਸਿੰਘ ਨੂੰ ਵੀ ਕਤਲ ਕਰ ਦਿੱਤਾ ਜੀਹਦੇ ਦਾੜ੍ਹੀ ਕੇਸ ਨਹੀਂ ਸਨ। ਜਦੋਂ ਸੁਮੀਤ ਦੇ ਭਰਾ ਨੇ ਜਿਹੜਾ ਉਹਦੇ ਨਾਲ ਸੀ, ਅੱਤਵਾਦੀਆਂ ਨੂੰ ਆਖਿਆ ਕਿ ਸੁਮੀਤ ਨੂੰ ਨਾ ਮਾਰੋ, ਕਿਉਂਜੁ ਉਹ ਤਾਂ ਉਹਦਾ ਭਰਾ ਹੈ, ਭਾਵੇਂ ਇਹਨੇ ਕੇਸ ਨਹੀਂ ਰੱਖੇ ਹੋਏ, ਤਾਂ ਉਹਨਾਂ ਨੇ ਕਿਹਾ, ਇਹ ਤਾਂ ਹੋਰ ਵੀ ਮਾੜੀ ਗੱਲ ਹੈ, ਇਹ ਤਾਂ ਹਿੰਦੂ ਨਾਲੋਂ ਵੀ ਭੈੜਾ ਹੋਇਆ। ਭਿੰਡਰਾਂਵਾਲੇ ਲਈ ਤਾਂ ਕੇਸਧਾਰੀ ਹੀ ਸਿੱਖ ਸੀ। ਕੇਸ ਤੇ ਦਾੜ੍ਹੀ ਕਟਵਾਉਣ ਵਾਲੇ ਜਿਹੜੇ ਆਪਣੇ ਆਪ ਨੂੰ ਸਿੱਖ ਆਪਦੇ ਸਨ, ਭਿੰਡਰਾਂਵਾਲੇ ਦੀਆਂ ਨਜ਼ਰਾਂ ਵਿਚ ਸਿੱਖ ਨਹੀਂ ਸਨ, ਉਹ ਉਹਨਾਂ ਨੂੰ ਪੱਤਤ ਦੱਸਦਾ ਸੀ ਅਤੇ ਆਖਦਾ ਸੀ ਇਹਨਾਂ ਲੋਕਾਂ ਨੇ ਆਪਣੇ ਕੇਸ 'ਕਤਲ ਕਰਵਾ ਦਿੱਤੇ' ਹਨ।

ਪੰਜਾਬ ਤੋਂ ਬਾਹਰ ਹਿੰਦੂਆਂ ਤੇ ਸਿੱਖਾਂ ਦੇ ਸੰਬੰਧਾਂ ਵਿਚ ਵੀ ਖਿਚਾਉ ਪੈਦਾ ਹੋਣ ਲੱਗਿਆ। ਪੰਜਾਬ ਵਿਚ ਦਹਿਸ਼ਤਪਸੰਦਾਂ ਨੂੰ ਰੋਕਣ ਲਈ ਹਕੂਮਤ ਦੀ ਅਸਫਲਤਾ ਉਤੇ ਡਰ ਤੇ ਗ਼ੁੱਸਾ ਪ੍ਰਗਟਾਏ ਗਏ। ਰਾਜਕੀ ਮਸ਼ੀਨਰੀ ਨੇ ਜਿਸ ਵਿਚ ਸੈਂਟਰਲ ਰੀਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐਫ਼) ਅਤੇ ਬਾਰਡਰ ਸਕਿਊਰਿਟੀ ਫੋਰਸ (ਬੀ.ਐਸ.ਐਫ.) ਨੂੰ ਸ਼ਾਮਿਲ ਕਰ ਦਿੱਤਾ ਗਿਆ ਸੀ, ਸਥਿਤੀ ਤੇ ਮੁਕਾਬਲੇ ਲਈ ਵਿਸਤਾਰ-ਭਰੀਆਂ ਯੋਜਨਾਵਾਂ ਬਣਾਈਆਂ, ਇਕ ਯੋਜਨਾ ਦੇ ਅਧੀਨ, ਗੋਲਡਨ ਟੈਂਪਲ ਦੇ ਇਰਦ-ਗਿਰਦ ਦੇ ਮਕਾਨਾਂ ਵਿਚੋਂ ਆਪੱਤੀਜਨਕ ਲੋਕਾਂ ਨੂੰ ਕੱਢਣਾ ਸੀ, ਪਰ ਨਵੀਂ ਦਿੱਲੀ ਨੇ ਹਰੀ ਝੰਡੀ ਨਾ ਵਿਖਾਈ।

ਭਾਵੇਂ ਕੋਈ ਵੀ ਕਾਰਵਾਈ ਸੋਚੀ ਗਈ ਹੋਵੇ, ਪੰਜਾਬ ਸਰਕਾਰ ਇਸ ਗੱਲੋਂ ਚੇਤੰਨ ਸੀ ਕਿ ਇਹ ਬੁਨਿਆਦੀ ਤੌਰ 'ਤੇ ਇਕ ਰਾਜਸੀ ਸਵਾਲ ਹੈ ਜੀਹਦਾ ਰਾਜਸੀ ਹੱਲ ਹੋਣਾ ਚਾਹੀਦਾ ਹੈ। ਰਾਜ ਦੇ ਗਵਰਨਰ, ਪਾਂਡੇ ਨੇ ਤੇ ਉਹਦੇ ਸਲਾਹਕਾਰਾਂ ਨੇ ਇਹੋ ਗੱਲ ਆਖੀ ਸੀ ਜਦੋਂ ਵੀ ਉਹਨਾਂ ਨੂੰ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਮੌਕਾ ਮਿਲਿਆ।

ਲੌਂਗੋਵਾਲ ਦੀ ਹਾਲਤ ਤਰਸਯੋਗ ਹੋ ਚੁੱਕੀ ਸੀ। ਉਹਨੂੰ ਕੁਝ ਕਿਲ੍ਹਾਬੰਦੀਆਂ ਬਾਰੇ ਮਲੂਮ ਸੀ, ਉਹਦੇ ਨਿਕਟ-ਵਰਤੀਆਂ ਨੇ ਉਹਨੂੰ ਗੋਲਡਨ ਟੈਂਪਲ ਵਿਚ ਲਿਆਂਦੇ ਜਾ ਰਹੇ ਹਥਿਆਰਾਂ ਬਾਰੇ ਦੱਸਿਆ। ਇਹੋ ਹੀ ਨਹੀਂ, ਉਹਨੂੰ ਬੰਦੂਕਾਂ ਚੱਲਣ ਦੀ ਆਵਾਜ਼ ਵੀ ਸੁਣਾਈ ਦਿੰਦੀ ਸੀ। ਜਦੋਂ ਸ਼ਾਹਬੇਗ ਸਿੰਘ ਗੋਲਡਨ ਟੈਂਪਲ ਕਾਂਪਲੈਕਸ ਦੇ ਅੰਦਰ ਅੱਤਵਾਦੀਆਂ ਨੂੰ ਸਿਖਲਾਈ ਦਿੰਦਾ ਸੀ।

ਇਕ ਤਾਂ ਇਸ ਕਰਕੇ ਉਹ ਆਪਣੇ ਆਪ ਨੂੰ ਬੇਵੱਸ ਵੇਖਦਾ ਸੀ, ਤੇ ਇਸ ਕਰਕੇ ਵੀ ਕਿ ਉਹ ਸਰਕਾਰ ਨਾਲ ਨਾਰਾਜ਼ ਸੀ, ਜੀਹਨੇ ਉਹਦੇ ਲਈ ਬਾਹਰ ਨਿਕਲਣ ਦਾ ਕੋਈ ਰਾਹ ਹੀ ਨਹੀਂ ਸੀ ਛੱਡਿਆ ਤੇ ਇਸ ਕਰਕੇ ਵੀ ਕਿ ਉਹਨੂੰ ਨਹੀਂ ਸੀ ਮਲੂਮ ਕਿ ਹੁਣ ਕਿੰਨੇ ਸਿੱਖਾਂ ਨੂੰ ਆਪਣੇ ਨਾਲ ਖੜ ਸਕਦਾ ਹੈ। ਲੌਂਗੋਵਾਲ ਨੇ ਭਿੰਡਰਾਂਵਾਲੇ ਨਾਲ ਖੁਲ੍ਹਮਖੁਲ੍ਹਾ ਟਕਰਾਉ ਤੋਂ ਪਰਹੇਜ਼ ਕੀਤਾ, ਪਰ ਫਿਰ ਵੀ ਉਹ ਐਜੀਟੇਸ਼ਨ ਨੂੰ ਵਾਪਸ ਲੈਣ ਲਈ ਤਿਆਰ ਸੀ ਜੇਕਰ ਸਰਕਾਰ ਚੰਡੀਗੜ੍ਹ ਪੰਜਾਬ ਨੂੰ ਦੇ ਦੇਵੇ, ਤੇ ਇਹਦੇ ਬਦਲੇ ਵਿਚ ਪੰਜਾਬ ਤੋਂ ਏਡਾ ਹੀ ਖੇਤਰ ਹਰਿਆਣੇ ਨੂੰ ਦੇ ਦੇਵੇ, ਤੇ ਬਾਕੀ ਦੀਆਂ ਮੰਗਾਂ ਟਰਿਬਿਊਨਲਾਂ ਨੂੰ ਸੌਂਪਣਾ ਮੰਨ ਲਵੇ। ਇਹ ਗੱਲ ਉਹਨੇ ਕਈ ਪ੍ਰੈੱਸ ਇੰਟਰਵਿਊਆਂ ਵਿਚ ਆਖੀ।

ਲੌਂਗੋਵਾਲ ਨੇ ਆਪਣੀਆਂ ਪਤਲੀਆਂ ਪੈਂਦੀਆਂ ਸਫ਼ਾਂ ਨੂੰ ਮਜ਼ਬੂਤ ਕਰਨ ਲਈ ਇਕ ਹੋਰ ਜਤਨ ਕੀਤਾ, ਕਿਉਂਜੁ ਭਿੰਡਰਾਂਵਾਲੇ ਨੇ ਸਿੱਖਾਂ ਨੂੰ ਆਪਣਾ ਵੱਖਰਾ, ਵਿਸ਼ੇਸ਼ ਚਰਿਤਰ ਕਾਇਮ ਕਰਨ ਲਈ ਪ੍ਰੇਰਿਆ ਹੋਇਆ ਸੀ, ਲੌਂਗੋਵਾਲ ਨੇ ਸੰਵਿਧਾਨ ਧਾਰਾ 25* ਵਿਚ ਤਰਮੀਮ ਕਰਨ ਦੀ ਮੰਗ

---

* *ਧਾਰਾ 25 ਜ਼ਮੀਰ ਅਤੇ ਧਰਮ ਮੰਨਣ, ਪੂਜਾ-ਪਾਠ ਤੇ ਪ੍ਰਚਾਰ ਬਾਰੇ ਹੈ ਅਤੇ ਇਸ ਦੀ ਮਦ (2) (b) ਵਿਚ ਕਿਹਾ ਗਿਆ ਹੈ ਕਿ ਇਸ ਧਾਰਾ ਵਿਚ ਕੁਝ ਵੀ ਕਿਸੇ ਮੌਜੂਦ ਕਾਨੂੰਨ 'ਤੇ ਅਸਰ ਨਹੀਂ ਪਾਏਗਾ ਅਤੇ ਰਾਜ ਨੂੰ ਕੋਈ ਕਾਨੂੰਨ ਬਣਾਉਣੋਂ ਨਹੀਂ ਰੋਕੇਗਾ ਜਾਂ ਸਮਾਜਕ ਭਲਾਈ ਜਾਂ ਸੁਧਾਰ ਲਈ ਜਾਂ ਜਨਤਕ ਕਿਸਮ ਦੀਆਂ ਹਿੰਦੂ ਧਾਰਮਿਕ ਸੰਸਥਾਵਾਂ ਦੇ ਦਰ ਹਿੰਦੂਆਂ ਦੀਆਂ ਸਭਨਾਂ ਸ਼ਰੇਣੀਆਂ ਤੇ ਪਰਤਾਂ ਲਈ ਖੋਲ੍ਹਣ ਬਾਰੇ ਹੋਵੇਗਾ।*

ਵਿਆਖਿਆ 2 ਵਿਚ ਕਿਹਾ ਗਿਆ ਹੈ ਕਿ 'ਹਿੰਦੂ ਦੇ ਹਵਾਲੇ ਵਿਚ ਉਹਨਾਂ ਲੋਕਾਂ ਨੂੰ ਸ਼ਾਮਿਲ ਸਮਝਿਆ ਜਾਵੇਗਾ ਜਿਹੜੇ ਸਿੱਖ, ਜੈਨ ਜਾਂ ਬੁੱਧ ਧਰਮਾਂ ਨੂੰ ਮੰਨਦੇ ਹਨ ਅਤੇ ਹਿੰਦੂ ਧਾਰਮਿਕ ਸੰਸਥਾਵਾਂ, ਦਾ ਹਵਾਲਾ ਤਦ-ਅਨੁਸਾਰ ਅਰਥ ਦੇਵੇਗਾ।'

ਕੀਤੀ ਜਿਸ ਵਿਚ ਸਿੱਖਾਂ ਨੂੰ ਹਿੰਦੂਆਂ ਨਾਲ ਜੋੜਿਆ ਹੋਇਆ ਹੈ।

ਧਾਰਾ 25 (2) (b) ਅਕਾਲੀਆਂ ਦੀਆਂ ਸ਼ਿਕਾਇਤਾਂ ਦੀ ਲੰਮੀ ਸੂਚੀ ਵਿਚ ਸ਼ਾਮਿਲ ਨਹੀਂ ਸੀ, ਤੇ ਨਾ ਹੀ ਮੰਗਾਂ ਦੀ ਛੋਟੀ ਸੂਚੀ ਵਿਚ ਇਹਦੀ ਤਰਮੀਮ ਦੀ ਮੰਗ ਸ਼ਾਮਿਲ ਸੀ। ਇਹ ਸਵਾਲ ਉਠਾ ਕੇ, ਮਾਡਰੇਟ ਅਕਾਲੀ ਸੋਚਦੇ ਸਨ ਕਿ ਉਹ ਆਪਣੇ ਸਿੱਖ ਅਨੁਆਈਆਂ ਦੀ ਹਿਮਾਇਤ ਮੁੜ ਹਾਸਲ ਕਰ ਸਕਣਗੇ। 'ਸਾਨੂੰ ਆਪਣੇ ਅਨੁਆਈਆਂ ਨੂੰ ਮੁੜ ਆਪਣੇ ਵੱਲ ਜਿੱਤਣ ਲਈ ਕੁਝ ਕਰਨਾ ਹੀ ਪੈਣਾ ਸੀ ਜਿਨ੍ਹਾਂ ਨੂੰ ਭਿੰਡਰਾਂਵਾਲਾ ਸਾਥੋਂ ਆਪਣੇ ਵੱਲ ਲੈ ਜਾ ਚੁਕਿਆ ਹੋਇਆ ਸੀ ?' ਇਕ ਮਾਡਰੇਟ ਅਕਲੀ ਆਗੂ ਨੇ ਸਪੱਸ਼ਟ ਕੀਤਾ।

ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ, ਲੈਫਟੀਨੈਂਟ ਜਨਰਲ ਜੇ.ਐਸ. ਅਰੋੜਾ, ਸਾਬਕਾ ਰਾਜਦੂਤ ਗੁਰਬਚਨ ਸਿੰਘ ਤੇ ਲੇਖਕ ਪਤਵੰਤ ਸਿੰਘ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਲੌਂਗੋਵਾਲ ਨੂੰ ਇਹ ਬੇਨਤੀ ਕਰਨ ਲਈ ਗਏ ਕਿ ਸੰਵਿਧਾਨ ਨੂੰ ਸਾੜਨ ਦੀ ਐਜੀਟੇਸ਼ਨ ਸ਼ੁਰੂ ਨਾ ਕੀਤੀ ਜਾਵੇ। ਉਹਨਾਂ ਆਖਿਆ ਕਿ ਉਹ ਸਰਕਾਰ ਨੂੰ ਪ੍ਰੇਰਨਗੇ ਕਿ ਇਹ ਮਾਮਲਾ ਸੁਪਰੀਮ ਕੋਰਟ ਦੇ ਸਾਹਮਣੇ ਰੱਖ ਦਿੱਤਾ ਜਾਵੇ ਜਿਹੜੀ ਫ਼ੈਸਲਾ ਦੇ ਦੇਵੇ ਕਿ ਧਾਰਾ 25 ਸਿੱਖਾਂ ਨੂੰ ਹਿੰਦੂਆਂ ਦੇ ਨਾਲ ਜੋੜਦੀ ਹੈ ਜਾਂ ਨਹੀਂ। ਲੌਂਗੋਵਾਲ ਬਿਲਕੁਲ ਹੀ ਨਰਮ ਨਾ ਹੋਇਆ।

ਜਿਵੇਂ ਕਤਲਾਂ ਨੇ ਹਿੰਦੂ-ਰਾਏ ਨੂੰ ਦੂਰ ਕਰ ਦਿੱਤਾ ਹੋਇਆ ਸੀ, ਧਾਰਾ 25 ਵਿਚ ਤਰਮੀਮ ਕਰਨ ਦੀ ਤਜਵੀਜ਼ ਨੇ ਆਪੋਜ਼ੀਸ਼ਨ ਨੂੰ ਅਕਾਲੀਆਂ ਤੋਂ ਦੂਰ ਕਰ ਦਿੱਤਾ ਜਿਹੜੇ ਇਹ ਸਮਝਣ ਲੱਗ ਪਏ ਕਿ ਮਾਡਰੇਟ ਹੁਣ ਅੱਤਵਾਦੀਆਂ ਨੂੰ ਪਿੱਛੇ ਛੱਡਣ ਦੇ ਜਤਨ ਕਰ ਰਹੇ ਹਨ। ਜਿਨ੍ਹਾਂ ਨੂੰ ਅਜੇ ਵੀ ਯਕੀਨ ਸੀ ਕਿ ਅਕਲੀ ਇਕ ਦਿਨ ਮੁਖ-ਧਾਰਾ ਵਿਚ ਮੁੜ ਆਉਣਗੇ, ਉਹਨਾਂ ਦਾ ਭਰਮ ਟੁੱਟ ਗਿਆ।

ਬਾਦਲ ਨੇ, ਜਿਹੜਾ ਹਿੰਦੂ ਸੰਵੇਦਨਸ਼ੀਲਤਾ ਤੋਂ ਚੇਤੰਨ ਸੀ, ਇਸ ਤਰਮੀਮ ਲਈ ਮੰਗ ਦੀ ਜ਼ੋਰਦਾਰ ਵਿਰੋਧਤਾ ਕੀਤੀ, ਬਲਵੰਤ ਸਿੰਘ ਚੁੱਪ ਰਿਹਾ। ਬਰਨਾਲਾ ਨੇ ਬਾਦਲ ਦੀ ਹਿਮਾਇਤ ਕੀਤੀ। ਲੌਂਗੋਵਾਲ ਨੇ ਉਹਨਾਂ ਨੂੰ ਇਹ ਦੱਸ ਕੇ ਮਨਾ ਲਿਆ ਕਿ ਟੌਹੜਾ ਪਹਿਲਾਂ ਹੀ ਰਾਜੀਵ ਗਾਂਧੀ ਦੀ ਇਸ ਤਰਮੀਮ ਦੇ ਪੱਖ ਵਿਚ ਪ੍ਰਵਾਨਗੀ ਲੈ ਚੁਕਿਆ ਹੋਇਆ ਹੈ। ਅਕਾਲੀਆਂ ਦੋ-ਸਾਲਾ ਰਾਜ ਸਭਾ ਪੋਲ ਦੇ ਬਾਈਕਾਟ ਦਾ ਵੀ ਐਲਾਨ ਕਰ ਦਿੱਤਾ। ਉਹ ਰਾਜ ਸਭਾ ਦੀ ਇਕ ਸੀਟ ਹਾਸਲ ਕਰ ਸਕਦੇ ਸਨ ਜਿਹੜੀ ਹੁਣ ਕਾਂਗਰਸ (ਆਈ) ਨੂੰ ਚਲੀ ਗਈ, ਕਿਉਂਜੁ ਅਕਾਲੀਆਂ ਨੇ ਚੋਣ ਵਿਚ ਹਿੱਸਾ ਨਾ ਲਿਆ। ਹੁਣ ਜ਼ੋਰ ਸਦਾ-ਵਧੇਰੇ ਪੰਥ ਅਤੇ ਧਾਰਮਿਕ ਸਰਦਾਰੀ ਉਤੇ ਦਿੱਤਾ ਜਾਣ ਲੱਗ ਪਿਆ ਸੀ।

ਅਕਾਲੀ ਇਸ 'ਤੇ ਸਹਿਮਤ ਹੋਏ ਕਿ ਬਾਦਲ, ਟੌਹੜਾ ਤੇ ਬਰਨਾਲਾ 27 ਫਰਵਰੀ ਨੂੰ ਦਿੱਲੀ ਪਹੁੰਚਣਗੇ ਤੇ ਉਥੇ ਸੰਵਿਧਾਨ ਦੀ ਧਾਰਾ 25 ਵਾਲਾ ਪੰਨਾ ਸਾੜਨਗੇ। ਫੇਰ ਉਹਨਾਂ ਨੇ ਸਰਕਾਰੀ ਐਲਾਨ ਦੀ ਉਡੀਕ ਕੀਤੀ ਕਿ ਉਹ, ਜਿਵੇਂ ਰਾਜੀਵ ਨੇ ਇਸ਼ਾਰਾ ਕੀਤਾ ਸੀ, ਤਰਮੀਮ ਲਈ ਤਿਆਰ ਹੈ। ਪਰ ਇਸ ਤਰ੍ਹਾਂ ਦਾ ਕੋਈ ਐਲਾਨ ਨਾ ਹੋਇਆ। ਸਪੱਸ਼ਟ ਹੈ ਕਿ ਸਰਕਾਰ ਮਾਡਰੇਟਾਂ ਦੇ ਬਿੰਬ ਨੂੰ, ਖ਼ਾਸ ਤੌਰ 'ਤੇ ਆਪੋਜ਼ੀਸ਼ਨ ਦੀਆਂ ਨਜ਼ਰਾਂ ਵਿਚ ਦਾਗੀ ਕਰਨਾ ਚਾਹੁੰਦੀ ਸੀ। ਨਹੀਂ ਤਾਂ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਤਰਮੀਮ ਕਰਨ ਬਾਰੇ ਐਲਾਨ 26 ਫਰਵਰੀ ਨੂੰ ਅਰਥਾਤ ਅਕਾਲੀ ਮੁਜ਼ਾਹਰੇ ਤੋਂ ਪਹਿਲਾਂ ਹੀ ਕਿਉਂ ਨਾ ਕਰ ਦਿੱਤਾ ਗਿਆ।

ਫੇਰ ਸਰਕਾਰ ਨੇ ਅਕਾਲੀ ਲੀਡਰਾਂ ਦਾ ਦਿੱਲੀ ਪਹੁੰਚਣਾ ਰੋਕਣ ਲਈ ਸਾਰੇ ਰਾਹਾਂ ਦੀ

ਨਾਕਾਬੰਦੀ ਕਰ ਦਿੱਤੀ, ਪਰ ਬਾਦਲ ਟਰੱਕ ਡਰਾਈਵਰ ਦੇ ਭੇਸ ਵਿਚ ਰਾਜਧਾਨੀ ਪਹੁੰਚਣ ਵਿਚ ਸਫਲ ਹੋ ਗਿਆ, ਉਹਨੇ ਸੰਵਿਧਾਨ ਦੀ ਧਾਰਾ 25 ਵਾਲਾ ਪੰਨਾ, ਜਿਵੇਂ ਕਿ ਐਲਾਨ ਕੀਤਾ ਗਿਆ ਸੀ, ਪਾਰਲੀਮੈਂਟ ਹਾਊਸ ਦੇ ਸਾਹਮਣੇ ਨਹੀਂ ਸਾੜਿਆ, ਸਗੋਂ ਬੰਗਲਾ ਸਾਹਿਬ ਦੇ ਗੁਰਦੁਆਰੇ ਵਿਚ ਸਾੜਿਆ ਤੇ ਇਸ ਪਿਛੋਂ ਗ੍ਰਿਫ਼ਤਾਰੀ ਦਿੱਤੀ।

ਟੌਹੜਾ ਤੇ ਬਰਨਾਲਾ ਨੇ ਸੰਵਿਧਾਨ ਦੀ ਧਾਰਾ 25 ਪਾੜਨ ਵਾਲਾ ਵਿਖਾਲਾ ਚੰਡੀਗੜ੍ਹ ਕੀਤਾ। ਟੌਹੜਾ ਨੇ ਜਾਣ ਬੁਝ ਕੇ ਚੰਡੀਗੜ੍ਹ ਦੀ ਚੋਣ ਕੀਤੀ ਸੀ, ਕਿਉਂਜੁ ਉਹ ਆਪਣੇ ਸ਼ਰੀਕ, ਬਾਦਲ ਦੀ ਲੀਡਰਸ਼ਿਪ ਹੇਠ ਮੁਜ਼ਾਹਰਾ ਕਰਨਾ ਨਹੀਂ ਸੀ ਚਾਹੁੰਦਾ।

ਕਈ ਹੋਰ ਅਕਾਲੀਆਂ ਨੇ ਆਪਣੇ ਆਗੂਆਂ ਵਲੋਂ ਪਾਏ ਗਏ ਪੂਰਨਿਆਂ ਉਤੇ ਟੁਰਦਿਆਂ ਧਾਰਾ 25 ਪਾੜੀ ਜਾਂ ਸਾੜੀ ਤੇ ਉਹਨਾਂ ਨੂੰ ਅਜਿਹਾ ਕਰਦਿਆਂ ਗ੍ਰਿਫ਼ਤਾਰ ਕੀਤਾ ਗਿਆ। ਸਰਕਾਰ ਨੇ ਇਹਨਾਂ ਸਭਨਾਂ ਨੂੰ ਨਜ਼ਰਬੰਦ ਕਰ ਦਿੱਤਾ ਤੇ ਇਸ ਤਰ੍ਹਾਂ ਦਰਸਾਇਆ ਕਿ ਉਹਨਾਂ ਉਤੇ ਮੁਕੱਦਮਾ ਚੱਲਣ ਵਾਲਾ ਹੈ। ਜਿਵੇਂ ਕਿ ਟੌਹੜਾ ਤੇ ਰਾਜੀਵ ਵਿਚਕਾਰ ਪਹਿਲਾਂ ਹੀ ਗੱਲ ਹੋ ਚੁੱਕੀ ਹੋਈ ਸੀ, 30 ਮਾਰਚ ਨੂੰ ਸੇਠੀ ਨੇ ਪਾਰਲੀਮੈਂਟ ਵਿਚ ਐਲਾਨ ਕਰ ਦਿੱਤਾ ਕਿ ਸਰਕਾਰ ਸੰਵਿਧਾਨ ਵਿਚ ਤਰਮੀਮ ਕਰਨ ਨੂੰ ਤਿਆਰ ਹੈ। ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਅਤੇ ਸਿੱਖ ਕਮਿਊਨਿਟੀ ਦੇ ਦੂਜੇ ਪ੍ਰਤੀਨਿਧੀਆਂ ਨਾਲ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਲਈ ਅਤੇ ਸ਼ੱਕ ਸ਼ੁਬ੍ਹੇ ਦੂਰ ਕਰਨ ਲਈ ਅਜਿਹੀ ਤਰਮੀਮ ਕਰਨ ਲਈ ਤਿਆਰ ਹੈ।

11 ਮਈ 1984 ਨੂੰ ਸਰਕਾਰ ਨੇ ਧਾਰਾ 25 ਦੇ ਸੰਬੰਧ ਵਿਚ ਫੜੇ ਹੋਏ ਸਾਰੇ ਅਕਾਲੀ ਰਿਹਾ ਕਰ ਦਿੱਤੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਉਹ ਵਿਚਾਰ-ਗੋਚਰੀਆਂ ਤਜਵੀਜ਼ਾਂ ਤੇ ਸੁਝਾਉ ਉਹਨੂੰ ਭੇਜੇ।

ਮਾਡਰੇਟ, ਜਿਹੜੇ ਹੁਣ ਅਨੁਆਈਆਂ ਤੋਂ ਵਾਂਝੇ ਸਨ ਤੇ ਜਨਤਕ ਅਪੀਲ ਜਿੱਤਣ ਦੇ ਚਾਹਵਾਨ ਸਨ, ਸਿੱਖਾਂ ਲਈ ਵੱਖਰਾ ਨਿੱਜੀ ਕਾਨੂੰਨ ਦੀ ਮੰਗ ਲੈ ਕੇ ਮੈਦਾਨ ਵਿਚ ਨਿੱਤਰੇ। ਇਹ ਮੰਗ ਵੀ ਉਹਨਾਂ ਦੀਆਂ ਮੂਲ ਮੰਗਾਂ ਵਿਚ ਸ਼ਾਮਿਲ ਨਹੀਂ ਸੀ। ਅਕਾਲੀ ਨਹੀਂ ਸੀ ਜਾਣਦੇ ਕਿ ਇਹਦੇ ਨਾਲ ਕਿਵੇਂ ਨਿਬੜੀਦੇ। ਉਹਨਾਂ ਨੇ ਜਸਟਸ ਨਰੂਲਾ ਨੂੰ ਖਰੜਾ ਤਿਆਰ ਕਰਨ ਦਾ ਕੰਮ ਦੇਣ ਦਾ ਫ਼ੈਸਲਾ ਕੀਤਾ, ਪਰ ਉਹਨੇ ਇਨਕਾਰ ਕਰ ਦਿੱਤਾ, ਤਾਂ ਅਕਾਲੀਆਂ ਦਾ ਕਾਨੂੰਨੀ ਸਲਾਹਕਾਰ, ਗੁਰਨਾਮ ਸਿੰਘ ਤੀਰ, ਨਰੂਲਾ ਨੂੰ ਮਿਲਿਆ ਤੇ ਸਿੱਖ ਪਰਸਨਲ ਲਾਅ ਦਾ ਖਰੜਾ ਤਿਆਰ ਕਰਨ ਵਿਚ ਉਹਦੀ ਮਦਦ ਚਾਹੀ।

ਅਕਾਲੀਆਂ ਦੇ ਮਨ ਵਿਚ ਜਾਂ ਤਾਂ ਸਭਨਾਂ ਕਮਿਊਨਿਟੀਆਂ ਲਈ ਸਾਂਝਾ ਸਿਵਿਲ ਜ਼ਾਬਤਾ, ਜਾਂ ਸਿੱਖਾਂ ਲਈ ਵੱਖਰਾ ਕਾਨੂੰਨ ਸੀ। ਪੀ.ਸੀ. ਸੇਠੀ ਨੂੰ ਲੋਂਗੋਵਾਲ ਨੇ ਲਿਖਿਆ ਸੀ ਕਿ ਹਿੰਦੂਆਂ ਦਾ ਵੱਖਰਾ ਨਿੱਜੀ ਕਾਨੂੰਨ ਹੈ ਤੇ ਮੁਸਲਮਾਨਾਂ ਦਾ ਵੱਖਰਾ, ਤਾਂ ਫੇਰ ਸਿੱਖਾਂ ਲਈ ਵੱਖਰਾ ਕਿਉਂ ਨਾ ਹੋਵੇ ? 'ਨਿਜੀ ਕਾਨੂੰਨ ਤੋਂ ਇਨਕਾਰ ਸਿੱਖਾਂ ਵਿਰੁਧ ਵਿਤਕਰੇ ਦੇ ਬਰਾਬਰ ਹੈ।'

ਅਕਾਲੀ ਲੀਡਰ ਉਹਨਾਂ ਲਾਈਨਾਂ ਬਾਰੇ ਆਪੋ ਵਿਚ ਸੋਚਦੇ ਰਹੇ ਸਨ ਜਿਨ੍ਹਾਂ ਉਤੇ ਸਿੱਖ ਨਿਜੀ ਕਾਨੂੰਨ ਆਧਾਰਤ ਹੋਵੇ। ਜੱਟ ਸਿੱਖਾਂ, ਜਿਨ੍ਹਾਂ ਦੀ ਪੰਜਾਬ ਵਿਚ ਬਹੁਗਿਣਤੀ ਹੈ, ਪੂਰਬ-ਹਿੰਦੂ ਕੋਡ ਦੇ ਦੌਰ ਵਿਚ ਜਾਣ ਦੇ ਹੱਕ ਵਿਚ ਹਨ ਜਦੋਂ ਵਿਆਹ ਨੂੰ ਇਕ ਪਵਿੱਤਰ ਪ੍ਰਣ ਸਮਝਿਆ ਜਾਂਦਾ ਸੀ ਤੇ ਕਿਸੇ ਵੀ ਤਲਾਕ ਦੀ ਆਗਿਆ ਨਹੀਂ ਸੀ, ਖ਼ਾਸ ਤੌਰ 'ਤੇ ਇਸਤਰੀ ਨੂੰ, ਉਹਦਾ ਆਦਮੀ ਭਾਵੇਂ ਦੂਜਾ ਵਿਆਹ ਹੀ ਕਿਉਂ ਨਾ ਕਰ ਲਵੇ।

ਇਸੇ ਤਰ੍ਹਾਂ, ਇਹਦੇ ਬਾਰੇ ਵੀ ਬਹਿਸ ਹੋਈ ਕਿ ਜ਼ਮੀਨ ਦੀ ਮਾਲਕੀ ਤੋਂ ਤੀਵੀਆਂ ਨੂੰ ਕਿਵੇਂ ਰੋਕਿਆ ਜਾਵੇ। ਹਿੰਦੂ ਕੋਡ ਸੰਪਤੀ ਦੇ ਸੰਬੰਧ ਵਿਚ ਤੀਵੀਆਂ ਨੂੰ ਬਰਾਬਰ ਦਾ ਅਧਿਕਾਰ ਦਿੰਦਾ ਹੈ, ਪਰ ਜੱਟ ਸਿੱਖ ਡਰਦੇ ਹਨ ਕਿ ਇਸ ਤਰ੍ਹਾਂ ਵਿਰਾਸਤ ਰਾਹੀਂ ਜੋਤ-ਭੋਇੰ ਦੇ ਟੁਕੜੇ ਹੁੰਦੇ ਜਾਣਗੇ। ਪੰਜਾਬ ਦੇ ਪਿੰਡਾਂ ਵਿਚ ਰਿਵਾਜ ਧੀ ਨੂੰ ਅਜਿਹੇ ਮੁੰਡੇ ਨਾਲ ਵਿਆਹੁਣਾ ਹੁੰਦਾ ਹੈ ਜਿਹੜਾ ਕਾਫ਼ੀ ਦੂਰ ਰਹਿੰਦਾ ਹੋਵੇ ਤਾਂ ਜੁ ਲੜਕੀ ਜ਼ਮੀਨ ਦੇ ਮਾਮਲਿਆਂ ਵਿਚ ਦਖ਼ਲ ਨਾ ਦੇ ਸਕੇ। ਹੁਣ ਵੀ ਆਮ ਤੌਰ 'ਤੇ ਕੁੜੀਆਂ ਪਰਿਵਾਰ ਦੀ ਜ਼ਮੀਨ ਵਿਚੋਂ ਆਪਣਾ ਹਿੱਸਾ ਨਹੀਂ ਲੈਂਦੀਆਂ। ਜੱਟ ਸਿੱਖ ਇਸ ਵਿਹਾਰ ਨੂੰ ਕਾਨੂੰਨ ਦਾ ਰੂਪ ਦੇਣਾ ਚਾਹੁੰਦੇ ਹਨ।

ਸਰਕਾਰ ਅਜੇ ਵੀ ਇਸ ਤਰ੍ਹਾਂ ਜ਼ਾਹਰ ਕਰ ਰਹੀ ਸੀ ਜਿਵੇਂ ਉਹ ਹੱਲ ਲੱਭ ਰਹੀ ਹੋਵੇ। ਅਪ੍ਰੈਲ 1984 ਵਿਚ ਸੂਚਨਾ ਤੇ ਬਰਾਡਕਾਸਟਿੰਗ ਮੰਤਰੀ ਐਚ.ਕੇ.ਐਲ. ਭਗਤ ਨੇ ਮੇਰੇ ਘਰ ਮੇਰੇ ਨਾਲ ਇਸ ਸੰਬੰਧ ਵਿਚ ਮੁਲਾਕਾਤ ਕੀਤੀ ਕਿ ਮੈਂ ਪੰਜਾਬ ਮਸਲੇ ਦਾ ਕੋਈ ਫਾਰਮੂਲਾ ਸੁਝਾਵਾਂ। ਮੈਂ ਜੋ ਫਾਰਮੂਲਾ ਤਿਆਰ ਕੀਤਾ ਸੀ ਉਹ ਇਹ ਸੀ :

(1) ਦਰਿਆਈ ਪਾਣੀਆਂ ਦਾ ਸਵਾਲ (ਰਾਵੀ ਤੇ ਬਿਆਸ ਦਾ, ਕਿਉਂਜੁ ਸਤਲੁਜ ਦੇ ਪਾਣੀ ਬਾਰੇ ਨਿਬੇੜਾ ਹੋ ਚੁਕਿਆ ਹੋਇਆ ਹੈ) ਸੁਪਰੀਮ ਕੋਰਟ ਦੇ ਜੱਜ ਦੇ ਸਪੁਰਦ ਕਰ ਦਿੱਤਾ ਜਾਵੇ ਤੇ ਉਹਦਾ ਫ਼ੈਸਲਾ ਪੰਜਾਬ, ਹਰਿਆਣਾ ਅਤੇ ਰਾਜਸਥਾਨ ਰਾਜਾਂ ਉਤੇ ਹੀ ਨਹੀਂ, ਜਿਨ੍ਹਾਂ ਨੂੰ ਪਾਣੀ ਮਿਲਣਾ ਹੈ, ਸਗੋਂ ਸਮੇਤ ਅਕਾਲੀਆਂ, ਕਾਂਗਰਸ (ਆਈ), ਬੀ.ਜੇ.ਪੀ., ਲੋਕ ਦਲ, ਜਨਤਾ ਤੇ ਕਮਿਊਨਿਸਟਾਂ ਦੇ ਸਭਨਾਂ ਪੁਲੀਟੀਕਲ ਪਾਰਟੀਆਂ 'ਤੇ ਲਾਗੂ ਹੋਵੇ, ਤੇ ਉਹ ਮਿਲ ਕੇ ਅਦਾਲਤ ਨੂੰ ਕਹਿਣ ਕਿ ਇਹ ਫ਼ੈਸਲਾ ਜਲਦੀ ਸੁਣਾਇਆ ਜਾਵੇ। ਉਦੋਂ ਤਕ ਕਾਨੂੰਨ ਨੂੰ ਹਾਨੀ ਪੁਚਾਏ ਬਿਨਾਂ ਸਾਰੇ ਕੰਮ ਜਾਰੀ ਰਹਿ ਸਕਦੇ ਹਨ।

(2) ਚੰਡੀਗੜ੍ਹ ਪੰਜਾਬ ਵਿਚ ਮਿਲਾ ਦਿੱਤਾ ਜਾਵੇ ਤੇ ਰਾਜ-ਸ਼ਾਸਨ ਨੂੰ ਸੌਂਪ ਦਿੱਤਾ ਜਾਵੇ, ਤੇ ਇਹਦੇ ਨਾਲ ਹੀ ਹਰਿਆਣੇ ਨੂੰ ਚੰਡੀਗੜ੍ਹ ਵਿਚ ਆਪਣੇ ਮਾਮਲੇ ਨਿਬੇੜਨ ਲਈ ਤੇ ਖ਼ੁਦ ਆਪਣੀ ਰਾਜਧਾਨੀ ਬਣਾਉਣ ਲਈ ਇਕ ਸਾਲ ਦਾ ਵਕਤ ਦਿੱਤਾ ਜਾਵੇ।

(3) ਪੰਜਾਬ ਚੰਡੀਗੜ੍ਹ ਦੇ ਬਰਾਬਰ ਇਲਾਕਾ ਹਰਿਆਣੇ ਨੂੰ ਦੇਵੇ ਅਤੇ ਨਵੀਂ ਰਾਜਧਾਨੀ ਬਣਾਉਣ ਲਈ ਪੰਜਾਬ ਤੇ ਕੇਂਦਰ ਹਰਿਆਣੇ ਨੂੰ ਮੁਨਾਸਬ ਧਨ ਦੇਣ।

(4) ਸੈਂਟਰ ਇਲਾਕਾਈ ਕਮਿਸ਼ਨ ਦੀ ਸਥਾਪਨਾ ਕਰੇ, ਜਿਸ ਦੇ ਮੈਂਬਰ ਦੱਖਣ ਭਾਰਤ ਦੇ ਜੱਜ ਦੇ ਮਾਹਿਰ ਹੋਣ ਤਾਂ ਬਿਹਤਰ ਰਹੇਗਾ, ਤੇ ਇਹ ਕਮਿਸ਼ਨ ਅਬੋਹਰ ਤੇ ਫ਼ਾਜ਼ਿਲਕਾ ਦੇ ਭਵਿੱਖ ਬਾਰੇ, ਜਿਹੜੇ ਹੁਣ ਪੰਜਾਬ ਵਿਚ ਹਨ, ਪੰਜਾਬ ਤੇ ਹਰਿਆਣੇ ਦੇ ਦਾਹਵਿਆਂ ਬਾਰੇ ਫ਼ੈਸਲਾ ਕਰੇ। ਇਹ ਕਮਿਸ਼ਨ ਗੁਆਂਢ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਅਤੇ ਹਿੰਦੀ-ਬੋਲਦੇ ਇਲਾਕੇ ਹਰਿਆਣਾ ਵਿਚ ਮਿਲਾਉਣ ਦਾ ਸਵਾਲ ਫਿਰ ਵਿਚਾਰੇ ਅਤੇ ਅਜਿਹਾ ਕਰਨ ਵੇਲੇ ਹਰ ਪਿੰਡ ਨੂੰ ਇਕਾਈ ਸਮਝਿਆ ਜਾਵੇ।

(5) ਅਨੰਦਪੁਰ ਸਾਹਿਬ ਮਤੇ ਨੂੰ ਸਰਕਾਰੀਆ ਕਮਿਸ਼ਨ ਦੇ ਅਧਿਕਾਰ-ਖੇਤਰ ਵਿਚ ਦੇ ਦਿੱਤਾ ਜਾਵੇ, ਕਮਿਸ਼ਨ ਜਿਹੜਾ ਸੈਂਟਰ-ਰਾਜਕੀ ਸੰਬੰਧਾਂ ਨੂੰ ਵਿਚਾਰੇਗਾ। ਅਕਾਲੀ ਤੇ ਕੋਈ ਵੀ ਹੋਰ ਰਾਜਸੀ ਪਾਰਟੀ ਇਸ ਕਮਿਸ਼ਨ ਸਾਹਮਣੇ ਜਾ ਸਕਦੀ ਹੈ ਤੇ ਆਪਣੇ ਵਿਚਾਰ ਉਹਦੇ ਅੱਗੇ ਰੱਖ ਸਕਦੀ ਹੈ।

ਇਸ ਪਿਛੋਂ ਭਾਰਤ ਵਲੋਂ ਕੋਈ ਸੁਨੇਹਾ ਨਹੀਂ ਮਿਲਿਆ। ਸਪੱਸ਼ਟ ਹੈ, ਇਹ ਫ਼ਾਰਮੂਲਾ ਪ੍ਰਧਾਨ ਮੰਤਰੀ ਕੋਲ ਪਹੁੰਚਿਆ ਹੋਵੇਗਾ ਜੀਹਨੇ ਨਰਸਿਮਹਾ ਰਾਓ ਨੂੰ ਪੰਜਾਬੀ ਗਰੁੱਪ ਨਾਲ ਗੱਲਬਾਤ ਕਰਨ ਲਈ ਨਿਯਤ ਕੀਤਾ। ਇਹ ਮੀਟਿੰਗ ਉਹਦੇ ਨਿਵਾਸ-ਸਥਾਨ 'ਤੇ 12 ਮਈ 1984 ਨੂੰ ਹੋਈ।

ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ, ਲੈਫ਼ਟੀਨੈਂਟ ਜਨਰਲ ਅਰੋੜਾ, ਇੰਦਰ ਗੁਜਰਾਲ, ਗੁਰਬਚਨ ਸਿੰਘ, ਪਰਾਨ ਚੋਪੜਾ ਤੇ ਮੈਂ ਨਰਸਿਮਹਾ ਰਾਓ ਨਾਲ ਲਗਭਗ ਦੋ ਘੰਟੇ ਬਿਤਾਏ ਤੇ ਪੰਜਾਬ ਦੀ ਸਥਿਤੀ ਦੇ ਵੱਖ-ਵੱਖ ਪੱਖ ਵਿਚਾਰੇ। ਇਕ ਨੁਕਤਾ ਜਿਸ ਉਤੇ ਪੂਰਨ ਸਰਬਸੰਮਤੀ ਸੀ, ਇਹ ਸੀ ਕਿ ਹਿੰਸਾ ਦੇ ਖ਼ਤਰੇ ਨਾਲ ਕਾਰਗਰ ਤਰ੍ਹਾਂ ਨਿਪਟਿਆ ਜਾਵੇ, ਰਾਜਸੀ ਤੌਰ 'ਤੇ ਵੀ ਅਤੇ ਸ਼ਾਸਨੀ ਤੌਰ 'ਤੇ ਵੀ।

ਅਸਾਂ ਫੇਰ ਅਕਾਲੀ ਐਜੀਟੇਸ਼ਨ ਦੇ ਵੱਖ-ਵੱਖ ਪੜਾਆਂ ਦਾ ਸਰਵੇਖਣ ਕੀਤਾ। ਸਾਡਾ ਇਹ ਅਹਿਸਾਸ ਸੀ ਕਿ ਬੀਤੇ ਵਿਚ ਕਈ ਮੌਕੇ ਅਜਿਹੇ ਆਏ ਸਨ ਜਦੋਂ ਅਕਾਲੀਆਂ ਤੇ ਹਕੂਮਤ ਦੇ ਪ੍ਰਤੀਨਿਧਾਂ ਵਿਚਕਾਰ ਸਮਝੌਤਾ ਕਰੀਬ-ਕਰੀਬ ਹੋ ਹੀ ਗਿਆ ਸੀ, ਪਰ ਅੰਤਮ ਰੂਪ ਵਿਚ ਨਹੀਂ ਸੀ ਨਿਬੇੜਿਆ ਗਿਆ। ਰਾਓ ਨੇ ਸਮਝੌਤੇ ਤੋਂ ਪਿਛਾਂਹ ਹਟ ਜਾਣ ਲਈ ਅਕਾਲੀਆਂ ਨੂੰ ਦੋਸ਼ੀ ਠਹਿਰਾਇਆ, ਸਾਡੀ ਜਾਣਕਾਰੀ ਭਾਵੇਂ ਇਹਦੇ ਉਲਟ ਸੀ।

ਖ਼ੈਰ, ਰਾਓ ਨੇ ਕਿਹਾ, ਤੇ ਅਸੀਂ ਸਹਿਮਤ ਸਾਂ ਕਿ ਬੀਤੇ ਤੇ ਬਹਿਸ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ ਤੇ ਬਿਹਤਰ ਹੋਵੇਗਾ ਕਿ ਅਜਿਹੇ ਕਦਮ ਪੁੱਟੇ ਜਾਣ ਜਿਹੜੇ ਸਹਾਈ ਹੋ ਸਕਣ।

ਆਪਣੇ ਆਪ ਨੂੰ ਜਾਂ ਸਰਕਾਰ ਨੂੰ ਵਚਨਬਧਤਾ ਤੋਂ ਲਾਂਭੇ ਰੱਖਦਿਆਂ ਰਾਓ ਨੇ ਕਿਹਾ, ਉਪਰੋਕਤ ਫ਼ਾਰਮੂਲਾ ਸਮਝੌਤੇ ਦਾ ਵਿਵਹਾਰਕ ਆਧਾਰ ਹੋ ਸਕਦਾ ਹੈ। ਉਹਨੇ ਸਾਨੂੰ ਪੁੱਛਿਆ ਕਿ ਕੀ ਅਸੀਂ ਇਸ ਫ਼ਾਰਮੂਲੇ ਨੂੰ ਵਿਸਥਾਰ ਦੇ ਸਕਦੇ ਹਾਂ ਅਤੇ ਸਥਿਤੀ ਨੂੰ ਡਿਫ਼ਿਊਜ਼ ਕਰਨ (ਪਲੀਤੀ ਕੱਢਣ) ਲਈ ਵੀ ਕੰਮ ਕਰ ਸਕਦੇ ਹਾਂ।

ਦੁੱਖ ਦੀ ਗੱਲ ਹੈ ਕਿ ਓਸੇ ਤਿਪਹਿਰ, ਪੰਜਾਬ ਦੇ ਉੱਘੇ ਪੱਤਰਕਾਰ, ਰਮੇਸ਼ ਚੰਦਰ ਨੂੰ ਕਤਲ ਕਰ ਦਿੱਤਾ ਗਿਆ। 'ਅਸੀਂ ਪੰਜਾਬ ਵਿਚ ਭਾਰਤ ਦਾ ਯਰਗਮਾਲ ਹਾਂ।' ਉਹਨੇ ਕੁਝ ਦਿਨ ਪਹਿਲਾਂ ਦਿੱਲੀ ਵਿਚ ਮੇਰੇ ਨਾਲ ਗੱਲਾਂ ਕਰਦਿਆਂ ਆਖਿਆ ਸੀ। ਉਹਦੇ ਆਖ਼ਰੀ ਲੇਖ ਵਿਚ ਵੀ ਇਹੋ ਚੋਭ ਸੀ, ਜਿਸ ਵਿਚ ਉਹਨੇ ਲਿਖਿਆ : 'ਕੋਈ ਨਹੀਂ ਜਾਣਦਾ ਕਿ ਭਲਕੇ ਕੀਹਦੀ ਵਾਰੀ ਆਉਣ ਵਾਲੀ ਹੈ....ਪੂਰਾ ਪੰਜਾਬ ਹੀ ਬੁਚੜਖ਼ਾਨਾ ਬਣ ਚੁਕਿਆ ਹੈ।'

ਉਹ ਨਹੀਂ ਸੀ ਜਾਣਦਾ ਕਿ ਅਗਲੀ ਵਾਰੀ ਖ਼ੁਦ ਉਹਦੀ ਹੀ ਹੈ, ਪਰ ਉਹ ਇਹ ਜ਼ਰੂਰ ਜਾਣਦਾ ਸੀ ਕਿ ਉਹਦੀ ਵਾਰੀ ਆ ਸਕਦੀ ਹੈ ਕਿ ਆਪਣੇ ਕਿੱਤੇ ਵੱਲ ਸੱਚਾ ਰਹਿੰਦਿਆਂ ਤੇ ਉਹ ਗੱਲ ਆਖਦਿਆਂ ਜੋ ਉਹਦਾ ਵਿਸ਼ਵਾਸ ਹੁੰਦਾ ਸੀ, ਉਹਨੇ ਮਾਰੇ ਜਾਣ ਦਾ ਖ਼ਤਰਾ ਸਹੇੜਿਆ। ਉਹ ਸਾਡੀ ਪੱਤਰਕਾਰ ਬਰਾਦਰੀ ਦਾ ਇਕ ਅੱਤ ਦਲੇਰ ਮੈਂਬਰ ਸੀ, ਉਹ ਮੁੜ-ਮੁੜ ਮਿਲੀਆਂ ਧਮਕੀਆਂ ਦੇ ਸਾਹਮਣੇ ਵੀ ਆਪਣੇ ਵਿਚਾਰ ਪ੍ਰਗਟਾਉਣੋਂ ਰਤਾ ਨਹੀਂ ਝਕਿਆ, ਪਰ ਜਿਥੇ ਉਹਦੇ ਖ਼ੁਦ ਆਪਣੇ ਵਿਚਾਰ ਸਨ, ਉਥੇ ਉਹਦੇ ਅਖ਼ਬਾਰਾਂ ਦੇ ਪੰਨੇ ਉਹਨਾਂ ਲਈ ਵੀ ਹਾਜ਼ਰ ਸਨ ਜਿਨ੍ਹਾਂ ਦੇ ਵਿਚਾਰ ਉਹਤੋਂ ਵੱਖਰੀ ਤਰ੍ਹਾਂ ਦੇ ਸਨ।

ਮੈਂ ਜਾਣਦਾ ਸਾਂ ਕਿ ਰਮੇਸ਼ ਚੰਦਰ ਅਕਾਲੀਆਂ ਦੀਆਂ ਵਾਸਤਵਿਕ ਮੰਗਾਂ ਦੀ ਹਿਮਾਇਤ ਕਰਨ ਲਈ ਆਇਆ ਸੀ ਅਤੇ ਦਿੱਲੀ ਵਿਖੇ ਪ੍ਰੈੱਸ ਕਾਨਫ਼ਰੰਸਾਂ ਵਿਚ ਉਹਨੇ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਸੀ ਕਿ ਉਹ ਅਕਾਲੀਆਂ ਨਾਲ ਸਮਝੌਤੇ ਉਤੇ ਪਹੁੰਚਣ।

ਰਮੇਸ਼ ਚੰਦਰ ਦੇ ਕਤਲ ਤੋਂ ਅਗਲੇ ਦਿਨ, ਅਸਾਂ ਚਾਰ-ਪੰਨੇ ਦਾ ਫ਼ਾਰਮੂਲਾ ਭਗਤ ਦੇ ਹਵਾਲੇ ਕੀਤਾ, ਜਿਸ ਵਿਚ ਉਪਰੋਕਤ ਪੰਜਾਂ ਨੁਕਤਿਆਂ ਦਾ ਵਿਸਤਾਰ ਪੇਸ਼ ਕੀਤਾ ਗਿਆ ਸੀ।

ਨਰਸਿਮਹਾ ਰਾਓ ਨੇ 16 ਮਈ ਨੂੰ ਮੈਨੂੰ ਫ਼ੋਨ ਉਤੇ ਕਿਹਾ ਕਿ ਉਹ ਸਾਨੂੰ ਛੇਤੀ ਹੀ ਮਿਲੇਗਾ। 24 ਮਈ ਨੂੰ ਅਸਾਂ ਉਹਨੂੰ ਯਾਦ ਦਿਵਾਇਆ ਕਿ ਸਾਨੂੰ ਉਹਦੇ ਫ਼ੋਨ ਦੀ ਉਡੀਕ ਹੈ। ਸਾਨੂੰ ਇਹਦਾ ਚਿਤ-ਚੇਤਾ ਵੀ ਨਹੀਂ ਸੀ ਕਿ ਸਾਨੂੰ ਤੇ ਸ਼ਾਇਦ ਨਰਸਿਮਹਾ ਰਾਓ ਨੂੰ ਵੀ ਗੁਮਰਾਹ ਕੀਤਾ ਗਿਆ ਹੈ। ਸ਼੍ਰੀਮਤੀ ਗਾਂਧੀ ਦੇ ਹੋਰ ਹੀ ਇਰਾਦੇ ਸਨ।

ਸਮਝੌਤੇ ਲਈ ਇਕ ਹੋਰ ਜਤਨ ਉਦੋਂ ਹੋਇਆ ਜਦੋਂ ਟੌਹੜਾ ਸਰਕਾਰ ਦੇ ਪ੍ਰਤੀਨਿੰਧਆਂ ਨੂੰ ਮਿਲਿਆ। ਉਹਨੂੰ ਦੱਸਿਆ ਗਿਆ ਕਿ ਸਿੱਧਾ ਵਟਾਂਦਰਾ ਹੋ ਸਕਦਾ ਹੈ—ਅਬੋਹਰ ਦੇ ਬਦਲੇ ਚੰਡੀਗੜ੍ਹ, ਨਗਰ ਦੇ ਬਦਲੇ ਸ਼ਹਿਰ (ਰਿਆਇਤ ਇਹ ਸੀ ਕਿ ਸਿਰਫ਼ ਅਬੋਹਰ ਨਗਰ ਹੀ ਹਰਿਆਣੇ ਨੂੰ ਦਿੱਤਾ ਜਾਵੇਗਾ, ਪੂਰੀ ਤਹਿਸੀਲ ਨਹੀਂ)। ਅਕਾਲੀਆਂ ਨੂੰ ਕਿਹਾ ਗਿਆ ਕਿ ਉਹ ਕਮਿਸ਼ਨ ਦੇ ਸਾਹਮਣੇ ਰੱਖਣ ਲਈ ਸੰਦਰਭ ਸ਼ਰਤਾਂ ਦਾ ਖਰੜਾ ਇਸ ਤਰ੍ਹਾਂ ਤਿਆਰ ਕਰਨ ਕਿ ਚੰਡੀਗੜ੍ਹ ਪੰਜਾਬ ਨੂੰ ਜਾਵੇ ਤੇ ਅਬੋਹਰ ਨਗਰ ਹਰਿਆਣੇ ਨੂੰ ਮਿਲੇ। ਟੌਹੜਾ ਇਹਦੇ ਨਾਲ ਸਹਿਮਤ ਸੀ। ਉਹਨੂੰ ਵਿਸ਼ਵਾਸ ਸੀ ਕਿ ਉਹ ਲੌਂਗੋਵਾਲ ਨੂੰ ਮਨਾ ਲਵੇਗਾ ਜਿਹੜਾ ਸਤਿਕਾਰਯੋਗ ਸ਼ਰਤਾਂ ਉਤੇ ਮੋਰਚੇ ਦਾ ਭੋਗ ਪਾਉਣ ਨੂੰ ਤਿਆਰ ਸੀ। ਟੌਹੜਾ ਨੇ ਹਕੂਮਤ ਨੂੰ ਧਾਰਾ 25 ਵਿਚ ਤਰਮੀਮ ਕਰਨ 'ਤੇ ਸਹਿਮਤ ਕਰ ਲਿਆ ਸੀ।

ਟੌਹੜਾ ਨੇ ਇਹ ਵੀ ਸਮਝਿਆ ਸੀ ਕਿ ਉਹ ਭਿੰਡਰਾਂਵਾਲੇ ਨੂੰ ਪ੍ਰਭਾਵਤ ਕਰ ਸਕੇਗਾ, ਜਿਸ ਦੀ ਪ੍ਰਵਾਨਗੀ ਤੋਂ ਬਿਨਾਂ ਸਰਕਾਰ ਕਿਸੇ ਵੀ ਸਮਝੌਤੇ 'ਤੇ ਸਹਿਮਤ ਨਹੀਂ ਹੋਵੇਗੀ। ਟੌਹੜਾ ਨੂੰ ਅਕਾਲੀ-ਕਾਂਗਰਸ (ਆਈ) ਕੁਲੀਸ਼ਨ ਦੀ ਸੰਭਾਵਨਾ ਨਜ਼ਰ ਆਈ, ਜਿਸ ਦਾ ਮੁਖ ਮੰਤਰੀ ਉਹਨੇ ਹੋਣਾ ਸੀ। ਉਹ ਜਾਣਦਾ ਸੀ ਕਿ ਭਿੰਡਰਾਂਵਾਲਾ ਇਸ ਪਦਵੀ ਲਈ ਉਹਦੇ ਇਕੋ-ਇਕ ਸ਼ਰੀਕ, ਬਾਦਲ ਦੇ ਸਖਤ ਖ਼ਿਲਾਫ਼ ਹੈ।

ਪਰ ਜਦੋਂ ਭਿੰਡਰਾਂਵਾਲੇ ਸਾਹਮਣੇ ਇਹ ਫ਼ਾਰਮੂਲਾ ਰੱਖਿਆ ਗਿਆ ਤਾਂ ਉਹਨੇ ਟੌਹੜਾ ਨੂੰ ਬੁਰਾ-ਭਲਾ ਆਖਿਆ ਤੇ ਉਹਨੂੰ ਕਿਹਾ : 'ਤੂੰ ਕੌਣ ਏਂ ?' ਉਹਨੇ ਟੌਹੜਾ ਉਤੇ ਇਲਜ਼ਾਮ ਲਾਇਆ ਕਿ ਉਹਨੇ ਅਨੰਦਪੁਰ ਸਾਹਿਬ ਮਤੇ ਨਾਲ ਗ਼ਦਾਰੀ ਕੀਤੀ ਹੈ ਤੇ ਉਹਨੇ ਮੁਖ ਮੰਤਰੀ ਬਣਨ ਦੀ ਆਸ ਵਿਚ ਅਜਿਹਾ ਕੀਤਾ ਹੈ। ਭਿੰਡਰਾਂਵਾਲੇ ਨੇ ਕਿਹਾ ਕਿ ਉਹ ਅਨੰਦਪੁਰ ਸਾਹਿਬ ਮਤੇ ਨੂੰ ਪੂਰਨ ਰੂਪ ਵਿਚ ਮੰਨਵਾਏ ਬਿਨਾਂ ਕਿਸੇ ਹੋਰ ਗੱਲ ਨਾਲ ਸਹਿਮਤ ਨਹੀਂ ਹੋਵੇਗਾ।

ਇਹ ਮਲੂਮ ਨਹੀਂ ਕਿ ਭਿੰਡਰਾਂਵਾਲੇ ਦੇ ਮਨ ਵੀ ਕੀ ਸੀ। ਇਸ ਤੋਂ ਪਹਿਲਾਂ, ਇਹ ਰਿਕਾਰਡ ਵਿਚ ਮੌਜੂਦ ਹੈ ਕਿ ਅਕਾਲੀਆਂ ਨੇ ਮੰਗ ਕੀਤੀ ਸੀ ਕਿ ਸਰਕਾਰੀਆ ਕਮਿਸ਼ਨ ਅਨੰਦਪੁਰ ਸਾਹਿਬ ਮਤੇ ਨੂੰ ਵਿਚਾਰੇ ਅਤੇ ਇਹ ਵੀ ਕਿ ਇਸ ਸੰਦਰਭ ਵਿਚ ਅਨੰਦਪੁਰ ਸਾਹਿਬ ਮਤੇ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾਵੇ।

26 ਮਈ ਨੂੰ ਟੌਹੜਾ ਨੇ ਹਕੂਮਤ ਨੂੰ ਸੂਚਨਾ ਦਿੱਤੀ ਕਿ ਉਹ ਅਸਫਲ ਰਿਹਾ ਹੈ ਤੇ ਉਹ ਜੋ ਚਾਹੇ ਕਰ ਸਕਦੀ ਹੈ। ਹੁਣ ਭਿੰਡਰਾਂਵਾਲਾ ਉਹਦੇ ਕੰਟਰੋਲ ਵਿਚ ਨਹੀਂ ਸੀ ਜਾਂ ਕਹਿ ਲਵੋ, ਉਹ ਕਿਸੇ ਦੇ ਵੀ ਕੰਟਰੋਲ ਵਿਚ ਨਹੀਂ ਸੀ।

ਪੰਜਾਬ ਸਰਕਾਰ ਦੇ ਇਕ ਸਿੱਖ ਸਲਾਹਕਾਰ ਵਲੋਂ ਸਮਝੌਤੇ ਦਾ ਇਕ ਹੋਰ ਜਤਨ ਕੀਤਾ ਗਿਆ। ਉਹਨੇ ਭਿੰਡਰਾਂਵਾਲੇ ਨੂੰ ਮਨਾਉਣ ਦਾ ਵਧੇਰੇ ਜਤਨ ਕੀਤਾ, ਕਿਉਂਜੁ ਉਹ ਜਾਣਦਾ ਸੀ

ਕਿ ਉਸ ਵੇਲੇ ਉਹ ਹੀ ਵਜ਼ਨ ਰੱਖਦਾ ਸੀ। ਇਸ ਸਲਾਹਕਾਰ ਅਨੁਸਾਰ, ਭਿੰਡਰਾਂਵਾਲਾ ਗੱਲਾਂਬਾਤਾਂ ਮੁੜ ਸ਼ੁਰੂ ਕਰਨ ਵਾਸਤੇ 'ਯੋਗ ਵਾਤਾਵਰਨ' ਉਪਜਾਣ ਨੂੰ ਤਿਆਰ ਸੀ, ਜਿਸ ਦਾ ਅਰਥ ਸੀ ਕਿ ਉਹ ਆਪਣੇ ਆਦਮੀਆਂ ਨੂੰ ਕਤਲ ਕਰਨਾ ਬੰਦ ਕਰਨ ਲਈ ਆਖੇਗਾ, ਪਰ ਇਸ ਸ਼ਰਤ 'ਤੇ ਕਿ ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਉਤੇ ਲੱਗੀ ਪਾਬੰਦੀ ਹਟਾ ਲਈ ਜਾਵੇ।

ਪੰਜਾਬ ਦੇ ਕਾਂਗਰਸ (ਆਈ) ਲੀਡਰ, ਤਰਲੋਚਨ ਸਿੰਘ ਰਿਆਸਤੀ, ਅਨੁਸਾਰ ਜਿਹੜਾ ਭਿੰਡਰਾਂਵਾਲੇ ਨੂੰ 28 ਅਪ੍ਰੈਲ 1984 ਨੂੰ ਮਿਲਿਆ, ਭਿੰਡਰਾਂਵਾਲਾ ਨੇ ਮੋਰਚੇ ਨੂੰ ਮੁਲਤਵੀ ਕਰਨ ਦੀ ਹਿਮਾਇਤ ਕਰਨਾ ਮੰਨ ਗਿਆ ਸੀ, ਪਰ ਜੇ ਸਰਕਾਰ ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਥਾਪਣ ਵਾਲਾ ਆਪਣਾ ਆਰਡਰ ਮਨਸੂਖ ਕਰ ਦੇਵੇ। ਰਿਆਸਤੀ ਕਹਿੰਦਾ ਹੈ ਕਿ ਸ਼੍ਰੀਮਤੀ ਗਾਂਧੀ ਇਸ ਨਾਲ ਸਹਿਮਤ ਹੋਈ, ਪਰ ਫੇਰ ਉਹਨੇ ਆਪਣਾ ਫ਼ੈਸਲਾ ਬਦਲ ਲਿਆ।

ਹੁਣ ਲੌਂਗੋਵਾਲ ਦੇ ਮੋਰਚੇ ਨੇ ਦਹਿਸ਼ਤਪਸੰਦਾਂ ਦੀ ਹੌਸਲਾ-ਅਫ਼ਜ਼ਾਈ ਦਾ ਹੀ ਕੰਮ ਦਿੱਤਾ। ਇਕੋ ਦਿਨ ਵਿਚ 37 ਰੇਲਵੇ ਸਟੇਸ਼ਨ ਸਾੜ ਦਿੱਤੇ ਗਏ ਤੇ ਇਕ ਹੋਰ ਦਿਨ 24 ਆਦਮੀ ਕਤਲ ਕਰ ਦਿੱਤੇ ਗਏ। 20 ਮਾਰਚ 1981 ਤੋਂ 2 ਜੂਨ 1984 ਤਕ ਹਿੰਸਾ ਦੀਆਂ 561 ਵੱਡੀਆਂ ਘਟਨਾਵਾਂ ਹੋਈਆਂ ਅਤੇ 386 ਆਦਮੀ ਮਰੇ, ਦਹਿਸ਼ਤਪਸੰਦੀ ਦਾ ਪੰਜਾਬ ਵਿਚ ਬੋਲ-ਬਾਲਾ ਸੀ। ਲੋਕ, ਖ਼ਾਸ ਤੌਰ 'ਤੇ ਹਿੰਦੂ ਸਮਝਦੇ ਸਨ ਕਿ ਉਹ ਅੱਤਵਾਦੀਆਂ ਦਾ ਕਦੇ ਵੀ ਸ਼ਿਕਾਰ ਹੋ ਸਕਦੇ ਹਨ।

ਗਵਰਨਰ ਨੇ ਇਸ ਗੱਲ ਦਾ ਭੇਦ ਨਾ ਰੱਖਿਆ ਕਿ ਅਕਾਲੀਆਂ ਨਾਲ ਸਮਝੌਤੇ ਤੋਂ ਬਿਨਾਂ ਅੱਤਵਾਦ ਦਾ ਖ਼ਾਤਮਾ ਨਹੀਂ ਹੋ ਸਕਦਾ। ਉਹਨੇ ਮੰਨਿਆ ਕਿ ਦਹਿਸ਼ਤਪਸੰਦ ਰਾਜ ਵਿਚ 'ਮੁਖਧਾਰਾ' ਬਣ ਰਹੇ ਹਨ, ਪਰ ਸੱਭੇ ਭਿੰਡਰਾਂਵਾਲੇ ਦੇ ਅਨੁਆਈ ਨਹੀਂ ਹਨ ਅਤੇ ਕੁਝ ਦੂਜੇ ਵੀ ਸ਼ਾਮਿਲ ਹੋ ਗਏ ਹੋਏ ਹਨ', ਉਹਨੇ ਕਿਹਾ, ਇਸ ਖੇਤਰ ਵਿਚ ਕਈ ਜਥੇਬੰਦੀਆਂ ਸਨ। ਬੱਬਰ ਖ਼ਾਲਸਾ, ਦਲ ਖ਼ਾਲਸਾ, ਆਲ-ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਅਖੰਡ ਕੀਰਤਨੀ ਜੱਥਾ— ਇਹ ਸੱਭੇ ਦਹਿਸ਼ਤ ਤੇ ਹਿੰਸਾ ਫੈਲਾਅ ਰਹੇ ਸਨ।

ਇਹਨਾਂ ਵਿਚ ਕੁਝ ਭਿੰਡਰਾਂਵਾਲੇ ਦੇ ਹਥਠੋਕੇ ਸਨ ਜੀਹਦੇ ਬਾਰੇ ਕਹਿੰਦੇ ਹਨ ਕਿ ਉਹਨੇ 'ਹਿਟ-ਲਿਸਟ'* ਬਣਾਈ ਹੋਈ ਸੀ, ਜਿਸ ਵਿਚ ਹਿੰਦੂਆਂ ਦੇ ਜਿਹੜੇ ਉਹਦੀ ਪੜਚੋਲ ਕਰਦੇ ਸਨ ਅਤੇ ਸਿੱਖਾਂ ਦੇ ਜਿਹੜੇ ਹਿੰਦੂਆਂ ਦੇ ਸਹਾਈ ਹੁੰਦੇ ਸਨ, ਨਾਂ ਸਨ।

ਅਜੇ ਤੱਕ ਪੰਜਾਬ ਵਿਚ ਹਿੰਦੂ-ਸਿੱਖ ਫ਼ਸਾਦ ਨਹੀਂ ਸਨ ਹੋਏ, ਪਰ ਅਧਿਕਾਰੀਆਂ ਨੂੰ ਡਰ ਸੀ ਕਿ ਹੋ ਸਕਦਾ ਹੈ ਫਿਰਕੂ ਫ਼ਸਾਦ ਭੜਕ ਪੈਣ, ਕਿਉਂਜੁ ਭਿੰਡਰਾਂਵਾਲੇ ਦੇ ਆਦਮੀ, ਆਪਣੇ ਲਈ ਕਿਸੇ ਵੀ ਖ਼ਤਰੇ ਤੋਂ ਬਿਨਾਂ, ਜਿਸ ਹਿੰਦੂ ਨੂੰ ਵੀ ਚਾਹੁਣ ਮਾਰ ਸਕਦੇ ਸਨ, ਪਰ ਪਿੰਡਾਂ ਵਿਚ ਫਿਰਕੂ ਖਿਚਾਉ ਨਹੀਂ ਸੀ।

ਭਿੰਡਰਾਂਵਾਲੇ ਨੂੰ ਇਕ ਅਜਿਹਾ ਹਊਆ ਸਮਝਿਆ ਜਾਣ ਲੱਗਿਆ ਜੀਹਨੇ ਕੋਈ ਕੰਮ ਕਰਵਾਉਣ ਲਈ ਬੱਸ ਸੰਬੰਧਤ ਅਫ਼ਸਰ ਨੂੰ ਫ਼ੋਨ ਹੀ ਕਰਨਾ ਹੁੰਦਾ ਸੀ—ਕੋਈ ਵੀ ਆਪਣਾ ਨਾਂ ਹਿਟ ਲਿਸਟ ਉਤੇ ਚੜ੍ਹਵਾਉਣਾ ਨਹੀਂ ਸੀ ਚਾਹੁੰਦਾ। ਉਹ ਤਾਂ ਹੁਣ ਪੋਸਟਿੰਗਾਂ ਤੇ ਟਰਾਂਸਫ਼ਰਾਂ ਦੇ ਫ਼ੈਸਲ ਵੀ ਕਰ ਸਕਦਾ ਸੀ, ਲੇਬਰ ਦੇ ਝਗੜੇ ਨਜਿੱਠ ਸਕਦਾ ਸੀ ਤੇ ਵਿਆਹ ਸ਼ਾਦੀ ਦੇ ਮਾਮਲੇ ਵਿਚ ਸਲਾਹਕਾਰ ਬਣ ਸਕਦਾ ਸੀ। ਲੰਮੇ ਚਿਰ ਤੋਂ ਚਲੇ ਆਉਂਦੇ ਜ਼ਮੀਨ ਬਾਰੇ ਮੁਕੱਦਮਿਆਂ ਦੇ ਸਿਲਸਿਲੇ ਵਿਚ ਕਈ ਜ਼ਿਮੀਦਾਰ ਉਹਦੇ ਕੋਲ ਗਏ ਤੇ ਉਹਨੇ ਨਿਬੇੜਾ ਕਰ ਦਿੱਤਾ, ਤਾਜਰਾਂ ਨੇ ਜਿਨ੍ਹਾਂ ਨੂੰ ਪੈਸਾ ਦੇਣਾ ਸੀ ਤੁਰਤ ਹੀ ਤਾਰ ਦਿੱਤਾ ਜੇ ਭਿੰਡਰਾਂਵਾਲੇ ਨੇ ਜਾਂ ਉਹਦੇ ਕਿਸੇ ਆਦਮੀ ਨੇ ਉਹਨਾਂ ਨੂੰ

ਅਜਿਹਾ ਕਰਨ ਲਈ ਕਿਹਾ। ਰਾਜੀਵ ਗਾਂਧੀ ਨੇ ਉਹਨੂੰ ਧਾਰਮਿਕ ਆਗੂ ਕਹਿਣਾ ਸਿਆਣਪ ਸਮਝਿਆ।

ਪੰਜਾਬ ਵਿਚ ਅਖ਼ਬਾਰਾਂ ਨੇ ਭਿੰਡਰਾਂਵਾਲੇ ਵਿਰੁਧ ਬਹੁਤ ਘੱਟ ਲਿਖਿਆ। ਹਿੰਦ ਸਮਾਚਾਰ ਗਰੁੱਪ ਨੇ ਲਿਖਣ ਦਾ ਹੌਸਲਾ ਕੀਤਾ ਤੇ ਇਹਦੇ ਮਾਲਕ, ਜਗਤ ਨਾਰਾਇਣ ਨੂੰ ਤੇ ਫੇਰ ਉਹਦਾ ਪੁੱਤਰ ਰਮੇਸ਼ ਚੰਦਰ ਨੂੰ ਜਾਨ ਦੇ ਕੇ ਇਹਦੇ ਲਈ ਕੀਮਤ ਤਾਰਨੀ ਪਈ। ਮਰਹੂਮ ਸਾਧੂ ਸਿੰਘ ਹਮਦਰਦ ਨੇ ਮੈਨੂੰ ਦੱਸਿਆ ਕਿ ਇਕ ਦਿਨ ਉਹਦੇ ਅਖ਼ਬਾਰ, ਅਜੀਤ ਵਿਚ ਭਿੰਡਰਾਂਵਾਲੇ ਬਾਰੇ ਇਕ ਵਾਰਤਾ ਛਪ ਗਈ। ਉਹਦੀ ਪ੍ਰਸੰਸਾ ਵਿਚ ਨਹੀਂ ਸੀ, ਇਹ ਤਾਂ ਦਿੱਲੀ ਦੇ ਸਟੇਟਸਮੈਨ ਵਿਚ ਛਪੀ ਰਿਪੋਰਟ ਦਾ ਅਨੁਵਾਦ ਹੀ ਸੀ। ਹਮਦਰਦ ਨੇ ਦੱਸਿਆ ਕਿ ਜਦੋਂ ਉਹਨੇ ਆਪਣੇ ਅਖ਼ਬਾਰ ਵਿਚ ਇਹ ਵਾਰਤਾ ਪੜ੍ਹੀ ਤਾਂ ਉਹਨੂੰ ਕਿਸੇ ਮੁਸੀਬਤ ਦਾ ਅਹਿਸਾਸ ਹੋਇਆ ਤੇ ਉਹ ਅਗਲੇ ਦਿਨ ਨਿਕਲਣ ਵਾਲੇ ਅੰਕ ਲਈ ਸੋਧ ਤੇ ਖਿਮਾਂ-ਜਾਚਨਾ ਲਿਖ ਹੀ ਰਿਹਾ ਸੀ ਕਿ ਭਿੰਡਰਾਂਵਾਲੇ ਵਲੋਂ ਫ਼ੋਨ ਆ ਗਿਆ। ਉਹਨੇ ਉਸ ਬੰਦੇ ਦਾ ਨਾਂ ਜਾਣਨਾ ਚਾਹਿਆ ਜੀਹਨੇ ਇਹ ਰਿਪੋਰਟ ਤਿਆਰ ਕੀਤੀ ਸੀ। ਭਿੰਡਰਾਂਵਾਲੇ ਦਾ ਸ਼ੱਕ ਅਜੀਤ ਦੇ ਸਬ-ਐਡੀਟਰ, ਸੋਖੀ 'ਤੇ ਸੀ ਜੀਹਨੂੰ ਉਹ ਆਪਣਾ ਵਿਰੋਧੀ ਸਮਝਦਾ ਸੀ। ਹਮਦਰਦ ਨੇ ਭਿੰਡਰਾਂਵਾਲੇ ਨੂੰ ਯਕੀਨ ਦਿਵਾਇਆ ਕਿ ਇਹ ਰਿਪੋਰਟ ਸੋਖੀ ਨੇ ਨਹੀਂ ਸੀ ਲਿਖੀ ਤੇ ਅਗਲੇ ਹੀ ਦਿਨ ਪਰਚੇ ਵਿਚ ਖਿਮਾਂ-ਜਾਚਨਾ ਛਾਪ ਦਿੱਤੀ ਜਾਵੇਗੀ। ਇਹਦੇ ਨਾਲ ਭਿੰਡਰਾਂਵਾਲਾ ਸ਼ਾਂਤ ਹੋਇਆ ਲੱਗਿਆ।

ਇਸ ਵਾਤਾਵਰਨ ਵਿਚ, ਪੰਜਾਬੀ ਮਜ਼ਬੂਤੀ ਤੇ ਨਿਗਰਤਾ ਨਾਲ ਹੀ ਪੰਜਾਬ ਵਿਚ ਰਿਹਾ ਜਾ ਸਕਦਾ ਸੀ। ਹਰ ਰੋਜ਼ ਤਿੰਨ ਜਾਂ ਚਾਰ ਕਤਲਾਂ ਦੇ ਬਾਵਜੂਦ ਜੀਵਨ-ਪਰਵਾਹ ਬਹੁਤੇ ਵਿਘਨ ਤੋਂ ਬਿਨਾਂ ਚਲਦਾ ਰਿਹਾ। ਕੁਦਰਤੀ ਤੌਰ 'ਤੇ ਲੋਕ ਡਰਦੇ ਸਨ, ਪਰ ਇਸ ਡਰ ਦਾ ਪ੍ਰਗਟਾਉ ਉਹ ਤਦੋਂ ਹੀ ਕਰਦੇ ਸਨ ਜਦੋਂ ਉਹ ਆਪਣੇ ਭਵਿੱਖ ਬਾਰੇ ਗੱਲ ਕਰਦੇ ਹੋਣ ਜਾਂ ਸੂਰਜ ਡੁਬੇ ਤੋਂ ਪਹਿਲਾਂ-ਪਹਿਲਾਂ ਘਰ ਅੱਪੜਨ ਬਾਰੇ।

ਰਮੇਸ਼ ਚੰਦਰ ਦੇ ਕਤਲ ਪਿਛੋਂ ਲੌਂਗੋਵਾਲ ਨੂੰ ਰੁਕਣਾ ਤੇ ਸੋਚਣਾ ਚਾਹੀਦਾ ਸੀ, ਉਹਨੂੰ ਮੋਰਚਾ ਮੁਲਤਵੀ ਕਰ ਦੇਣਾ ਚਾਹੀਦਾ ਸੀ ਜਿਵੇਂ ਸਾਡੇ ਵਿਚੋਂ ਕੁਝ ਨੇ ਉਹਨੂੰ ਸੁਝਾਅ ਦਿੱਤਾ ਸੀ। ਮਹਾਤਮਾ ਗਾਂਧੀ ਨੇ 1919 ਵਿਚ ਅੰਗਰੇਜ਼ਾਂ ਵਿਰੁਧ ਲਹਿਰ ਵਾਪਸ ਲੈ ਲਈ ਸੀ ਜਦੋਂ ਕੁਝ ਸਤਿਆਗ੍ਰਹੀਆਂ ਨੇ ਚੌਰੀ ਚੌਰਾ ਵਿਖੇ ਕੁਝ ਸਿਪਾਹੀਆਂ ਨੂੰ ਮਾਰ ਦਿੱਤਾ ਸੀ।

ਇਹਦੀ ਥਾਂ ਲੌਂਗੋਵਾਲ ਨੇ 3 ਜੂਨ 1984 ਤੋਂ ਨਾ-ਮਿਲਵਰਤਨ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ, ਇਸ ਪ੍ਰੋਗਰਾਮ ਵਿਚ ਮਾਲੀਆ, ਕਰਜ਼ੇ ਤੇ ਬਿਜਲੀ ਦੇ ਬਿਲ ਅਦਾ ਨਾ ਕਰਨਾ ਤੇ ਅਨਾਜ ਪੰਜਾਬ ਵਿਚੋਂ ਬਾਹਰ ਨਾ ਜਾਣ ਦੇਣਾ ਸ਼ਾਮਿਲ ਸਨ। ਉਹ ਇਹ ਨਾ ਸਮਝ ਸਕਿਆ ਕਿ ਉਹ ਭਿੰਡਰਾਂਵਾਲੇ ਦੇ ਹੱਥਾਂ ਵਿਚ ਹੀ ਨਹੀਂ, ਸਗੋਂ ਸ਼੍ਰੀਮਤੀ ਗਾਂਧੀ ਦੇ ਹੱਥਾਂ ਵਿਚ ਹੀ ਖੇਡ ਗਿਆ ਹੈ, ਜੀਹਨੇ 3 ਜੂਨ 1984 ਦੀ ਤਰੀਕ ਪੰਜਾਬ ਵਿਚ ਫ਼ੌਜੀ ਕਾਰਵਾਈ ਲਈ ਮਿਥ ਲਈ ਹੋਈ ਸੀ।

---

* *ਇਹ ਕਹਾਣੀ ਆਮ ਸੁਣੀ ਜਾਂਦੀ ਸੀ ਕਿ ਭਿੰਡਰਾਂਵਾਲੇ ਨੇ ਆਪਣੇ ਕਮਰੇ ਵਿਚ ਇਕ ਮਟਕਾ ਰੱਖਿਆ ਹੋਇਆ ਸੀ, ਜਿਸ ਵਿਚ 'ਹਿਟ ਲਿਸਟ' ਵਾਲੇ ਲੋਕਾਂ ਦੇ ਨਾਵਾਂ ਦੀਆਂ ਪਰਚੀਆਂ ਪਈਆਂ ਹੋਈਆਂ ਸਨ। ਨਵੇਂ ਅਨੁਆਈ ਨੂੰ ਇਸ ਮਟਕੇ ਵਿਚੋਂ ਇਕੋ ਪਰਚੀ ਕੱਢਣੀ ਪੈਂਦੀ ਸੀ ਤੇ ਆਪਣੀ ਵਫ਼ਾਦਾਰੀ ਸਾਬਤ ਕਰਨ ਲਈ ਪਰਚੀ ਉਤੇ ਲਿਖੇ ਨਾਂ ਵਾਲੇ ਆਦਮੀ ਨੂੰ ਮਾਰਨਾ ਪੈਂਦਾ ਸੀ। ਜੇ ਉਹ ਮਾਰ ਨਾ ਸਕੇ ਤਾਂ ਕਹਿੰਦੇ ਹਨ, ਉਹਨੇ ਖ਼ੁਦ ਆਪਣਾ ਨਾਂ ਇਕ ਪਰਚੀ ਉਤੇ ਲਿਖ ਕੇ ਏਸੇ ਮਟਕੇ ਵਿਚ ਪਾਉਣੀ ਹੁੰਦੀ ਸੀ।*

ਓਪਰੇਸ਼ਨ ਬਲਿਊ ਸਟਾਰ

'ਉਹਨੂੰ ਜਾ ਦੱਸੋ ਕਿ ਉਹਦੇ ਮਹਿਮਾਨ ਆ ਗਏ ਨੇ', ਹਰਚੰਦ ਸਿੰਘ ਲੌਂਗੋਵਾਲ, 'ਡਿਕਟੇਟਰ' ਅਕਾਲੀ ਮੋਰਚਾ, ਨੇ ਜਰਨੈਲ ਸਿੰਘ ਭਿੰਡਰਾਂਵਾਲੇ ਵੱਲ ਇਸ਼ਾਰਾ ਕਰਦਿਆਂ ਤੇ ਉਹਦੇ ਸੰਬੰਧ ਵਿਚ ਆਪਣੀ ਕੁੜੱਤਣ ਪ੍ਰਗਟਾਉਂਦਿਆਂ ਆਖਿਆ। ਲੌਂਗੋਵਾਲ ਨੂੰ ਜਿਸ ਦਾ ਡਰ ਸੀ ਉਹ ਵਾਪਰ ਰਿਹਾ ਸੀ। ਫ਼ੌਜੀਆਂ ਨੇ ਗੋਲਡਨ ਟੈਂਪਲ ਦੁਆਲੇ ਮੋਰਚੇ ਸੰਭਾਲ ਲਏ ਸਨ। ਆਖਿਆ ਜਾ ਸਕਦਾ ਹੈ ਕਿ ਭਿੰਡਰਾਂਵਾਲੇ ਨੇ ਉਹਨਾਂ ਨੂੰ ਲੜਾਈ ਲਈ, ਅੱਤ ਪਵਿੱਤਰ ਸਿੱਖ ਧਰਮ-ਅਸਥਾਨ ਵਿਚ ਲੜਾਈ ਲਈ ਸੱਦ ਭੇਜਿਆ ਸੀ।

ਇਸ ਬਾਰੇ ਕਿ ਫ਼ੌਜੀ ਕਾਰਵਾਈ ਹੋਣ ਹੀ ਵਾਲੀ ਹੈ, ਖ਼ਬਰਾਂ ਕਈ ਦਿਨਾਂ ਤੋਂ ਸੁਣੀਆਂ ਜਾ ਰਹੀਆਂ ਸਨ, ਖ਼ਾਸ ਤੌਰ 'ਤੇ ਪਹਿਲੀ ਜੂਨ ਤੋਂ ਜਦੋਂ ਕਿਸੇ ਨੇ ਦਾੜ੍ਹੀ-ਕੇਸ ਮੁੰਨੇ ਸਿੱਖ, ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨੂੰ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂਆਂ ਵਿਚ ਵੇਖ ਲਿਆ ਸੀ।

ਲੌਂਗੋਵਾਲ ਆਸ ਵਿਰੁਧ ਆਸ ਕਰ ਰਿਹਾ ਸੀ ਕਿ ਫ਼ੌਜੀ ਕਾਰਵਾਈ ਨੂੰ ਟਾਲਿਆ ਜਾ ਸਕੇਗਾ। ਅਜੇ ਬੀਤੀ ਰਾਤ ਹੀ ਉਹਨੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਰਾਸ਼ਟਰ ਦੇ ਨਾਂ ਪੰਜਾਬ ਦੇ ਸੰਕਟ ਬਾਰੇ ਰੇਡੀਓ ਉਤੇ ਤਕਰੀਰ ਸੁਣੀ ਸੀ, ਜਿਸ ਵਿਚ ਉਹਨੇ ਕਿਹਾ ਸੀ, 'ਜੇ ਕਿਸੇ ਸਵਾਲ ਬਾਰੇ ਕੋਈ ਗ਼ਲਤ-ਫ਼ਹਿਮੀਆਂ ਜਾਂ ਸ਼ੱਕ ਬਾਕੀ ਰਹਿੰਦੇ ਹਨ ਤਾਂ ਆਓ, ਰਲ ਬੈਠੀਏ ਤੇ ਹੱਲ ਲੱਭ ਲਈਏ।' ਪਰ ਉਹ ਪਹਿਲਾਂ ਫ਼ੌਜੀ ਕਾਰਵਾਈ ਲਈ ਹੁਕਮ ਜਾਰੀ ਕਰਕੇ ਗੱਲਾਂਬਾਤਾਂ ਦਾ ਸੁਝਾਉ ਕਿਵੇਂ ਦੇ ਸਕਦੀ ਸੀ ? ਤੇ ਜੇ ਅਕਾਲੀ ਗੱਲਾਂਬਾਤਾਂ ਲਈ ਤਿਆਰ ਵੀ ਹੋ ਜਾਂਦੇ ਤਾਂ ਉਹ ਉਹਦੇ ਨਾਲ ਸੰਪਰਕ ਕਾਇਮ ਕਿਵੇਂ ਕਰ ਸਕਦੇ ਸਨ, ਉਹਨਾਂ ਸਭਨਾਂ ਦੇ ਟੈਲੀਫ਼ੋਨ ਤਾਂ ਕੱਟ ਦਿੱਤੇ ਗਏ ਹੋਏ ਸਨ।

ਭਾਵੇਂ ਸੂਰਜ-ਡੁੱਬਣ ਤੋਂ ਕੁਝ ਚਿਰ ਪਿਛੋਂ ਕਰਫ਼ਿਊ ਲਾ ਦਿੱਤਾ ਗਿਆ ਸੀ, ਸੈਂਕੜੇ ਹੀ ਸ਼ਰਧਾਲੂ ਅਜੇ ਦਰਬਾਰ ਸਾਹਿਬ ਦੇ ਅੰਦਰ ਸਨ, 3 ਜੂਨ ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਹੋਣ ਕਰਕੇ, ਸ਼ਰਧਾਲੂ ਲੋਕ ਏਥੇ ਆਏ ਹੋਏ ਸਨ, ਪਰ ਲੌਂਗੋਵਾਲ ਨੂੰ ਹੁਣ ਯਕੀਨ ਸੀ ਕਿ ਫ਼ੌਜ ਗੋਲਡਨ ਟੈਂਪਲ ਵਿਚ ਜ਼ਰੂਰ ਦਾਖ਼ਲ ਹੋਵਗੀ, ਹਾਂ, ਜੇ ਭਿੰਡਰਾਂਵਾਲਾ ਆਤਮ-ਸਮਰਪਨ ਕਰ ਦੇਵੇ ਤਾਂ ਇਸ ਤੋਂ ਬਚਾਉ ਹੋ ਸਕਦਾ ਸੀ।

ਲੌਂਗੋਵਾਲ ਨੂੰ ਕਈ ਮਹੀਨੇ ਪਹਿਲਾਂ ਤੋਂ ਇਸ ਦਾ ਇਲਮ ਸੀ ਕਿ ਹਥਿਆਰ ਗੁਪਤ ਤੌਰ 'ਤੇ ਗੋਲਡਨ ਟੈਂਪਲ ਵਿਚ ਲਿਆਂਦੇ ਜਾ ਰਹੇ ਹਨ ਅਤੇ ਭਿੰਡਰਾਂਵਾਲਾ ਅਕਾਲ ਤਖ਼ਤ ਦੀ ਕਿਲ੍ਹੇਬੰਦੀ

ਕਰਦਾ ਰਿਹਾ ਹੈ। ਕੁਝ ਵਿਦੇਸ਼ੀ ਪੱਤਰਕਾਰਾਂ* ਨੇ ਲੌਂਗੋਵਾਲ ਨੂੰ ਇਸ ਬਾਰੇ ਪੁੱਛਿਆ ਵੀ ਸੀ, ਪਰ ਉਹਦੇ ਉਤਰ ਟਾਲ-ਮਟੋਲ ਵਾਲੇ ਸਨ। ਸ਼ਾਇਦ ਜੇ ਉਹ ਟੈਂਪਲ ਨੂੰ ਕਿਲ੍ਹੇ ਵਿਚ ਤਬਦੀਲ ਕਰਕੇ ਇਹਨੂੰ ਅਪਵਿੱਤਰ ਕਰਨ ਤੇ ਇਹਨੂੰ ਕਾਤਲਾਂ ਦੀ ਪਨਾਹਗਾਹ ਬਣਾਉਣ ਦੇ ਖ਼ਿਲਾਫ਼ ਬੋਲਦਾ, ਤਾਂ ਅਧਿਕਾਰੀਆਂ ਨੂੰ ਫ਼ੌਜੀ ਕਾਰਵਾਈ ਕਰਨ ਦੀ ਲੋੜ ਹੀ ਨਾ ਪੈਂਦੀ।

ਜਦੋਂ ਲੌਂਗੋਵਾਲ, ਗੁਰੂ ਨਾਨਕ ਨਿਵਾਸ ਦੀ ਦੂਜੀ ਮੰਜ਼ਲ ਉਤੇ ਆਪਣੇ ਕਮਰੇ ਵਿਚ ਬੈਠਾ 'ਜੇ' ਅਤੇ 'ਪਰ' ਬਾਰੇ ਸੋਚਦਾ ਰਿਹਾ ਸੀ, ਭਿੰਡਰਾਂਵਾਲਾ ਅਕਾਲ ਤਖ਼ਤ ਵਿਚ ਸੁਰੱਖਿਅਤ ਬੈਠਾ, ਕੁਝ ਪੱਤਰਕਾਰਾਂ ਨੂੰ ਦੱਸ ਰਿਹਾ ਸੀ : 'ਜੇ ਅਧਿਕਾਰੀ ਇਸ ਟੈਂਪਲ ਵਿਚ ਦਾਖ਼ਲ ਹੁੰਦੇ ਹਨ ਤਾਂ ਅਸੀਂ ਉਹਨਾਂ ਨੂੰ ਅਜਿਹਾ ਸਬਕ ਸਿਖਾਵਾਂਗੇ ਕਿ ਇੰਦਰਾ ਦੀ ਗੱਦੀ ਬੁਰੀ ਤਰ੍ਹਾਂ ਹਿੱਲ ਜਾਵੇਗੀ। ਅਸੀਂ ਉਹਨਾਂ ਦੇ ਟੁਕੜੇ-ਟੁਕੜੇ ਕਰ ਦਿਆਂਗੇ....ਉਹਨਾਂ ਨੂੰ ਲੋਹੇ ਦੇ ਚਨੇ ਚੱਬਣੇ ਪੈਣਗੇ...ਆ ਜਾਣ ਉਹ....'

ਉਹਦੀ ਜਾਣਕਾਰੀ ਮਿੰਟ-ਮਿੰਟ ਤਕ ਦੀ ਤੇ ਪੂਰੀ-ਪੂਰੀ ਸੀ। ਉਹਨੂੰ ਠੀਕ-ਠੀਕ ਮਲੂਮ ਸੀ ਕਿ ਕਮਾਂਡੋ ਕਿਸ ਵੇਲੇ ਲੁਧਿਆਣੇ ਦੇ ਨੇੜੇ ਹਵਾਈ ਅੱਡੇ ਉਤੇ ਉਤਰੇ ਹਨ ਤੇ ਉਹ ਕਦੋਂ ਅੰਮ੍ਰਿਤਸਰ ਪਹੁੰਚੇ ਹਨ। ਉਹਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਕ ਲੱਖ ਫ਼ੌਜ ਪੰਜਾਬ ਵਿਚ ਲਿਆਂਦੀ ਗਈ ਹੈ ਕਿ 5 ਜੂਨ ਨੂੰ ਗੋਲਡਨ ਟੈਂਪਲ ਸਮੇਤ ਪੈਂਤੀ ਗੁਰਦੁਆਰਿਆਂ ਉਤੇ ਇਕੋ-ਵੇਲੇ ਹਮਲੇ ਹੋਣਗੇ।

ਉਹਦਾ ਸੈਕੰਡ-ਇਨ-ਕਮਾਂਡ ਮੇਜਰ ਜਨਰਲ ਸ਼ਾਹਬੇਗ ਸਿੰਘ ਸੀ, ਜਿਹੜਾ ਉਹਨਾਂ ਅਫ਼ਸਰਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਬੰਗਲਾ ਦੇਸ਼ ਦੇ ਮੁਕਤੀ-ਸੰਗਰਾਮ ਦੇ ਦੌਰਾਨ ਮੁਕਤੀ ਬਹਿਨੀ ਦਾ ਸੰਗਠਨ ਕੀਤਾ ਸੀ ਤੇ ਅੱਗੇ ਚੱਲ ਕੇ ਉਹਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਇੰਡੀਅਨ ਆਰਮੀ ਵਿਚੋਂ ਡਿਸਮਿਸ ਕਰ ਦਿੱਤਾ ਗਿਆ ਸੀ। 3 ਜੂਨ ਨੂੰ ਸ਼ਾਹਬੇਗ ਸਿੰਘ ਕੋਲ ਪੱਤਰਕਾਰਾਂ ਲਈ ਕੋਈ ਵਕਤ ਨਹੀਂ ਸੀ। ਉਹਨੇ ਬੱਸ ਇਹੋ ਆਖਿਆ : 'ਉਹ ਥਾਂ-ਥਾਂ ਖੜੇ ਹਨ, ਮੇਰੇ ਕੋਲ ਕਰਨ-ਗੌਚਰਾ ਕੰਮ ਬਹੁਤ ਹੈ।'

ਜਿਥੇ ਜਾਪਦਾ ਹੈ ਦਹਿਸ਼ਤਪਸੰਦਾਂ ਨੂੰ ਸਭ ਇਲਮ ਸੀ ਕਿ ਅਧਿਕਾਰੀਆਂ ਨੇ ਕੀ ਕਰਨਾ ਵਿਉਂਤਿਆ ਹੈ, ਫ਼ੌਜ ਦੀ ਆਪਣੀ ਇੰਟੈਲੀਜੈਂਸ ਬਹੁਤ ਘੱਟ ਸੀ। ਉਹਨੂੰ ਨਹੀਂ ਸੀ ਮਲੂਮ ਕਿ ਕਿੰਨੇ ਅੱਤਵਾਦੀ ਟੈਂਪਲ ਦੇ ਅੰਦਰ ਹਨ, ਉਹ ਕਿਥੇ-ਕਿਥੇ ਟਿਕੇ ਹੋਏ ਹਨ ਤੇ ਉਹਨਾਂ ਦੇ ਕੋਲ ਕਿਹੜੇ-ਕਿਹੜੇ ਹਥਿਆਰ ਹਨ। ਹਿੰਦ ਸਰਕਾਰ ਦਾ ਇੰਟੈਲੀਜੈਂਸ ਬਿਊਰੋ (ਆਈ.ਬੀ.) ਟੈਂਪਲ ਦੇ ਅੰਦਰ ਕਿਲ੍ਹਾਬੰਦੀਆਂ ਬਾਰੇ ਵੇਰਵਾ ਮੁਹਈਆ ਨਹੀਂ ਸੀ ਕਰ ਸਕਿਆ, ਹਥਿਆਰ ਚੋਰੀ ਛਿਪੀ ਅੰਦਰ ਲਿਆਂਦੇ ਜਾਣ ਬਾਰੇ ਭਾਵੇਂ ਉਹਨੇ ਸੂਚਨਾ ਜ਼ਰੂਰ ਦਿੱਤੀ ਸੀ। ਪੰਜਾਬ ਦੇ ਇੰਟੈਲੀਜੈਂਸ ਢਾਂਚੇ ਦਾ ਤਾਂ ਹੋਰ ਵੀ ਮੰਦਾ ਹਾਲ ਸੀ, ਇਹਨੇ ਤਾਂ ਦਰਬਾਰ ਸਾਹਿਬ ਦੇ ਅੰਦਰ ਹਥਿਆਰਾਂ ਦੇ ਬਾਕਾਇਦਾ ਤੌਰ 'ਤੇ ਲਿਆਂਦੇ ਜਾਣ ਬਾਰੇ ਰਿਪੋਰਟ ਵੀ ਨਹੀਂ ਸੀ ਭੇਜੀ।

ਹੁਣ ਪਹਿਲੀ ਜੂਨ ਨੂੰ ਜਦੋਂ ਬਰਾੜ, ਸਿਵਿਲੀਅਨ ਲਿਬਾਸ ਵਿਚ ਸ਼ਰਧਾਲੂਆਂ ਵਿਚ ਸ਼ਾਮਿਲ ਹੋ ਕੇ ਗੋਲਡਨ ਟੈਂਪਲ ਵਿਚ ਫਿਰ ਰਿਹਾ ਸੀ, ਉਹਨੇ ਵੱਖ-ਵੱਖ ਕਿਲ੍ਹਾਬੰਦੀਆਂ, ਡਗਆਊਟ ਪੁਜ਼ੀਸ਼ਨਾਂ ਤੇ ਲੁਕ-ਆਊਟ ਪੋਸਟਾਂ (ਨਿਗਰਾਨੀ ਚੌਕੀਆਂ) ਨੂੰ ਗਹੁ ਨਾਲ ਵੇਖਿਆ। ਉਹਨੇ ਇਹ ਵੀ ਵੇਖਿਆ ਕਿ ਸੰਗਮਰਮਰ ਦੀਆਂ ਕੁਝ ਕੰਧਾਂ ਤੇ ਸੰਗਮਰਮਰ ਦੀਆਂ ਜਾਲੀਆਂ ਨੂੰ ਤੋੜ ਕੇ ਹਥਿਆਰ

---

* ਬੀ.ਬੀ.ਸੀ. ਦਾ ਮਾਰਕ ਟੂਲੀ ਇਹਨਾਂ ਵਿਚੋਂ ਹੀ ਇਕ ਸੀ।

ਟਿਕਾਉਣ ਲਈ ਮਘੋਰੇ ਬਣਾ ਲਏ ਗਏ ਹਨ। ਉਹ ਇਸ ਤੋਂ ਪਹਿਲਾਂ ਅਨੇਕ ਵਾਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆ ਚੁਕਿਆ ਹੋਇਆ ਸੀ ਤੇ ਇਸ ਧਰਮ-ਅਸਥਾਨ ਦੀ ਇਹ ਬੇਅਦਬੀ ਵੇਖ ਕੇ ਉਹਨੂੰ ਦੁੱਖ ਹੋਇਆ।

ਬਰਾੜ ਚਾਹੁੰਦਾ ਸੀ ਉਹਨੂੰ ਗੁਪਤ ਸਰਵੇਖਣ ਲਈ ਬਹੁਤਾ ਵਕਤ ਮਿਲਦਾ, ਪਰ ਫ਼ੌਜੀ ਕਾਰਵਾਈ ਦਾ ਦਿਨ, 3 ਜੂਨ ਮਿਥ ਦਿੱਤਾ ਗਿਆ ਸੀ। ਅਕਾਲੀਆਂ ਨੇ ਐਲਾਨ ਕੀਤਾ ਹੋਇਆ ਸੀ ਕਿ 3 ਜੂਨ ਤੋਂ ਉਹ ਅਨਾਜ ਪੰਜਾਬੋਂ ਬਾਹਰ ਨਹੀਂ ਜਾਣ ਦੇਣਗੇ ਅਤੇ ਮਾਲੀਆ ਤੇ ਦੂਜੇ ਟੈਕਸ ਦੇਣੋਂ ਇਨਕਾਰ ਕਰਨਗੇ।

ਪੱਛਮੀ ਕਮਾਨ ਦੇ ਜੀ.ਓ.ਸੀ-ਇਨ-ਸੀ. ਲੈਫ਼ਟੀਨੈਂਟ ਜਨਰਲ ਕ੍ਰਿਸ਼ਨਾਸਵਾਮੀ ਸੁੰਦਰਜੀ ਨੇ ਬਰਾੜ ਨੂੰ ਜਦੋਂ 28 ਮਈ ਨੂੰ ਆਖਿਆ ਕਿ ਉਹ ਆਪਣੇ ਜਵਾਨਾਂ ਨੂੰ ਮੇਰਠ ਤੋਂ ਅੰਮ੍ਰਿਤਸਰ ਲੈ ਜਾਵੇ ਤਾਂ ਉਹਦੇ ਕੋਲ ਸਾਹ ਲੈਣ ਨੂੰ ਵੀ ਸਮਾਂ ਨਹੀਂ ਸੀ। ਕਿੰਨੇ ਚਿਰ ਲਈ ? ਜਰਨੈਲ ਸੁੰਦਰਜੀ ਨੇ ਕਿਹਾ ਕਿ ਇਹਦਾ ਉਹਨੂੰ ਇਲਮ ਨਹੀਂ। ਬਰਾੜ ਤੇ ਉਹਦੀ ਪਤਨੀ ਨੇ ਛੁੱਟੀਆਂ ਬਿਤਾਉਣ ਲਈ ਮਾਰੇਸ਼ਸ਼ ਦੀਆਂ ਟਿਕਟਾਂ ਬੁਕ ਕਰਵਾਈਆਂ ਹੋਈਆਂ ਸਨ।

ਕੀ ਉਹ ਕਰਨ-ਗੋਚਰੇ ਕਾਰਜ ਦੀ ਵਿਸ਼ੇਸ਼ਤਾ ਬਾਰੇ ਜਾਣ ਸਕਦਾ ਹੈ ? ਜਰਨੈਲ ਸੁੰਦਰਜੀ ਨੇ ਕੋਈ ਉੱਤਰ ਨਹੀਂ ਦਿੱਤਾ। ਫ਼ੀਲਡ ਵਿਚ ਉਹੋ ਹੀ ਇਕੋ-ਇਕ ਕਮਾਂਡਰ ਸੀ ਜੀਹਨੂੰ ਹੋਣ ਵਾਲੀ ਕਾਰਵਾਈ ਦਾ ਇਲਮ ਸੀ—ਨਾ ਹੀ ਸ੍ਰੀਨਗਰ ਵਿਖੇ ਜੀ.ਓ.ਸੀ.-ਇਨ-ਸੀ. ਨੂੰ, ਨਾ ਹੀ ਦੱਖਣੀ ਕਮਾਨ ਦੇ ਜੀ.ਓ.ਸੀ-ਇਨ-ਸੀ. ਲੈਫ਼ਟੀਨੈਂਟ-ਜਨਰਲ ਟੀ.ਐਸ. ਓਬਰਾਏ ਨੂੰ, ਜਿਨ੍ਹਾਂ ਦਾ ਰੈਂਕ ਚੀਫ਼ ਆਰਮੀ ਸਟਾਫ ਤੋਂ ਬਾਅਦ ਹੈ, ਇਹਦੇ ਬਾਰੇ ਕੁਝ ਮਲੂਮ ਸੀ।

'ਇਹਦੇ ਲਈ ਮੇਰੇ ਕੋਲ ਕਿੰਨਾ ਵਕਤ ਹੈ ?' ਬਰਾੜ ਨੇ ਪੁੱਛਿਆ ? ਸੁੰਦਰਜੀ ਨੇ ਦੱਸਿਆ, 'ਏਨਾ ਵਕਤ ਜਿੰਨੇ ਵਿਚ ਹੈਲੀਕਾਪਟਰ ਅੰਮ੍ਰਿਤਸਰ ਪਹੁੰਚ ਸਕਦਾ ਹੈ।' ਪਰ ਬਰਾੜ ਨੂੰ ਇਕ ਦਿਨ ਹੋਰ ਦੇ ਦਿੱਤਾ ਗਿਆ ਤੇ ਉਹ 30 ਮਈ ਨੂੰ ਅੰਮ੍ਰਿਤਸਰ ਪੁੱਜਿਆ।

ਸੁੰਦਰਜੀ, ਬਰਾੜ ਨੂੰ ਇਸ ਤੋਂ ਵੱਧ ਵਕਤ ਦੇ ਹੀ ਨਹੀਂ ਸੀ ਸਕਦਾ, ਕਿਉਂਜੁ ਖ਼ੁਦ ਉਹਨੂੰ ਆਰਡਰ ਦੇਰੀ ਨਾਲ ਮਿਲਿਆ ਸੀ। ਜਦੋਂ 25 ਮਈ ਨੂੰ ਚੀਫ਼ ਆਫ਼ ਆਰਮੀ ਸਟਾਫ਼, ਜਰਨੈਲ ਏ.ਐਸ. ਵੈਦਿਆ ਨੇ—ਜੀਹਨੇ ਆਪਣੀ ਵਾਰੀ ਕਸ਼ਮੀਰ-ਫੇਰੀ ਦਾ ਆਪਣਾ ਪ੍ਰੋਗਰਾਮ ਵਿਚ ਛੱਡ ਦਿੱਤਾ ਸੀ—ਸੁੰਦਰਜੀ ਨੂੰ ਦਿੱਲੀ ਬੁਲਾ ਭੇਜਿਆ, ਤੇ ਏਸ ਓਪਰੇਸ਼ਨ ਬਾਰੇ ਦੱਸਿਆ, ਸੁੰਦਰਜੀ ਨੇ ਕਿਹਾ ਸੀ ਕਿ ਉਹਨੂੰ ਤਿਆਰੀ ਲਈ ਤਿੰਨ ਹਫਤੇ ਦੀ ਲੋੜ ਹੈ, ਪਰ ਸ਼੍ਰੀਮਤੀ ਗਾਂਧੀ ਨੇ ਇਹ ਗੱਲ ਨਾ ਮੰਨੀ ਤੇ ਉਹਨੂੰ ਆਖਿਆ ਕਿ 3 ਜੂਨ ਤੱਕ ਉਥੇ ਪਹੁੰਚਿਆ ਜਾਵੇ।

ਸਰਕਾਰ ਨੇ ਇਸ ਸਿਖਰਲੀ ਗੁਪਤ ਕਾਰਵਾਈ ਦਾ ਗੁਪਤ ਨਾਂ 'ਬਲਿਊ ਸਟਾਰ' ਰੱਖਿਆ ਸੀ ਅਤੇ ਘੱਟੋ-ਘੱਟ* ਤਾਕਤ ਦੀ ਵਰਤੋਂ ਕਰਨ ਬਾਰੇ ਖ਼ਾਸ ਹਿਦਾਇਤਾਂ** ਦੇ ਦਿੱਤੀਆਂ ਸਨ।

---

* *ਅਕਾਲ ਤਖ਼ਤ ਨੂੰ, ਜਿਹੜਾ ਹਰਿਮੰਦਰ ਸਾਹਿਬ ਜੇਡਾ ਹੀ ਪਵਿੱਤਰ ਹੈ, "ਦੂਜੀਆਂ ਇਮਾਰਤਾਂ" ਵਿਚ ਸ਼ਾਮਿਲ ਕੀਤਾ ਗਿਆ। ਪੰਜਾਬ ਐਜੀਟੇਸ਼ਨ ਬਾਰੇ ਵ੍ਹਾਈਟ ਪੇਪਰ ਵਿਚ ਇਸ ਦੀ ਪੁਸ਼ਟੀ ਕੀਤੀ ਗਈ ਹੈ ਕਿ ਅਕਾਲ ਤਖਤ ਦੇ ਸੰਬੰਧ ਵਿਚ ਘੱਟੋ-ਘੱਟ ਤਾਕਤ ਵਰਤਣ ਬਾਰੇ ਨਹੀਂ ਸੀ ਕਿਹਾ ਗਿਆ, 'ਘੱਟੋ-ਘੱਟ ਤਾਕਤ' ਵਰਤਣ ਦੀ ਹਿਦਾਇਤ ਸਿਰਫ਼ 'ਹਰਿਮੰਦਰ ਸਾਹਿਬ' ਉਤੇ ਹੀ ਲਾਗੂ ਹੁੰਦੀ ਸੀ।*

** *ਭਾਵੇਂ ਜ਼ਬਾਨੀ ਹਿਦਾਇਤਾਂ ਕਾਫ਼ੀ ਪਹਿਲਾਂ ਦੇ ਦਿੱਤੀਆਂ ਗਈਆਂ ਸੀ, ਲਿਖਤੀ ਹਿਦਾਇਤਾਂ, ਫ਼ੌਜੀ ਕਾਰਵਾਈ ਤੋਂ ਅੱਠ ਦਿਨਾਂ ਪਿਛੋਂ, 15 ਜੂਨ ਨੂੰ ਹੀ ਵੱਖ-ਵੱਖ ਯੂਨਿਟਾਂ ਨੂੰ ਪਹੁੰਚੀਆਂ।*

ਹਰਿਮੰਦਰ ਸਾਹਿਬ ਦੀ ਸੁਰਖਿਆ ਨੂੰ ਯਕੀਨੀ ਬਣਾਉਣ ਵੱਲ ਧਿਆਨ ਦੇਣ ਲਈ ਕਿਹਾ ਗਿਆ ਸੀ।

ਬਰਾੜ ਆਪਣੀ ਕਮਾਨ-ਪੋਸਟ 'ਤੇ ਪਰਤਿਆ ਤਾਂ ਗੁਪਤ ਸਰਵੇਖਣ ਦੇ ਸਿਲਸਿਲੇ ਵਿਚ ਉਹਨੂੰ ਕੁਝ ਹੋਰ ਜਾਣਕਾਰੀ ਮਿਲੀ। ਦੋ ਹੋਰ ਸਿਪਾਹੀ ਗੋਲਡਨ ਟੈਂਪਲ ਗਏ ਸਨ। ਗੋਲਡਨ ਟੈਂਪਲ ਦੇ ਇਰਦ-ਗਿਰਦ, 500-800 ਮੀਟਰ ਦੇ ਦੁਸਾਰ ਦੇ ਅੰਦਰ-ਅੰਦਰ, ਸਤਾਰਾਂ ਮਕਾਨ ਦਹਿਸ਼ਤਪਸੰਦਾਂ ਨੇ ਆਪਣੇ ਕਬਜ਼ੇ ਵਿਚ ਕੀਤੇ ਹੋਏ ਸਨ ਅਤੇ ਇਹਨਾਂ ਵਿਚੋਂ ਹਰ ਇਕ ਵਿਚ ਦਸਾਂ ਆਦਮੀਆਂ ਦੀ ਪਿਕਟ ਮੌਜੂਦ ਸੀ। ਗੁਰੂ ਰਾਮਦਾਸ ਸਰਾਂ ਦੇ ਪੂਰਬ ਵੱਲ, ਵਾਟਰ ਟੈਂਕ ਉਤੇ ਅਤੇ ਲੰਗਰ ਦੇ ਪੱਛਮ ਵਿਚ ਦੋ ਬੁਰਜਾਂ ਉੱਪਰ ਵੀ ਇਸੇ ਤਰ੍ਹਾਂ ਦੀਆਂ ਮੋਰਚਾਬੰਦੀਆਂ ਕੀਤੀਆਂ ਹੋਈਆਂ ਸਨ।

ਹੈਲੀਕਾਪਟਰਾਂ ਨੇ ਟੈਂਪਲ ਕਾਂਪਲੈਕਸ ਉੱਪਰ ਉਡਾਣ ਲਾ ਕੇ ਫੋਟੋਆਂ ਖਿੱਚੀਆਂ ਸਨ ਜਿਨ੍ਹਾਂ ਨੇ ਇਹਦੀ ਪੁਸ਼ਟੀ ਕੀਤੀ ਸੀ। ਦੂਰਬੀਨਾਂ ਦੁਆਰਾ ਵੇਖ ਲਿਆ ਗਿਆ ਸੀ ਕਿ ਮਸ਼ੀਨਗੰਨਾਂ ਬੀੜਨ ਲਈ ਵਰਾਂਡੇ ਦੇ ਮਹਿਰਾਬ ਵਿਚ ਇੱਟਾਂ ਚਿਣ ਦਿੱਤੀਆਂ ਗਈਆਂ ਹਨ ਅਤੇ ਕੈਨੋਪੀਆਂ, ਸਨ-ਸ਼ੇਡਾਂ ਅਤੇ ਦੂਜੇ ਵਧਾਆਂ ਉੱਪਰ ਤਿੰਨ ਪਾਸੇ ਰੇਤ ਦੇ ਬੋਰੇ ਧਰ ਦਿੱਤੇ ਗਏ ਸਨ।

ਬਰਾੜ ਨੂੰ ਇਸ ਬਾਰੇ ਵੀ ਰਿਪੋਰਟਾਂ ਮਿਲੀਆਂ ਕਿ ਦਹਿਸ਼ਤਪਸੰਦਾਂ ਨੂੰ ਫ਼ੌਜੀ ਕਾਰਵਾਈਆਂ ਦੇ ਸਿਲਸਿਲੇ ਵਿਚ ਵਿਸ਼ਾਲ ਟਰੇਨਿੰਗ ਮਿਲ ਚੁੱਕੀ ਹੋਈ ਹੈ, ਤੇ ਉਹ ਵਿਸਫੋਟਕਾਂ ਅਤੇ 'ਸੂਖਮ ਹਥਿਆਰਾਂ' ਦੀ ਅੱਤ ਸੁਚੱਜੀ ਵਰਤੋਂ ਕਰ ਸਕਦੇ ਹਨ, ਪਰ ਵੇਰਵਾ ਕੋਈ ਨਹੀਂ ਸੀ। ਉਹਨੂੰ ਵੇਰਵੇ ਦੀ ਡਾਢੀ ਲੋੜ ਸੀ—ਵੇਰਵੇ ਦੀ ਕਮੀ ਪੂਰੀ ਕਾਰਵਾਈ ਦੇ ਦੌਰਾਨ ਹੀ ਉਹਦੀ ਸਮੱਸਿਆ ਬਣੀ ਰਹੀ।

ਨਿਰੋਲ ਫ਼ੌਜੀ ਕਾਰਵਾਈ ਵਜੋਂ ਇਹ ਕਾਰਜ ਬਹੁਤ ਔਖਾ ਨਹੀਂ ਸੀ, ਪਰ ਧਾਰਮਿਕ ਪੱਖੋਂ ਇਹ ਦਿਲ-ਚਾਊ ਸੀ। ਭਾਵੇਂ ਅਕਾਲ ਤਖ਼ਤ ਦੇ ਸੰਬੰਧ ਵਿਚ 'ਘੱਟੋ-ਘੱਟ ਤਾਕਤ' ਦੀ ਵਰਤੋਂ ਲਾਗੂ ਨਹੀਂ ਸੀ ਹੁੰਦੀ, ਬਰਾੜ ਜਾਣਦਾ ਸੀ ਕਿ ਉਹਨੂੰ ਕਾਫ਼ੀ ਕਾਬੂ ਤੋਂ ਕੰਮ ਲੈ ਕੇ ਕਾਰਵਾਈ ਕਰਨੀ ਹੋਵੇਗੀ ਤੇ ਸਭ ਤੋਂ ਵੱਡੀ ਗੱਲ ਸਿੱਖ ਜਵਾਨਾਂ ਤੇ ਅਫ਼ਸਰਾਂ ਦੇ ਜਜ਼ਬਾਤ ਦਾ ਖ਼ਿਆਲ ਰੱਖਣਾ ਸੀ ਜਿਹੜੇ ਇਸ ਕਾਰਵਾਈ ਲਈ ਲਿਆਂਦੀਆਂ ਗਈਆਂ ਛੇ ਡਵੀਜ਼ਨਾਂ ਵਿਚ ਸ਼ਾਮਿਲ ਸਨ।

ਆਪ ਵੀ ਸਿੱਖ ਹੋਣ ਦੇ ਨਾਤੇ, ਇਹ ਕੰਮ ਉਹਦੇ ਲਈ ਅਸੁਖਾਵਾਂ ਸੀ, ਪਰ ਇਸ ਬਾਰੇ ਉਹਨੂੰ ਕੋਈ ਸ਼ੱਕ ਨਹੀਂ ਸੀ ਕਿ ਇਹ ਕੰਮ ਕੀਤਾ ਹੀ ਜਾਣ ਵਾਲਾ ਹੈ, ਪਰ ਕੀ ਉਹਦੇ ਜਵਾਨਾਂ ਦਾ ਵੀ ਇਹੋ ਖ਼ਿਆਲ ਹੈ ? ਉਹ ਹਰ ਯੂਨਿਟ ਵਿਚ ਗਿਆ, ਮੀਟਿੰਗਾਂ ਕੀਤੀਆਂ ਤੇ ਆਪਣੇ ਜਵਾਨਾਂ ਨੂੰ ਕਿਹਾ—ਜਵਾਨਾਂ ਤੇ ਅਫ਼ਸਰਾਂ ਦੋਹਾਂ ਨੂੰ—ਕਿ ਉਹ ਸੱਭੇ ਜਿਹੜੇ ਇਸ ਲੜਾਈ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦੇ, ਉਹ ਅਜਿਹਾ ਕਰਨ ਲਈ ਸੁਤੰਤਰ ਹਨ, ਉਹਨਾਂ ਨੇ ਬੱਸ ਆਪਣੇ ਹੱਥ ਹੀ ਖੜੇ ਕਰਨੇ ਹਨ ਤੇ ਉਹਨਾਂ ਦੇ ਏਤਰਾਜ਼ ਦਾ ਸਨਮਾਨ ਕੀਤਾ ਜਾਵੇਗਾ ਤੇ ਇਹ ਗੱਲ ਉਹਨਾਂ ਦੇ ਵਿਰੁਧ ਨਹੀਂ ਸਮਝੀ ਜਾਵੇਗੀ।

ਬਰਾੜ ਨੇ ਉਹਨਾਂ ਨੂੰ ਦੱਸਿਆ ਕਿ 'ਦੁਸ਼ਮਣ'—ਇਹ ਸੰਕੇਤ ਫ਼ੌਜ ਸਭਨਾਂ ਹਥਿਆਰਬੰਦ ਕਾਰਵਾਈਆਂ ਦੇ ਦੌਰਾਨ ਵਰਤਦੀ ਹੈ—ਨੇ ਦਰਬਾਰ ਸਾਹਿਬ ਉਤੇ ਕਬਜ਼ਾ ਕਰ ਲਿਆ ਹੈ ਅਤੇ 'ਦੁਸ਼ਮਣ' ਦੇ ਪਾਕਿਸਤਾਨ ਨਾਲ ਵੀ ਸੰਬੰਧ ਕਾਇਮ ਹਨ। 'ਦੁਸ਼ਮਣ' ਪੰਜਾਬ ਨੂੰ ਮਾਤਭੂਮੀ ਨਾਲੋਂ ਅੱਡ ਕਰਕੇ ਇਕ ਆਜ਼ਾਦ ਸਿੱਖ ਰਾਜ ਵਜੋਂ ਖ਼ਾਲਿਸਤਾਨ ਸਥਾਪਤ ਕਰਨਾ ਚਾਹੁੰਦਾ ਹੈ। ਇਹ ਦੇਸ਼

ਦੀ ਅਪੰਡਤਾ ਨੂੰ ਮਤਰਾ ਹੈ, ਅਪੰਡਤਾ ਜਿਸ ਨੂੰ ਕਾਇਮ ਰੱਖਣ ਦੀ ਸਹੁੰ ਤੁਸਾਂ ਸਭਨਾਂ ਨੇ ਖਾਧੀ ਹੋਈ ਹੈ।

ਇਕ ਵੀ ਹੱਥ ਉਚਾ ਨਾ ਉਠਿਆ* ਤੇ ਇਸ ਗੱਲ ਦ ਬਰਾੜ ਨੂੰ ਮਾਣ ਹੈ। ਉਹ ਕਈ ਗੱਲਾਂ 'ਤੇ ਨਾ-ਖ਼ੁਸ਼ ਸੀ—ਉਹਨੂੰ ਨਾ ਹੀ ਸਰਵੇਖਣ ਲਈ ਤੇ ਨਾ ਹੀ ਤਿਆਰੀ ਲਈ ਕਾਫ਼ੀ ਸਮਾਂ ਮਿਲਿਆ ਤੇ ਉਹਦੇ ਕੋਲ ਦਹਿਸ਼ਤਪਸੰਦਾਂ ਦੀ ਜਨ-ਸ਼ਕਤੀ ਬਾਰੇ ਤੇ ਹਥਿਆਰਾਂ ਬਾਰੇ ਜੋ ਉਹਨਾਂ ਕੋਲ ਸਨ ਤੇ ਉਹਨਾਂ ਦੀਆਂ ਪੁਜ਼ੀਸ਼ਨਾਂ ਬਾਰੇ ਕਾਫ਼ੀ ਜਾਣਕਾਰੀ ਨਹੀਂ ਸੀ—ਪਰ ਉਹਨੂੰ ਇਹਦੀ ਖ਼ੁਸ਼ੀ ਸੀ ਕਿ ਉਹਦੇ ਇਕ ਵੀ ਸਿਪਾਹੀ ਨੇ ਇਸ ਕਾਰਵਾਈ ਤੋਂ ਬਾਹਰ ਰਹਿਣ ਦੀ ਚੋਣ ਨਹੀਂ ਸੀ ਕੀਤੀ।

ਇਸ ਬਾਰੇ ਕੋਈ ਸ਼ੱਕ ਨਹੀਂ ਕਿ ਪਾਕਿਸਤਾਨ ਸਰਕਾਰ, ਜਿਸ ਨੂੰ ਬੰਗਲਾ ਦੇਸ਼ ਦੀ ਬੰਦਖ਼ਲਾਸੀ ਵਿਚ ਇੰਡੀਆ ਦੇ ਸਰਗਰਮ ਰੋਲ ਬਾਰੇ ਅਜੇ ਵੀ ਰੰਜਸ਼ ਹੈ, ਖ਼ਾਲਿਸਤਾਨ ਲਹਿਰ ਦੀ ਹਮਦਰਦ ਸੀ। ਪਾਕਿਸਤਾਨ ਦੇ ਪ੍ਰਧਾਨ ਜਰਨਲ ਜ਼ਿਆ-ਉਲ-ਹਕ ਨੇ ਪਾਕਿਸਤਾਨ ਵਿਖੇ ਸਿੱਖ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਜੱਥਿਆਂ ਦੇ ਹਰ ਮੈਂਬਰ ਵੱਲ ਮਿੱਤਰਭਾਵੀ ਹੋਣ ਦਾ ਉਚੇਚਾ ਜਤਨ ਕੀਤਾ। ਉਹਨੇ ਲੰਡਨ ਵਿਖੇ ਆਪਣੇ ਦੂਤਾਵਾਸ ਰਾਹੀਂ, ਭਾਰਤ ਵਿਚ ਤੇ ਵਿਦੇਸ਼ਾਂ ਵਿਚ ਪਾਕਿਸਤਾਨ-ਪੱਖੀ ਤੱਤਾਂ ਨਾਲ ਸੰਪਰਕ ਵੀ ਗੰਢਿਆ। ਖ਼ਾਲਿਸਤਾਨ ਦੇ ਸਮਰਥਕਾਂ, ਗੰਗਾ ਸਿੰਘ ਢਿਲੋਂ ਤੇ ਜਗਜੀਤ ਸਿੰਘ ਚੌਹਾਨ ਨੇ ਉਹਦੇ ਨਾਲ ਮੁਲਾਕਾਤਾਂ ਕੀਤੀਆਂ।

ਭਿੰਡਰਾਂਵਾਲੇ ਦੇ ਆਦਮੀਆਂ ਲਈ ਕੁਝ ਹਥਿਆਰ ਤੇ ਨਕਦੀ ਵੀ ਪਾਕਿਸਤਾਨ ਰਾਹੀਂ ਪੰਜਾਬ ਵਿਚ ਸਮਗਲ ਕੀਤੇ ਗਏ ਤੇ ਜਦੋਂ ਮੈਂ ਨਵੰਬਰ 1983 ਵਿਚ ਕਰਾਚੀ ਸਾਂ, ਮੈਂ ਸੁਣਿਆ ਸੀ ਕਿ ਸਿੱਖਾਂ ਨੂੰ ਹਥਿਆਰਾਂ ਦੀ ਵਰਤੋਂ ਬਾਰੇ ਟਰੇਨਿੰਗ ਦੇਣ ਲਈ ਲਾਇਲਪੁਰ, ਮੁਲਤਾਨ ਤੇ ਸਿਆਲਕੋਟ ਵਿਚ ਕੈਂਪ ਕਾਇਮ ਕੀਤੇ ਗਏ ਹਨ।

ਇਸਲਾਮਾਬਾਦ ਦੀ ਮਿਲਭਗਤੀ ਬਾਰੇ ਸ਼ੱਕ ਕੀਤਾ ਜਾ ਸਕਦਾ ਹੈ, ਪਰ ਭਾਰਤੀ ਸਰਕਰੀ ਹਲਕਿਆਂ ਵਲੋਂ ਲਾਈਆਂ ਗਈਆਂ ਊਜਾਂ ਲਈ ਮੇਰੇ ਕੋਲ ਕੋਈ ਪੁਸ਼ਟੀ ਨਹੀਂ ਕਿ ਪਾਕਿਸਤਾਨ ਨੇ ਇਕਰਾਰ ਕੀਤਾ ਹੋਇਆ ਸੀ ਕਿ ਉਹ 10 ਜੂਨ ਨੂੰ ਪੰਜਾਬ ਉਤੇ ਸੀਮਿਤ ਹਮਲਾ ਕਰ ਦੇਵੇਗਾ ਅਤੇ ਆਰੰਭਕ ਸਫਲਤਾ ਦੇ ਦੌਰਾਨ ਹਥਿਆਏ ਗਏ ਇਲਾਕੇ ਉਤੇ ਖ਼ਾਲਿਸਤਾਨ ਕਾਇਮ ਕਰੋ ਦੇਵੇਗਾ ਤੇ ਉਹਨੂੰ ਮਾਨਤਾ ਦੇ ਦੇਵੇਗਾ। ਇਹ ਗੱਲ ਮੰਨਣ 'ਚ ਨਹੀਂ ਆਉਂਦੀ, ਕਿਉਂਜੁ ਇੰਡੀਅਨ ਆਰਮੀ ਦੀਆਂ 7 ਤੇ 15 ਡਵੀਜ਼ਨਾਂ ਨੂੰ ਬਾਰਡਰ ਸੀਲ ਕਰਨ ਲਈ ਪਹਿਲਾਂ ਹੀ ਥਾਂ-ਸਿਰ ਟਿਕਾ ਦਿੱਤਾ ਗਿਆ ਸੀ ਤੇ ਇਹਨਾਂ ਦੇ ਨਾਲ ਹੀ ਤਕੜੀ ਪੈਰਾ-ਮਿਲਿਟਰੀ ਫੋਰਸ ਵੀ ਪ੍ਰਬੰਧ ਕਰ ਦਿੱਤੀ ਗਈ ਸੀ। ਪਰ ਭਿੰਡਰਾਂਵਾਲਾ ਆਪਣੇ ਅਨੁਆਈਆਂ ਨੂੰ ਦੱਸਿਆ ਕਰਦਾ ਸੀ ਕਿ ਜੇ ਉਹਨਾਂ 'ਤੇ 'ਹਮਲਾ' ਕੀਤਾ ਗਿਆ ਤਾਂ ਪਾਕਿਸਤਾਨ ਉਹਨਾਂ ਨੂੰ ਬਹੁੜੇਗਾ।

ਇਸ ਬਾਰੇ ਕਿ ਭਿੰਡਰਾਂਵਾਲੇ ਦੇ ਆਦਮੀਆਂ ਅੰਮ੍ਰਿਤਸਰ ਦੇ ਕੰਟਰੋਲ ਰੂਮ ਵਿਚ ਤੇ ਉਸ ਵਿਚ ਵੀ ਜਿਹੜਾ ਨਵੀਂ ਦਿੱਲੀ ਵਿਖੇ ਆਰਮੀ ਹੈਡ-ਕੁਆਰਟਰ ਵਿਚ ਕਾਇਮ ਕੀਤਾ ਗਿਆ ਸੀ, ਨਕਸ਼ਿਆਂ ਦੇ ਉਤਾਰੇ ਕੀਤੇ, ਵੱਖ-ਵੱਖ ਸੋਮਿਆਂ ਤੋਂ ਇਕੱਠੀ ਕੀਤੀ ਗਈ ਸੂਚਨਾ ਤੋਂ ਮਲੂਮ ਹੁੰਦਾ ਹੈ ਕਿ ਦਹਿਸ਼ਤਪਸੰਦਾਂ ਦੀ ਮੂਲ ਸਟਰੈਟੇਜੀ ਭਿੰਡਰਾਂਵਾਲੇ ਦੇ ਹੈਡ-ਕੁਟਾਰਟਰ, ਅਕਾਲ ਤਖ਼ਤ, ਦੀ

* *ਮੇਜਰ ਜਨਰਲ ਬਰਾੜ ਨੇ ਮੈਨੂੰ ਇਹ ਗੱਲ 7 ਜੁਲਾਈ 1984 ਨੂੰ ਅੰਮ੍ਰਿਤਸਰ ਵਿਚ ਦੱਸੀ।*

ਰੱਖਿਆ ਕਰਨਾ ਸੀ, ਮੁਖ ਰੱਖਿਆ ਪੁਜ਼ੀਸ਼ਨਾਂ ਦੀ ਤੀਬਰਤਾ ਇਥੇ ਹੀ ਸੀ ਤੇ ਇਹਦੇ ਵੱਲ ਜਾਂਦੇ ਸਭਨਾਂ ਰਾਹਾਂ ਦੀ ਤਕੜੀ ਤਰ੍ਹਾਂ ਰੱਖਿਆ ਕੀਤੀ ਗਈ ਸੀ।

'ਦੁਸ਼ਮਣ' ਦੀਆਂ ਤਿੰਨ ਮੁਖ ਪੁਜ਼ੀਸ਼ਨਾਂ ਸਭਨਾਂ ਇਮਾਰਤਾਂ ਦੀਆਂ ਛੱਤਾਂ, ਇਮਾਰਤਾਂ ਦੇ ਵਿਚਲੀਆਂ ਮੰਜ਼ਲਾਂ ਅਤੇ ਅਕਾਲ ਤਖ਼ਤ ਸਨ ਤੇ ਸੱਭੇ ਪੁਜ਼ੀਸ਼ਨਾਂ (ਮੋਰਚੇ) ਦਹਿਸ਼ਤਪਸੰਦਾਂ ਵਲੋਂ ਕਾਇਮ ਕੀਤੇ ਗਏ ਸੰਚਾਰ-ਸਿਲਸਿਲੇ ਰਾਹੀਂ ਇਕ ਦੂਜੇ ਨਾਲ ਜੋੜੀਆਂ ਗਈਆਂ ਸਨ।

ਦਿੱਲੀ ਵਿਚ ਸਰਕਾਰ ਨਾਲ ਫ਼ੌਜ ਦਾ ਸੰਪਰਕ-ਬਿੰਦੂ (ਕਾਂਟੈਕਟ ਪੁਆਇੰਟ) ਡਿਪਟੀ ਰੱਖਿਆ ਮੰਤਰੀ ਕੇ.ਪੀ. ਸਿੰਘ ਸੀ। ਉਹ ਓਪਰੇਸ਼ਨ ਤੋਂ ਪਹਿਲਾਂ ਦੋ ਵਾਰ ਅੰਮ੍ਰਿਤਸਰ ਤੇ ਚੰਡੀਗੜ੍ਹ ਹੋ ਆਇਆ ਸੀ। ਰਾਜੀਵ ਗਾਂਧੀ ਦਾ ਇਕ ਖੋਜਕਾਰ ਆਦਮੀ, ਅਰੂਨ ਸਿੰਘ ਉਹਦਾ ਸਹਾਇਕ ਸੀ, ਉਹਨੂੰ ਪੰਜਾਬ ਦਾ ਮਾਹਿਰ ਸਮਝਿਆ ਜਾਂਦਾ ਸੀ, ਕਿਉਂਜੁ ਉਹ ਕਪੂਰਥਲਾ ਖ਼ਾਨਦਾਨ ਨਾਲ ਸੰਬੰਧਤ ਸੀ। ਕਾਂਗਰਸ (ਆਈ) ਦੇ ਆਦਮੀਆਂ ਲਈ ਚਾਰ ਹਵਾਈ ਜਹਾਜ਼ ਹਾਸਲ ਕਰ ਲਏ ਗਏ ਸਨ, ਹਰਿਆਣਾ, ਉੜੀਸਾ, ਬਿਹਾਰ ਤੇ ਮੱਧ ਪ੍ਰਦੇਸ਼ ਲਈ ਇਕ-ਇਕ।

ਸੈਨਾ ਦੇ ਸੁਪਰੀਮ ਕਮਾਂਡਰ, ਰਾਸ਼ਟਰਪਤੀ ਜ਼ੈਲ ਸਿੰਘ ਨੂੰ ਇਹ ਨਹੀਂ ਸੀ ਮਲੂਮ ਕਿ ਕਿੰਨੀ ਫ਼ੌਜ ਨੂੰ ਪੰਜਾਬ ਤੇ ਚੰਡੀਗੜ੍ਹ ਪਹੁੰਚਣ ਲਈ ਹੁਕਮ ਦਿੱਤੇ ਗਏ ਹਨ। ਓਪਰੇਸ਼ਨ ਤੋਂ ਕੋਈ ਬਾਰਾਂ ਦਿਨ ਪਹਿਲਾਂ—ਉਸ ਦਿਨ ਜਦੋਂ ਚਵ੍ਹੀ ਨਿਰਦੋਸ਼ ਮਾਰੇ ਗਏ ਸਨ—ਸ਼੍ਰੀਮਤੀ ਗਾਂਧੀ ਨੇ ਉਹਨੂੰ ਦੱਸਿਆ ਸੀ ਕਿ ਫ਼ੌਜ ਨੂੰ ਜਲਦੀ ਹੀ ਭੇਜਣਾ ਪਵੇਗਾ, ਕੋਈ ਤਰੀਕ ਨਹੀਂ ਸੀ ਦੱਸੀ ਗਈ।

ਜਦੋਂ ਸ਼੍ਰੀਮਤੀ ਗਾਂਧੀ 30 ਮਈ ਨੂੰ ਮੁੜ ਰਾਸ਼ਟਰਪਤੀ ਨੂੰ ਮਿਲੀ, ਉਹਨੇ ਹੋਣ ਵਾਲੀ ਫ਼ੌਜੀ ਕਾਰਵਾਈ ਦਾ ਜ਼ਿਕਰ ਨਹੀਂ ਕੀਤਾ। ਉਹਨੇ ਰਾਸ਼ਟਰਪਤੀ ਨਾਲ ਪੰਜਾਬ ਬਾਰੇ ਇਕ ਨਵੇਂ ਫ਼ਾਰਮੂਲੇ ਬਾਰੇ ਪੋਣੇ ਦੋ ਘੰਟੇ ਗੱਲਬਾਤ ਕੀਤੀ : ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਣਾ ਤੇ ਹਰਿਆਣੇ ਨੂੰ ਤਹਿਸੀਲ ਨਹੀਂ, ਸਗੋਂ ਅਬੋਹਰ ਨਗਰ ਮਿਲਣਾ। ਸ਼੍ਰੀਮਤੀ ਇੰਦਰਾ ਗਾਂਧੀ ਆਪਣੇ ਨਾਲ ਨਕਸ਼ੇ ਵੀ ਲਿਆਈ ਸੀ ਤਾਂ ਜੋ ਰਾਸ਼ਟਰਪਤੀ ਨੂੰ ਪ੍ਰਸਤਾਵਤ ਵੰਡ ਵਿਖਾ ਸਕੇ। ਜ਼ੈਲ ਸਿੰਘ ਨੂੰ ਇਸ ਫ਼ਾਰਮੂਲੇ ਨੇ ਉਤੇਜਤ ਕੀਤਾ ਤੇ ਉਹਨੂੰ ਆਸ ਸੀ ਕਿ ਅਕਾਲੀਆਂ ਨੂੰ ਇਹ ਮਨਜ਼ੂਰ ਹੋਵੇਗਾ।

ਰਾਸ਼ਟਰਪਤੀ ਨੂੰ ਇਹਦਾ ਚਿਤ-ਚੇਤਾ ਵੀ ਨਹੀਂ ਕਿ ਜਦੋਂ ਪ੍ਰਧਾਨ ਮੰਤਰੀ ਉਹਦੇ ਨਾਲ ਇਹ ਫ਼ਾਰਮੂਲਾ ਵਿਚਾਰ ਰਹੀ ਸੀ, ਸਿਪਾਹੀ ਰੇਲਗੱਡੀ, ਟਰੱਕਾਂ ਤੇ ਹਵਾਈ ਜਹਾਜ਼ਾਂ ਰਾਹੀਂ ਪੰਜਾਬ ਪਹੁੰਚ ਰਹੇ ਸਨ ਅਤੇ ਜਨਰਲ ਵੈਦਿਆ ਲੈਫ਼ਟੀਨੈਂਟ-ਜਨਰਲ ਸੁੰਦਰਜੀ ਤੇ ਆਪਣੇ ਚੀਫ਼ ਆਫ਼ ਸਟਾਫ਼ ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨਾਲ ਇਸ ਓਪਰੇਸ਼ਨ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਚੰਡੀਗੜ੍ਹ ਹੋ ਆਇਆ ਸੀ।

ਜ਼ੈਲ ਸਿੰਘ ਨੂੰ ਪੰਜਾਬ ਵਿਚ ਫ਼ੌਜ ਭੇਜਣ ਦੀ ਖ਼ਬਰ 3 ਜੂਨ ਨੂੰ ਹੀ ਪਤਾ ਲੱਗੀ, ਭਾਵੇਂ ਸਰਕਾਰ ਨੇ 2 ਜੂਨ ਨੂੰ ਹੀ ਫ਼ੌਜ ਨੂੰ ਪੰਜਾਬ ਰਾਜ ਤੇ ਚੰਡੀਗੜ੍ਹ ਦੀ ਯੂਨੀਅਨ ਟੈਰੀਟਰੀ ਵਿਚ ਅੱਤਵਾਦੀਆਂ ਤੇ ਫ਼ਿਰਕੂ ਹਿੰਸਾ ਨੂੰ ਰੋਕਣ ਤੇ ਕੰਟਰੋਲ ਕਰਨ, ਲੋਕਾਂ ਦੀ ਰੱਖਿਆ ਕਰਨ ਤੇ ਸਾਧਾਰਨ ਹਾਲਾਤ ਬਹਾਲ ਕਰਨ ਦਾ ਕਾਰਜ....' ਰਸਮੀ ਤੌਰ 'ਤੇ ਸੌਂਪ ਦਿੱਤਾ ਹੋਇਆ ਸੀ।

4 ਜੂਨ ਨੂੰ ਜ਼ੈਲ ਸਿੰਘ ਨੇ ਦਿੱਲੀ ਅਕਾਲੀ ਦਲ ਦੇ ਇਕ ਵਫ਼ਦ ਨੂੰ ਦੱਸਿਆ ਕਿ ਆਰਮੀ ਨੇ ਦਹਿਸ਼ਤਪਸੰਦਾਂ ਉਤੇ ਦਬਾਉ ਪਾਉਣ ਲਈ ਤਾਂ ਜੁ ਉਹ ਬਾਹਰ ਨਿਕਲ ਆਉਣ, ਗੋਲਡਨ ਟੈਂਪਲ

ਨੂੰ ਘੇਰਾ ਘੱਤਿਆ ਹੈ, ਪਰ ਇਹ ਟੈਂਪਲ ਦੇ ਅੰਦਰ ਦਾਖ਼ਲ ਨਹੀਂ ਹੋਵੇਗੀ। ਸਪੱਸ਼ਟ ਤੌਰ 'ਤੇ ਉਹਨੂੰ ਓਪਰੇਸ਼ਨ ਪਲਾਨਾਂ ਬਾਰੇ ਕੋਈ ਅਗਾਊਂ ਜਾਣਕਾਰੀ ਨਹੀਂ ਸੀ।

ਜੇ ਉਹਨੂੰ ਮਲੂਮ ਹੁੰਦਾ ਕਿ ਫ਼ੌਜ ਗੋਲਡਨ ਟੈਂਪਲ ਵਿਚ ਦਾਖ਼ਲ ਹੋਵੇਗੀ ਤਾਂ ਕੀ ਉਹ ਰੋਕ ਪਾ ਸਕਦਾ ? ਅਜਿਹਾ ਨਹੀਂ ਸੀ ਹੋਣਾ, ਸਿੱਖ ਸਿਪਾਹੀਆਂ ਵਾਂਗ ਉਹਨੂੰ ਵੀ ਮਲੂਮ ਸੀ ਕਿ ਇਹ ਇਕ ਅਜਿਹਾ ਕਾਰਜ ਹੈ ਜਿਹੜਾ ਭਾਵੇਂ ਕੇਡਾ ਹੀ ਅਸੁਖਾਵਾਂ ਹੈ, ਕੀਤਾ ਹੀ ਜਾਣ ਵਾਲਾ ਹੈ। ਜਦੋਂ ਮੈਂ ਉਹਨੂੰ ਇਹਦੇ ਬਾਰੇ ਪੁੱਛਿਆ ਤਾਂ ਉਹਨੇ ਕਿਹਾ ਕਿ ਸ਼ਾਇਦ ਫ਼ੌਜੀ ਕਾਰਵਾਈ ਲਈ ਯੋਜਨਾ ਉਹਨੂੰ ਨਾ ਦੱਸ ਕੇ ਸ਼੍ਰੀਮਤੀ ਗਾਂਧੀ ਨੇ ਲਿਹਾਜ਼ਦਾਰੀ ਹੀ ਕੀਤੀ ਹੈ।

ਜ਼ੈਲ ਸਿੰਘ ਨੇ 3 ਜੂਨ ਨੂੰ ਅੰਮ੍ਰਿਤਸਰ, ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਨੂੰ ਫ਼ੋਨ ਕਰਨ ਦਾ ਜਤਨ ਕੀਤਾ, ਪਰ ਉਹਨੂੰ ਉਸ ਦਿਨ ਤਬਦੀਲ ਕਰ ਦਿੱਤਾ ਗਿਆ ਸੀ, ਜਿਸ ਦਿਨ ਫ਼ੌਜ ਨੂੰ ਗੋਲਡਨ ਟੈਂਪਲ ਦੁਆਲੇ ਪਰ੍ਹਾਬੰਦ ਕਰ ਦਿੱਤਾ ਗਿਆ ਸੀ, ਪਰ ਉਸ ਦਿਨ ਤਾਂ ਡਿਪਟੀ ਕਮਿਸ਼ਨਰ ਦਾ ਟੈਲੀਫ਼ੋਨ ਵੀ ਕੱਟ ਦਿੱਤਾ ਗਿਆ ਸੀ ਤੇ 9 ਵਜੇ ਰਾਤ ਤੋਂ ਅਨਿਸਚਿਤ ਕਾਲ ਲਈ ਕਰਫ਼ਿਊ ਲਾ ਦਿੱਤਾ ਗਿਆ ਸੀ, ਵਿਦੇਸ਼ੀਆਂ ਦੇ ਦਾਖ਼ਲੇ ਦੀ ਮਨਾਹੀ ਕਰ ਦਿੱਤੀ ਗਈ ਸੀ, ਜਲੰਧਰ ਤੇ ਪਟਿਆਲੇ ਵਿਚ ਪ੍ਰੈੱਸ ਉਤੇ ਪਰੀ-ਸੈਂਸਰਸ਼ਿਪ ਲਾ ਦਿੱਤੀ ਗਈ ਸੀ ਅਤੇ ਚੰਡੀਗੜ੍ਹ ਵਿਚ ਟਰਿਬਿਊਨ ਤੇ ਇੰਡੀਅਨ ਐਕਸਪ੍ਰੈਸ ਨੂੰ ਪੰਜਾਬ ਪ੍ਰੈੱਸ (ਸਪੈਸ਼ਲ ਪਾਵਰਜ਼) ਐਕਟ ਦੇ ਅਧੀਨ ਆਰਡਰ ਸਰਵ ਕਰ ਦਿੱਤੇ ਗਏ ਸਨ।

ਕਰਫ਼ਿਊ ਕਾਰਨ, ਬਹੁਤ ਸਾਰੇ ਸ਼ਰਧਾਲੂ ਗੋਲਡਨ ਟੈਂਪਲ ਵਿਚ ਹੀ ਨਹੀਂ, ਸਗੋਂ ਰਾਜ ਵਿਖੇ ਛਤਾਲੀ ਦੂਜੇ ਗੁਦੁਆਰਿਆਂ ਵਿਚ ਵੀ ਘਿਰ ਗਏ, ਗੁਰਦੁਆਰੇ ਜਿਥੇ ਸਰਕਾਰ ਨੂੰ ਸ਼ੱਕ ਸੀ ਕਿ ਦਹਿਸ਼ਤਪਸੰਦਾਂ ਨੇ ਪਨਾਹ ਲੀਤੀ ਹੋਈ ਹੈ। ਬੇਵੱਸ ਸ਼ਰਧਾਲੂਆਂ, ਮਰਦਾਂ, ਤੀਵੀਆਂ ਤੇ ਬੱਚਿਆਂ ਨੇ ਡਰ, ਸੰਦੇਹਸ਼ੀਲਤਾ ਤੇ ਅਨਿਸਚਿਤਤਾ ਦੀ ਹਾਲਤ ਵਿਚ ਗੁਰਦੁਆਰਿਆਂ ਅੰਦਰ ਹੀ ਗੁਛਾ-ਮੁਛਾ ਬੈਠਿਆਂ ਰਾਤ ਬਿਤਾਈ।

4 ਜੂਨ ਨੂੰ ਗੋਲਡਨ ਟੈਂਪਲ ਦੁਆਲੇ ਪਹੁਫ਼ਟਾਲੇ ਤੋਂ ਪਹਿਲਾਂ ਦੀ ਸ਼ਾਂਤੀ ਟੁੱਟੀ ਜਦੋਂ ਫ਼ੌਜ ਨੇ 4.40 ਵਜੇ ਸਵੇਰੇ ਗੋਲੀ ਚਲਾਈ, ਜਿਵੇਂ ਕਿ ਆਸ ਸੀ, ਇਹਨਾਂ ਦੀ ਗੋਲੀ ਦਾ ਜਵਾਬ ਦਿੱਤਾ ਗਿਆ। ਇਹ ਗੋਲੀ ਟੋਹਣ ਲਈ ਚਲਾਈ ਗਈ ਸੀ ਤਾਂ ਜੁ ਜਾਣਿਆਂ ਜਾ ਸਕੇ ਕਿ ਦਹਿਸ਼ਤਪਸੰਦ ਕਿੱਥੇ-ਕਿੱਥੇ ਡਟੇ ਹੋਏ ਹਨ ਤੇ ਉਹਨਾਂ ਕੋਲ ਕਿਹੜੀ ਕਿਸਮ ਦੇ ਹਥਿਆਰ ਹਨ। ਸੈਂਟਰਲ ਰੀਜ਼ਰਵ ਪੁਲਿਸ ਫ਼ੋਰਸ ਨੇ ਤਿੰਨ ਦਿਨ ਪਹਿਲਾਂ ਇਸੇ ਤਰ੍ਹਾਂ ਦੀ ਕਾਰਵਾਈ ਕੀਤੀ ਸੀ, ਪਰ ਉਹਦੇ ਕਾਫ਼ੀ ਜੁਆਨ ਮਰੇ ਤੇ ਫੱਟੜ ਹੋਏ ਸਨ।

ਦਹਿਸ਼ਤਪਸੰਦਾਂ ਨੇ ਗੋਲੀ ਚੱਲਣ ਦੇ ਇਸ ਪਹਿਲੇ ਗੇੜ ਦੇ ਮਨੋਰਥ ਨੂੰ ਸਮਝ ਲਿਆ ਲੱਗਦਾ ਸੀ। ਉਹਨਾਂ ਦਾ ਉਤਰ ਕੰਟਰੋਲਡ ਸੀ, ਸਪੱਸ਼ਟ ਤੌਰ 'ਤੇ ਉਹ ਆਪਣਾ ਐਮੂਨਿਸ਼ਨ ਬਚਾਅ ਰਹੇ ਸਨ। ਚਾਰ ਘੰਟੇ ਪਿਛੋਂ ਫ਼ੌਜੀਆਂ ਨੇ ਗੋਲੀ ਚਲਾਉਣੀ ਬੰਦ ਕਰ ਦਿੱਤੀ। ਇਸ ਟੋਹ ਤੋਂ ਇਹਦੀ ਪੁਸ਼ਟੀ ਹੋ ਗਈ ਸੀ ਕਿ ਵਾਟਰ ਟੈਂਕ, ਦੋ ਬੁਰਜਾਂ (ਰਾਮਗੜ੍ਹੀਆ ਬੁੰਗੇ) ਤੇ ਕੁਝ ਮਕਾਨਾਂ ਉਪਰ ਦਹਿਸ਼ਤਪਸੰਦਾਂ ਦੇ ਮੋਰਚੇ ਹਨ। ਇਹਦੀ ਵੀ ਪੁਸ਼ਟੀ ਹੋ ਗਈ ਕਿ ਦਹਿਸ਼ਤਪਸੰਦਾਂ ਕੋਲ ਰਫ਼ਲਾਂ, ਸਟੇਨਗੰਨਾਂ, ਆਟੋਮੈਟਿਕ ਹਥਿਆਰ ਤੇ ਕਾਰਬਾਈਨਾਂ ਵੀ ਹਨ ਤੇ ਉਹਨਾਂ ਦੀ ਫ਼ਾਇਰਿੰਗ ਵਿਚ ਤਾਲਮੇਲ ਬਹੁਤ ਚੰਗਾ ਸੀ।

ਫ਼ਾਇਰਿੰਗ ਰੁਕੀ ਤਾਂ ਗੁਰਬਚਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਨਾਨਕ ਨਿਵਾਸ ਤੋਂ ਅਕਾਲ ਤਖ਼ਤ ਗਿਆ ਤਾਂ ਜੁ ਭਿੰਡਰਾਂਵਾਲੇ ਨੂੰ ਆਤਮ-ਸਮਰਪਨ ਲਈ ਪਰੇਰੇ, ਕਿਉਂਜੁ, ਫ਼ੌਜ ਨੇ ਹੁਣ ਗੋਲਡਨ ਟੈਂਪਲ ਕਾਂਪਲੈਕਸ ਵਿਚ ਦਾਖ਼ਲ ਹੋ ਹੀ ਜਾਣਾ ਸੀ। ਭਿੰਡਰਾਂਵਾਲੇ ਨੇ ਉਹਨੂੰ ਵਾਪਸ ਭੇਜ ਦਿੱਤਾ ਤੇ ਉਹਨੂੰ 'ਬੁਜ਼ਦਿਲ' ਤੇ 'ਇੰਦਰਾ ਗਾਂਧੀ ਦਾ ਏਜੰਟ' ਆਖਿਆ।

ਟੌਹੜਾ ਵਾਪਸ ਚਲਿਆ ਗਿਆ, ਸ਼ਾਇਦ ਹੁਣ ਉਹ ਪਛਤਾ ਰਿਹਾ ਹੋਵੇ ਕਿ ਉਹਨੇ ਅਕਾਲ ਤਖ਼ਤ ਦੇ ਜੱਥੇਦਾਰ ਨੂੰ ਦਸਬੰਰ 1983 ਵਿਚ ਕਿਉਂ ਆਖਿਆ ਸੀ ਕਿ ਉਹ ਭਿੰਡਰਾਂਵਾਲੇ ਦੇ ਆਦਮੀਆਂ ਨੂੰ ਅਕਾਲ ਤਖ਼ਤ ਵਿਚ ਹਥਿਆਰ ਲਿਜਾਣੋਂ ਨਾ ਰੋਕੇ। ਭਿੰਡਰਾਂਵਾਲੇ ਨੇ ਕਿਰਪਾਲ ਸਿੰਘ ਦੀ ਪ੍ਰਵਾਨਗੀ ਤੋਂ ਬਿਨਾਂ, ਅੱਠ ਦਿਨਾਂ ਤਕ ਅਕਾਲ ਤਖ਼ਤ ਵਿਚ ਦਾਖ਼ਲ ਹੋਣ ਦਾ ਹੌਸਲਾ ਨਹੀਂ ਸੀ ਕੀਤਾ, ਤੇ ਭਿੰਡਰਾਂਵਾਲੇ ਦੇ ਦਾਖ਼ਲ ਹੋਣ ਦੀ ਢਿੱਲ ਸੀ ਕਿ ਕਿਰਪਾਲ ਸਿੰਘ ਆਪਣੀ ਵਾਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਟੌਹੜਾ ਦੀ ਆਗਿਆ ਨਾਲ, ਅਕਾਲ ਤਖ਼ਤ ਦੀ ਪਵਿੱਤਰਤਾ ਦੀ ਉਲੰਘਣਾ ਵਿਰੁਧ ਰੋਸ ਵਜੋਂ ਦੋ ਮਹੀਨੇ ਤੱਕ ਅਕਾਲ ਤਖ਼ਤ ਨਹੀਂ ਸੀ ਗਿਆ।

ਸ਼ਾਹਬੇਗ ਸਿੰਘ ਨੇ ਮੁਢਲੀ ਫ਼ਾਇਰਿੰਗ ਪਿਛੋਂ ਚੁੱਪ ਦਾ ਫ਼ਾਇਦਾ ਉਠਾਇਆ ਤੇ ਆਪਣੀਆਂ ਗਤੀਵਿਧੀਆਂ ਬੱਬਰ* ਖ਼ਾਲਸਾ ਨਾਲ ਇਕਸਾਰੀਆਂ। ਉਹ ਚਾਹੁੰਦਾ ਸੀ ਬੱਬਰ ਖ਼ਾਲਸਾ ਵਾਲੇ ਦੁਸ਼ਮਣ ਨੂੰ ਪਰਕਰਮਾਂ ਦੇ ਨਾਲ ਲੱਗਦੇ ਕਮਰਿਆਂ ਤੱਕ ਪਹੁੰਚਣੋਂ ਵੱਧ ਤੋਂ ਵੱਧ ਸਮਾਂ ਰੋਕਣ।

5 ਜੂਨ ਨੂੰ 4 ਵਜੇ ਸ਼ਾਮ, ਪਬਲਿਕ ਐਡਰੈਸ ਸਿਸਟਮ ਤੇ ਮੈਗਾਫ਼ੋਨਾਂ ਦੀ ਵਰਤੋਂ ਕਰ ਕੇ, ਫ਼ੌਜੀ ਅਫ਼ਸਰਾਂ ਨੇ ਸ਼ਰਧਾਲੂਆਂ ਤੇ ਦੂਜੇ ਲੋਕਾਂ ਨੂੰ ਜਿਹੜੇ ਗੋਲਡਨ ਟੈਂਪਲ ਕਾਂਪਲੈਕਸ ਦੇ ਅੰਦਰ ਸਨ, ਬਾਹਰ ਚਲੇ ਆਉਣ ਲਈ ਆਖਿਆ। ਦਹਿਸ਼ਤਪਸੰਦਾਂ ਨੂੰ ਵੀ ਹਥਿਆਰ ਸੁੱਟਣ ਲਈ ਅਪੀਲ ਕੀਤੀ ਗਈ। 126 ਲੋਕ ਬਾਹਰ ਨਿਕਲੇ ਤੇ ਫ਼ੌਜ ਨੂੰ ਆਤਮ-ਸਮਰਪਨ ਕੀਤਾ, ਪਰ ਹੋਰ ਬਹੁਤ ਸਾਰੇ ਇਸ ਡਰੋਂ ਬਾਹਰ ਨਾ ਨਿਕਲੇ ਕਿ ਜੇ ਉਹਨਾਂ ਨੇ ਬਾਹਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਜਾਂ ਤਾਂ ਦਹਿਸ਼ਤਪਸੰਦ ਜਾਂ ਫ਼ੌਜੀ ਉਹਨਾਂ ਨੂੰ ਗੋਲੀ ਮਾਰ ਦੇਣਗੇ।

ਕਈਆਂ ਨੇ ਭਿੰਡਰਾਂਵਾਲੇ ਦੇ ਆਦਮੀਆਂ ਕੋਲ ਪਨਾਹ ਲਈ, ਦੂਜੇ ਗੁਰੂ ਰਾਮਦਾਸ ਸਰਾਂ ਵਿਚ ਜਾ ਘੁਸੇ, ਤੇ ਉਹਨਾਂ ਦੀ ਵੱਡੀ ਗਿਣਤੀ ਨੇ ਤੇਜਾ ਸਿੰਘ ਹਾਲ ਤੇ ਗੁਰੂ ਨਾਨਕ ਨਿਵਾਸ ਵਿਚ ਜਾ ਪਨਾਹ ਲਈ ਜਿਥੇ ਲੋਂਗੋਵਾਲ ਠਹਿਰਿਆ ਹੋਇਆ ਸੀ। ਫੇਰ ਲੋਂਗੋਵਾਲ ਥਲਵੀਂ ਮੰਜ਼ਲ ਉਤੇ ਟੌਹੜੇ ਦੇ ਕਮਰੇ ਵਿਚ ਉਹਦੇ ਕੋਲ ਚਲਿਆ ਗਿਆ, ਕਿਉਂਜੁ ਫ਼ੌਜ ਦੋ ਬੁਰਜਾਂ ਅਤੇ ਵਾਟਰ ਟੈਂਕ ਉਤੇ ਫ਼ਾਇਰਿੰਗ ਕਰ ਰਹੀ ਸੀ। ਕਿਉਂਜੁ ਦਰਵਾਜ਼ੇ ਬੰਦ ਸਨ, ਉਹ ਬਾਹਰ ਨਿਕਲਣ ਬਾਰੇ ਆਰਮੀ ਦੀ ਅਪੀਲ ਸੁਣ ਨਾ ਸਕੇ।

ਠੀਕ 7 ਵਜੇ ਸ਼ਾਮੀਂ, ਫ਼ੌਜ ਨੇ ਮੁੜ ਫ਼ਾਇਰਿੰਗ ਸ਼ੁਰੂ ਕੀਤੀ। ਵਾਟਰ ਟੈਂਕ ਤੇ ਬੁਰਜ ਪਹਿਲੇ

---

* *ਬੱਬਰ ਖ਼ਾਲਸਾ, ਜਿਸ ਦੀ ਸਥਾਪਨਾ 1978 ਵਿਚ ਹੋਈ, ਅੱਤਵਾਦੀ ਸੰਸਥਾ, ਅਖੰਡ ਕੀਰਤਨੀ ਜੱਥਾ ਦਾ ਹੀ ਸ਼ਾਖ ਸੀ। ਬੱਬਰ ਖ਼ਾਲਸਾ, ਜਿਸ ਦੀ ਇਕ ਬਰਾਂਚ ਕੈਨੇਡਾ ਵਿਚ ਹੈ, ਪਾਕਿਸਤਾਨ ਨੂੰ ਸਿੱਖਾਂ ਦਾ ਕੁਦਰਤੀ ਤੇ ਕਲਚਰਲ ਗੁਆਂਢੀ ਸਮਝਦਾ ਹੈ, ਤੇ ਉਹਦਾ ਯਕੀਨ ਹੈ ਕਿ ਆਜ਼ਾਦ ਰਾਜ ਦੀ ਪ੍ਰਾਪਤੀ ਤੋਂ ਬਿਨਾਂ ਸਿੱਖ ਆਪਣੀ ਸ਼ੁੱਧਤਾ ਨੂੰ ਕਾਇਮ ਨਹੀਂ ਰੱਖ ਸਕਣਗੇ।*

ਨਿਸ਼ਾਨੇ ਬਣੇ ਅਤੇ ਮਾਊਂਟੇਨ ਗੰਨਾਂ ਇਹਨਾਂ ਨੂੰ ਉਡਾਉਣ ਲਈ ਵਰਤੀਆਂ ਗਈਆਂ। ਮਾਊਂਟੇਨ ਗੰਨਾਂ ਉਖਾੜ ਕੇ ਉਹਨਾਂ ਇਮਾਰਤਾਂ ਦੀਆਂ ਛੱਤਾਂ ਉਤੇ ਪੁਚਾਈਆਂ ਗਈਆਂ ਤੇ ਉਥੇ ਲਿਜਾ ਕੇ ਮੁੜ ਜੋੜੀਆਂ ਗਈਆਂ, ਜੋ ਸੈਂਟਰਲ ਰੀਜ਼ਰਵ ਪੁਲਿਸ ਫ਼ੋਰਸ ਨੇ ਕੁਝ ਦਿਨ ਪਹਿਲਾਂ ਵੱਡੀ ਕੀਮਤ ਤਾਰ ਕੇ ਹਾਸਲ ਕੀਤੀਆਂ ਸਨ। ਹੁਣ ਕੁਝ ਹੋਰ ਇਮਾਰਤਾਂ ਨੂੰ ਵੀ ਸਾਫ਼ ਕਰ ਦਿੱਤਾ ਗਿਆ। ਅੱਖੀਂ ਵੇਖਣ ਵਾਲਿਆਂ ਨੇ ਅੱਗੇ ਚੱਲ ਕੇ ਦੱਸਿਆ ਕਿ ਬੁਰਜਾਂ ਅਤੇ ਵਾਟਰ ਟੈਂਕ ਉਤੇ ਟਿਕੇ ਹੋਏ ਦਹਿਸ਼ਤਪਸੰਦ ਕਿਵੇਂ ਉੱਚੇ ਟਿਕਾਣਿਆਂ ਤੋਂ ਪੁਤਲਿਆਂ ਵਾਂਗੂੰ ਹੇਠਾਂ ਡਿੱਗੇ ਸਨ।

ਇਹਨਾਂ ਅਨੁਕੂਲ-ਸਥਾਨਾਂ ਨੂੰ ਤਬਾਹ ਕਰ ਕੇ ਫ਼ੌਜ ਨੇ ਅੰਦਰ ਦਾਖ਼ਲ ਹੋਣ ਦੀ ਤਿਆਰੀ ਕੀਤੀ, ਭਾਵੇਂ ਦਹਿਸ਼ਤਪਸੰਦਾਂ ਨੇ ਬੁਰਜਾਂ ਅਤੇ ਵਾਟਰ ਟੈਂਕ ਵੱਲ ਜਾਣ ਵਾਲੀਆਂ ਸੀੜ੍ਹੀਆਂ ਦੇ ਰੋਸ਼ਨਦਾਨਾਂ ਨੂੰ ਵਰਤਿਆ ਸੀ ਤੇ ਇਹਨਾਂ ਥੀਂ ਰੁਕ-ਰੁਕ ਕੇ ਅਗਲੇ ਤਿੰਨ ਦਿਨ ਗੋਲੀ ਚਲਾਉਂਦੇ ਰਹੇ ਸਨ।

5 ਜੂਨ ਨੂੰ ਰਾਤ ਦੇ ਸਾਢੇ ਦਸ ਵਜੇ ਕਮਾਂਡੋਆਂ ਦੀਆਂ ਦੋ ਟੋਲੀਆਂ ਮੁਖ ਪਰਵੇਸ਼ ਦੁਆਰ ਤੋਂ ਗੋਲਡਨ ਟੈਂਪਲ ਵਿਚ ਦਾਖ਼ਲ ਹੋਈਆਂ ਅਤੇ ਇਹਦੇ ਬਾਰੇ ਛੇਤੀ ਹੀ ਜਾਣਕਾਰੀ ਦਿੱਤੀ ਗਈ, ਪਰ ਉਹਨਾਂ ਨੂੰ ਪਰੇਸ਼ਾਨ-ਕੁਨ ਹੈਰਾਨੀ ਦਾ ਸਾਹਮਣਾ ਕਰਨਾ ਪਿਆ। ਪੌੜੀਆਂ ਦੇ ਦੋਹਾਂ ਪਾਸਿਆਂ ਤੋਂ ਮਘੋਰਿਆਂ ਥਾਣੀ ਭਿਆਨਕ ਫ਼ਾਇਰਿੰਗ ਨੇ ਉਹਨਾਂ ਦਾ ਸਵਾਗਤ ਕੀਤਾ। ਮਿਊਜ਼ੀਅਮ ਤੋਂ ਵੀ ਫ਼ਾਇਰਿੰਗ ਹੋਈ। ਇਹ ਨਿਰਾ ਕਤਲਾਮ ਸੀ, 90 ਕਮਾਂਡੋਆਂ ਵਿਚੋਂ ਔਧਿਉਂ ਬਹੁਤੇ ਮਰ ਗਏ ਜਾਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਕਈ ਕਮਾਂਡੋਆਂ ਦੀਆਂ ਲੱਤਾਂ ਗੋਲੀਆਂ ਨੇ ਛਲਣੀ ਕਰ ਦਿੱਤੀਆਂ।

ਦਿਆਲ ਨੇ, ਜਿਹੜਾ ਕਮਾਂਡੋ ਵੀ ਹੈ, ਮੈਨੂੰ ਦੋ ਹਫ਼ਦੇ ਪਿਛੋਂ ਦੱਸਿਆ ਜਦੋਂ ਮੈਂ ਉਹਨੂੰ 21 ਜੂਨ 1984 ਨੂੰ ਚੰਡੀਗੜ੍ਹ ਵਿਖੇ ਉਹਦੇ ਦਫ਼ਤਰ ਵਿਚ ਮਿਲਿਆ। ਮੇਰੇ ਕਈ ਜੁਆਨ ਅਜੇ ਵੀ ਹਸਪਤਾਲ ਵਿਚ ਹਨ। ਸਾਨੂੰ ਗੰਨਾਂ ਬਾਰੇ ਜਾਣਕਾਰੀ ਨਹੀਂ ਸੀ (ਪੌੜੀਆਂ ਦੇ ਦੋਵਾਂ ਪਾਸਿਆਂ ਤੇ) ਸਾਡੀ ਇੰਟੈਲੀਜੈਂਸ, ਤੁਸੀਂ ਜਾਣਦੇ ਹੀ ਹੋ, ਚੰਗੀ ਨਹੀਂ।

ਕਮਾਂਡੋਆਂ ਨੇ ਮਸੂਰੀ ਦੇ ਲਾਗੇ ਚਕਰਾਤਾ ਵਿਖੇ ਗੋਲਡਨ ਟੈਂਪਲ ਉਤੇ ਚਾਣਚਕ ਧਾਵੇ ਦੀ ਮਸ਼ਕ ਕੀਤੀ ਸੀ, ਪਰ ਉਹਨਾਂ ਨੂੰ ਇਸ ਤਰ੍ਹਾਂ ਦੇ ਫੰਦਿਆਂ ਦਾ ਇਲਮ ਹੀ ਨਹੀਂ ਸੀ।

ਜਿਵੇਂ ਕਿ ਵਿਉਂਤਿਆ ਗਿਆ ਸੀ, ਦੋ ਹੋਰ ਕਾਲਮ ਗੋਲਡਨ ਟੈਂਪਲ ਵਿਚ ਦਾਖ਼ਲ ਹੋਏ। 26 ਮਦਰਾਸ ਦਾ ਕਾਲਮ ਇਕ ਸਿੱਖ ਅਫ਼ਸਰ ਦੀ ਕਮਾਨ ਹੇਠ ਗੁਰੂ ਰਾਮਦਾਸ ਸਰਾਂ ਵਲੋਂ ਦਾਖ਼ਲ ਹੋਇਆ। ਦਹਿਸ਼ਤਪਸੰਦਾਂ ਨੇ ਇਹਦੀ ਛੱਤ ਉਤੇ ਮੋਰਚਾ ਬੰਨ੍ਹਿਆ ਹੋਇਆ ਸੀ ਤੇ ਸਰਾਂ ਦੇ ਅੰਦਰ ਸ਼ਰਧਾਲੂ ਮੌਜੂਦ ਸਨ। 9 ਗੜ੍ਹਵਾਲ ਰਾਈਫ਼ਲਜ਼ ਅਤੇ 15 ਕੁਮਾਉਂ ਦਾ ਦੂਜਾ ਕਾਲਮ ਲਾਇਬਰੇਰੀ ਬਿਲਡਿੰਗ ਦੇ ਸਿਰੇ ਵਾਲੇ ਰਾਹੋਂ ਜਿਥੇ ਦਹਿਸ਼ਤਪਸੰਦਾਂ ਨੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ, ਅੰਦਰ ਦਾਖ਼ਲ ਹੋਇਆ।

ਗੋਲਡਨ ਟੈਂਪਲ ਹੁਣ ਰਣ-ਭੂਮੀ ਬਣ ਗਿਆ ਸੀ ਤੇ ਫ਼ੌਜ ਨੇ ਅਜਿਹੀ ਕਾਰਵਾਈ ਕਰਨੀ ਸੀ ਜਿਸ ਵਿਚ ਪੁਜ਼ੀਸ਼ਨਲ ਲਾਭ ਦਹਿਸ਼ਤਪਸੰਦਾਂ ਨੂੰ ਪ੍ਰਾਪਤ ਸੀ।

ਪਵਿੱਤਰ ਅਕਾਲ ਤਖ਼ਤ ਇਕ ਅਸਲੀ ਕਿਲ੍ਹਾ ਬਣਿਆ ਹੋਇਆ ਸੀ, ਜਿਸ ਦੇ ਹਰ ਸੁਰਾਖ ਵਿਚੋਂ ਗੋਲੀ ਵਰ੍ਹ ਰਹੀ ਸੀ। ਪੂਰੇ ਕਾਂਪਲੈਕਸ ਵਿਚ ਬੀੜੀਆਂ ਦਹਿਸ਼ਤਪਸੰਦਾਂ ਦੀਆਂ ਗੰਨਾਂ ਵੀ ਚੱਲਣ

ਲੱਗੀਆਂ। 110 ਗਜ਼ ਦੇ ਫ਼ਾਸਲੇ ਦੇ ਅੰਦਰ-ਅੰਦਰ 30 ਲਾਈਟ ਮਸ਼ੀਨਗੰਨਾਂ ਸਨ। ਮੈਂ ਆਪਣੇ ਜੀਵਨ ਦੇ ਤਿੰਨ ਦਹਾਕਿਆਂ ਵਿਚ ਇਸ ਤਰ੍ਹਾਂ ਦੀ ਫ਼ਾਇਰ-ਪਾਵਰ ਨਹੀਂ ਵੇਖੀ, ਪਾਕਿਸਤਾਨ ਨਾਲ ਜੰਗ ਦੇ ਦੌਰਾਨ ਵੀ ਨਹੀਂ ਵੇਖੀ', ਲੈਫ਼ਟੀਨੈਂਟ-ਜਨਰਲ ਆਰ.ਐਸ. ਦਿਆਲ, ਐਮ.ਵੀ.ਸੀ. ਨੇ ਦੱਸਿਆ। ਦਿਆਲ ਨੇ ਪਾਕਿਸਤਾਨ ਨਾਲ 1965 ਦੀ ਜੰਗ ਵਿਚ ਕਸ਼ਮੀਰ ਵਿਖੇ ਹਾਜੀਪੁਰ ਦੇ ਦੱਰੇ ਉਤੇ ਕਬਜ਼ਾ ਕਰਨ ਦੀ ਅਗਵਾਈ ਕੀਤੀ ਸੀ—ਇਹ ਇਕ ਅਜਿਹਾ ਦਲੇਰੀ-ਭਰਿਆ ਕਾਰਨਾਮਾ ਸੀ ਜਿਸ ਦੇ ਲਈ ਉਹਨੂੰ ਮਹਾਂਵੀਰ ਚੱਕਰ ਐਮ.ਵੀ.ਸੀ. ਨਾਲ ਨਿਵਾਜਿਆ ਗਿਆ ਸੀ ਤੇ ਮੇਜਰ-ਜਨਰਲ ਬਰਾੜ ਨੇ ਆਖਿਆ : 'ਇਹ (ਅਕਾਲ ਤਖ਼ਤ) ਆਟੋਮੈਟਿਕ ਹਥਿਆਰਾਂ ਦਾ ਗੜ੍ਹ ਸੀ।'

ਕਮਾਂਡੋਆਂ ਨੂੰ ਪੁਜੇ ਨੁਕਸਾਨ ਪਿਛੋਂ ਲੈਫ਼ਟੀਨੈਂਟ ਇਸਰਾਰ ਖ਼ਾਨ ਦੀ ਅਗਵਾਈ ਵਿਚ 10 ਗਾਰਡਜ਼ ਦੇ ਇਕ ਦਸਤੇ ਨੂੰ ਅੰਦਰ ਜਾਣ ਲਈ ਆਖਿਆ ਗਿਆ। ਉਹ ਮੁਖ ਪਰਵੇਸ਼-ਦੁਆਰ ਵਲੋਂ ਦਾਖ਼ਲ ਹੋਏ ਅਤੇ ਸੀੜ੍ਹੀਆਂ ਤੋਂ ਬਚ ਕੇ ਨਿਕਲਦਿਆਂ ਉਥੋਂ ਦੀਆਂ ਗੰਨਾਂ ਨੂੰ ਚੁੱਪ ਕਰਵਾ ਦਿੱਤਾ ਜਿਨ੍ਹਾਂ ਨੇ ਕਮਾਂਡੋਆਂ ਦਾ ਭੁਝਥਾ ਕਰ ਦਿੱਤਾ ਸੀ। 10 ਗਾਰਡਜ਼ ਦਾ ਕਾਰਜ ਹਰਿਮੰਦਰ ਦੇ ਪਿੱਛੇ ਕਰ ਕੇ ਪਰਕਰਮਾ ਦੇ ਖੱਬੇ ਪਾਸੇ ਵਾਲੇ ਕਮਰਿਆਂ ਨੂੰ ਕਾਬੂ ਵਿਚ ਲਿਆਉਣਾ ਸੀ ਜਿਥੇ ਬੱਬਰ ਖ਼ਾਲਸਾ ਦੇ ਮੋਰਚੇ ਸਨ। ਹੈਰਾਨੀ ਦੀ ਗੱਲ ਹੈ ਕਿ ਉਹਨਾਂ ਨੇ ਮਾਮੂਲੀ ਮੁਕਾਬਲਾ ਕੀਤਾ। ਬੱਬਰ ਖ਼ਾਲਸਾ ਦੇ ਕੁਝ ਜੁਆਨਾਂ ਨੇ ਹੀ ਲੜਾਈ ਕੀਤੀ ਤੇ ਮਰ ਗਏ, ਬਾਕੀ ਦੇ ਇਕ ਸੁਰੰਗ ਰਾਹੀਂ ਬਚ ਕੇ ਨਿਕਲ ਗਏ, ਸੁਰੰਗ ਜਿਸ ਦਾ ਪਤਾ ਉਸ ਸਮੇਂ ਫ਼ੌਜ ਨੂੰ ਨਹੀਂ ਸੀ।

ਦੂਜੇ ਦੋ ਕਾਲਮਾਂ ਦੀ ਪ੍ਰਾਪਤੀ ਮਾਮੂਲੀ ਸੀ, ਕਿਉਂਜੁ ਬਾਲਕੋਨੀਆਂ ਅਤੇ ਬਾਰੀਆਂ ਦੀਆਂ ਸਿਲਾਂ ਉਤੇ ਦਹਿਸ਼ਤਪਸੰਦਾਂ ਕੋਲ ਲਾਹੇਵੰਦੇ ਫਾਇਰਿੰਗ-ਪੁਆਇੰਟ ਸਨ, ਨਿਰੀਖਣ ਤੇ ਫਾਇਰਿੰਗ ਲਈ ਮੋਰੀਆਂ ਬਣੀਆਂ ਹੋਈਆਂ ਸਨ। ਦੂਜੇ ਪਾਸੇ ਫ਼ੌਜੀ ਖੁੱਲ੍ਹੇ ਮੈਦਾਨ ਵਿਚ ਸਨ। ਇਸਰਾਰ ਖ਼ਾਨ ਦੀ ਅਗਵਾਈ ਵਿਚ ਕਾਲਮ ਅਕਾਲ ਤਖ਼ਤ ਵੱਲ ਸੀ.ਐਸ. ਗੈਸ* ਦੇ ਕਨਸਤਰਾਂ ਵਿਚ ਹੌਲੀ-ਹੌਲੀ ਅੱਗੇ ਵਧਿਆ, ਗੈਸ ਜਿਹੜੀ ਅੱਥਰੂ ਗੈਸ ਨਾਲੋਂ ਵੀ ਵਧੇਰੇ ਤੇਜ਼ ਹੁੰਦੀ ਹੈ। 10 ਗਾਰਡਜ਼ ਦੇ ਕਈ ਜੁਆਨ ਅਕਾਲ ਤਖ਼ਤ ਦੇ ਲਾਗੇ ਜਾਣ ਦੀ ਕੋਸ਼ਿਸ਼ ਵਿਚ ਮਰ ਗਏ, ਇਹ ਜਤਨ ਨਿਹਫਲ ਸਿੱਧ ਹੋਇਆ, ਕਿਉਂਜੁ ਸਭੇ ਬਾਰੀਆਂ, ਇਥੋਂ ਤੱਕ ਕਿ ਵਿਰਲਾਂ ਵੀ ਬੰਦ ਕੀਤੀਆਂ ਹੋਈਆਂ ਸਨ ਅਤੇ ਹਵਾ ਦੀ ਅਸੁਖਾਵੀਂ ਦਿਸ਼ਾ ਵੀ ਦਹਿਸ਼ਤਪਸੰਦਾਂ ਨੂੰ ਗੈਸ ਦੇ ਅਸਰਾਂ ਤੋਂ ਬਚਾਉਣ ਵਿਚ ਉਹਨਾਂ ਦੀ ਸਹਾਈ ਹੋ ਰਹੀ ਸੀ।

ਫੇਰ 10 ਗਾਰਡਜ਼ ਨੇ ਅਕਾਲ ਤਖ਼ਤ ਉਤੇ ਸਿੱਧਾ ਹਮਲਾ ਕਰ ਕੇ ਇਕ ਦਮ ਕਬਜ਼ਾ ਕਰਨ ਦਾ ਜਤਨ ਕੀਤਾ, ਪਰ ਇਹ ਤਾਂ ਆਤਮਘਾਤੀ ਜਤਨ ਸੀ, ਕਿਉਂਜੁ ਉਹਨਾਂ ਦੇ ਸਾਹਮਣੇ ਵਾਲਾ ਖੁੱਲ੍ਹਾ ਸਥਾਨ ਦਹਿਸ਼ਤਪਸੰਦਾਂ ਦੀਆਂ ਗੰਨਾਂ ਦੀ ਚੰਗੀ ਮਾਰ ਵਿਚ ਸੀ। ਇਮਾਰਤ ਦੇ ਸੰਗਮਰਮਰੀ ਮੱਥੇ ਵਲੋਂ ਗੋਲੀ ਦੀ ਬੁਛਾੜ ਹੋਈ, ਲਾਇਬਰੇਰੀ ਬਿਲਡਿੰਗ ਤੋਂ ਵੀ ਫਾਇਰਿੰਗ ਹੋਈ ਅਤੇ ਕੋਠਾ ਸਾਹਿਬ ਨਾਲ ਜੁੜੀਆਂ ਹੋਈਆਂ ਇਮਾਰਤਾਂ ਤੇ ਤੋਸ਼ਾਖ਼ਾਨਾ ਵਲੋਂ ਵੀ ਗੋਲੀ ਵਰ੍ਹਾਈ ਗਈ।

---

* *ਜਰਨੈਲ ਸੁੰਦਰ ਜੀ ਨੇ ਇਕ ਪ੍ਰੈੱਸ ਇੰਟਰਵਿਊ ਵਿਚ ਮੰਨਿਆ ਕਿ ਸੀ.ਐਸ. ਗੈਸ ਮੋਰਚਾਬੰਦ ਦਹਿਸ਼ਤਪਸੰਦਾਂ ਵਿਰੁਧ ਕਾਰਗਰ ਸਿੱਧ ਨਾ ਹੋਈ। ਜਰਨੈਲ ਸ਼ਾਇਦ ਨਹੀਂ ਸੀ ਸਮਝ ਰਿਹਾ ਸੀ ਕਿ ਸੀ.ਐਸ. ਗੈਸ ਕੈਮੀਕਲ ਜੰਗ ਦਾ ਹਿੱਸਾ ਹੈ, ਤੇ ਇਹਦੇ ਨਾਲ ਹੀ ਵਿਦੇਸ਼ਾਂ ਵਿਚ ਮਾੜਾ ਪ੍ਰਚਾਰ ਵੀ ਹੋ ਸਕਦਾ ਹੈ। ਇਸ ਗੈਸ ਦਾ ਕਾਰਗਰ ਸਿੱਧ ਨਾ ਹੋਣਾ ਇਸ ਦਾ ਇਕਬਾਲ ਸੀ ਕਿ ਇਹਦੀ ਯੋਗ ਤਰ੍ਹਾਂ ਵਰਤੋਂ ਨਹੀਂ ਸੀ ਕੀਤੀ ਗਈ।*

'10 ਗਾਰਡਜ਼ ਬਹੁਤ ਚੰਗੀ ਤਰ੍ਹਾਂ ਲੜੇ', ਦਿਆਲ ਨੇ ਅੱਗੇ ਚੱਲ ਕੇ ਦੱਸਿਆ ਸੀ, ਪਰ ਕਾਫ਼ੀ ਆਦਮੀ ਮਰਵਾ ਜਾਂ ਫਟੜ ਕਰਵਾ ਕੇ ਇਹਨਾਂ ਨੂੰ ਪਿਛਾਂਹ ਹਟਣ ਉਤੇ ਮਜਬੂਰ ਹੋਣਾ ਪਿਆ। ਲਾਇਬਰੇਰੀ ਬਿਲਡਿੰਗ ਵਲੋਂ ਦਾਖ਼ਲ ਹੋਣ ਵਾਲੇ ਕਾਲਮ ਨੂੰ ਕੁਝ ਪ੍ਰਾਪਤੀ ਜ਼ਰੂਰ ਹੋਈ, ਪਰ ਉਹਨੂੰ ਆਪਣੀ ਸਾਪੇਖ ਸਥਿਤੀ ਬਾਰੇ ਯਕੀਨ ਨਹੀਂ ਸੀ, ਰੇਡੀਉ ਉਪਰ ਕਾਲਮ ਦੇ ਕਮਾਂਡਰ ਨੇ ਕਿਹਾ ਕਿ 'ਕੁਝ ਲਾਲ ਇਮਾਰਤਾਂ' ਵਿਚੋਂ ਭਾਰੀ ਗੋਲੀ ਵਰ੍ਹ ਰਹੀ ਹੈ, ਉਹਦਾ ਮਤਲਬ ਸਪੱਸ਼ਟ ਤੌਰ 'ਤੇ ਅਕਾਲ ਤਖ਼ਤ ਤੋਂ ਤੇ ਇਹਦੀਆਂ ਗੁਆਂਢੀ ਇਮਾਰਤਾਂ ਤੋਂ ਸੀ। ਇਸ ਗੱਲ ਨੇ ਮੁੜ ਮਾੜੀ ਇੰਟੈਲੀਜੈਂਸ ਨੂੰ ਸਪੱਸ਼ਟ ਕੀਤਾ।

ਇਚਿਰ, ਗੁਰੂ ਰਾਮਦਾਸ ਸਰਾਂ ਵਲੋਂ ਆਉਣ ਵਾਲਾ ਤੀਜਾ ਕਾਲਮ ਭਾਰੀ ਮੁਕਾਬਲੇ ਦਾ ਸਾਹਮਣਾ ਕਰਨ ਪਿਛੋਂ ਪਰਕਰਮਾ 'ਤੇ ਪਹੁੰਚ ਗਿਆ ਸੀ। ਲੰਗਰ ਤੇ ਗੁਰੂ ਰਾਮਦਾਸ ਸਰਾਂ ਨੂੰ ਗੋਲੀ-ਵਟਾਂਦਰੇ ਕਾਰਨ ਨੁਕਸਾਨ ਪੁੱਜਾ, ਇਸ ਕਾਲਮ ਨੇ ਲਾਇਰੇਰੀ ਬਿਲਡਿੰਗ ਵੱਲ ਵਧਣ ਦੀ ਕੋਸ਼ਿਸ਼ ਕੀਤੀ, ਪਰ ਅੱਗੋਂ ਜ਼ਬਰਦਸਤ ਫਾਇਰਿੰਗ ਹੋਈ। ਇਸ ਕਾਰਵਾਈ ਦੇ ਦੌਰਾਨ ਨਾਲ ਲੱਗਦਾ ਬੇਰੀ ਗੁਰਦੁਆਰਾ ਤਬਾਹ ਹੋ ਗਿਆ, ਇਕ ਦਰੱਖ਼ਤ ਹੇਠ ਇਸ ਛੋਟੇ ਜਿਹੇ ਗੁਰਦੁਆਰੇ ਦੀ ਮਹੱਤਤਾ ਨੂੰ ਬਹੁਤਿਆਂ ਨੇ ਨਹੀਂ ਸਮਝਿਆ।

ਬਰਾੜ ਬਹੁਤ ਫ਼ਿਕਰਮੰਦ ਸੀ। ਭਾਰੇ ਹਥਿਆਰਾਂ ਤੇ ਹੋਰ ਵਧੇਰੇ ਜੁਆਨਾਂ ਨੂੰ ਭੇਜਣ ਦੇ ਬਾਵਜੂਦ ਉਹ ਦਹਿਸ਼ਤਪਸੰਦਾਂ ਵਲੋਂ ਮੁਕਾਬਲੇ ਉਤੇ ਕਾਬੂ ਨਹੀਂ ਸੀ ਪਾ ਸਕਿਆ, ਕਾਰਜ ਜਿਸ ਦੇ ਬਾਰੇ ਪਹਿਲਾਂ ਖ਼ਿਆਲ ਸੀ ਕਿ ਕੁਝ ਘੰਟੇ ਵਿਚ ਹੀ ਪੂਰਾ ਹੋ ਜਾਵੇਗਾ। ਮਰਨ ਤੇ ਫਟੜ ਹੋਣ ਵਾਲੇ ਜਵਾਨਾਂ ਦੀ ਗਿਣਤੀ ਕਾਫ਼ੀ ਸੀ ਅਤੇ ਤਿੰਨੇ ਕਾਲਮਾਂ ਦਾ ਅੱਗੇ ਵਧਣਾ ਅਮਲੀ ਤੌਰ 'ਤੇ ਰੁਕ ਗਿਆ ਸੀ। ਅਕਾਲ ਤਖ਼ਤ ਅਜਿੱਤ ਖੜਾ ਸੀ।

ਬਰਾੜ ਲੜਾਈ ਨੂੰ ਜਲਦੀ ਖ਼ਤਮ ਕਰਨ ਦਾ ਚਾਹਵਾਨ ਸੀ, ਉਹਨੂੰ ਕਿਹਾ ਗਿਆ ਸੀ ਕਿ 6 ਜੂਨ ਸੂਰਜ-ਚੜ੍ਹੇ ਤੋਂ ਪਹਿਲਾਂ-ਪਹਿਲਾਂ ਲੜਾਈ ਖ਼ਤਮ ਹੋ ਜਾਣੀ ਚਾਹੀਦੀ ਹੈ। 15-ਪਿਆਦਾ ਡਿਵੀਜ਼ਨ ਨੇ, ਜੀਹਨੇ ਇਚਿਰ ਅੰਮ੍ਰਿਤਸਰ ਨੂੰ ਸੀਲ ਕੀਤਾ ਹੋਇਆ ਸੀ, ਰਿਪੋਰਟ ਕੀਤਾ ਕਿ ਪੁਰਾਣੀਆਂ ਬੰਦੂਕਾਂ, ਤਲਵਾਰਾਂ, ਲਾਠੀਆਂ ਆਦਿ ਨਾਲ ਲੈਸ ਹਜ਼ਾਰ-ਹਾ ਸਿੱਖ ਸ਼ਹਿਰ ਵੱਲ ਚੜ੍ਹੇ ਆ ਰਹੇ ਹਨ। ਭਿੰਡਰਾਂਵਾਲੇ ਦੇ ਆਦਮੀ ਪਿੰਡਾਂ ਦੇ ਲੋਕਾਂ ਨੂੰ ਆਪਣੇ ਲੀਡਰ ਨੂੰ ਬਹੁੜਨ ਲਈ ਉਭਾਰਨ ਦੀ ਕੋਸ਼ਿਸ਼ ਕਰ ਰਹੇ ਸਨ। ਸਿੱਖ ਪੇਂਡੂਆਂ ਨੂੰ ਦੱਸਿਆ ਗਿਆ ਕਿ ਗੋਲਡਨ ਟੈਂਪਲ ਉਤੇ ਹਮਲਾ ਕਰ ਦਿੱਤਾ ਗਿਆ ਹੈ ਤੇ ਇਹਦੀ ਰੱਖਿਆ ਲਈ ਉਹਨਾਂ ਦੀ ਮਦਦ ਦੀ ਲੋੜ ਹੈ।

ਸੁਭਾਗ ਨੂੰ, ਸ਼ਹਿਰ ਵੱਲ ਧਾਉ-ਧਾਈ ਕਰ ਕੇ ਆਉਂਦੇ ਬਹੁਤੇ ਲੋਕਾਂ ਨੇ ਇਹ ਵੇਖ ਕੇ ਕਿ ਫ਼ੌਜ ਨੇ ਰੋਕ ਪਾਉਣ ਦੀ ਠਾਣੀ ਹੋਈ ਹੈ—ਜਿਨ੍ਹਾਂ ਕੁਝ ਲੋਕਾਂ ਨੇ ਦੌੜ ਕੇ ਲੰਘ ਜਾਣ ਦੀ ਕੋਸ਼ਿਸ਼ ਕੀਤੀ ਉਹਨਾਂ ਨੂੰ ਗੋਲੀ ਮਾਰ ਦਿੱਤੀ ਗਈ—ਸਿਆਣਪ ਤੋਂ ਕੰਮ ਲਿਆ ਤੇ ਵਾਧੂ ਦੀ ਬਹਾਦਰੀ ਵਿਖਾਉਣ ਦੀ ਕੋਸ਼ਿਸ਼ ਨਾ ਕੀਤੀ। ਉਹਨਾਂ ਨੂੰ ਰੋਕਣ ਲਈ ਟੈਂਕਾਂ ਤੇ ਹੈਲੀਕਾਪਟਰਾਂ ਦੀ ਵਰਤੋਂ ਵੀ ਕੀਤੀ ਗਈ।

ਮਹੰਤ ਬਾਬਾ ਬਿਧੀ ਚੰਦ ਦੀ ਅਗਵਾਈ ਵਿਚ 30000 ਤੋਂ ਉਪਰ ਦੀ ਭੀੜ ਝਬਾਲ ਲਾਗੇ ਰੁਕ ਗਈ, ਟੈਂਕਾਂ ਨੇ ਉਹਨਾਂ ਦਾ ਰਾਹ ਰੋਕਿਆ ਹੋਇਆ ਸੀ। ਇਵੇਂ ਹੀ ਢੰਡਕਸੇਲੀ, ਫਤਹੇਪੁਰ ਤੇ ਬਟਾਲਾ ਵਿਖੇ ਇਕੱਠੇ ਹੋਏ ਲੋਕ ਇਹ ਵੇਖ ਕੇ ਖਿੰਡ ਗਏ ਕਿ ਅੰਮ੍ਰਿਤਸਰ ਜਾਣ ਵਾਲੇ ਰਾਹ ਫ਼ੌਜ

ਨੇ ਤਕੜੀ ਤਰ੍ਹਾਂ ਰੋਕ ਛੱਡੇ ਹੋਏ ਹਨ। ਆਰਮੀ ਗਸ਼ਤੀ ਦਸਤਿਆਂ ਨੇ ਵੀ ਚੌਕ ਮਹਿਤਾ ਵਿਖੇ ਜਿਥੇ ਭਿੰਡਰਾਂਵਾਲੇ ਦਾ ਸ਼ਬਦ ਹੀ ਕਾਨੂੰਨ ਦੀ ਹੈਸੀਅਤ ਰੱਖਣ ਲੱਗ ਪਿਆ ਸੀ ਤੇ ਵੇਰਕਾ ਲਾਗੇ ਵੀ ਵਹੀਰ ਨੂੰ ਰੋਕ ਲਿਆ, ਵੇਰਕੇ ਵਿਚ ਲੋਕਾਂ ਦੋ ਸਿਪਾਹੀਆਂ ਨੂੰ ਕਰੀਬ-ਕਰੀਬ ਮਾਰ ਹੀ ਮੁਕਾਇਆ ਸੀ, ਪਰ ਹਿੰਦੂ-ਸਿੱਖ ਸੰਬੰਧ ਮਜ਼ਬੂਤ ਤਰ੍ਹਾਂ ਕਾਇਮ ਰਹੇ, ਉਦੋਂ ਵੀ ਜਦੋਂ ਸਿੱਖ ਜੋਸ਼ ਵਿਚ ਭਰੇ ਘਰੀਂ ਪਰਤੇ, ਕੋਈ ਫਿਰਕੂ ਝੜਪ ਨਹੀਂ ਹੋਈ। ਕਿਸੇ ਹਿੰਦੂ ਨੂੰ ਇਕ ਪੱਥਰ ਵੀ ਮਾਰਿਆ ਨਹੀਂ ਗਿਆ।

ਇਚਿਰ, ਬਰਾੜ ਨੂੰ ਦਿੱਲੀ ਤੋਂ ਸੁਨੇਹਾ ਮਿਲਿਆ, ਉਹਨੂੰ ਲੌਂਗੋਵਾਲ ਤੇ ਟੌਹੜਾ ਦੇ ਟਿਕਾਣੇ ਬਾਰੇ ਪੁੱਛਿਆ ਗਿਆ ਸੀ। ਉਹਨੂੰ ਨਹੀਂ ਸੀ ਮਲੂਮ ਕਿ ਉਹਨਾਂ ਨਾਲ ਕੀ ਬੀਤੀ ਹੈ, ਉਂਜ ਭਾਵੇਂ ਉਹਨੂੰ ਯਕੀਨ ਸੀ ਕਿ ਉਹ ਫ਼ੌਜੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਗੁਰੂ ਨਾਨਕ ਨਿਵਾਸ ਵਿਚ ਸਨ। ਇਕ ਅਫ਼ਸਰ ਨੂੰ ਰਖਿਅਕ ਦੇ ਸੰਗ ਲੌਂਗੋਵਾਲ, ਟੌਹੜਾ ਤੇ ਬਲਵੰਤ ਸਿੰਘ ਰਾਮੂਵਾਲੀਆ ਨੂੰ ਲੱਭਣ ਲਈ ਭੇਜਿਆ ਗਿਆ, ਜਿਹੜੇ ਤੀਹ ਕੁ ਹੋਰ ਲੋਕਾਂ ਨਾਲ ਟੌਹੜਾ ਦੇ ਕਮਰੇ ਵਿਚ ਘੁਸੜ ਕੇ ਬੈਠੇ ਹੋਏ ਸਨ। ਲੌਂਗੋਵਾਲ* ਤੇ ਦੂਜੇ ਲੋਕ ਇਥੇ ਤੀਹ ਘੰਟੇ ਤੋਂ ਭੁੱਖੇ ਪਿਆਸੇ ਬੈਠੇ ਰਹੇ ਸਨ।

ਜਦੋਂ ਅਫ਼ਸਰ ਨੇ ਪੁੱਛਿਆ ਕਿ ਉਹ 5 ਜੂਨ ਨੂੰ ਅਪੀਲ ਸੁਣ ਕੇ ਬਾਹਰ ਕਿਉਂ ਨਹੀਂ ਆਏ, ਲੌਂਗੋਵਾਲ ਨੇ ਕਿਹਾ ਕਿ ਭਾਰੀ ਦਰਵਾਜ਼ੇ ਬੰਦ ਹੋਣ ਕਾਰਨ ਕਮਰੇ ਕਰੀਬ-ਕਰੀਬ ਸਾਊਂਡ-ਪਰੂਫ ਬਣ ਗਏ ਤੇ ਉਹਨਾਂ ਨੂੰ ਅਪੀਲ ਸੁਣਾਈ ਹੀ ਨਹੀਂ ਦਿੱਤੀ, ਜੇ ਸੁਣਾਈ ਦੇ ਦਿੰਦੀ ਤਾਂ ਉਹਨਾਂ ਨੇ ਬਾਹਰ ਆ ਜਾਣਾ ਸੀ।

ਕਰੀਬ-ਕਰੀਬ ਸਵੇਰ ਦੇ 1 ਵਜੇ, ਜਦੋਂ ਲੌਂਗੋਵਾਲ, ਟੌਹੜਾ ਤੇ ਦੂਜੇ ਲੋਕ ਟੌਹੜਾ ਦੇ ਕਮਰੇ ਵਿਚੋਂ ਬਾਹਰ ਨਿਕਲੇ** ਤਾਂ ਅਖੰਡ ਕੀਰਤਨੀ ਜੱਥੇ ਦੀ ਅਮਰਜੀਤ ਕੌਰ ਵੀ ਉਹਨਾਂ ਦੇ ਨਾਲ ਸੀ। ਗੁਰੂ ਨਾਨਕ ਨਿਵਾਸ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਵਿਚੋਂ ਲਗਭਗ 400 ਸ਼ਰਧਾਲੂ ਸਿੱਖ ਲੌਂਗੋਵਾਲ ਦੁਆਲੇ ਆਣ ਜੁੜੇ ਜੀਹਨੇ ਰਾਮੂਵਾਲੀਆ ਨੂੰ ਪਿੱਛੇ ਰੁਕਣ ਲਈ ਤੇ ਇਹਨਾਂ ਲੋਕਾਂ ਦਾ ਚਾਰਜ ਲੈਣ ਲਈ ਆਖਿਆ, ਉਹਨੇ ਇਵੇਂ ਕੀਤਾ। ਉਦੋਂ ਵੀ ਜਦੋਂ ਲੌਂਗੋਵਾਲ ਉਹਦੇ ਨਾਲ ਗੱਲ ਕਰ ਰਿਹਾ ਸੀ, ਦਹਿਸ਼ਤਪਸੰਦਾਂ ਵਲੋਂ ਸੁੱਟੇ ਦਸਤੀ-ਬੰਬ ਉਹਦੇ ਨੇੜੇ ਹੀ ਡਿੱਗੇ ਅਤੇ ਸੱਤ ਦਹਿਸ਼ਤਪਸੰਦਾਂ ਨੇ, ਜਿਹੜੇ ਲੌਂਗੋਵਾਲ ਦੁਆਲੇ ਜੁੜੇ ਲੋਕਾਂ ਦੀ ਭੀੜ ਵਿਚ ਸ਼ਾਮਿਲ ਸਨ, ਇਹ ਵੇਖ ਕੇ ਕਿ ਹੋਰਨਾਂ ਨੂੰ ਰੁਕਣ ਲਈ ਪ੍ਰੇਰਿਆ ਨਹੀਂ ਜਾ ਸਕਦਾ, ਦੌੜ ਕੇ ਸਮੁੰਦਰੀ ਹਾਲ ਦੀ ਛੱਤ ਉਤੇ ਜਾ ਚੜ੍ਹੇ ਤੇ ਉਥੋਂ ਸ਼ਰਧਾਲੂਆਂ ਵਿਚ ਗੋਲੀ ਚਲਾਈ। ਲੌਂਗੋਵਾਲ, ਟੌਹੜਾ ਅਤੇ ਅਮਰਜੀਤ ਕੌਰ ਨੂੰ ਬੰਦ ਫ਼ੌਜੀ ਗੱਡੀਆਂ ਵਿਚ ਬਿਠਾ ਕੇ ਲਿਜਾਇਆ ਗਿਆ, ਪਰ ਕੁਝ ਸ਼ਰਧਾਲੂਆਂ ਨੂੰ ਗੋਲੀ ਵੱਜੀ।

ਇਵੇਂ ਹੀ ਕੁਝ ਜਵਾਨ ਵੀ ਜ਼ਖ਼ਮੀ ਹੋਏ, ਜਿਨ੍ਹਾਂ ਨੇ ਜਵਾਬ ਵਿਚ ਗੋਲੀ ਚਲਾਈ ਤਾਂ ਇਸ ਤਰ੍ਹਾਂ ਦੁਪਾਸੀ ਗੋਲੀ ਵਿਚ ਕਈ ਹੋਰ ਸ਼ਰਧਾਲੂ ਵੀ ਫਟੜ ਹੋ ਗਏ। ਫ਼ੌਜੀ ਜਵਾਨ ਸਮੁੰਦਰੀ ਹਾਲ ਤੇ

---

* *ਹਿੰਦ ਸਰਕਾਰ ਵਿਚ ਇਕ ਸਿਖਰਲੇ ਸੋਮੇ ਨੇ ਮੈਨੂੰ ਦੱਸਿਆ ਕਿ 5 ਜੂਨ ਦੀ ਸ਼ਾਮ ਨੂੰ ਭਿੰਡਰਾਂਵਾਲਾ ਨੇ ਲੌਂਗੋਵਾਲ ਨੂੰ ਸੁਨੇਹਾ ਭੇਜਿਆ ਤੇ ਬੇਨਤੀ ਕੀਤੀ ਕਿ ਉਹ ਖ਼ਾਲਿਸਤਾਨ ਦੇ ਜਨਮ ਦਾ ਐਲਾਨ ਕਰ ਦੇਵੇ। ਉਹਨੇ ਕਿਹਾ ਕਿ ਇਸ ਐਲਾਨ ਪਿੱਛੇ ਪਾਕਿਸਤਾਨ ਤੇ ਚੀਨ ਖ਼ਾਲਿਸਤਾਨ ਨੂੰ ਮਾਨਤਾ ਦੇ ਦੇਣਗੇ। ਖ਼ਿਆਲ ਹੈ ਉਹਨਾਂ ਕੋਲ ਟਰਾਂਸਮੀਟਰ ਵੀ ਸੀ। ਲੌਂਗੋਵਾਲ ਨੇ ਕਿਹਾ 'ਨਹੀਂ', ਤੇ ਇਸ ਵਾਰ ਟੌਹੜਾ ਨੇ ਵੀ ਉਹਦਾ ਸਾਥ ਦਿੱਤਾ।*

** *ਸਰਕਾਰ ਹੀ ਕਾਰਨ ਜਾਣਦੀ ਹੋਵੇਗੀ ਕਿ ਵ੍ਹਾਈਟ ਪੇਪਰ ਵਿਚ ਕਿਉਂ ਕਿਹਾ ਗਿਆ ਹੈ ਕਿ ਲੌਂਗੋਵਾਲ ਤੇ ਟੌਹੜਾ ਨੇ 'ਆਤਮ-ਸਮਰਪਨ' ਕੀਤਾ।*

ਗੁਰੂ ਨਾਨਕ ਨਿਵਾਸ ਵਿਚ ਦਾਖ਼ਲ ਹੋਏ ਅਤੇ ਅੰਨ੍ਹੇਵਾਹ ਗੋਲੀ ਚਲਾਈ। ਉਥੇ ਮੌਜੂਦ ਕੁਝ ਦਹਿਸ਼ਤਪਸੰਦਾਂ ਨੇ ਜਵਾਬ ਵਿਚ ਗੋਲੀ ਚਲਾਈ। ਲਗਭਗ 100 ਸ਼ਰਧਾਲੂ, ਜਿਨ੍ਹਾਂ ਵਿਚ 35 ਇਸਤ੍ਰੀਆਂ ਤੇ 10 ਬੱਚੇ ਸ਼ਾਮਿਲ ਸਨ, ਮਾਰੇ ਗਏ।

ਇਸ ਗੋਲੀ-ਵਟਾਂਦਰੇ ਵਿਚ ਦਹਿਸ਼ਤਪਸੰਦ ਅਕਾਲੀ ਦਲ ਦੇ ਸਕੱਤਰ, ਗੁਰਚਰਨ ਸਿੰਘ ਨੂੰ ਮਾਰ ਸਕੇ, ਜੀਹਨੂੰ ਭਿੰਡਰਾਂਵਾਲੇ ਨੇ ਇਹਦਾ ਦੋਸ਼ੀ ਠਹਿਰਾਇਆ ਸੀ ਕਿ ਉਹਨੇ ਉਹਦੇ 'ਕਿਲਰ' ਸਕੁਆਡਾਂ ਦੇ ਸੀਨੀਅਰ ਕਮਾਂਡਰ ਐਸ.ਐਸ. ਸੋਢੀ ਨੂੰ ਕਤਲ ਕਰਵਾਇਆ ਹੈ। ਕਹਿੰਦੇ ਹਨ ਕਿ ਗੁਰਚਰਨ ਸਿੰਘ ਨੇ ਸੁਰਿੰਦਰ ਸਿੰਘ ਛਿੰਦਾ ਤੇ ਉਹਦੀ ਸਹੇਲੀ, ਬਲਜੀਤ ਕੌਰ ਨੂੰ ਸੋਢੀ ਦੇ ਕਤਲ ਦਾ ਕੰਮ ਸੌਂਪਿਆ ਸੀ। ਅੱਗੇ ਚੱਲ ਕੇ ਛਿੰਦੇ ਦਾ ਕਤਲ ਕਰ ਦਿੱਤਾ ਗਿਆ ਅਤੇ ਬਲਜੀਤ ਕੌਰ ਨੂੰ ਵੀ ਤਸੀਹੇ ਦੇ ਕੇ ਮਾਰ ਮੁਕਾਇਆ ਗਿਆ।

ਅੱਖੀਂ ਡਿਠੇ ਅਨੁਸਾਰ, ਜਿਹੜੇ ਸ਼ਰਧਾਲੂ ਸਿੱਖ ਰਾਮੂਵਾਲੀਏ ਦੇ ਨਾਲ ਗੁਰੂ ਨਾਨਕ ਨਿਵਾਸ ਵਿਚ ਰੁਕੇ, ਫੇਰ ਗੁਰੂ ਰਾਮਦਾਸ ਸਰਾਂ ਪਹੁੰਚ ਗਏ। ਉਹਨਾਂ ਨੇ ਸ਼ਿਕਾਇਤ ਕੀਤੀ ਕਿ ਫ਼ੌਜ ਨੇ ਉਹਨਾਂ ਨੂੰ ਉਹ ਸਹੂਲਤਾਂ ਨਹੀਂ ਦਿੱਤੀਆਂ ਜੋ 'ਜੰਗੀ ਕੈਦੀਆਂ' ਨੂੰ ਦਿੱਤੀਆਂ ਜਾਂਦੀਆਂ ਹਨ। ਇਹ ਉਜ ਅਜੀਬ ਦਿੱਸ ਸਕਦੀ ਹੈ, ਕਿਉਂਜੁ ਸਥਾਨਕ ਹਸਪਤਾਲ ਵਿਚ ਇਕ ਵਾਰਡ ਜਿਥੇ ਫੱਟੜ ਕੈਦੀਆਂ ਨੂੰ ਰੱਖਿਆ ਗਿਆ ਸੀ, ਦੇ ਬਾਹਰ ਲੱਗੇ ਫੱਟੇ ਉਤੇ ਲਿਖਿਆ ਹੋਇਆ ਸੀ, 'ਜੰਗੀ ਕੈਦੀ।'।

ਗੁਰੂ ਨਾਨਕ ਨਿਵਾਸ ਵਿਚ ਫਾਇਰਿੰਗ ਦੇ ਨਾਲ ਹੀ ਅਕਾਲ ਤਖ਼ਤ, ਲਾਇਬਰੇਰੀ ਬਿਲਡਿੰਗ ਤੇ ਨਾਲ-ਲੱਗਦੀਆਂ ਇਮਾਰਤਾਂ ਤੋਂ ਗੋਲੀਆਂ ਅੰਨ੍ਹੇ-ਵਾਹ ਚੱਲਣ ਲੱਗੀਆਂ। ਹਰਿਮੰਦਰ ਸਾਹਿਬ ਨੂੰ ਵੀ ਹਾਨੀ ਪੁੱਜੀ—ਇਹਦੇ ਉਤੇ ਘੱਟੋ-ਘੱਟ 300 ਗੋਲੀਆਂ ਦੇ ਨਿਸ਼ਾਨ ਗਿਣੇ ਗਏ। ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਨੂੰ ਗੋਲੀ ਵੱਜੀ, ਸਰਕਾਰ ਨੇ ਇਹ ਬੀੜ 13 ਜੂਨ ਨੂੰ ਇਕ ਗ੍ਰੰਥੀ ਨਾਲ ਮਿਲ ਕੇ ਬਾਹਰ ਲਿਜਾਣ ਦੀ ਕੋਸ਼ਿਸ਼ ਕੀਤੀ।

ਦਿਆਲ ਨੇ ਅੱਗੇ ਚੱਲ ਕੇ ਮੈਨੂੰ ਦੱਸਿਆ, 'ਅਸਾਂ ਹਰਿਮੰਦਰ ਸਾਹਿਬ ਵੱਲ ਉਦੋਂ ਵੀ ਗੋਲੀ ਨਹੀਂ ਚਲਾਈ ਜਦੋਂ ਅੱਤਵਾਦੀਆਂ ਨੇ ਉਸ ਸਥਾਨ ਨੂੰ ਜਿੱਥੇ ਕੀਰਤਨ ਹੁੰਦਾ ਹੈ, ਸਾਡੇ ਉਤੇ ਗੋਲੀ ਚਲਾਉਣ ਲਈ ਵਰਤਿਆ, ਪਰ ਕਾਰਵਾਈ ਵਿਚ ਹਿੱਸਾ ਲੈਣ ਵਾਲੇ ਇਕ ਅਫ਼ਸਰ ਨੇ ਮੰਨਿਆ ਕਿ 'ਟੈਂਪਲ ਤੋਂ ਚਲਦੀ ਗੋਲੀ ਦੇ ਜਵਾਬ ਵਿਚ ਜਵਾਨਾਂ ਨੇ ਗੋਲੀਆਂ ਚਲਾਈਆਂ ਸਨ।'

ਤਿੰਨ ਪਾਸਿਆਂ ਤੋਂ ਹਮਲੇ ਨੂੰ ਰੋਕ ਦਿੱਤਾ ਗਿਆ ਜਦੋਂ ਦਹਿਸ਼ਤਪਸੰਦਾਂ ਦੀ ਆਟੋਮੈਟਿਕ ਅਤੇ ਐਲ.ਐਮ.ਜੀ. ਫਾਇਰਿੰਗ ਨੇ ਫ਼ੌਜੀਆਂ ਨੂੰ ਥਾਏਂ ਬੰਨ੍ਹ ਛੱਡਿਆ, ਫ਼ੌਜ ਲਈ ਬੜੀ ਮੁਸ਼ਕਲ ਬਣ ਰਹੀ ਸੀ, ਘਿਰੀਆਂ ਹੋਈਆਂ (ਬਿਲਟ-ਅਪ) ਮੋਰਚਾਬੰਦ ਥਾਵਾਂ ਵਿਚ ਵੈਸੇ ਵੀ ਲੜਾਈ ਸਦਾ ਹੀ ਖ਼ਤਰਨਾਕ ਕੰਮ ਹੁੰਦਾ ਹੈ। ਫ਼ੌਜ ਭਾਵੇਂ ਆਪਣੇ ਜਵਾਨਾਂ ਨੂੰ ਇਸ ਪੱਖੋਂ ਵੀ ਸਿਖਲਾਈ ਦਿੱਤਾ ਕਰਦੀ ਸੀ, ਪਰ ਹੁਣ ਪੈਰਾ-ਮਿਲਿਟਰੀ ਫ਼ੋਰਸ ਨੇ ਆਗਮਨ ਤੋਂ ਪਿਛੋਂ ਇਹ ਸਿਖਲਾਈ ਦੇਣੀ ਬੰਦ ਕਰ ਦਿੱਤੀ ਸੀ।

ਰੁਕ-ਰੁਕ ਕੇ ਫਾਇਰਿੰਗ ਹੁੰਦੀ ਰਹੀ। ਪਹੁ-ਫੁਟਾਲੇ ਦੀ ਪਹਿਲੀ ਰੋਸ਼ਨੀ ਵਿਚ ਦਿੱਸਿਆ ਕਿ ਪੂਰੀ ਪਰਕਰਮਾ ਹੀ ਲੋਥਾਂ ਨਾਲ ਭਰੀ ਪਈ ਸੀ, ਵਰਦੀਆਂ ਵਾਲਿਆਂ ਦੀ ਗਿਣਤੀ ਦੂਜਿਆਂ ਨਾਲੋਂ ਵੱਧ ਸੀ। ਅੰਮ੍ਰਿਤ ਸਰਵੋਰ ਵਿਚ ਵੀ ਕੁਝ ਲੋਥਾਂ ਤੈਰ ਰਹੀਆਂ ਸਨ। ਦਿਨ ਚੜ੍ਹੇ ਫਾਇਰਿੰਗ ਕੁਝ ਮੱਧਮ

ਹੋਈ ਤੇ ਜਲਦੀ ਹੀ ਬੇਤਰਤੀਬ ਹੋ ਗਈ। ਫ਼ੌਜੀ, ਜਿਨ੍ਹਾਂ ਦੀਆਂ ਪੁਜ਼ੀਸ਼ਨਾਂ ਅਰਖਿਅਤ ਸਨ, ਪਿਛਾਂਹ ਹਟ ਗਏ।

ਕੁਝ ਦਹਿਸ਼ਤਪਸੰਦਾਂ ਨੇ ਸੋਚਿਆ ਕਿ ਉਹ ਇਸ ਮੌਕੇ ਦਾ ਲਾਭ ਉਠਾ ਕੇ ਅਕਾਲ ਤਖ਼ਤ ਦੇ ਸਾਹਮਣੇ ਵਾਲੇ ਦਰੱਖ਼ਤ ਲਾਗੇ ਫ਼ੌਜੀਆਂ ਨੂੰ ਉਹਨਾਂ ਦੀ ਪੁਜ਼ੀਸ਼ਨ ਤੋਂ ਹਟਾ ਸਕਦੇ ਹਨ, ਉਹ 5-6 ਜੂਨ ਦੀ ਰਾਤ ਤੋਂ ਉਥੇ ਡਟੇ ਰਹੇ ਸਨ। ਦਹਿਸ਼ਤਪਸੰਦਾਂ ਨੂੰ ਭਾਂਜ ਦਿੱਤੀ ਗਈ ਤੇ ਇਹਨਾਂ ਵਿਚੋਂ ਦਸਾਂ ਨੇ ਆਤਮ-ਸਮਰਪਨ ਕਰ ਦਿੱਤਾ।

ਭਾਰੀ ਨੁਕਸਾਨ ਹੋਣ ਪਿਛੋਂ, ਜਦੋਂ ਉਹਦੇ ਕਾਲਮਾਂ ਨੂੰ ਰੋਕ ਦਿੱਤਾ ਗਿਆ, ਬਰਾੜ ਨੇ ਸਿੱਟਾ ਕੱਢਿਆ ਕਿ ਅਕਾਲ ਤਖ਼ਤ ਉਤੇ ਕਬਜ਼ੇ ਲਈ ਉਹਨੂੰ ਟੈਂਕ ਵਰਤਣੇ ਹੀ ਪੈਣਗੇ। ਉਹਨੇ 5 ਜੂਨ ਨੂੰ ਰਾਤੀਂ ਸਾਢੇ ਗਿਆਰਾਂ ਵਜੇ ਸੁੰਦਰ ਜੀ ਤੋਂ ਫ਼ੋਨ 'ਤੇ ਆਗਿਆ ਮੰਗੀ। ਸੁੰਦਰ ਜੀ ਨੇ ਕਿਹਾ, ਉਹ ਨਿਜੀ ਮੁਆਇਨੇ ਪਿਛੋਂ ਹੀ ਫ਼ੈਸਲਾ ਕਰੇਗਾ। ਉਹ ਅਗਲੇ ਦਿਨ 6 ਤਰੀਕ ਨੂੰ ਢਾਈ ਵਜੇ ਤਿਪਹਿਰੇ ਅੰਮ੍ਰਿਤਸਰ ਪਹੁੰਚਿਆ ਅਤੇ ਸਥਿਤੀ ਨੂੰ ਘੋਖਣ ਪਿਛੋਂ ਟੈਂਕਾਂ ਦੀ ਵਰਤੋਂ ਦੀ ਆਗਿਆ ਦੇ ਦਿੱਤੀ। (ਕਹਿੰਦੇ ਨੇ ਸ਼੍ਰੀਮਤੀ ਇੰਦਰਾਂ ਗਾਂਧੀ ਦੀ ਆਗਿਆ ਲਈ ਗਈ)।

ਦਿਆਲ ਨੇ ਦੱਸਿਆ ਹੈ, 'ਮੁਕਾਬਲਾ ਏਡਾ ਸਖ਼ਤ ਸੀ ਕਿ ਉਹ ਟੈਂਕਾਂ ਦੀ ਵਰਤੋਂ ਬਿਨਾਂ ਅਕਾਲ ਤਖ਼ਤ ਤੋਂ ਦਹਿਸ਼ਤਪਸੰਦਾਂ ਨੂੰ ਬਾਹਰ ਕੱਢ ਹੀ ਨਹੀਂ ਸਨ ਸਕਦੇ।

ਬਰਾੜ ਪਹਿਲਾਂ 4 ਵੱਜ ਕੇ 10 ਮਿੰਟ ਤੇ ਸਵੇਰੇ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਉਂ ਅਕਾਲ ਤਖ਼ਤ ਨੂੰ ਘੇਰਨ ਲਈ ਆਰਮਰਡ ਪਰਸਾਨਲ ਕੈਰੀਅਰ (ਏ.ਪੀ.ਸੀ.) ਲਿਆਇਆ, ਪਰ ਅਕਾਲ ਤਖ਼ਤ ਤੋਂ ਚੱਲੇ ਐਂਟੀ-ਟੈਂਕ ਰਾਕਟਾਂ ਨੇ ਇਕ ਨੂੰ ਭਾਰੀ ਨੁਕਸਾਨ ਪੁਚਾਇਆ। ਬਰਾੜ ਲਈ ਇਹ ਦੂਜਾ ਧੱਕਾ ਸੀ, ਕਿਸੇ ਨੂੰ ਵੀ ਸੰਦੇਹ ਨਹੀਂ ਸੀ ਕਿ ਦਹਿਸ਼ਤਪਸੰਦਾਂ ਕੋਲ ਰਾਕਟ ਵੀ ਹਨ।

ਏ.ਪੀ.ਸੀ. ਦੇ ਤਬਾਹ ਹੋਣ ਪਿਛੋਂ, ਗੁਰੂ ਰਾਮਦਾਸ ਸਰਾਂ ਵਾਲੇ ਪਾਸਿਉਂ ਸੱਤ ਟੈਂਕ ਲਿਆਂਦੇ ਗਏ। ਪਰਕਰਮਾ ਵੱਲ ਜਾਂਦੇ ਰਾਹ ਦੀਆਂ ਪੌੜੀਆਂ ਟੈਂਕਾਂ ਦੇ ਦਾਖ਼ਲੇ ਲਈ ਇਕ ਟੈਂਕ ਦੀ ਮਦਦ ਨਾਲ ਤੋੜਨੀਆਂ ਪਈਆਂ। ਪਰਕਰਮਾ ਦਾ ਵੀ ਥੋੜਾ ਨੁਕਸਾਨ ਹੋਇਆ, ਇਹਦਾ ਇਕ ਹਿੱਸਾ ਟੈਂਕਾਂ ਦੇ ਭਾਰ ਹੇਠਾਂ ਬੈਠ ਗਿਆ। ਟੈਂਕਾਂ ਦੀ ਪਰ੍ਹਾਬੰਦੀ ਕਰਕੇ ਦਹਿਸ਼ਤਪਸੰਦਾਂ ਨੂੰ ਮੁੜ ਆਤਮ-ਸਮਰਪਨ ਕਰਨ ਦੀ ਅਪੀਲ ਕੀਤੀ ਗਈ। ਇਹਨਾਂ ਵਿਚੋਂ ਲਗਭਗ 200 ਨੇ ਆਤਮ-ਸਮਰਪਨ ਕੀਤਾ ਜਿਨ੍ਹਾਂ ਵਿਚ ਹਰਿਮੰਦਰ ਸਾਹਿਬ ਵਿਚ ਟਿਕੇ ਹੋਏ 22 ਦਹਿਸ਼ਤਪਸੰਦ ਸ਼ਾਮਿਲ ਸਨ।

6 ਜੂਨ ਤਿਪਹਿਰੇ ਟੈਂਕਾਂ ਨੇ ਗੋਲੇ ਵਰ੍ਹਾਏ। ਟੈਂਕਾਂ ਵਲੋਂ ਮਿਲੇ ਕਵਰ ਹੇਠ ਜਵਾਨ ਜਿਹੜੇ ਦਰਖੱਤ ਹੇਠ ਆਪਣੀ ਪੁਜ਼ੀਸ਼ਨ 'ਤੇ ਡਟੇ ਰਹੇ ਸਨ, ਦੌੜ ਕੇ ਅੰਦਰ ਚਲੇ ਗਏ ਤੇ ਕਮਰੇ-ਕਮਰੇ ਦੀ ਲੜਾਈ ਪਿਛੋਂ, ਜਿਸ ਦੇ ਸਿਟੇ ਵਜੋਂ ਦੋਹਾਂ ਧਿਰਾਂ ਦਾ ਹੀ ਮੋਇਆਂ-ਤੇ-ਫੱਟੜਾਂ ਦੇ ਰੂਪ ਵਿਚ ਭਾਰੀ ਨੁਕਸਾਨ ਹੋਇਆ, ਤਖ਼ਤ ਦੀ ਇਮਾਰਤ ਦੇ ਇਕ ਹਿੱਸੇ ਉਤੇ ਕਬਜ਼ਾ ਕਰ ਲਿਆ ਗਿਆ।

ਸ਼ਾਮੀਂ ਅਕਾਲ ਤਖ਼ਤ ਤੇ ਇਹਦੇ ਤਹਿਖ਼ਾਨੇ ਉਤੇ ਜਿਥੇ ਦਹਿਸ਼ਤਪਸੰਦਾਂ ਦਾ ਅਸਲ੍ਹਾਖ਼ਾਨਾ ਸੀ, ਵੱਡਾ ਹਮਲਾ ਸ਼ੁਰੂ ਹੋਇਆ। ਇਸੇ ਸਮੇਂ ਹੀ ਇਕ ਅੱਗ-ਲਾਊ ਬੰਬ ਲਾਇਬਰੇਰੀ ਵਿਚ ਡਿੱਗਿਆ ਤੇ ਇਹਨੂੰ ਅੱਗ ਲਾ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ 7 ਜੂਨ ਸਵੇਰੇ ਫ਼ੌਜ ਨੇ ਲਾਇਬਰੇਰੀ ਨੂੰ ਅੱਗ ਲਾਈ ਸੀ, ਪਰ ਇਹ ਇਕ ਹਾਦਸਾ ਹੀ ਜਾਪਦਾ ਹੈ, ਜਿਸ ਦੇ ਲਈ

ਕੌਣ ਜ਼ਿੰਮੇਵਾਰ ਹੈ, ਇਹ ਨਿਰਣਾ ਕਰਨਾ ਮੁਸ਼ਕਲ ਹੈ। ਇਸ ਲਾਇਬਰੇਰੀ ਵਿਚ ਕੁਝ ਦੁਰਲਭ ਕਿਤਾਬਾਂ ਤੇ ਹੱਥ-ਲਿਖਤਾਂ ਸਨ ਜਿਨ੍ਹਾਂ ਵਿਚ ਗ੍ਰੰਥ ਸਾਹਿਬ ਦੀਆਂ ਹੱਥ-ਲਿਖੀਆਂ ਨਕਲਾਂ ਅਤੇ ਹੁਕਮਨਾਮੇ ਵੀ ਸ਼ਾਮਿਲ ਸਨ ਜਿਨ੍ਹਾਂ ਉਤੇ ਕਈ ਗੁਰੂਆਂ ਦੇ ਦਸਖ਼ਤ ਸੀ। ਅਮੋਲ ਖ਼ਜ਼ਾਨਾ ਹੁਣ ਬਸ ਸੁਆਹ ਦਾ ਢੇਰ ਬਣ ਗਿਆ।

ਅਕਾਲ ਤਖ਼ਤ ਤੋਂ ਫਾਇਰਿੰਗ ਨਿਰੰਤਰ ਜਾਰੀ ਰਹੀ। ਇਸ ਤੋਂ ਪਹਿਲਾਂ ਬਰਾੜ ਨੇ ਦਹਿਸ਼ਤਪਸੰਦਾਂ ਨੂੰ ਅੰਨ੍ਹਾ ਕਰਨ ਲਈ ਟੈਂਕਾਂ ਦੀਆਂ 'ਨਿਉਨ' ਲਾਈਟਾਂ ਦੀ ਵਰਤੋਂ ਕੀਤੀ ਸੀ ਜਦ ਕਿ ਉਹਦੇ ਆਦਮੀ ਖਿਸਕ ਕੇ ਅੱਗੇ ਗਏ ਸਨ, ਪਰ ਇਹ ਲਾਈਟਾਂ ਜਲਦ ਹੀ ਬੁਝ ਜਾਂਦੀਆਂ ਤੇ ਦਹਿਸ਼ਤਪਸੰਦ ਇਹਨਾਂ ਦੇ ਬੁਝਦਿਆਂ ਹੀ ਮੁੜ ਫਾਇਰਿੰਗ ਸ਼ੁਰੂ ਕਰ ਦਿੰਦੇ।

ਫੇਰ ਟੈਂਕਾਂ ਨੂੰ ਆਪਣੀਆਂ ਭਾਰੀ ਤੋਪਾਂ ਵਰਤਣ ਲਈ ਹੁਕਮ ਦਿੱਤਾ ਗਿਆ। ਸਰੋਵਰ ਦੇ ਦੂਜੇ ਪਾਸੇ ਖੜੇ ਟੈਂਕਾਂ ਤੋਂ ਕਈ ਗੋਲੇ ਅਕਾਲ ਤਖ਼ਤ ਨੂੰ ਲੱਗਣ ਦੀ ਥਾਂ ਦਰਸ਼ਨੀ ਡਿਉੜੀ ਨੂੰ ਜਾ ਵੱਜੇ ਤੇ ਇਹਦਾ ਇਕ ਹਿੱਸਾ ਢਹਿ ਗਿਆ।

11 ਵਜੇ ਰਾਤ, ਕੋਈ ਜਣਾ ਅਕਾਲ ਤਖ਼ਤ 'ਚੋਂ ਨਿਕਲ ਕੇ ਨਿਸ਼ਾਨ ਸਾਹਿਬ ਵੱਲ ਧਾ ਕੇ ਆਇਆ ਤੇ ਹਵਾ ਵਿਚ ਇਕ ਫ਼ਾਇਰ ਕੀਤਾ। ਕੁਝ ਸਿਪਾਹੀਆਂ ਨੇ ਸੋਚਿਆ, ਹੋ ਸਕਦਾ ਹੈ ਇਹ ਭਿੰਡਰਾਂਵਾਲੇ ਵਲੋਂ ਆਤਮਸਮਪਰਨ ਦਾ ਸਿਗਨਲ ਹੋਵੇ, ਪਰ ਉਹ ਵੀ ਭਾਵੇਂ ਕੋਈ ਵੀ ਹੋਵੇ, ਉਹਦੇ ਕੋਲ ਕੋਈ ਚਿੱਟਾ ਝੰਡਾ ਨਹੀਂ ਸੀ ਤੇ ਫਾਇਰਿੰਗ ਮੱਠੀ ਨਹੀਂ ਸੀ ਹੋਈ। ਉਸ ਇਕੱਲੇ ਆਦਮੀ ਦੀ ਲੱਤ ਵਿਚ ਗੋਲੀ ਵੱਜੀ ਤੇ ਉਹ ਡਿੱਗ ਪਿਆ, ਕਈ ਦਹਿਸ਼ਤਪਸੰਦ ਬਾਹਰ ਧਾ ਕੇ ਆਏ ਤੇ ਉਹਨੂੰ ਘਸੀਟ ਕੇ ਅਕਾਲ ਤਖ਼ਤ ਦੇ ਅੰਦਰ ਲੈ ਗਏ। ਉਹਨੂੰ ਲਿਜਾਣ ਦੇ ਇਸ ਜਤਨ ਵਿਚ ਕਈ ਜਣੇ ਮਾਰੇ ਗਏ।

ਹੁਣ ਅਕਾਲ ਤਖ਼ਤ ਵਲੋਂ ਫਾਇਰਿੰਗ ਮੱਠੀ ਪਈ, ਪਰ ਗਰਾਊਂਡ ਫ਼ਲੋਰ ਤੇ ਤਹਿਖ਼ਾਨੇ 'ਤੇ ਕਾਬੂ ਪਾਉਣ ਲਈ ਫ਼ੌਜ ਨੂੰ ਚਿਰ ਰਾਤ ਤਕ ਕੁਝ ਘੰਟੇ ਹੋਰ ਜਤਨ ਕਰਨੇ ਪਏ ਅਤੇ ਲੜਾਈ ਦਾ ਸਪੱਸ਼ਟ ਤੋਰ 'ਤੇ ਭੋਗ ਪੈ ਗਿਆ ਸੀ। ਭਿੰਡਰਾਂਵਾਲੇ, ਉਹਦੇ ਨੌਜਵਾਨ ਸੰਗੀ ਅਮਰੀਕ ਸਿੰਘ, ਜਿਸ ਦੇ ਵਿਆਹ 'ਤੇ ਕੁਝ ਦਿਨ ਪਹਿਲਾਂ ਹੀ ਭਿੰਡਰਾਂਵਾਲੇ ਨੇ ਅਸ਼ੀਰਵਾਦ ਦਿੱਤੀ ਸੀ ਅਤੇ ਸ਼ਾਹਬੇਗ ਸਿੰਘ, ਉਹਦੀ ਫ਼ੋਰਸ ਦਾ ਕਮਾਂਡਰ, ਜਿਸ ਦੇ ਹੱਥ ਵਿਚ ਅਜੇ ਵੀ ਵਾਕੀ ਟਾਕੀ ਫੜੀ ਹੋਈ ਸੀ, ਤਹਿਖ਼ਾਨੇ ਵਿਚ ਮਰਨ ਵਾਲਿਆਂ ਵਿਚੋਂ ਸਨ। ਇਥੇ 31 ਲੋਥਾਂ ਹੋਰ ਇਧਰ ਉਧਰ ਪਈਆਂ ਸਨ।

ਭਿੰਡਰਾਂਵਾਲੇ ਦੀ ਮੌਤ ਕਿਵੇਂ ਹੋਈ ? ਇਹ ਸਵਾਲ ਮੈਂ ਉਹਦੀ ਦੇਹ ਮਿਲਣ ਤੋਂ ਦੋ ਹਫ਼ਤੇ ਪਿਛੋਂ ਦਿਆਲ ਨੂੰ ਪੁੱਛਿਆ। ਉਹਨੇ ਕਿਹਾ : 'ਇਹ ਕਹਿਣਾ ਬਹੁਤ ਮੁਸ਼ਕਲ ਹੈ, ਉਹਨੂੰ ਗੋਲੀ ਵੀ ਲੱਗ ਸਕਦੀ ਹੈ ਤੇ ਕੋਈ ਪੱਥਰ ਆਦਿ ਵੀ ਉਹਦੇ ਉਤੇ ਡਿੱਗ ਸਕਦਾ ਹੈ।' ਕੀ, ਜਿਵੇਂ ਕਿ ਹੋਮ ਸੈਕਰੇਟਰੀ ਐਮ.ਐਮ. ਵਲੀ ਨੇ ਅਨੁਮਾਨਿਆ ਸੀ, ਕੀ ਬੱਬਰ ਖ਼ਾਲਸਾ ਦੇ ਆਦਮੀ ਉਹਨੂੰ ਮਾਰ ਸਕਦੇ ਸਨ ? ਦਿਆਲ ਨੇ ਕਿਹਾ : 'ਇਹ ਸੰਭਵ ਨਹੀਂ, ਇਹ ਮੰਨਣਯੋਗ ਨਹੀਂ।'

ਅਕਾਲ ਤਖ਼ਤ ਦੇ ਗਰਾਊਂਡ ਫ਼ਲੋਰ ਉਤੇ ਫ਼ੌਜ ਨੂੰ ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਕੱਤਰ, ਹਰਿਮੰਦਰ ਸਿੰਘ ਸੋਢੀ ਦੀ ਡਾਇਰੀ ਵੀ ਮਿਲੀ, ਜਿਸ ਵਿਚ ਉਹਨੇ ਉਹਨਾਂ ਸਭਨਾਂ ਲੋਕਾਂ ਦਾ ਵਫ਼ਾਦਾਰੀ ਨਾਲ ਰਿਕਾਰਡ ਰੱਖਿਆ ਸੀ ਜਿਨ੍ਹਾਂ ਨੂੰ ਉਹਨੇ ਕਤਲ ਕੀਤਾ ਸੀ। ਇਥੇ ਭਾਰਤ

ਦੇ ਵੱਖ-ਵੱਖ ਭਾਗਾਂ ਤੋਂ ਅਤੇ ਵਿਦੇਸ਼ਾਂ ਤੋਂ ਭਿੰਡਰਾਂਵਾਲੇ ਨੂੰ ਲਿਖੇ ਗਏ ਪੱਤਰਾਂ ਨਾਲ ਭਰੇ ਥੈਲੇ ਵੀ ਮਿਲੇ।

ਇਚਿਰ, ਮੋਗਾ, ਮੁਕਤਸਰ, ਫਰੀਦਕੋਟ, ਪਟਿਆਲਾ, ਰੋਪੜ ਤੇ ਚੌਕ ਮਹਿਤਾ ਦੇ ਗੁਰਦੁਆਰਿਆਂ ਵਿਚ ਵੀ ਫ਼ੌਜੀ ਕਾਰਵਾਈਆਂ ਦਾ ਭੋਗ ਪੈ ਚੁਕਿਆ ਹੋਇਆ ਸੀ। ਪਟਿਆਲੇ ਦੇ ਗੁਰਦੁਆਰੇ ਦੂਖਨਿਵਾਰਨ ਵਿਚ ਫ਼ੌਜ ਨੇ ਅਣ-ਭੜਕਾਈ ਫ਼ਾਇਰਿੰਗ ਕੀਤੀ ਜਿਥੇ 26 ਲੋਕ ਮਾਰੇ ਗਏ, ਪਰ ਮੋਗੇ ਤੇ ਮੁਕਤਸਰ ਦੇ ਗੁਰਦੁਆਰਿਆਂ ਵਿਚ ਫ਼ੌਜ ਨੂੰ ਇਕ ਹੱਦ ਤੱਕ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ।

ਭਿੰਡਰਾਂਵਾਲੇ ਦੀ ਮੌਤ ਨੇ ਲੜਾਈ ਦਾ ਭੋਗ ਪਾ ਦਿੱਤਾ, ਉਂਜ ਭਾਵੇਂ 8 ਜੂਨ ਤਕ ਕਦੇ-ਕਦੇ ਛਹਿ ਲਾ ਕੇ ਗੋਲੀ ਚਲਦੀ ਰਹੀ। ਏਸ ਦਿਨ ਦਹਿਸ਼ਤਪਸੰਦਾਂ ਨੇ ਇਕ ਆਰਮੀ ਡਾਕਟਰ ਨੂੰ ਮਾਰ ਮੁਕਾਇਆ, ਜਿਹੜਾ ਜ਼ਖ਼ਮੀਆਂ ਦੀ ਮਲ੍ਹਮ ਪੱਟੀ ਕਰਨ ਲਈ ਤਹਿਖ਼ਾਨੇ ਵਿਚ ਗਿਆ ਸੀ। ਇਸ ਤੋਂ ਪਹਿਲਾਂ ਦਹਿਸ਼ਤਪਸੰਦਾਂ ਨੇ ਦੋ ਜੂਨੀਅਰ ਕਮਾਂਡਿੰਗ ਅਫ਼ਸਰਾਂ ਨੂੰ ਜਿਹੜੇ ਉਹਨਾਂ ਦੇ ਕਾਬੂ ਸਨ, ਮਾਰ ਦਿੱਤਾ। ਇਕ ਨੂੰ ਤਾਂ ਵਿਸਫੋਟਕਾਂ ਨਾਲ ਉਡਾ ਦਿੱਤਾ।

ਫ਼ੌਜੀ ਕਾਰਵਾਈ ਦੇ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਯੂ.ਪੀ. ਵਿਚ ਫਸ ਗਿਆ ਸੀ, ਉਹਨੇ ਪੰਜਾਬ ਪਹੁੰਚਣ ਦਾ ਹਰ ਸੰਭਵ ਜਤਨ ਕੀਤਾ, ਪਰ ਉਹਨੂੰ ਵਾਪਸ ਭੇਜ ਦਿੱਤਾ ਗਿਆ ਤੇ ਪੰਜਾਬ ਜਾਣ ਨਾ ਦਿੱਤਾ ਗਿਆ। ਉਹ ਜਲਦੀ ਹੀ ਚੰਡੀਗੜ੍ਹ ਪਹੁੰਚਿਆ ਤਾਂ ਉਹਨੇ ਪ੍ਰੈੱਸ ਕਾਨਫ਼ਰੰਸ 12 ਜੂਨ ਨੂੰ ਬੁਲਾਈ।

ਉਹ ਸ਼ਾਇਦ ਸੁਲਾਹ-ਸਫ਼ਾਈ ਵਾਲਾ ਵਤੀਰਾ ਧਾਰਨ ਕਰਦਾ, ਪਰ ਓਸ ਸਵੇਰੇ ਸਾਬਕਾ ਯੂਨੀਅਨ ਜ਼ਰਾਇਤ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਇਕ ਸਥਾਨਕ ਗੁਰਦੁਆਰੇ ਵਿਚ ਜਦੋਂ ਉਹਨੇ ਸ਼ਾਂਤੀ ਤੇ ਮਿੱਤਰਤਾ ਦੀ ਗੱਲ ਕੀਤੀ, ਓਦੇ ਓਏ ! ਹੋਈ ਸੀ। ਬਰਨਾਲੇ ਨਾਲ ਮੁਲਾਕਾਤ ਤੇ ਉਹਦੇ ਨਾਲ ਹੋਈ ਜਾਣਨ ਪਿਛੋਂ, ਬਾਦਲ ਨੇ ਸਖਤ ਲਾਈਨ ਅਖ਼ਤਿਆਰ ਕੀਤੀ ਤੇ ਇਕ ਬਿਆਨ ਵਿਚ ਸਿੱਖਾਂ ਨੂੰ ਕਿਹਾ ਕਿ ਉਹ 17 ਜੁਲਾਈ ਨੂੰ ਸ਼ਹੀਦੀ ਦਿਵਸ ਮਨਾਉਣ, ਉਸ ਦਿਨ ਵਰਤ ਰੱਖਣ ਤੇ ਭੁੰਜੇ ਸੌਣ। ਉਹਨੇ ਸਿੱਖਾਂ ਨੂੰ ਕਾਲੀਆਂ ਪੱਗਾਂ ਬੰਨ੍ਹ ਕੇ ਸੋਗ ਮਨਾਉਣ ਲਈ ਵੀ ਕਿਹਾ ਤੇ ਕਈ ਸਿੱਖ ਅਜੇ ਤੱਕ ਵੀ ਕਾਲੀਆਂ ਪੱਗਾਂ ਬੰਨ੍ਹਦੇ ਹਨ।

ਇਸ ਬਿਆਨ ਤੋਂ ਛੇਤੀ ਹੀ ਪਿਛੋਂ ਬਾਦਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਬਰਨਾਲਾ ਨੂੰ ਵੀ। ਹਕੂਮਤ ਨੂੰ ਮਾਡਰੇਟਾਂ ਵਲੋਂ ਸਖ਼ਤ ਲਾਈਨ ਅਖ਼ਤਿਆਰ ਕਰਨ ਬਾਰੇ ਘਬਰਾਹਟ ਸੀ। ਉਹਨੂੰ ਇਸ ਗੱਲ ਨੇ ਹੋਰ ਵੀ ਵਧੇਰੇ ਪਰੇਸ਼ਾਨ ਕੀਤਾ ਕਿ ਕਾਂਗਰਸ (ਆਈ) ਐਮ.ਪੀ. ਅਮਰੇਂਦਰ ਸਿੰਘ, ਜਿਹੜਾ ਸ਼੍ਰੀਮਤੀ ਗਾਂਧੀ ਦੇ ਪਰਿਵਾਰ ਦਾ ਨਿਕਟ-ਵਰਤੀ ਵੀ ਸੀ, ਨੇ ਅਸਤੀਫ਼ਾ ਦੇ ਦਿੱਤਾ ਸੀ। ਇਕ ਹੋਰ ਕਾਂਗਰਸ (ਆਈ) ਐਮ.ਪੀ. ਦੇਵਿੰਦਰ ਸਿੰਘ ਗਰਚਾ ਨੇ ਵੀ ਪਾਰਲੀਮੈਂਟ ਤੋਂ ਅਸਤੀਫ਼ਾ ਦੇ ਦਿੱਤਾ ਸੀ, ਉਹਨੇ ਭਾਵੇਂ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਨਹੀਂ ਸੀ ਦਿੱਤਾ।

ਸ੍ਰੀਨਗਰ ਵਿਚ ਸਿੱਖਾਂ ਨੇ ਆਰੀਆ ਸਮਾਜ ਦੇ ਇਕ ਇੰਸਟੀਚਿਊਸਨ, ਇਕ ਮੰਦਰ ਤੇ ਕੁਝ ਹਿੰਦੂ ਦੁਕਾਨਾਂ ਨੂੰ ਅੱਗ ਲਾ ਕੇ ਆਪਣਾ ਰੋਸ ਪ੍ਰਗਟਾਇਆ, ਮੁਜ਼ਾਹਰੇ ਵਿਚ ਸ਼ਾਮਿਲ ਕੁਝ ਲੋਕਾਂ ਨੇ 'ਸਿੱਖ ਮੁਸਲਿਮ ਭਾਈ-ਭਾਈ, ਹਿੰਦੂ ਕੌਮ ਕਹਾਂ ਸੇ ਆਈ' ਦਾ ਨਾਹਰਾ ਵੀ ਲਾਇਆ। ਪੁਲਿਸ

ਫਾਇਰਿੰਗ ਵਿਚ ਨੌਂ ਆਦਮੀ ਮਾਰੇ ਗਏ। ਸ੍ਰੀਨਗਰ ਕਸ਼ਮੀਰ ਦੇ ਉਹਨਾਂ ਸਥਾਨਾਂ ਵਿਚੋਂ ਇਕ ਸੀ ਜਿਥੇ ਸਿੱਖਾਂ ਦੇ ਟਰੇਨਿੰਗ ਕੈਂਪ ਲੱਗਦੇ ਸਨ। ਸਿੱਖਾਂ ਨੇ ਇਸ ਤੋਂ ਇਨਕਾਰ ਕੀਤਾ ਹੈ ਤੇ ਉਹਨਾਂ ਦਾ ਕਹਿਣਾ ਹੈ ਕਿ ਇਹ ਗੁਰਮਤ ਕੈਂਪ ਸਨ ਜਿਥੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਸੀ, ਇਹਨਾਂ ਨੂੰ ਗ਼ਲਤੀ ਨਾਲ ਟਰੇਨਿੰਗ ਕੈਂਪ ਸਮਝਿਆ ਗਿਆ। ਯਾਦ ਰਹੇ, ਏਸੇ ਸਾਲ ਫਾਰੂਕ ਅਬਦੁਲਾ ਨੂੰ ਤਖ਼ਤੋਂ ਲਾਹੁਣ ਵੇਲੇ ਉਸ ਉਤੇ ਸੈਂਟਰ ਨੇ ਇਹਨਾਂ ਟਰੇਨਿੰਗ ਕੈਂਪਾਂ ਬਾਰੇ ਮਿਲਭਗਤੀ ਦਾ ਦੋਸ਼ ਲਾਇਆ ਸੀ।

ਫ਼ੌਜੀ ਕਾਰਵਾਈ ਦਾ ਸਭ ਤੋਂ ਤਿੱਖਾ ਪ੍ਰਤੀਕਰਮ ਵਿਦੇਸ਼ਾਂ ਵਿਚ, ਖ਼ਾਸ ਕਰਕੇ ਕੈਨੇਡਾ ਤੇ ਬਰਤਾਨੀਆ ਵਿਖੇ ਹੋਇਆ। ਗੰਗਾ ਸਿੰਘ ਢਿਲੋਂ ਦੀ ਜੀਹਨੂੰ ਪਹਿਲਾਂ ਪੜ੍ਹੇ-ਪੜ੍ਹੇ ਗੌਖਿਆ ਜਾਂਦਾ ਸੀ—ਸ਼ਾਇਦ ਹੀ ਕਿਸੇ ਗੁਰਦੁਆਰੇ ਨੇ ਉਹਦਾ ਜਾਂ ਉਹਦੇ ਖ਼ਾਲਿਸਤਾਨ ਪੱਖੀ ਵਿਚਾਰਾਂ ਦਾ ਸਵਾਗਤ ਕੀਤਾ ਹੋਵੇ—ਹੁਣ ਹਰ ਥਾਂ ਪੁੱਛ ਸੀ। ਉਹਨੂੰ ਅਨੇਕਾਂ ਸਮਰਥਕ ਮਿਲ਼ ਗਏ ਭਾਵੇਂ ਉਹ ਪਹਿਲਾਂ ਵਰਗਾ ਹੀ ਕੱਟੜ ਸੀ। ਉਹਨੇ ਕਿਹਾ, 'ਫ਼ੌਜੀ ਕਾਰਵਾਈ ਨਾਲ ਖ਼ਾਲਿਸਤਾਨ ਲਈ ਤੀਰ ਕਮਾਨੋਂ ਨਿਕਲ ਚੁਕਿਆ ਹੈ। ਜਿੰਨਾ ਚਿਰ ਸਿੱਖ ਸ਼ੇਰ ਫੱਟੜ ਹੈ ਉਹ ਚੈਨ ਨਾਲ ਨਹੀਂ ਬੈਠੇਗਾ।' ਉਹਨੇ ਫ਼ੌਜ ਦੀ ਤੁਰਤ ਹੀ ਵਾਪਸੀ ਦੀ ਮੰਗ ਦੇ ਨਾਲ ਹੀ ਇਹ ਮੰਗ ਵੀ ਕੀਤੀ ਕਿ ਸਿੱਖ ਮੰਗਾਂ ਬਾਰੇ ਸੰਯੁਕਤ ਰਾਸ਼ਟਰ ਦੁਆਰਾ ਰੈਫਰੈਂਡਮ ਕਰਵਾਇਆ ਜਾਵੇ।

ਯੂਨਾਈਟਿਡ ਸਿੱਖ ਅਪੀਲ ਨਾਂ ਦੀ ਇਕ ਨਵੀਂ ਸੰਸਥਾ ਨੇ ਹਿਊਮਨ ਰਾਈਟਸ ਸਬ-ਕਮੇਟੀ ਨਾਲ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੁ ਉਹ ਅਮਰੀਕਨ ਸੈਨੇਟਰ ਗ੍ਰੁਸ ਯਾਟਰੋਨ ਦੇ ਅਧੀਨ ਭਾਰਤ ਵਿਚ ਮਾਨਵ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਜਾਂਚ ਪੜਤਾਲ ਕਰੇ। ਇਸ ਸੰਸਥਾ ਨੇ ਦਾਹਵਾ ਕੀਤਾ ਕਿ ਰੂਸੀ ਸ਼੍ਰੀਮਤੀ ਗਾਂਧੀ ਦੀਆਂ ਕਾਰਵਾਈਆਂ ਦੀ ਹਿਮਾਇਤ ਕਰ ਰਹੇ ਹਨ। ਲਗਭਗ ਦੋ ਸੌ ਸਿੱਖਾਂ ਜਿਨ੍ਹਾਂ ਵਿਚ ਮਰਦ, ਇਸਤਰੀਆਂ ਤੇ ਬੱਚੇ ਸ਼ਾਮਿਲ ਸਨ, 7 ਜੂਨ ਨੂੰ ਵਾਸ਼ਿੰਗਟਨ ਵਿਖੇ ਭਾਰਤੀ ਦੂਤਾਵਾਸ ਤੱਕ ਮਾਰਚ ਕੀਤਾ। ਕੈਨੇਡਾ ਵਿਖੇ ਵੈਨਕੂਵਰ ਵਿਚ ਰੋਸ-ਮੁਜ਼ਾਹਰੇ ਨੇ ਹਿੰਸਕ ਰੂਪ ਧਾਰ ਲਿਆ ਤੇ ਰੋਸ ਪ੍ਰਗਟਾਉਣ ਵਾਲੇ ਦੋ ਆਦਮੀਆਂ ਨੇ, ਫੜੇ ਜਾਣ ਤੋਂ ਪਹਿਲਾਂ, ਕੌਂਸਲੇਟ ਅੰਦਰ ਹੁਲੜ ਮਚਾਇਆ।

ਇਸੇ ਤਰ੍ਹਾਂ ਦੇ ਰੋਹ-ਭਰੇ ਮੁਜ਼ਾਹਰੇ ਓਟਾਵਾ ਵਿਖੇ ਇੰਡੀਅਨ ਹਾਈ ਕਮਿਸ਼ਨ ਦੇ ਸਾਹਮਣੇ ਅਤੇ ਟਰੋਨਟੋ ਵਿਚ ਕੌਂਸਲੇਟ ਦੇ ਸਾਹਮਣੇ ਹੋਏ। ਟਰੋਨਟੋ ਵਿਖੇ, ਪਾਕਿਸਤਾਨੀ ਜਿਨ੍ਹਾਂ ਵਿਚ ਪਾਕਿਸਤਾਨੀ ਕੈਨੇਡੀਅਨਾਂ ਦੀ ਫ਼ੈਡਰੇਸ਼ਨ ਦਾ ਜਨਰਲ ਸਕੱਤਰ, ਆਸਫ਼ ਸੁਜਾਹ ਸ਼ਾਮਿਲ ਸੀ, ਸਿੱਖਾਂ ਦੇ ਮੁਜ਼ਾਹਰੇ ਵਿਚ ਸ਼ਾਮਿਲ ਹੋਏ।

ਆਰੰਭਕ ਜੁਲਾਈ ਵਿਚ ਕੈਨੇਡਾ ਵਿਖੇ ਐਕਟਿੰਗ ਹਾਈ ਕਮਿਸ਼ਨ, ਕੇ.ਪੀ. ਫੇਰੀਅਨ ਨੂੰ ਕੋਈ ਤੀਹ ਸਿੱਖਾਂ ਨੇ ਮੁਜ਼ਾਹਰੇ ਦੇ ਦੌਰਾਨ, ਜਦੋਂ ਉਹ ਵਿੰਨੀਪਿਗ ਰੋਸ ਦਰਜ ਕਰਵਾਉਣ ਲਈ ਗਿਆ ਸੀ ਜਿਥੇ ਭਾਰਤੀ ਰਾਸ਼ਟਰੀ ਝੰਡਾ ਸਾੜਿਆ ਗਿਆ ਸੀ, ਗੱਤੇ ਮਾਰੇ। ਇਸ ਉਪੱਦਰ ਲਈ ਸਤੰਬਰ ਵਿਚ ਚਾਰ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਓਟਾਵਾ ਤੋਂ ਇਹ ਵੀ ਖ਼ਬਰਾਂ ਆਈਆਂ ਕਿ 5 ਸਤੰਬਰ ਨੂੰ ਭਾਰਤੀ ਮੂਲ ਦੇ ਕੈਨੇਡੀਅਨਾਂ ਦੀ ਨੈਸ਼ਨਲ ਐਸੋਸੀਏਸ਼ਨ ਦੀ ਮੀਟਿੰਗ ਵਿਚ ਖ਼ਾਲਿਸਤਾਨ ਦੇ ਕੋਈ ਚਾਲੀ ਸ਼ਸਤਰਬੰਦ ਸਮਰਥਕਾਂ ਨੇ ਗੜਬੜ ਪਾਈ ਅਤੇ ਡੈਲੀਗੇਟਾਂ ਨੂੰ ਭਾਰਤ-ਵਿਰੋਧੀ ਮਤਾ ਪਾਸ ਕਰਨ ਉਤੇ ਮਜਬੂਰ ਕੀਤਾ।

ਬਰਤਾਨੀਆ ਵਿਖੇ ਜਗਜੀਤ ਸਿੰਘ ਚੌਹਾਨ ਦੀ ਲੀਡਰਸ਼ਿਪ ਹੇਠ ਸਿੱਖ ਸਰਗਰਮਾਂ ਨੇ ਇਸ ਸਥਿਤੀ ਦਾ ਲਾਭ ਉਠਾਇਆ। ਭਾਵੇਂ 'ਜਲਾਵਤਨੀ ਵਿਚ ਖ਼ਾਲਿਸਤਾਨ ਸਰਕਾਰ' ਦਿਸ ਦਾ ਐਲਾਨ 13 ਜੂਨ ਨੂੰ ਹੋਇਆ ਸੀ, ਅੱਗੇ ਚੱਲ ਕੇ ਤੋੜ ਦਿੱਤੀ ਗਈ ਸੀ, ਇਕ ਖ਼ਾਲਿਸਤਾਨ ਐਕਸ਼ਨ ਕਮੇਟੀ ਕਾਇਮ ਕੀਤੀ ਗਈ, ਜਿਸ ਦਾ ਮੁਖੀ ਚੌਹਾਨ ਨੂੰ ਬਣਾਇਆ ਗਿਆ।

ਬਰਤਾਨੀਆ ਵਿਚ ਰੋਸ ਵਿਚ ਇੰਡੀਅਨ ਹਾਈ ਕਮਿਸ਼ਨ ਦੇ ਅਮਲੇ ਦੀਆਂ ਜਿੰਦਾਂ ਨੂੰ ਅਤੇ ਇੰਡੀਅਨ ਲੀਡਰਸ਼ਿਪ ਦੀਆਂ ਜਾਨਾਂ ਨੂੰ ਧਮਕੀਆਂ ਸ਼ਾਮਿਲ ਸਨ। ਇਥੋਂ ਦੇ ਉਰਦੂ ਅਖ਼ਬਾਰਾਂ ਵਿਚ ਇਸ ਮਤਲਬ ਦੇ ਇਸ਼ਤਿਹਾਰ ਵੀ ਛਾਪੇ ਗਏ ਕਿ ਭਾਰਤੀ ਲੀਡਰਾਂ ਨੂੰ ਕਤਲ ਕਰਨ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ, ਜਦ ਕਿ ਚੌਹਾਨ ਨੇ ਖੁੱਲ੍ਹੇਆਮ, ਬੀ.ਬੀ.ਸੀ. ਦੇ ਪ੍ਰੋਗਰਾਮ, ਵਰਲਡ ਐਟ ਵੰਨ ਵਿਚ ਸ਼੍ਰੀਮਤੀ ਗਾਂਧੀ ਨੂੰ ਕਤਲ ਕਰਨ ਦਾ ਸੱਦਾ ਦਿੱਤਾ। ਜਿਵੇਂ ਕੈਨੇਡਾ ਵਿਚ ਵੇਖਿਆ ਗਿਆ ਸੀ, ਬਰਤਾਨੀਆ ਵਿਚ ਵੀ ਪਾਕਿਸਤਾਨੀਆਂ ਤੇ ਸਿੱਖਾਂ ਵਿਚਕਾਰ ਮੇਲ-ਜੋਲ ਵੇਖਿਆ ਗਿਆ।

ਕਸ਼ਮੀਰ ਲਿਬਰੇਸ਼ਨ ਫ਼ਰੰਟ ਨੇ, ਰਿਪੋਰਟ ਹੈ, ਕੋਪਨੇਹੇਗਨ ਤੋਂ ਦੋ ਸਰਗਰਮ ਕਾਰਕੁਨ ਲੰਡਨ ਵਿਚ ਸਿੱਖ ਸਰਗਰਮਾਂ ਨੂੰ ਮਿਲਣ ਲਈ ਭੇਜੇ ਤਾਂ ਜੁ ਇੰਡੀਅਨ ਆਰਮੀ ਦਾ ਧਿਆਨ ਲਾਂਭੇ ਲਿਜਾਣ ਲਈ ਕਸ਼ਮੀਰ ਦੇ ਸਰਹੱਦੀ ਰਾਜ ਵਿਚ ਗੜਬੜ ਪੈਦਾ ਕਰਨ ਦੀ ਪਲਾਨ ਨੂੰ ਅੰਤਮ ਰੂਪ ਦਿੱਤਾ ਜਾਵੇ। ਦਰਸ਼ਕਾਂ ਦਾ ਖ਼ਿਆਲ ਹੈ ਕਿ ਨਵੀਂ ਤੇ ਪੁਰਾਣੀ ਪੀੜ੍ਹੀ ਦੋਵੇਂ ਹੀ—ਬਰਤਾਨੀਆ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ, ਗਿਆਨੀ ਅਮੋਲਕ ਸਿੰਘ ਵਰਗੇ ਆਗੂ ਵੀ ਖ਼ਾਲਿਸਤਾਨ ਦੇ ਵਿਚਾਰ ਦੇ ਝਾਂਸੇ ਵਿਚ ਆ ਗਏ।

21 ਜੂਨ ਨੂੰ ਲਗਭਗ 10000 ਸ਼ਰਧਾਲੂਆਂ ਨੂੰ ਗੋਲਡਨ ਟੈਂਪਲ ਵਿਚ ਦਾਖ਼ਲ ਹੋਣ ਦੀ ਆਗਿਆ ਦਿੱਤੀ ਗਈ। ਸ਼ਰਧਾਲੂਆਂ ਨੂੰ ਤਬਾਹੀ ਤੇ ਬਰਬਾਦੀ ਦੀਆਂ ਝਾਕੀਆਂ ਵੇਖ ਕੇ ਸਖ਼ਤ ਧੱਕਾ ਲੱਗਿਆ, ਭਾਵੇਂ ਹਰਿਮੰਦਰ ਸਾਹਿਬ ਠੀਕ-ਠਾਕ ਸੀ, ਪਰ ਅਕਾਲ ਤਖ਼ਤ ਜਾਂ ਦੂਜੀਆਂ ਇਮਾਰਤਾਂ ਨੂੰ ਤਬਾਹ ਹੋਇਆ ਵੇਖ ਕੇ ਉਹ ਸਹਿ ਨਹੀਂ ਸੀ ਸਕੇ। ਲੋਕਾਂ ਨੂੰ ਦਾਖ਼ਲ ਹੋਣ ਦੀ ਆਗਿਆ ਦੇਣ ਪਿਛੋਂ ਅਧਿਕਾਰੀਆਂ ਨੇ ਚਾਣਚਕ ਆਪਣਾ ਨਿਰਣਾ ਬਦਲ ਲਿਆ ਤੇ ਮੁੜ ਪਹਿਲਾਂ ਵਾਲਾ ਫ਼ੈਸਲਾ ਲਾਗੂ ਕੀਤਾ, ਅਰਥਾਤ ਸ਼ਰਧਾਲੂਆਂ ਦੇ ਥੋੜੇ ਜਿਹੇ ਗਰੁੱਪਾਂ ਨੂੰ ਹੀ ਜਾਣ ਦਿੱਤਾ ਜਾਣ ਲੱਗਿਆ। ਮੁਕਤਸਰ ਦਾ ਗੁਰਦੁਆਰਾ ਵੀ ਸੱਤ ਘੰਟੇ ਲਈ ਖੋਲ੍ਹ ਦਿੱਤਾ ਜਾਣ ਲੱਗਿਆ।

ਇਚਿਰ, ਦਹਿਸ਼ਤਪਸੰਦਾਂ ਨੂੰ ਜੂਨ ਦਾ ਪੂਰਾ ਮਹੀਨਾ ਫੜਿਆ ਜਾਂਦਾ ਰਿਹਾ, ਪਰ ਰਾਜ ਦੀ ਇੰਟੈਲੀਜੈਂਸ ਪਰਣਾਲੀ ਅਜੇ ਵੀ ਕਮਜ਼ੋਰ ਜਾਪਦੀ ਸੀ। 5 ਜੂਨ ਨੂੰ ਰੋਪੜ ਦੇ ਲਾਗੇ ਭਾਖੜਾ ਮੇਨਲਾਈਨ ਤੋੜ ਦਿੱਤੀ ਗਈ ਅਤੇ ਇਹਦੇ ਕਾਰਨ ਰਾਜਸਥਾਨ ਵਿਖੇ ਕਪਾਹ ਦੀ ਕਾਸ਼ਤ ਹੇਠਲਾ ਖੇਤਰ ਇਕ ਲੱਖ ਹੈਕਟਰ ਘਟ ਗਿਆ। 19 ਜੂਨ ਨੂੰ ਗੰਗਾ ਨਹਿਰ ਦਹਿਸ਼ਤਪਸੰਦਾਂ ਨੇ ਤੋੜ ਦਿੱਤੀ ਜਿਹੜੀ ਰਾਜਸਥਾਨ ਦੀ ਸਾਢੇ ਸੱਤ ਲੱਖ ਏਕੜ ਭੋਂ ਨੂੰ ਸਿੰਜਦੀ ਹੈ। ਪਹਿਲੀ ਤੋੜ ਤੋਂ ਦਸ ਦਿਨ ਪਿਛੋਂ ਮੁੜ ਰੋਪੜ ਜ਼ਿਲ੍ਹੇ ਵਿਚ ਨਹਿਰ ਤੀਜੀ ਵਾਰ ਤੋੜ ਦਿੱਤੀ ਗਈ, ਜਿਸ ਦੀ ਮੁਰੰਮਤ ਤੇ ਇਕ ਕਰੋੜ ਰੁਪਏ ਖ਼ਰਚ ਆਏ। ਇਸ ਵਾਰ ਇਹ ਪਹਿਲੇ ਸਥਾਨਾਂ ਤੋਂ ਸਿਰਫ਼ ਪੰਜ ਕਿਲੋਮੀਟਰ ਦੂਰ ਤੋੜੀ ਗਈ ਸੀ। ਕਹਿੰਦੇ ਹਨ, ਨਹਿਰ ਦਾ ਇਸ ਤਰ੍ਹਾਂ ਤੋੜਨਾ ਮਾਹਿਰਾਂ ਦਾ ਕੰਮ ਹੋ ਸਕਦਾ ਹੈ ਅਤੇ ਸਰਕਾਰ ਨੂੰ ਸ਼ੱਕ ਸੀ ਕਿ ਇਹ ਕੰਮ ਟਰੇਂਡ ਇੰਜੀਨੀਅਰਾਂ ਦੀ ਮਿਲੀਭਗਤ ਨਾਲ ਹੀ ਕੀਤਾ ਗਿਆ ਹੈ।

ਰਾਜਸੀ ਮਹਾਜ਼ ਉਤੇ ਸਿੱਖਾਂ ਵਿਚ ਓਪਰਿਆਏ-ਜਾਣ (alienation) ਦਾ ਜਜ਼ਬਾ ਸਦਾ-ਵਧੇਰੇ ਵਧਦਾ ਗਿਆ। ਸਰਕਾਰ ਉਹਨਾਂ ਸਭਨਾਂ ਤੱਤਾਂ ਨੂੰ ਫੜਨ ਵਿਚ ਜੁੱਟੀ ਰਹੀ, ਜਿਨ੍ਹਾਂ ਤੋਂ ਉਹਦੀਆਂ ਕਾਰਵਾਈਆਂ ਵਿਰੁਧ ਰੋਸ ਮੁਜ਼ਾਹਰੇ ਜਥੇਬੰਦ ਕਰਨ ਦਾ ਖ਼ਤਰਾ ਹੋ ਸਕਦਾ ਸੀ ਤੇ 22 ਜੂਨ ਨੂੰ ਰਾਸ਼ਟਰਪਤੀ ਵਲੋਂ ਇਕ ਆਰਡੀਨੈਂਸ ਜਾਰੀ ਕੀਤਾ ਗਿਆ, ਜਿਸ ਨੇ ਨੈਸ਼ਨਲ ਸਕਿਊਰਿਟੀ ਐਕਟ ਨੂੰ ਹੋਰ ਵਧੇਰੇ ਸਖ਼ਤ ਬਣਾ ਦਿੱਤਾ। ਇਸ ਦੀ ਇਕ ਮਦ ਇਹ ਸੀ ਕਿ ਪੁਰਾਣੇ ਡੀਟੈਂਸ਼ਨ ਆਰਡਰ ਦੇ ਖ਼ਾਤਮੇ ਜਾਂ ਮਨਸੂਖੀ ਉਤੇ ਨਵਾਂ ਡੀਟੈਸ਼ਨ ਆਰਡਰ* ਲਾਗੂ ਕੀਤਾ ਜਾ ਸਕਦਾ ਹੈ। ਇਸ ਆਰਡੀਨੈਂਸ ਨੇ ਤਾਂ ਸਰਕਾਰ ਦੇ ਤੱਤਾਂ ਨੂੰ ਵੀ ਧੱਕਾ ਲਾਇਆ।

ਇਹਨਾਂ ਉਪੱਦਰਾਂ ਜੇਡਾ ਹੀ ਧੱਕਾ ਮਾਰਨ ਵਾਲੀ ਘਟਨਾ ਫ਼ੌਜੀ ਕਾਰਵਾਈ ਪਿਛੋਂ ਭਾਰਤ ਦੇ ਵੱਖ-ਵੱਖ ਭਾਗਾਂ ਤੋਂ 4000 ਸਿੱਖ ਸਿਪਾਹੀਆਂ ਦਾ ਭਗੌੜਾ ਹੋ ਜਾਣਾ ਸੀ। ਉਹ ਗ਼ਲਤ ਸੂਚਨਾ ਦੇ ਸ਼ਿਕਾਰ ਹੋ ਗਏ, ਉਹਨਾਂ ਨੂੰ ਦੱਸਿਆ ਗਿਆ ਸੀ ਕਿ ਹਰਿਮੰਦਰ ਸਾਹਿਬ ਨੂੰ ਤਬਾਹ ਕਰ ਦਿੱਤਾ ਗਿਆ ਹੈ। ਫਰਾਰੀ ਦੇ ਤਿੰਨ ਮੁਖ ਕੇਂਦਰ ਸਨ : ਪੂਨਾ (ਮਹਾਰਾਸ਼ਟਰ) ਵਿਖੇ ਆਰਮੀ ਬੇਸ, ਰਾਮਗੜ੍ਹ (ਬਿਹਾਰ) ਵਿਖੇ ਸਿੱਖ ਰਜਮੈਂਟਲ ਸੈਂਟਰ ਅਤੇ ਸ੍ਰੀ ਗੰਗਾ ਨਗਰ (ਰਾਜਸਥਾਨ) ਵਿਖੇ ਆਰਮੀ ਸੈਂਟਰ।

ਭਾਵੇਂ ਇਹ ਵਿਦਰੋਹ ਬਹੁਤ ਸਾਰੇ ਭਗੌੜਿਆਂ ਦੀ ਮੌਤ ਜਾਂ ਗ੍ਰਿਫ਼ਤਾਰੀ ਪਿਛੋਂ, 12 ਜੂਨ ਤਕ ਦੱਬ ਗਿਆ ਸੀ, ਇਹਨੇ ਇਸ ਖ਼ਤਰੇ ਨੂੰ ਉਘਾੜ ਕੇ ਪੇਸ਼ ਕੀਤਾ ਕਿ ਅਫ਼ਵਾਹਾਂ ਹਥਿਆਰਬੰਦ ਫ਼ੌਜਾਂ ਵਿਚ ਵੀ ਗੜਬੜ ਪਾ ਸਕਦੀਆਂ ਹਨ।

ਕੋਈ 1500 ਜੁਆਨ ਰਾਮਗੜ੍ਹ ਦੇ ਸਿੱਖ ਰਜਮੈਂਟਲ ਸੈਂਟਰ ਤੋਂ ਦੌੜੇ ਤੇ ਦੌੜਨ ਤੋਂ ਪਹਿਲਾਂ ਉਹਨਾਂ ਨੇ ਆਰਮਰੀ ਉਤੇ ਧਾਵਾ ਬੋਲਿਆ ਅਤੇ ਕਮਾਂਡੈਂਟ, ਬ੍ਰਿਗੇਡੀਅਰ ਐਸ.ਸੀ. ਪੁਰੀ ਨੂੰ ਮਾਰ ਦਿੱਤਾ ਤੇ ਦੋ ਅਫ਼ਸਰਾਂ ਨੂੰ ਜ਼ਖ਼ਮੀ ਕਰ ਦਿੱਤਾ। ਥਾਨੇ, ਮਹਾਰਾਸ਼ਟਰ, ਜੰਮੂ, ਸਿਲੀਗੁਰੀ, ਸਿਲਚਰ ਤੇ ਅਲਵਰ ਵਿਚ ਵੀ ਕੁਝ ਸਿੱਖ ਸਿਪਾਹੀ ਭਗੌੜੇ ਬਣੇ, ਕਈ ਭਗੌੜਿਆਂ ਨੇ ਤਾਂ ਆਪਣੇ ਕੇਸ ਵੀ ਕਟਵਾ ਦਿੱਤੇ ਤਾਂ ਜੁ ਪਛਾਣੇ ਨਾ ਜਾਣ।

ਇਹਨਾਂ ਵਿਚੋਂ ਕੁਝ ਨੇ ਬੱਸਾਂ ਤੇ ਟਰੱਕਾਂ ਦਾ ਅਪਹਰਣ ਕੀਤਾ ਅਤੇ ਗਰੈਂਡ ਟਰੰਕ ਰੋਡ ਉਤੇ ਪੰਜਾਬ ਵੱਲ ਚੱਲ ਪਏ, ਪਰ ਇਹਨਾਂ ਨੂੰ ਯੂ.ਪੀ. ਵਿਚ ਇਕ ਪੁਲ ਉਤੇ ਗੜ੍ਹਵਾਲ ਰਜਮੈਂਟ ਦੇ ਇਕ ਯੂਨਿਟ ਨੇ ਰੋਕਿਆ। ਰਿਪੋਰਟ ਸੀ ਕਿ ਇਹਨਾਂ ਵਿਦਰੋਹੀਆਂ ਵਿਚੋਂ 20-30 ਮਾਰੇ ਗਏ, 126 ਨੇ ਆਤਮ-ਸਮਰਪਨ ਕੀਤਾ।

ਰਾਜਸਥਾਨ-ਪੰਜਾਬ ਸਰਹੱਦ ਲਾਗੇ ਸਭ ਤੋਂ ਬਹੁਤੇ ਜੁਆਨ ਮਰੇ ਤੇ ਫੱਟੜ ਹੋਏ। ਇਥੇ ਗੋਰਖਾ ਰਜਮੈਂਟ ਨੇ ਗੰਗਾਨਗਰ ਤੋਂ ਭੱਜ ਕੇ ਆਏ 300 ਵਿਦਰੋਹੀਆਂ ਨੂੰ ਰੋਕਿਆ, ਇਸ ਝੜਪ ਵਿਚ 100 ਮੌਤਾਂ ਹੋਈਆਂ।

ਪੂਨੇ, ਮਹਾਰਾਸ਼ਟਰ ਵਿਖੇ 150 ਸਿੱਖ ਸਿਪਾਹੀਆਂ ਨੇ ਬੱਸਾਂ ਤੇ ਫੌਜੀ ਟਰੱਕ ਕਾਬੂ ਕੀਤੇ ਤੇ ਮੇਨ ਰੋਡ ਉਤੇ ਉਤਰ ਵੱਲ ਚਾਲੇ ਪਾਏ। ਜਦੋਂ ਬੁਲਸਰ ਦੇ ਨੇੜੇ ਇਹਨਾਂ ਵਿਚੋਂ 70 ਜਣਿਆਂ ਨੂੰ

---

* *ਇਸ ਦੇ ਅਧੀਨ ਹੀ ਲੌਂਗੋਵਾਲ ਨੂੰ ਉਹਦੀ ਰਿਹਾਈ ਪਿਛੋਂ ਮੁੜ-ਗ੍ਰਿਫ਼ਤਾਰ ਕੀਤਾ ਗਿਆ। ਯਾਦ ਰਹੇ, ਰਾਮ ਜੇਠਮਲਾਨੀ ਅਤੇ ਬੀਬੀ ਅਮਰਜੀਤ ਕੌਰ ਨੇ ਲੌਂਗੋਵਾਲ ਦੇ ਕੇਸ ਦੇ ਸੰਬੰਧ ਵਿਚ ਪਟੀਸ਼ਨ ਫਾਈਲ ਕੀਤੀ ਸੀ ਤੇ ਇਹ ਕੇਸ ਸੁਪਰੀਮ ਕੋਰਟ ਦੇ ਵਡੇਰੇ ਬੰਚ ਸਾਹਮਣੇ ਰੱਖਿਆ ਗਿਆ ਸੀ।*

ਆਟੋਮੈਟਿਕ ਹਥਿਆਰਾਂ ਨਾਲ ਲੈਸ ਅਤੇ ਚਾਰ ਆਰਮੀ ਟਰੱਕਾਂ ਵਿਚ ਸਵਾਰ ਵੇਖਿਆ ਗਿਆ ਤਾਂ ਗੁਜਰਾਤ ਵਿਖ ਰਾਜ-ਵਿਆਪੀ ਸੰਕਟ-ਸੂਚਨਾ ਭੇਜ ਦਿੱਤੀ ਗਈ।

ਭਾਵੇਂ ਇਹਨਾਂ ਭਗੌੜਿਆਂ ਦੇ ਅਮਲ ਨੇ ਘਬਰਾਹਟ ਉਪਜਾਈ, ਪਰ ਫ਼ੌਜੀ ਅਧਿਕਾਰੀਆਂ ਨੇ ਇਹਦੀ ਮਹੱਤਤਾ ਘਟਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਠੀਕ, ਉਹਨਾਂ ਨੂੰ ਡਰ ਸੀ ਕਿ ਇਹਨਾਂ ਘਟਨਾਵਾਂ ਦਾ ਆਮ ਜਨਤਾ ਨੂੰ ਪਤਾ ਲੱਗ ਜਾਣ ਦਾ ਸਿਲਸਿਲੇਵਾਰ ਪ੍ਰਤਿਕਰਮ (ਚੇਨ ਰੀਐਕਸ਼ਨ) ਹੋ ਸਕਦਾ ਹੈ। ਲੈਫ਼ਟੀਨੈਂਟ-ਜਨਰਲ ਓਬਰਾਏ ਨੇ ਆਖਿਆ ਕਿ ਭਗੌੜਿਆਂ ਨੂੰ ਗੋਲੀ ਮਾਰ ਦੇਣੀ ਚਾਹੀਦੀ ਹੈ, ਜਦ ਕਿ ਸ਼੍ਰੀਮਤੀ ਗਾਂਧੀ ਨੇ ਨਰਮ ਵਤੀਰਾ ਅਖ਼ਤਿਆਰ ਕਰਨ ਦਾ ਇਸ਼ਾਰਾ ਕੀਤਾ।*

ਓਪਰੇਸ਼ਨ ਬਲਿਊ ਸਟਾਰ ਵਿਚ ਮੋਇਆਂ ਤੇ ਫੱਟੜਾਂ ਦੀ ਗਿਣਤੀ ਉਸ ਤੋਂ ਵਧੇਰੇ ਸੀ, ਜਿਸ ਦਾ ਸਰਕਾਰੀ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਫ਼ੌਜ ਨੇ ਕਿਹਾ ਉਹਦੇ 92 ਆਦਮੀ ਮਰੇ—84 ਜੁਆਨ, 4 ਜੇ.ਸੀ.ਓ. ਤੇ 4 ਅਫ਼ਸਰ। ਫੱਟੜਾਂ ਦੀ ਗਿਣਤੀ 287 ਦੱਸੀ ਗਈ—253 ਜੁਆਨ, 19 ਜੇ.ਸੀ.ਓ. ਤੇ 15 ਅਫ਼ਸਰ, ਪਰ ਅਸਲ ਵਿਚ ਇਸ ਫ਼ੌਜੀ ਕਾਰਵਾਈ ਵਿਚ 700 ਜੁਆਨ ਤੇ ਅਫ਼ਸਰ ਮਰੇ ਹਨ।**

ਜਿਥੋਂ ਤਕ ਦਹਿਸ਼ਤਪਸੰਦਾਂ ਤੇ ਦੂਜੇ ਮਰਨ-ਫੱਟੜ ਹੋਣ ਵਾਲਿਆਂ ਦੀ ਗਿਣਤੀ ਦਾ ਸੰਬੰਧ ਹੈ, ਸਰਕਾਰੀ ਅੰਕੜੇ 554 ਮੋਏ ਤੇ 121 ਫੱਟੜ ਹੋਏ ਦੱਸਦੇ ਹਨ, ਪਰ ਮਰਿਆਂ ਤੇ ਫੱਟੜਾਂ ਦੀ ਅਸਲੀ ਗਿਣਤੀ ਕਿਤੇ ਬਹੁਤੀ ਹੈ ਤੇ ਇਹ 3000 ਦੇ ਨੇੜੇ-ਤੇੜੇ ਸਮਝੀ ਜਾਣੀ ਚਾਹੀਦੀ ਹੈ।

ਜਦੋਂ ਮੈਂ ਫ਼ੌਜੀ ਕਾਰਵਾਈ ਦੇ ਮਹੀਨਾ ਭਰ ਪਿਛੋਂ ਅਕਾਲ ਤਖ਼ਤ ਦਾ ਤਹਿਖ਼ਾਨਾ ਵੇਖਿਆ, ਇਥੇ ਅੱਜ ਵੀ ਕਾਰਤੂਸਾਂ ਦੇ ਖੋਲ, ਇੱਟਾਂ ਤੇ ਐਮੂਨਿਸ਼ਨ ਦੇ ਬਕਸੇ ਖਿਲਰੇ ਪਏ ਸਨ। ਤਹਿਖ਼ਾਨੇ ਵਿਚ ਲਹਿਣ ਵਾਲੀ ਛੋਟੀ ਪੌੜੀ ਸਖ਼ਤ ਲੜਾਈ ਦਾ ਸਬੂਤ ਪੇਸ਼ ਕਰਦੀ ਸੀ ਜੋ ਏਥੇ ਦਹਿਸ਼ਤਪਸੰਦਾਂ ਤੇ ਫ਼ੌਜੀਆਂ ਵਿਚਕਾਰ ਹੋਵੇਗੀ। ਤਹਿਖ਼ਾਨੇ ਤੋਂ ਇਕ ਛੋਟਾ ਰਾਹ ਅਕਾਲ ਤਖ਼ਤ ਦੇ ਪਿੱਛੇ ਸਥਿਤ ਇਕ ਖੂਹ ਦੁਆਲੇ ਦੀ ਮਣ ਵੱਲ ਜਾਂਦਾ ਸੀ, ਇਸ ਖੂਹ ਵਿਚ ਬਹੁਤ ਸਾਰੇ ਹਥਿਆਰ ਸੁੱਟ ਦਿੱਤੇ ਗਏ ਸਨ ਤੇ ਘੱਟੋ-ਘੱਟ ਦੋ ਦਹਿਸ਼ਤਪਸੰਦ ਇਸ ਵਿਚ ਛਾਲ ਮਾਰਨ ਲੱਗਿਆਂ ਮਰ ਗਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਮਾਰਤ ਪੂਰੀ ਤਰ੍ਹਾਂ ਤਬਾਹ ਹੋ ਗਈ, ਸਰਕਾਰ ਨੇ ਸਾਰੇ ਰਿਕਾਰਡ ਇਥੋਂ ਚੁੱਕ ਲਏ ਸਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਲਜ਼ਾਮ ਲਾਇਆ ਹੈ ਕਿ ਇਹਨੂੰ ਪਿਛੋਂ ਅੱਗ ਲਾਈ ਗਈ ਤਾਂ ਜੁ ਇਹ ਬਹਾਨਾ ਪੇਸ਼ ਕੀਤਾ ਜਾ ਸਕੇ ਕਿ ਸੱਭੇ ਰਿਕਾਰਡ ਸੜ ਗਏ ਹਨ। ਅੰਮ੍ਰਿਤਸਰ ਦੇ ਨਵੇਂ ਡਿਪਟੀ ਕਮਿਸ਼ਨਰ, ਰਾਮੇਸ਼ਵਰ ਸਿੰਘ ਨੇ ਫ਼ੌਜੀ ਅਧਿਕਾਰੀਆਂ ਨਾਲ ਸੰਪਰਕ ਕਾਇਮ ਕੀਤਾ ਤੇ ਉਹ ਅੱਗ ਬੁਝਾਉਣ ਲਈ ਫ਼ਾਇਰ ਬਰਗੇਡ ਭੇਜਣਾ ਚਾਹੁੰਦਾ ਸੀ, ਪਰ ਉਹਨੂੰ ਫ਼ਾਇਰ ਬਰਗੇਡ ਭੇਜਣ ਦੀ ਆਗਿਆ ਨਹੀਂ ਦਿੱਤੀ ਗਈ। ਪਰਸੰਗਕ ਤੌਰ 'ਤੇ 3 ਜੂਨ ਤੋਂ 8 ਜੂਨ ਤਕ ਸਥਾਨਕ ਫ਼ਾਇਰ ਬਰਗੇਡ ਨੂੰ ਮਦਦ ਲਈ ਇਕ ਵੀ ਫ਼ੋਨ ਨਹੀਂ ਆਇਆ ਜਦ ਕਿ ਅੰਮ੍ਰਿਤਸਰ ਵਿਚ ਕਈ ਅੱਗਾਂ ਲੱਗੀਆਂ।

---

* *ਛੇ ਸਾਬਕਾ ਕਮਾਂਡਰਾਂ ਨੇ, ਸੱਭੇ ਸਿੱਖ, ਰਾਸ਼ਟਰਪਤੀ ਨੂੰ ਇਸ ਪਾਸੇ ਧਿਆਨ ਦੇਣ ਨੂੰ ਲਿਖਿਆ ਹੈ ਕਿ ਇਹਨਾਂ 'ਭਗੌੜਿਆਂ ਨੂੰ 'ਆਮ ਭਗੌੜੇ' ਨਾ ਸਮਝਿਆ ਜਾਵੇ।*

** *ਰਾਜੀਵ ਗਾਂਧੀ ਨੇ ਮੱਧ-ਸਤੰਬਰ 1984 ਵਿਚ ਇਕ ਬਿਆਨ ਵਿਚ ਇਹਦੀ ਪੁਸ਼ਟੀ ਕੀਤੀ।*

'ਕੀ ਇਹ ਕੰਮ ਸੈਂਟਰਲ ਰੀਜ਼ਰਵ ਪੁਲਿਸ ਫ਼ੋਰਸ ਤੇ ਬੀ.ਐਸ.ਐਫ. ਨਹੀਂ ਸਨ ਕਰ ਸਕਦੇ ? ਫ਼ੌਜ ਦੀ ਵਰਤੋਂ ਜ਼ਰੂਰੀ ਕਿਉਂ ਹੋ ਗਈ ? ਇਸੇ ਗੱਲ ਨੇ ਕਿ ਫ਼ੌਜ ਨੂੰ ਗੋਲਡਨ ਟੈਂਪਲ ਭੇਜਿਆ ਗਿਆ, ਸਿੱਖਾਂ ਨੂੰ ਦੁੱਖ ਪੁਚਾਇਆ ਹੈ ?' ਮੈਂ ਕਾਰਵਾਈ ਤੋਂ ਦੋ ਹਫਤੇ ਪਿਛੋਂ ਦਿਆਲ ਨੂੰ ਪੁੱਛਿਆ, 'ਇਹ ਪੈਰਾ-ਮਿਲਿਟਰੀ ਕਾਰਜ ਨਹੀਂ ਸੀ, ਦਹਿਸ਼ਤਪਸੰਦ ਬਹੁਤ ਚੰਗੀ ਤਰ੍ਹਾਂ ਮੋਰਚਾਬੰਦ ਸਨ। ਟੈਂਪਲ ਵਿਚ ਹਰ ਸੰਭਵ ਸਥਾਨ ਨੂੰ ਹਥਿਆਰ ਵਰਤਣ ਦੇ ਸਾਧਨ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਇਹ ਕੰਮ ਬੱਸ ਫ਼ੌਜ ਹੀ ਕਰ ਸਕਦੀ ਸੀ।'

ਇਹੋ ਸਵਾਲ ਮੈਂ ਗਵਰਨਰ ਦੇ ਸਲਾਹਕਾਰ, ਸੁਰੇਂਦਰ ਨਾਥ ਨੂੰ ਪੁੱਛਿਆ, ਜਿਹੜਾ ਫ਼ੌਜ ਦੇ ਆਗਮਨ ਤੋਂ ਪਹਿਲਾਂ ਘਰੋਗੀ ਮਾਮਲਿਆਂ ਦਾ ਇੰਚਾਰਜ ਸੀ। ਉਹਦਾ ਉਤਰ ਸੀ, 'ਅਸਾਂ ਸੀ.ਆਰ.ਪੀ.ਐਫ. ਤੇ ਬੀ.ਐਸ.ਐਫ. ਬਾਰੇ ਸੋਚਿਆ ਸੀ, ਪਰ ਫੇਰ ਇਹ ਖ਼ਿਆਲ ਛੱਡ ਦਿੱਤਾ।' ਅਸਾਂ ਸਮਝ ਲਿਆ ਸੀ ਕਿ ਉਹ ਇਸ ਕੰਮ 'ਤੇ ਪੂਰੇ ਨਹੀਂ ਉਤਰ ਸਕਦੇ। ਮੇਰਾ ਖ਼ਿਆਲ ਹੈ ਕਿ ਸੀ.ਆਰ.ਪੀ.ਐਫ. ਨੇ ਫ਼ੌਜੀ ਕਾਰਵਾਈ ਤੋਂ ਪਹਿਲਾਂ, ਇਕ ਦਿਨ ਅਚਨਚੇਤ ਹਮਲਾ ਕਰ ਕੇ ਦਹਿਸ਼ਤਪਸੰਦਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਬਹੁਤ ਸਾਰੇ ਬੰਦੇ ਮਰਵਾ ਤੇ ਫੱਟੜ ਕਰਵਾ ਕੇ ਵਾਪਸ ਮੁੜ ਆਈ ਸੀ।

ਸਾਫ਼ ਹੈ ਕਿ ਇਹ ਕੰਮ ਬੱਸ ਫ਼ੌਜ ਹੀ ਕਰ ਸਕਦੀ ਸੀ, ਪਰ ਫ਼ੌਜ ਵਲੋਂ ਵਰਤੇ ਗਏ ਦਾਅ-ਪੇਚ ਚਿਰ ਤਕ ਵਿਵਾਦੀ ਬਣੇ ਰਹਿਣਗੇ। ਮੈਨੂੰ ਤਾਂ ਜਾਪਦਾ ਹੈ ਕਿ ਫ਼ੌਜ ਨੇ ਨਿਸ਼ਾਨੇ ਉਤੇ ਸਿੱਧਾ ਧਾਵਾ ਬੋਲਿਆ, ਸਟਰੈਟੇਜੀ ਜਿਹੜੀ ਦੂਜੀ ਸੰਸਾਰ ਜੰਗ ਵਿਚ ਪਾਪੂਲਰ ਸੀ ਅਤੇ ਆਧੁਨਿਕ ਤਕਨੀਕ ਨਾਲ ਸੰਬੰਧਤ ਕੋਈ ਵੀ ਸੂਖਮ ਵਿਧੀ ਨਹੀਂ ਵਰਤੀ, ਜਿਸ ਦੀ ਸੁੰਦਰਜੀ ਤੇ ਦਿਆਲ ਵਰਗੇ ਗੁਣਵਾਨ ਅਫ਼ਸਰਾਂ ਤੋਂ ਉਮੀਦ ਕੀਤੀ ਜਾ ਸਕਦੀ ਸੀ ਜਿਹੜੀ ਇਸ ਕਾਰਵਾਈ ਦੇ ਇੰਚਾਰਜ ਸਨ।

ਇਸ ਬਾਰੇ ਕੋਈ ਸ਼ੱਕ ਨਹੀਂ ਕਿ ਅਕਾਲ ਤਖ਼ਤ, ਜਿਥੇ ਭਿੰਡਰਾਂਵਾਲੇ ਤੇ ਕਈ ਹੋਰ ਅੱਤਵਾਦੀਆਂ ਨੇ ਪਨਾਹ ਲਈ ਹੋਈ ਸੀ, ਕਿਲ੍ਹਾਬੰਦ ਸਨ, ਪਰ ਟੈਂਕ ਜਾਂ 3.7 ਇੰਚ ਦੀ ਮਾਉਂਟੇਨ ਗੰਨ ਵਰਤਣਾ, ਜਿਵੇਂ ਕਿ ਫ਼ੌਜ ਨੇ ਕੀਤਾ, ਇੰਜ ਸੀ ਜਿਵੇਂ ਰਣਭੂਮੀ ਵਿਚ ਲੜਾਈ ਹੋ ਰਹੀ ਹੋਵੇ। 'ਚਾਰਜ ਆਫ਼ ਦਿ ਲਾਈਟ ਬਰਗੇਡ' ਵਰਗੀ ਕਾਰਵਾਈ ਤੋਂ ਬਿਨਾਂ ਕੋਈ ਕਾਰਵਾਈ ਵੱਖਰੀ ਤਰ੍ਹਾਂ ਦੀ ਨਹੀਂ ਸੀ ਹੋ ਸਕਦੀ ? ਕੀ 'ਸਟੰਨ' (Stun) ਗਰਨੇਡਾਂ ਦੀ ਵਰਤੋਂ ਨਾਲ ਚੰਗੇਰੇ ਸਿੱਟੇ ਪ੍ਰਾਪਤ ਨਹੀਂ ਸਨ ਕੀਤੇ ਜਾ ਸਕਦੇ ? ਗਰਨੇਡ ਜਿਨ੍ਹਾਂ ਦੀ ਵਰੋਤਂ ਇਜ਼ਰਾਈਲੀਆਂ ਨੇ ਕਾਰਗਰ ਤਰ੍ਹਾਂ ਕੀਤੀ ਹੈ ਤੇ ਜਿਹੜੇ ਬੰਦੇ ਦੀ ਕੁਝ ਚਿਰ ਲਈ ਹੋਸ਼ ਗੁਆ ਦਿੰਦੇ ਹਨ ?

ਅਕਾਲ ਤਖ਼ਤ ਕਈ ਕੰਧਾਂ ਵਿਚ ਘਿਰਿਆ ਹੋਇਆ ਸੀ। ਅਕਾਲ ਤਖ਼ਤ ਦੀ ਥਾਂ ਇਹਨਾਂ ਵਿਚੋਂ ਕੁਝ ਨੂੰ ਤਬਾਹ ਕੀਤਾ ਜਾ ਸਕਦਾ ਸੀ ਅਤੇ ਸ਼ੁਰੂ ਤੋਂ ਹੀ ਸਾਹਮਣੇ ਪਾਸਿਉਂ ਧਾਵੇ ਦੀ ਥਾਂ ਇਮਾਰਤ ਦੇ ਪਿਛਲੇ ਪਾਸਿਉਂ ਦਾਖ਼ਲ ਹੋਣ ਦਾ ਜਤਨ ਕੀਤਾ ਜਾ ਸਕਦਾ ਸੀ।

ਸਭ ਤੋਂ ਬਹੁਤੀ ਹੈਰਾਨੀ ਦੀ ਗੱਲ ਇਹ ਹੈ ਕਿ ਦਿਆਲ ਦੇ ਅਧੀਨ, ਜਿਹੜਾ ਆਪ ਇਕ ਕਮਾਂਡੋ ਹੈ, ਕਮਾਂਡੋਆਂ ਦੀ ਵਰਤੋਂ ਪਿਆਦਾ ਫ਼ੌਜ (ਇਨਫੈਂਟਰੀ) ਵਜੋਂ ਕੀਤੀ ਗਈ। ਇਹਨਾਂ ਨੇ ਹੀ ਸਭ ਤੋਂ ਪਹਿਲਾਂ ਧਾਵਾ ਬੋਲਿਆ। ਇਸ ਬਾਰੇ ਕੋਈ ਸ਼ੱਕ ਨਹੀਂ ਕਿ ਇਹ ਸੂਰਬੀਰਤਾ ਦਾ ਕੰਮ ਹੈ, ਪਰ ਇਸ ਤਰ੍ਹਾਂ ਦੇ ਰੋਲ ਵਿਚ ਫੁਰਤੀ ਤੇ ਅਚਾਨਕ ਹਮਲੇ ਬਾਰੇ ਹਾਸਲ ਕੀਤੀ ਗਈ ਉਹਨਾਂ ਦੀ ਸੂਖਮ ਸਿਖਲਾਈ ਦਾ ਕੋਈ ਲਾਭ ਨਹੀਂ ਸੀ ਪਹੁੰਚ ਸਕਣਾ। ਭਿੰਡਰਾਂਵਾਲੇ ਦੇ ਗੜ੍ਹ ਵਿਚ ਘੁਸਪੈਠ ਦਾ ਕੋਈ

ਜਤਨ ਨਹੀਂ ਕੀਤਾ ਗਿਆ, ਭਾਵੇਂ ਉਹ ਹਰ ਰੋਜ਼ ਹੀ ਯਾਤਰੂਆਂ ਨੂੰ ਮਿਲਿਆ ਕਰਦਾ ਸੀ।

ਤੇ ਉਹਨਾਂ ਦਾਅ-ਪੇਚਾਂ ਬਾਰੇ ਜੋ ਅੱਤਵਾਦੀਆਂ ਨੇ ਵਰਤਣੇ ਸਨ, ਕੋਈ ਗੰਭੀਰ ਅਧਿਆਨ ਕੀਤਾ ਗਿਆ ਨਹੀਂ ਜਾਪਦਾ ਜਦ ਕਿ ਗੱਖਿਆ ਮੰਤਰਾਲੇ ਕੋਲ ਸ਼ਾਹਬੇਗ ਸਿੰਘ ਬਾਰੇ ਗੁਪਤ ਫਾਈਲ ਸੀ। ਦੂਜੇ ਅਫ਼ਸਰਾਂ ਦੀ ਸਹਾਇਤਾ ਨਾਲ ਜਿਹੜੇ ਉਹਦੇ ਨਾਲ, ਜਦੋਂ ਉਹ ਫ਼ੌਜ ਵਿਚ ਸੀ, ਕੰਮ ਕਰ ਚੁਕੇ ਸਨ, ਉਹਦੀ ਸਟਰੈਟੇਜੀ (ਯੁੱਧ-ਚਾਲਾਂ) ਨੂੰ ਅਗਾਊਂ ਸਮਝਿਆ ਜਾ ਸਕਦਾ ਸੀ।

ਮੈਂ ਇਹ ਸਵਾਲ ਇਸ ਕਰ ਕੇ ਨਹੀਂ ਉਠਾ ਰਿਹਾ ਕਿ ਮੈਂ ਅੱਤਵਾਦੀਆਂ ਦੇ ਵਿਰੁਧ ਕਦਮ ਚੁਕਣ ਦੇ ਖ਼ਿਲਾਫ਼ ਹਾਂ ਜਿਨ੍ਹਾਂ ਨੇ ਨਿਰਦੋਸ਼ ਲੋਕਾਂ ਨੂੰ ਕਤਲ ਕੀਤਾ ਤੇ ਗੁਰਦੁਆਰਿਆਂ ਦੀ ਅਯੋਗ ਵਰਤੋਂ ਕੀਤੀ, ਸਗੋਂ ਇਸ ਕਰ ਕੇ ਉਠਾ ਰਿਹਾ ਹਾਂ, ਕਿਉਂਜੁ ਮੇਰਾ ਖ਼ਿਆਲ ਹੈ ਕਿ ਫ਼ੌਜ ਦਹਿਸ਼ਤਪਸੰਦਾਂ ਨੂੰ ਬਾਹਰ ਕੱਢਣ ਲਈ ਵਧੇਰੇ ਸੂਖਮ ਢੰਗਾਂ ਦੀ ਵਰਤੋਂ ਕਰ ਸਕਦੀ ਸੀ। ਸਿੱਖਾਂ ਨੂੰ ਭਿੰਡਰਾਂਵਾਲੇ ਦੀ ਮੌਤ ਦਾ ਓਡਾ ਦੁੱਖ ਨਹੀਂ ਜੇਡਾ ਅਕਾਲ ਤਖ਼ਤ ਦੀ ਤਬਾਹੀ ਦਾ ਹੈ। ਮੈਂ ਸਮਝਦਾ ਹਾਂ ਕਿ ਇਹ ਕਾਰਵਾਈ ਸਿਖਰਲੀ ਪੱਧਰ ਦੇ ਫ਼ੌਜੀ ਅਧਿਕਾਰੀਆਂ ਦੀ ਅਸਫਲਤਾ ਦਾ ਪਰਤੋ ਹੈ ਜਿਨ੍ਹਾਂ ਨੇ ਇਹਨੂੰ ਵਿਉਂਤਿਆ ਸੀ, ਜੂਨੀਅਰ ਅਫ਼ਸਰਾਂ ਦੀ ਅਸਫਲਤਾ ਦਾ ਨਹੀਂ ਜਿਨ੍ਹਾਂ ਨੇ ਇਸ ਕਾਰਵਾਈ ਨੂੰ ਕਮਾਲ ਸੂਰਮਗਤੀ ਨਾਲ ਸਿਰੇ ਚੜ੍ਹਾਇਆ।

ਤੇ ਜਿਵੇਂ ਕਿ ਕਈਆਂ ਨੇ ਕਿਹਾ ਹੈ, ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਗੋਲਡਨ ਟੈਂਪਲ ਦੀ ਨਾਕਾਬੰਦੀ ਕਰ ਕੇ ਮਨੋਰਥ-ਪ੍ਰਾਪਤੀ ਦਾ ਜਤਨ ਕੀਤਾ ਜਾਣਾ ਚਾਹੀਦਾ ਸੀ। ਇਸ ਵਿਚ ਤਾਂ ਮਹੀਨਾ ਜਾਂ ਇਸ ਤੋਂ ਵੀ ਵੱਧ ਸਮਾਂ ਲੱਗ ਜਾਣਾ ਸੀ। ਤੇ ਇਚਿਰ ਭਿੰਡਰਾਂਵਾਲੇ ਦੇ ਆਦਮੀਆਂ ਨੇ ਸਿੱਖ ਜਨਤਾ ਨੂੰ ਉਭਾਰ ਦੇਣਾ ਸੀ ਅਤੇ ਹਜ਼ਾਰ-ਹਾ ਨੇ ਇਹ ਨਾਕਾਬੰਦੀ ਉਠਵਾਉਣ ਲਈ ਗੋਲਡਨ ਟੈਂਪਲ ਵੱਲ ਚਾਲੇ ਪਾ ਦੇਣੇ ਸਨ ਜਿਵੇਂ ਇਹਨਾਂ ਨੇ 5 ਤੇ 6 ਜੂਨ ਨੂੰ ਕੀਤਾ। ਨਾਲੇ ਦਹਿਸ਼ਤਪਸੰਦਾਂ ਨੇ ਖਾਧ-ਖ਼ੁਰਾਕ ਦੇ ਭੰਡਾਰ ਜੋੜ ਲੀਤੇ ਹੋਏ ਸਨ। ਆਟੇ ਦੀਆਂ ਇਕ ਲੱਖ ਬੋਰੀਆਂ ਫ਼ੌਜ ਦੇ ਹੱਥ ਆਈਆਂ। ਲੰਮੇ ਦੇਰ ਤੱਕ ਫ਼ੌਜੀਆਂ ਅਤੇ ਸਿਵਲੀਅਨ ਲੋਕਾਂ ਵਿਚਕਾਰ ਟਕਰਾਉ ਤਬਾਹਕਰੂ ਹੋ ਸਕਦਾ ਸੀ।

ਪਰ ਸ਼ਾਇਦ ਬਿਹਤਰ ਤਿਆਰੀਆਂ ਸਦਕਾ ਮਰਨ-ਫੱਟੜ ਹੋਣ ਵਾਲਿਆਂ ਦੀ ਗਿਣਤੀ ਚੌਖੀ ਘਟਾਈ ਜਾ ਸਕਦੀ ਸੀ। ਫ਼ੌਜ ਨੂੰ ਟੈਂਪਲ ਦੇ ਅੰਦਰਲੀਆਂ ਹਾਲਤਾਂ ਬਾਰੇ ਅਗਾਊਂ ਨਾ-ਹੋਣ ਬਰਾਬਰ ਜਾਣਕਾਰੀ ਪ੍ਰਾਪਤ ਸੀ। ਗੋਲਡਨ ਟੈਂਪਲ ਦੀਆਂ ਵਿਸਥਾਰ-ਪੂਰਬਕ ਫ਼ੋਟੋਆਂ ਖਿੱਚਣ ਲਈ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਜਾ ਸਕਦੀ ਸੀ ਤੇ ਹੁਣ ਤਾਂ ਸਾਡੇ ਕੋਲ ਰਾਤੀਂ ਤਸਵੀਰਾਂ ਲੈਣ ਦੇ ਵੀ ਸਾਧਨ ਮੌਜੂਦ ਹਨ। ਮੈਨੂੰ ਯਾਦ ਹੈ ਕਿ 1982 ਵਿਚ ਦਿੱਲੀ ਲਾਗੇ, ਤਿਲਪਟ ਵਿਖੇ ਇੰਡੀਅਨ ਏਅਰ ਫੋਰਸ ਨੇ ਇਸ ਤਰ੍ਹਾਂ ਦੀਆਂ ਮਸ਼ਕਾਂ ਕੀਤੀਆਂ ਸਨ। ਜਾਗੂਆਰ ਦੁਆਰਾ ਫ਼ੋਟੋਆਂ ਖਿੱਚ ਕੇ ਵੀਹ ਮਿੰਟ ਪਿਛੋਂ ਸ਼੍ਰੀਮਤੀ ਗਾਂਧੀ ਨੂੰ ਪੇਸ਼ ਕਰ ਦਿੱਤੀਆਂ ਗਈਆਂ ਸਨ। ਕੀ ਫ਼ੌਜੀ ਕਾਰਵਾਈ ਵਿਉਂਤਣ ਤੋਂ ਪਹਿਲਾਂ ਮੁਫ਼ ਹਵਾਈ ਜਹਾਜ਼ਾਂ ਰਾਹੀਂ ਤਸਵੀਰਾਂ ਪ੍ਰਾਪਤ ਨਹੀਂ ਸੀ ਕੀਤੀਆਂ ਜਾ ਸਕਦੀਆਂ ਤੇ ਮਾਹਿਰਾਂ ਰਾਹੀਂ ਇਹਨਾਂ ਦਾ ਵਿਸ਼ਲੇਸ਼ਣ ਨਹੀਂ ਸੀ ਕਰਵਾਇਆ ਜਾ ਸਕਦਾ ?

ਫ਼ੌਜ ਨੂੰ ਖ਼ੁਦ ਉਸ ਢੰਗ ਬਾਰੇ ਸੋਚਣਾ ਚਾਹੀਦਾ ਹੈ, ਜਿਸ ਨਾਲ ਉਹਨੇ ਗੋਲਡਨ ਟੈਂਪਲ ਵਿਚ ਅੱਤਵਾਦੀਆਂ ਨਾਲ ਨਜਿਠਿਆ। ਇਹ ਮੈਂ ਇਸ ਕਰ ਕੇ ਜ਼ੋਰ ਨਾਲ ਆਖ ਰਿਹਾ ਹਾਂ, ਕਿਉਂਜੁ ਦੁਨੀਆਂ ਭਰ ਵਿਚ ਅਜਿਹੇ ਸਪੈਸ਼ਲ ਯੂਨਿਟ ਖੜੇ ਕੀਤੇ ਤੇ ਟਰੇਂਡ ਕੀਤੇ ਜਾ ਰਹੇ ਹਨ ਜਿਨ੍ਹਾਂ ਦੀ

ਵਰਤੋਂ ਉਸ ਕਿਸਮ ਦੀਆਂ ਸਥਿਤੀਆਂ ਵਿਚ ਹੁੰਦੀ ਹੈ ਜਿਸ ਤਰ੍ਹਾਂ ਦੀ ਗੋਲਡਨ ਟੈਂਪਲ ਵਿਚ ਸੀ। ਜ਼ਰਾ ਸੋਚੋ ਖਾਂ, ਜੇ ਕੋਈ ਦਹਿਸ਼ਤਪਸੰਦ ਗਰੋਹ ਨਵੀਂ ਦਿੱਲੀ ਵਿਖੇ ਸਕੱਤਰੇਤ ਵਿਚ ਸਾਊਥ ਬਲਾਕ ਉਪਰ ਕਬਜ਼ਾ ਕਰ ਲਵੇ ਤਾਂ ਉਹਨਾਂ ਨੂੰ ਉਥੋਂ ਬਾਹਰ ਕੱਢਣ ਲਈ ਕੀ ਭਾਰੀ ਤੋਪਾਂ ਨਾਲ ਇਸ ਇਮਾਰਤ ਨੂੰ ਹੀ ਢਾ-ਢੇਰੀ ਕੀਤਾ ਜਾਵੇਗਾ ?

ਗੋਲਡਨ ਟੈਂਪਲ ਵਿਚ ਵੱਖ-ਵੱਖ ਤਰ੍ਹਾਂ ਦੇ ਹਥਿਆਰਾਂ ਦੇ ਢੇਰ ਲੱਗੇ ਹੋਏ ਸਨ, ਪਰ ਇਹ ਆਖਣਾ ਕਿ ਇਹ ਸੂਖਮ ਕਿਸਮ ਦੇ ਸਨ, ਠੀਕ ਨਹੀਂ, ਵ੍ਹਾਈਟ ਪੇਪਰ ਅਨੁਸਾਰ ਜੋ ਹਥਿਆਰ ਮਿਲੇ ਉਹਨਾਂ ਵਿਚ 41 ਲਾਈਟ ਮਸ਼ੀਨਗੰਨਾਂ, 57 ਸਟੇਨਗੰਨਾਂ, 303 ਰਫ਼ਲਾਂ, 377, 7.62 ਐਮ.ਐਮ. ਦੀਆਂ ਸੈਲਫ ਲੋਡਿੰਗ ਰਫ਼ਲਾਂ, 83: 12 ਬੋਰ ਦੀਆਂ ਗੰਨਾਂ 88, 7.61 ਐਮ.ਐਮ. ਦੀਆਂ ਚੀਨੀ ਰਫ਼ਲਾਂ 52, ਅਸਾਰਟਡ ਰਫ਼ਲਾਂ 71, ਰੀਵਾਲਵਰ (ਸਭ ਕਿਸਮ ਦੇ) 49, ਪਸਤੌਲ (ਸਭ ਕਿਸਮ ਦੇ) 33, ਦੇਹਾਤਾਂ ਵਿਚ ਬਣੇ ਪਸਤੌਲ 12 ਬੋਰ ਦੇ 61, ਆਰ.ਜੀ.ਪੀ. (ਐਂਟੀ-ਟੈਂਕ ਸ਼ਸ਼ਤਰ) 2, 2 ਇੰਚੀ ਸੁਰੰਗਾਂ 128 ਅਤੇ ਬਹੁਤ ਸਾਰਾ ਐਮੂਨਿਸ਼ਨ ਤੇ ਵਿਸਫੋਟਕ। ਸਿਵਾਇ 2 ਆਰ.ਜੀ.ਪੀ. ਦੇ ਕਿਸੇ ਹੋਰ ਹਥਿਆਰ ਨੂੰ 'ਸੂਖਮ' ਵਰਗ ਵਿਚ ਨਹੀਂ ਗੱਖਿਆ ਜਾ ਸਕਦਾ।

ਰਾਸ਼ਟਰਪਤੀ ਜ਼ੈਲ ਸਿੰਘ ਨੂੰ 8 ਜੂਨ ਨੂੰ ਗੋਲਡਨ ਟੈਂਪਲ ਦੀ ਫੇਰੀ ਸਮੇਂ ਇਹ ਹਥਿਆਰ ਵਿਖਾਏ ਗਏ। ਕੁਝ ਲੋੜੋਂ-ਵੱਧ ਉਤਸ਼ਾਹੀ ਅਧਿਕਾਰੀਆਂ ਨੇ ਇਹਨਾਂ ਵਿਚ ਕਿਰਪਾਨਾਂ ਵੀ ਰੱਖ ਦਿੱਤੀਆਂ। ਜਦੋਂ ਜ਼ੈਲ ਸਿੰਘ ਨੇ ਦੱਸਿਆ ਕਿ ਸਿੱਖਾਂ ਲਈ ਕਿਰਪਾਨ ਰੱਖਣਾ ਗੈਰ-ਕਾਨੂੰਨੀ ਨਹੀਂ ਤਾਂ ਇਹਨਾਂ ਨੂੰ ਉਥੋਂ ਹਟਾ ਦਿੱਤਾ ਗਿਆ।

ਕਿਉਂਜੁ ਏਅਰ ਫ਼ੋਰਸ ਦਾ ਕੋਈ ਜਹਾਜ਼ 'ਤਿਆਰ-ਬਰ-ਤਿਆਰ' ਨਹੀਂ ਸੀ, ਸੋ ਰਾਸ਼ਟਰਪਤੀ ਨੂੰ ਇੰਡੀਅਨ ਏਅਰਲਾਈਨਜ਼ ਦੀ ਸਪੈਸ਼ਲ ਫਲਾਈਟ ਦੁਆਰਾ ਅੰਮ੍ਰਿਤਸਰ ਜਾਣਾ ਪਿਆ। ਸ਼੍ਰੀਮਤੀ ਗਾਂਧੀ ਨੇ ਆਪਣੇ ਵਫਾਦਾਰ ਸਪੈਸ਼ਲ ਅਸਿਸਟੈਂਟ ਆਰ.ਕੇ. ਧਵਨ ਨੂੰ ਰਾਸ਼ਟਰਪਤੀ ਦੇ ਨਾਲ ਭੇਜਿਆ, ਜਿਹੜਾ ਪ੍ਰਾਪਤ ਖ਼ਬਰਾਂ ਤੋਂ ਪ੍ਰਤੱਖ ਤੇ ਪਰੇਸ਼ਾਨ ਦਿੱਸਦਾ ਸੀ ਤੇ ਰਾਸ਼ਟਰਪਤੀ ਨੇ ਜਦੋਂ ਤਬਾਹੀ ਦਾ ਆਕਾਰ ਵੇਖਿਆ ਤਾਂ ਰੋ ਪਿਆ।

ਢੱਠੇ ਹੋਏ ਇਕ ਬੁਰਜ ਵਿਚ ਛੁਪੇ ਕਿਸੇ ਦਹਿਸ਼ਤਪਸੰਦ ਨੇ ਰਾਸ਼ਟਰਪਤੀ 'ਤੇ ਗੋਲੀ ਚਲਾਈ, ਇਹ ਗੋਲੀ ਰਾਸ਼ਟਰਪਤੀ ਤੋਂ ਤਿੰਨ ਫੁਟ ਦੂਰ ਖੜੇ ਇਕ ਕਰਨਲ ਨੂੰ ਵੱਜੀ। ਇਹ ਦੁਰਘਟਨਾ ਜਿਥੇ ਦੱਸਦੀ ਹੈ ਕਿ ਦਹਿਸ਼ਤਪਸੰਦੀ ਦਾ ਖ਼ਾਤਮਾ ਨਹੀਂ ਸੀ ਹੋਇਆ, ਉਥੇ ਇਹ ਜ਼ੈਲ ਸਿੰਘ ਵਿਰੁਧ ਦਹਿਸ਼ਤਪਸੰਦਾਂ ਦੇ ਗ਼ੁੱਸੇ ਨੂੰ ਵੀ ਪ੍ਰਗਟਾਉਂਦੀ ਹੈ।

ਰਾਸ਼ਟਰਪਤੀ ਨੇ ਸਰੋਵਰ ਵਿਚ ਲੋਥਾਂ ਤੈਰਦੀਆਂ ਤੱਕੀਆਂ ਤੇ ਪਰਕਰਮਾ ਉੱਪਰ, ਇਹਨੂੰ ਭਾਵੇਂ ਉਹਦੇ ਆਉਣ ਤੋਂ ਪਹਿਲਾਂ ਧੋ ਦਿੱਤਾ ਗਿਆ ਸੀ, ਲਹੂ ਦੇ ਨਿਸ਼ਾਨ ਵੀ ਵੇਖੇ। ਉਹ ਤੋਸ਼ਾਖ਼ਾਨਾ ਵੇਖਣ ਗਿਆ ਤੇ ਉਥੇ ਉਸ ਚਾਂਦਨੀ ਦੇ ਸੜੇ ਹੋਏ ਹਿੱਸੇ ਵੇਖੇ, ਜਿਸ ਦੀ ਕੀਮਤ ਕਈ ਕਰੋੜ ਸੀ। ਇਹ ਚਾਂਦਨੀ ਨਿਜ਼ਾਮ ਹੈਦਰਾਬਾਦ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤੀ ਸੀ ਜੀਹਨੇ ਇਹ ਗੋਲਡਨ ਟੈਂਪਲ ਨੂੰ ਪ੍ਰੇਮ ਭੇਟ ਕਰ ਦਿੱਤੀ ਸੀ, ਜ਼ੈਲ ਸਿੰਘ ਨੇ ਇਸ ਵੱਲ ਧਿਆਨ ਦਿੱਤਾ ਕਿ ਇਸ ਚਾਂਦਨੀ ਵਿਚ ਬੀੜੇ ਹੋਏ ਸੈਂਕੜੇ ਮੋਤੀਆਂ ਵਿਚੋਂ ਬਹੁਤੇ ਅਲੋਪ ਹਨ, ਬੱਸ ਥੋੜੇ ਜਿਹੇ ਇਕ ਰੁਮਾਲ ਵਿਚ ਬੰਨ੍ਹੇ ਪਏ ਸਨ।

ਰਾਸ਼ਟਰਪਤੀ ਨੂੰ ਇਹ ਵੇਖ ਕੇ ਬਹੁਤ ਹੈਰਾਨੀ ਹੋਈ ਕਿ ਦਹਿਸ਼ਤਪਸੰਦ ਏਡੀ [illegible]ਣਤੀ ਵਿਚ ਹਥਿਆਰ ਗੋਲਡਨ ਟੈਂਪਲ ਅੰਦਰ ਲਿਆ ਸਕੇ ਹਨ ਤੇ ਅਧਿਕਾਰੀਆਂ ਨੂੰ ਇਹਦਾ ਇਲਮ ਤੱਕ

ਨਹੀਂ, ਉਸ ਸਮੇਂ ਦੇ ਗਵਰਨਰ, ਪਾਂਡੇ ਵੱਲ ਉਹਦਾ ਵਤੀਰਾ ਖ਼ਾਸ ਤੌਰ 'ਤੇ ਸਖ਼ਤ ਸੀ ਜਿਹੜਾ ਗੋਲਡਨ ਟੈਂਪਲ ਵਿਚ ਰਾਸ਼ਟਰਪਤੀ ਨਾਲ ਗਿਆ ਸੀ। ਪਾਂਡੇ ਨੇ ਕਿਹਾ ਕਿ ਖ਼ੁਦ ਉਹਨੂੰ ਇਹਦਾ ਇਲਮ ਨਹੀਂ ਸੀ ਕਿ ਏਡੀ ਮਿਕਦਾਰ ਵਿਚ ਹਥਿਆਰ ਅੰਦਰ ਸਮਗਲ ਕੀਤੇ ਗਏ ਸਨ। ਇਸ ਫੇਰੀ ਤੋਂ ਕੁਝ ਦਿਨ ਪਿਛੋਂ ਜ਼ੈਲ ਸਿੰਘ ਨੇ ਕਿਹਾ ਕਿ 'ਗੋਲਡਨ ਟੈਂਪਲ ਦੀ ਅਯੋਗ ਵਰਤੋਂ ਨੇ ਸਭਨਾਂ ਸਹੀ ਸੋਚਣ ਵਾਲੇ ਲੋਕਾਂ ਨੂੰ ਧੱਕਾ ਪੁਚਾਇਆ ਹੈ।' ਪਰ ਉਹਨਾਂ ਨੇ ਅਜਿਹਾ ਵਾਪਰ ਦੇਣ ਲਈ ਅਧਿਕਾਰੀਆਂ ਨੂੰ ਵੀ ਨਹੀਂ ਬਖ਼ਸ਼ਿਆ।

ਨਵੀਂ ਦਿੱਲੀ ਵਾਪਸੀ 'ਤੇ ਜ਼ੈਲ ਸਿੰਘ ਨੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ ਅਤੇ ਸਭ ਪਬਲਿਕ ਸਮਾਗਮਾਂ ਵਿਚ ਸ਼ਾਮਿਲ ਹੋਣ ਦੇ ਪ੍ਰੋਗਰਾਮ ਮਨਸੂਖ ਕਰ ਦਿੱਤੇ ਜਿਨ੍ਹਾਂ ਵਿਚ ਨੈਸ਼ਨਲ ਫ਼ਿਲਮ ਅਵਾਰਡਜ਼ ਦਾ ਸਮਾਗਮ ਵੀ ਸ਼ਾਮਿਲ ਸੀ, ਭਾਵੇਂ ਸ਼੍ਰੀਮਤੀ ਗਾਂਧੀ ਨੇ ਇਸ ਵਿਚ ਸ਼ਾਮਿਲ ਹੋਣ ਉਤੇ ਜ਼ੋਰ ਦਿੱਤਾ ਸੀ। ਅਸਤੀਫ਼ਾ ਦੇਣ ਲਈ ਉਹਦੇ 'ਤੇ ਬਹੁਤ ਦਬਾਉ ਪੈ ਰਿਹਾ ਸੀ। ਕੁਝ ਘੰਟੇ ਉਹ ਦੁਚਿਤੀ ਵਿਚ ਰਿਹਾ, ਪਰ ਫੇਰ ਉਹਨੇ ਖੁਲ੍ਹਮ-ਖੁਲ੍ਹਾ ਬਾਹਰ ਆਉਣ ਦਾ ਅਤੇ ਦਹਿਸ਼ਤਪਸੰਦਾਂ ਦੀ ਤੇ ਉਹਨਾਂ ਨੇ ਜੋ ਕੁਝ ਕੀਤਾ ਉਸ ਦੀ ਨਿਖੇਧੀ ਕਰਨ ਦਾ ਫ਼ੈਸਲਾ ਕੀਤਾ।

ਸ਼੍ਰੀਮਤੀ ਗਾਂਧੀ ਰਾਸ਼ਟਰਪਤੀ ਵਲੋਂ ਬਰਾਡਕਾਸ਼ਟ ਕੀਤੀ ਜਾਣ ਵਾਲੀ ਤਕਰੀਰ ਦੇ ਪਾਠ ਵਿਚ ਕੁਝ ਤਬਦੀਲੀਆਂ ਕਰਨਾ ਚਾਹੁੰਦੀ ਸੀ, ਇਸ ਵਿਚ ਸ਼ਾਸਨ ਤੇ ਬਹੁਤ ਨੁਕਤਾਚੀਨੀ ਕੀਤੀ ਗਈ ਸੀ।* ਉਹਨੇ ਹੋਮ ਸੈਕਰੇਟਰੀ ਨੂੰ ਸਰਕਾਰ ਵਲੋਂ ਰਾਸ਼ਟਰਪਤੀ ਕੋਲ ਭੇਜਿਆ, ਪਰ ਰਾਸ਼ਟਰਪਤੀ ਨੇ ਕੋਈ ਵੀ ਤਬਦੀਲੀ ਕਰਨੋਂ ਇਨਕਾਰ ਕੀਤਾ। ਪਾਂਡੇ ਦੀ ਨਿਖੇਧੀ ਬਿਲਕੁਲ ਖੁਲ੍ਹਮ-ਖੁੱਲ੍ਹਾ ਹੋਈ। ਜਦੋਂ ਪਾਂਡੇ ਅਸਤੀਫ਼ਾ ਦੇਣ ਪਿਛੋਂ ਰਾਸ਼ਟਰਪਤੀ ਨੂੰ ਮਿਲਿਆ ਤਾਂ ਉਹਨੇ ਦੱਸਿਆ ਕਿ ਉਹਦਾ ਕੋਈ ਦੋਸ਼ ਨਹੀਂ ਇਹ ਸੈਂਟਰ ਹੀ ਸੀ ਜੀਹਨੇ ਉਹਨੂੰ ਕੁਝ ਵੀ ਕਰਨ ਨਹੀਂ ਸੀ ਦਿੱਤਾ।

ਇਚਿਰ, ਰਾਜ ਭਰ ਵਿਚ ਆਰਮੀ ਦਹਿਸ਼ਤਪਸੰਦਾਂ ਨੂੰ ਲੱਭਣ ਤੇ ਫੜਨ ਵਿਚ ਲੱਗੀ ਰਹੀ। ਲਗਭਗ 5000 ਸਿੱਖਾਂ ਨੂੰ ਸ਼ੱਕ ਵਿਚ ਗ੍ਰਿਫ਼ਤਾਰ ਕੀਤਾ ਗਿਆ, ਫ਼ੌਜੀ ਪਿੰਡ-ਪਿੰਡ ਗਏ ਅਤੇ ਹਥਿਆਰਾਂ ਤੇ ਦਹਿਸ਼ਤਪਸੰਦਾਂ ਨੂੰ ਲੱਭਣ ਲਈ ਤਲਾਸ਼ੀਆਂ ਲਈਆਂ। ਦਿਆਲ ਨੇ ਇਸ ਤੋਂ ਇਨਕਾਰ ਕੀਤਾ ਕਿ ਸਿੱਖਾਂ ਤੇ ਹਿੰਦੂਆਂ ਵਿਚਕਾਰ ਕੋਈ ਵਿਤਕਰਾ ਕੀਤਾ ਗਿਆ, ਪਰ ਇਸ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ ਜਦੋਂ ਪਿੰਡਾਂ ਵਿਚ ਸਿਰਫ਼ ਸਿੱਖਾਂ ਦੇ ਘਰਾਂ ਦੀ ਹੀ ਤਲਾਸ਼ੀ ਲਈ ਗਈ। ਖ਼ੈਰ, ਦਿਆਲ ਨੇ ਅੱਗੇ ਚੱਲ ਕੇ ਨਿਸਚਿਤ ਹਿਦਾਇਤਾਂ ਜਾਰੀ ਕੀਤੀਆਂ ਕਿ ਦੋਹਾਂ ਕਮਿਊਨਿਟੀਆਂ ਵਿਚਕਾਰ ਕੋਈ ਵਿਤਕਰਾ ਨਾ ਵਰਤਿਆ ਜਾਵੇ।

ਦਹਿਸ਼ਤਪਸੰਦਾਂ ਨੂੰ ਛਾਂਟਣ ਅਰਥਾਤ ਭਾਲ ਕੱਢਣ ਦੀ ਕਾਰਵਾਈ ਫ਼ੌਜ ਲਈ ਬੇਸਵਾਦਾ ਕਾਰਜ ਸੀ, ਪਰ ਅਜਿਹਾ ਕਾਰਜ ਜਿਹੜਾ ਕਰਨਾ ਹੀ ਪੈਣਾ ਸੀ, ਕਿਉਂਜੁ ਅਜੇ ਵੀ ਬਹੁਤ ਸਾਰੇ ਦਹਿਸ਼ਤਪਸੰਦ ਰਾਜ ਵਿਚ ਫਿਰਦੇ ਸਨ। ਇਕੋ-ਇਕ ਤਸੱਲੀ ਇਹ ਸੀ ਕਿ ਪੱਕੇ ਦਹਿਸ਼ਤਪਸੰਦ ਗੋਲਡਨ ਟੈਂਪਲ ਵਿਚ ਮਾਰੇ ਗਏ ਜਾਂ ਫੜੇ ਗਏ। ਨਾਲੇ, ਉਹ ਆਦਮੀ ਜੀਹਦੇ ਹੱਥਾਂ ਵਿਚ ਕੁਝ ਸਮੇਂ ਲਈ ਇਹਦਾ ਫ਼ੈਸਲਾ ਕਰਨ ਦੀ ਸੱਤਾ ਮੌਜੂਦ ਦਿੱਸਦੀ ਸੀ ਕਿ ਪੰਜਾਬ ਵਿਚ ਤੇ ਇਸ ਤੋਂ ਬਾਹਰ ਵੀ, ਕਿਹੜਾ ਜੀਵੇ ਤੇ ਕਿਹੜਾ ਮਰੇ, ਆਪ ਹੀ ਮਰ ਗਿਆ ਸੀ।

---

* *ਜਦੋਂ ਪੀ.ਸੀ. ਸੇਠੀ ਗ੍ਰਹਿ ਮੰਤਰੀ ਸੀ, ਪ੍ਰਧਾਨ ਮੰਤਰੀ ਨੇ ਉਹਨੂੰ ਹਿਦਾਇਤ ਦਿੱਤੀ ਹੋਈ ਸੀ ਕਿ ਪੰਜਾਬ ਬਾਰੇ ਕੋਈ ਕਦਮ ਪੁੱਟਣ ਤੋਂ ਪਹਿਲਾਂ ਰਾਸ਼ਟਰਪਤੀ ਨਾਲ ਸਲਾਹ-ਮਸ਼ਵਰਾ ਕਰੇ।*

ਚੌਥਾ ਅਧਿਆਇ

ਫੱਟਾਂ 'ਤੇ ਮਲ੍ਹਮ

ਚੰਗੇ ਆਗੂ ਦੀ ਪਹਿਲੀ ਮੁੱਢਲੀ ਲੋੜ ਘਟਨਾਵਾਂ ਨੂੰ ਅਗਾਊਂ ਵੇਖ ਸਕਣ ਦੀ ਯੋਗਤਾ ਹੁੰਦੀ ਹੈ, ਘਟਨਾਵਾਂ ਉਹਨੂੰ ਪਿਛਾਂਹ ਛੱਡ ਕੇ ਅਗਾਂਹ ਨਹੀਂ ਲੰਘ ਜਾਂਦੀਆਂ। ਉਹਦਾ ਦੂਜਾ ਗੁਣ ਇਹ ਹੁੰਦਾ ਹੈ ਕਿ ਉਹ ਸੰਬੰਧਤ ਕਰਮ ਦੇ ਨਤੀਜਿਆਂ ਨੂੰ ਵੀ ਅਗਾਊਂ ਵੇਖ ਸਕਦਾ ਹੈ ਅਤੇ ਇਹ ਕਰਮ ਤਦ ਹੀ ਕਰਦਾ ਹੈ ਜਦੋਂ ਹੋਰ ਕੋਈ ਬਦਲ ਉਹਦੇ ਸਾਹਮਣੇ ਹੋਣ ਹੀ ਨਾ। ਇਹਨਾਂ ਦੋ ਗੱਲਾਂ ਨੂੰ ਮੁੱਖ ਰੱਖੀਏ ਤਾਂ ਨਾ ਹੀ ਅਕਾਲੀ ਲੀਡਰ ਤੇ ਨਾ ਹੀ ਸ਼੍ਰੀਮਤੀ ਗਾਂਧੀ ਤੇ ਉਹਦੇ ਸਲਾਹਕਾਰ ਮਿਆਰ 'ਤੇ ਪੂਰੇ ਉਤਰਦੇ ਹਨ।

ਅਸੀਂ ਅਕਾਲੀਆਂ ਤੇ ਸਰਕਾਰ ਵਿਚਕਾਰ ਹੋਈਆਂ ਗੱਲਾਂਬਾਤਾਂ ਦਾ ਜ਼ਿਕਰ ਕਾਫ਼ੀ ਵੇਰਵੇ ਵਿਚ ਕਰ ਆਏ ਹਾਂ ਅਤੇ ਦੱਸ ਚੁੱਕੇ ਹਾਂ ਕਿ ਝਗੜੇ ਦੇ ਕਰੀਬ-ਕਰੀਬ ਸਭਨਾਂ ਨੁਕਤਿਆਂ ਉਤੇ ਨਿਰਣਾ ਹੋ ਚੁਕਿਆ ਹੋਇਆ ਸੀ ਕਿ ਅਕਾਲੀ ਜਾਂ ਸਰਕਾਰ ਕੀਤੇ ਇਕਰਾਰਾਂ ਤੋਂ ਪਿਛਾਂਹ ਹਟ ਗਏ ਅਤੇ ਰਾਜ ਤੇ ਦੇਸ਼ ਨੂੰ ਖੱਡ ਦੇ ਕੰਢੇ ਉਤੇ ਲੈ ਗਏ। ਆਖ਼ਰੀ ਗ਼ਲਤੀ ਸੈਂਟਰਲ ਗੌਰਮਿੰਟ ਵਲੋਂ ਹੋਈ ਜਦੋਂ ਉਹਨੇ ਟੈਂਕਾਂ, ਬਕਤਰਬੰਦ ਗੱਡੀਆਂ (ਆਰਮਰਡ ਪਰਸਾਨਲ ਕੈਰੀਅਰਜ਼) ਮਾਊਂਟੇਨ ਗੰਨਾਂ ਤੇ ਹੋਰ ਹਥਿਆਰਾਂ ਨਾਲ ਲੈਸ ਫ਼ੌਜ ਨੂੰ ਭਿੰਡਰਾਂਵਾਲੇ ਤੇ ਉਹਦੇ ਆਦਮੀਆਂ ਨੂੰ ਬਾਹਰ ਕੱਢਣ ਲਈ ਭੇਜਣ ਦਾ ਫ਼ੈਸਲਾ ਕੀਤਾ, ਜਿਨ੍ਹਾਂ ਦੀ ਗਿਣਤੀ 350 ਤੋਂ ਵੱਧ ਨਹੀਂ ਸੀ ਤੇ ਜਿਹੜੇ ਕੁਝ ਲਾਈਟ ਮਸ਼ੀਗੰਨਾਂ ਤੇ ਦਸਤੀ ਬੰਬਾਂ ਨਾਲ, ਪਹਿਲੀ ਸੰਸਾਰ ਜੰਗ ਦੀਆਂ 303 ਰਫ਼ਲਾਂ ਨਾਲ ਤੇ ਪੁਰਾਣੀ ਬਾਜ਼ੂਕਾ ਨਾਲ ਲੈਸ ਸਨ। ਠੀਕ ਹੀ ਕਿਹਾ ਗਿਆ ਹੈ :

ਬਰਬਾਦੀ-ਏ ਖਾਰੋ ਖਸ ਕੇ ਲੀਏ, ਕਿਉਂ ਬਰਕ ਕੋ ਦਾਹਵਤ ਦੇਤੇ ਹੋ ?

ਕਯਾ ਲਾਲਾ ਓ ਗੁਲ ਬਚ ਜਾਏਂਗੇ, ਜਬ ਆਗ ਲਗੇਗੀ ਗੁਲਸ਼ਨ ਕੋ ?

ਪੁਲਿਸ ਤੇ ਆਰਮੀ ਦੇ ਏਜੰਟਾਂ ਵਲੋਂ ਮਿਲੀ ਸੂਚਨਾ ਦੇ ਵਿਸ਼ਲੇਸ਼ਣ ਪਿਛੋਂ ਕਮਾਂਡਰਾਂ ਨੇ ਇਹ ਨਿਰਣਾ ਕੀਤਾ ਕਿ ਦਹਿਸ਼ਤਪਸੰਦਾਂ ਨੂੰ ਬਾਹਰ ਕੱਢਣ ਦਾ ਕਾਰਜ ਵੱਧ ਤੋਂ ਵੱਧ ਦੋ ਘੰਟੇ ਵਿਚ ਪੂਰਾ ਹੋ ਜਾਵੇਗਾ। ਓਪਰੇਸ਼ਨ ਬਲਿਊ ਸਟਾਰ ਨੂੰ ਸਿਰੇ ਚੜ੍ਹਨ ਵਿਚ ਤਿੰਨ ਦਿਨ ਲੱਗੇ, ਜਾਨ ਮਾਨ ਦਾ ਨੁਕਸਾਨ ਅੰਦਾਜ਼ੇ ਤੋਂ ਕਿਤੇ ਬਹੁਤਾ ਹੋਇਆ ਤੇ ਸਿੱਖ ਭਾਈਚਾਰੇ ਦੇ ਪ੍ਰਤਿਕਰਮ ਕੀ ਹੋਣਗੇ, ਇਸ ਵੱਲ ਤਾਂ ਗਹੁ ਕੀਤਾ ਹੀ ਨਹੀਂ ਗਿਆ।

ਕਿਸੇ ਸ਼ਾਇਰ ਨੇ ਠੀਕ ਹੀ ਆਖਿਆ ਹੈ :

ਵੋਹ ਵਕਤ ਭੀ ਦੇਖਾ ਤਾਰੀਖ਼ ਕੀ ਗ਼ਜ਼ੀਓਂ ਨੇ,
ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।

ਸਿੱਖਾਂ 'ਤੇ ਜੋ ਪ੍ਰਤੀਕਰਮ ਹੋਏ ਉਹਨਾਂ ਤੋਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਸਿੱਖਾਂ ਦੀ ਭਾਰੀ ਬਹੁਗਿਣਤੀ ਦਾ ਭਿੰਡਰਾਂਵਾਲੇ ਨਾਲ ਦੂਰ ਦਾ ਵੀ ਵਾਸਤੇ ਨਹੀਂ, ਨਾ ਹੀ ਅਕਾਲੀਆਂ, ਸਰਕਾਰ ਜਾਂ ਰਾਜਨੀਤੀ ਨਾਲ ਕੋਈ ਵਾਸਤਾ ਹੈ। ਉਹਨਾਂ ਵਿਚੋਂ ਬਹੁਤਿਆਂ ਨੂੰ ਅਕਾਲ ਤਖ਼ਤ ਵਿਚ ਭਿੰਡਰਾਂਵਾਲੇ ਦੀ ਹਥਿਆਰਬੰਦ ਮੌਜੂਦਗੀ ਦਾ ਇਲਮ ਸੀ, ਪਰ ਕਿਉਂਕਿ ਉਹ ਪੂਜਾ ਪਾਠ ਤੇ ਉਹਨਾਂ ਦੀਆਂ ਰੋਜ਼ਾਨਾ ਰਹੁ-ਰੀਤਾਂ ਵਿਚ ਦਖ਼ਲ ਨਹੀਂ ਸੀ ਦਿੰਦਾ, ਉਹਨਾਂ ਨੇ ਉਹਦੇ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ। ਉਹ ਇੰਦਰਾ ਗਾਂਧੀ ਵਿਰੁਧ (ਪੰਡਤਾਂ ਦੀ ਕੁੜੀ—ਬਾਹਮਣੀ ਆਦਿ) ਜਾਂ ਹਿੰਦੂਆਂ ਵਿਰੁਧ (ਧੋਤੀਆਂ ਵਾਲੇ, ਟੋਪੀਆਂ ਵਾਲੇ) ਜੋ ਜ਼ਹਿਰ ਉਗਲਦਾ ਸੀ, ਉਸ ਨੂੰ ਉਹ ਪ੍ਰਵਾਨਗੀ ਨਹੀਂ ਸੀ ਦਿੰਦੇ ਤੇ ਨਾ ਹੀ ਗੁੰਡਾਗਰਦੀ ਦੇ ਉਹਨਾਂ ਕਾਰਿਆਂ ਨੂੰ ਠੀਕ ਕਹਿੰਦੇ ਸਨ ਜਿਹੜੇ ਉਹਨਾਂ ਆਦਮੀਆਂ ਵਲੋਂ ਹੁੰਦੇ ਸਨ ਜਿਨ੍ਹਾਂ ਨੂੰ ਭਿੰਡਰਾਂਵਾਲੇ ਦੇ ਆਦਮੀ ਦੋਸਿਆ ਜਾਂਦਾ ਹੈ, ਉਹ ਇਹਨੂੰ ਉਹਦੇ ਤੇ ਸਰਕਾਰ ਵਿਚਕਾਰ ਕੋਈ ਚੀਜ਼ ਸਮਝਦੇ ਸਨ, ਜਿਸ ਦਾ ਉਹਨਾਂ ਨਾਲ ਕੋਈ ਸੰਬੰਧ ਨਹੀਂ ਸੀ। ਹਰਿਮੰਦਰ ਤੇ ਅਕਾਲ ਤਖ਼ਤ ਦਾ ਉਹਨਾਂ ਨਾਲ ਸੰਬੰਧ ਸੀ, ਇਹ ਉਹਨਾਂ ਦੇ ਅੱਤ ਪਵਿੱਤਰ ਧਰਮ-ਅਸਥਾਨ ਸਨ। ਸਾਦ-ਮੁਰਾਦੇ ਸਾਧਾਰਨ ਸਿੱਖ ਕਿਸਾਨ ਲਈ ਫ਼ੌਜ ਹੀ ਹਮਲਾਵਰ ਸੀ। ਭਿੰਡਰਾਂਵਾਲਾ ਤੇ ਉਹਦੇ ਆਦਮੀ ਇਹਦੇ 'ਰਖਿਅਕ' ਸਨ। ਜਦੋਂ ਉਹਨਾਂ ਨੂੰ ਮਲੂਮ ਹੋਇਆ ਕਿ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਗੋਲੀ ਵੱਜੀ ਹੈ ਅਤੇ ਹੁਕਮਨਾਮਿਆਂ ਦੀਆਂ 1000 ਹੱਥ-ਲਿਖਤ ਨਕਲਾਂ ਤੇ ਮੌਲਿਕ ਰੂਪ ਸੁਆਹ ਦਾ ਢੇਰ ਬਣ ਗਏ ਹਨ, ਸ਼ਰਧਾਲੂ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿਚ ਇਸਤ੍ਰੀਆਂ ਤੇ ਬੱਚੇ ਵੀ ਸ਼ਾਮਿਲ ਸਨ, ਤਾਂ ਉਹਨਾਂ ਨੂੰ ਰੋਹ ਚੜ੍ਹ ਗਿਆ।

ਇਕ ਕਰੋੜ ਚਾਲੀ ਲੱਖ ਦੀ ਕਮਿਊਨਿਟੀ ਨੇ, ਇਕ ਆਦਮੀ ਦੇ ਰੂਪ ਵਿਚ, ਮਹਿਸੂਸ ਕੀਤਾ ਕਿ ਉਹਨੂੰ ਚਪੇੜ ਕੱਢ ਮਾਰੀ ਗਈ ਹੈ ਤੇ ਹਿੰਦੂਆਂ ਨੇ ਜਿਵੇਂ ਭਿੰਡਰਾਂਵਾਲੇ ਤੇ ਉਹਦੇ ਆਦਮੀਆਂ ਦੇ ਮਾਰੇ ਜਾਣ ਉਤੇ ਜੋ ਖ਼ੁਸ਼ੀ ਮਨਾਈ ਉਹਨੇ ਸਿੱਖਾਂ ਨੂੰ ਹੋਰ ਵੀ ਬਹੁਤਾ ਕਰੋਧ ਚੜ੍ਹਾਇਆ, ਅੰਮ੍ਰਿਤਸਰ ਵਿਚ ਹਿੰਦੂਆਂ ਨੇ ਫ਼ੌਜੀਆਂ ਨੂੰ ਚਾਹ, ਸਿਗਰਟਾਂ, ਏਅਰੇਟਿਡ ਵਾਟਰ, ਮਿਠਾਈ ਤੇ ਸ਼ਰਾਬ ਪੇਸ਼ ਕੀਤੇ। ਉਤਰ ਭਾਰਤ ਦੇ ਬਹੁਤੇ ਭਾਗਾਂ ਵਿਚ ਵੀ ਹਿੰਦੂ ਇਵੇਂ ਹੀ ਖ਼ੁਸ਼ ਹੋਏ। ਸਰਕਾਰੀ ਕੰਟਰੋਲ ਹੇਠਲੇ ਪਰਚਾਰ ਸਾਧਨਾਂ—ਆਲ ਇੰਡੀਆ ਰੇਡੀਉ ਤੇ ਦੂਰ-ਦਰਸ਼ਨ—ਨੇ ਆਰਮੀ ਵਲੋਂ ਵਿਖਾਈ ਗਈ ਸੂਰਬੀਰਤਾ ਉਤੇ ਜ਼ੋਰ ਦੇ ਕੇ ਅਤੇ ਦੋ ਨਿਊਜ਼-ਏਜੰਸੀਆਂ (ਪੀ.ਟੀ.ਆਈ. ਅਤੇ ਯੂ.ਐਨ.ਆਈ.) ਦੀ ਮਦਦ ਨਾਲ ਮਨਘੜਤ ਗੱਲਾਂ ਫੈਲਾਅ ਕੇ ਅਤੇ ਦਾਸ ਪ੍ਰੈਸ ਵਿਚ ਵਾਰਤਾਵਾਂ ਛਪਵਾ ਕੇ ਸਿੱਖਾਂ ਦੇ ਦੁੱਖ ਵਿਚ ਵਾਧਾ ਕੀਤਾ। ਭਿੰਡਰਾਂਵਾਲੇ ਤੇ ਅਕਾਲੀਆਂ ਦੇ ਦਾਗੀ ਬਿੰਬਾਂ ਰਾਹੀਂ ਇਸ ਪ੍ਰੈਸ ਨੇ ਸਮੁੱਚੀ ਕਮਿਊਨਿਟੀ ਦੇ ਚਿਹਰੇ 'ਤੇ ਕਾਲਖ਼ ਲਾਉਣ ਦੀ ਕੋਸ਼ਿਸ਼ ਕੀਤੀ। ਇਹ ਪ੍ਰਚਾਰ ਕੀਤਾ ਗਿਆ ਕਿ ਫ਼ੌਜੀਆਂ ਦੀਆਂ ਬਹੁਤੀਆਂ ਮੌਤਾਂ ਇਸ ਕਰ ਕੇ ਹੋਈਆਂ ਜਾਂ ਬਹੁਤੇ ਫੱਟੜ ਇਸ ਕਰ ਕੇ ਹੋਏ, ਕਿਉਂਜੁ ਉਹਨਾਂ ਨੂੰ ਸਖ਼ਤ ਹੁਕਮ ਦਿੱਤੇ ਗਏ ਸਨ ਕਿ ਉਹ ਹਰਿਮੰਦਰ ਸਾਹਿਬ ਉਤੇ ਗੋਲੀ ਬਿਲਕੁਲ ਨਾ ਚਲਾਉਣ ਉਥੋਂ ਭਾਵੇਂ ਗੋਲੀਆਂ ਹੀ ਕਿਉਂ ਨਾ ਚਲਦੀਆਂ ਹੋਣ, ਏਸੇ ਕਾਰਨ ਹੀ ਹਰਿਮੰਦਰ ਸਾਹਿਬ ਨੂੰ ਬਿਲਕੁਲ ਹੀ ਕੋਈ ਹਾਨੀ ਨਹੀਂ ਪੁਜੀ ਅਤੇ ਇਸ ਅੰਦਰ ਟਿਕੇ ਹੋਏ ਆਦਮੀਆਂ ਵਿਚੋਂ ਕਿਸੇ ਨੂੰ ਵੀ ਸੱਟ ਨਹੀਂ ਵੱਜੀ, ਪਰ ਉਸ ਸਮੇਂ ਉਥੇ ਹਾਜ਼ਰ ਲੋਕ ਬਿਲਕੁਲ ਹੀ ਵੱਖਰੀ ਤਰ੍ਹਾਂ ਦੀ ਵਾਰਤਾ

ਸੁਣਾਉਂਦੇ ਹਨ ਤੇ ਉਹਨਾਂ ਦੀਆਂ ਗੱਲਾਂ ਦੀ ਅੱਗੇ ਚੱਲ ਕੇ ਉਹਨਾਂ ਲੋਕਾਂ ਨੇ ਵੀ ਪੁਸ਼ਟੀ ਕੀਤੀ ਜਿਹੜੇ ਗੋਲਡਨ ਟੈਂਪਲ ਦੇ ਦਰਸ਼ਨਾਂ ਨੂੰ ਗਏ। ਭਿੰਡਰਾਂਵਾਲੇ ਨੇ ਆਪਣੇ ਆਦਮੀਆਂ ਨੂੰ ਹਰਿਮੰਦਰ ਵਿਚ ਦਾਖ਼ਲ ਹੋਣੋਂ ਮਨ੍ਹਾਂ ਕਰ ਛੱਡਿਆ ਸੀ ਤੇ ਹਰਿਮੰਦਰ ਤੋਂ ਫ਼ੌਜ ਉਤੇ ਕੋਈ ਗੋਲੀ ਨਹੀਂ ਚੱਲੀ। ਫਿਰ ਵੀ ਹਰਿਮੰਦਰ ਉਤੇ ਗੋਲੀਆਂ ਦੇ ਤਾਜ਼ਾ ਨਿਸ਼ਾਨ 200 ਤੋਂ ਉੱਪਰ ਸਨ, ਇਹ ਨਿਸ਼ਾਨ ਫ਼ੌਜੀਆਂ ਦੀਆਂ ਗੋਲੀਆਂ ਦੇ ਹਨ ਜਾਂ ਭਿੰਡਰਾਂਵਾਲੇ ਦੇ ਆਦਮੀਆਂ ਦੀਆਂ ਗੋਲੀਆਂ ਦੇ, ਇਹ ਕੋਈ ਕਦੇ ਵੀ ਜਾਣ ਨਹੀਂ ਸਕੇਗਾ। ਹਰਿਮੰਦਰ ਵਿਚ ਗੁਰਬਾਣੀ ਦਾ ਕੀਰਤਨ ਕਰ ਰਹੇ ਇਕ ਅੰਨ੍ਹੇ ਰਾਗੀ, ਅਮਰੀਕ ਸਿੰਘ, ਨੂੰ ਗੋਲੀ ਵੱਜੀ ਤੇ ਉਹ ਉਥੇ ਹੀ ਮਰ ਗਿਆ ਤੇ ਉਹਦਾ ਲਹੂ ਉਸ ਗ਼ਲੀਚੇ ਉਤੇ ਡੁਲ੍ਹਿਆ, ਜਿਸ 'ਤੇ ਉਹ ਡਿੱਗਿਆ ਸੀ। ਲਹੂ ਗ਼ਲੀਚੇ ਵਿਚ ਰਚ ਗਿਆ ਤੇ ਅਦਿੱਖ ਸੀ, ਪਰ ਗ਼ਲੀਚੇ ਉਤੇ ਮੱਖੀਆਂ ਦੀ ਵੱਡੀ ਗਿਣਤੀ ਭੀਂ-ਭੀਂ ਕਰਦੀ ਰਹੀ ਜਿਹੜੀ ਰਾਗੀ ਦੀ ਮੌਤ ਨੂੰ ਮੰਨਣ-ਯੋਗ ਬਣਾਉਂਦੀ ਸੀ। ਇਸ ਗ਼ਲੀਚੇ ਨੂੰ ਜਲਦੀ ਹੀ ਬਦਲ ਦਿੱਤਾ ਗਿਆ। ਪਹਿਲੀਆਂ ਰਿਪੋਰਟਾਂ ਵਿਚ, ਜੋ ਸਭੇ ਹੀ ਸਰਕਾਰੀ ਏਜੰਸੀਆਂ ਨੇ ਜਾਰੀ ਕੀਤੀਆਂ ਸਨ, ਤੇਰਾਂ ਇਸਤ੍ਰੀਆਂ ਤੇ ਕੁਝ ਬੱਚਿਆਂ ਦੀਆਂ ਮੌਤਾਂ ਨੂੰ ਮੰਨਿਆ, ਫੇਰ ਇਹਨਾਂ ਹੀ ਏਜੰਸੀਆਂ ਨੇ ਇਸ ਤੋਂ ਇਨਕਾਰ ਕੀਤਾ ਕਿ ਕੋਈ ਤੀਵੀਆਂ ਜਾਂ ਬੱਚੇ ਮਰੇ ਹਨ। ਪਰ ਜਦੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਤਾਂ ਇਹਨਾਂ ਏਜੰਸੀਆਂ ਨੇ ਕਿਹਾ ਕਿ ਹਾਂ ਤੀਵੀਆਂ ਤੇ ਬੱਚੇ ਮਰੇ ਹਨ, ਪਰ ਉਹ ਭਿੰਡਰਾਂਵਾਲੇ ਦੇ ਆਦਮੀਆਂ ਵਲੋਂ ਸੁੱਟੇ ਗਏ ਦਸਤੀ ਬੰਬ ਫਟਣ ਨਾਲ ਮਰੇ ਹਨ।

ਸਰਕਾਰੀ ਏਜੰਸੀਆਂ ਨੇ ਦੱਸਿਆ ਕਿ ਟੈਂਪਲ ਕਾਂਪਲੈਕਸ ਵਿਚ ਬਹੁਤ ਸਾਰੀਆਂ ਵੇਸਵਾਵਾਂ ਅਤੇ ਯੂਰਪੀਅਨ ਹਿਪੀਆਂ ਸਮੇਤ ਤੀਵੀਆਂ ਮਿਲੀਆਂ। ਕੁਝ ਇਸਤ੍ਰੀਆਂ ਗਰਭਵਤੀ ਸਨ—ਦੂਜੀਆਂ ਗਰਭ-ਰੋਕ ਸਾਧਨਾਂ ਕਰ ਕੇ ਗਰਭਵਤੀ ਹੋਣੋਂ ਬਚ ਰਹੀਆਂ, ਸਾਧਨ ਜੋ ਮਲਬੇ ਵਿਚੋਂ ਮਿਲੇ ਹਨ। ਇਸ ਪਿਛੋਂ ਇਕ ਹੋਰ ਮਨਘੜਤ ਗੱਲ ਫੈਲਾਈ ਗਈ ਕਿ ਅਫ਼ੀਮ, ਹੇਰੋਇਨ ਤੇ ਹਸ਼ੀਸ਼ ਵੀ ਫ਼ੌਜੀਆਂ ਨੂੰ ਲੱਭੀਆਂ ਹਨ। ਇਹ ਕਹਾਣੀ ਸਭਨਾਂ ਅਖ਼ਬਾਰਾਂ ਦੇ ਪਹਿਲੇ ਸਫ਼ਿਆਂ ਉਤੇ ਛਪੀ। ਦੋ ਦਿਨ ਪਿਛੋਂ ਤਰਮੀਮ-ਸ਼ੁਦਾ ਬਿਆਨ ਪ੍ਰਕਾਸ਼ਤ ਕੀਤਾ ਗਿਆ ਕਿ ਨਸ਼ੀਲੇ ਪਦਾਰਥ, ਹਸ਼ੀਸ਼ ਆਦਿ ਟੈਂਪਲ ਕਾਂਪਲੈਕਸ ਤੋਂ ਬਾਹਰ ਕਿਸੇ ਮਕਾਨ ਵਿਚੋਂ ਮਿਲੇ ਸਨ, ਇਹ ਖ਼ਬਰ ਅੰਦਰਲੇ ਪੰਨਿਆਂ ਉਤੇ ਛਾਪੀ ਗਈ ਜਿਸ ਉਤੇ ਬਹੁਤੇ ਪਾਠਕਾਂ ਦੀ ਨਜ਼ਰ ਹੀ ਨਹੀਂ ਪੈਂਦੀ, ਜਿਹੜੇ ਸਿਰਫ਼ ਸੁਰਖੀਆਂ ਹੀ ਪੜ੍ਹਦੇ ਹਨ। ਭਿੰਡਰਾਂਵਾਲੇ ਦੀ ਪ੍ਰਸਿੱਧੀ ਨੂੰ ਕਾਲਾ ਕਰਨ ਦੇ ਇਸ ਤੋਂ ਵੀ ਭੈੜੇ ਜਤਨ ਕੀਤੇ ਗਏ। ਪਹਿਲਾਂ ਸੁਝਾਉ ਦਿੱਤਾ ਗਿਆ ਕਿ ਉਹਨੇ ਖ਼ੁਦਕਸ਼ੀ ਕੀਤੀ ਹੈ, ਫੇਰ ਹਿੰਦੁਸਤਾਨ ਟਾਈਮਜ਼ ਦੇ ਐਮ.ਕੇ. ਧਰ ਨੇ 'ਅੱਤ ਭਰੋਸੇਯੋਗ ਸੋਮਿਆਂ ਤੋਂ (ਇਹ ਸੋਮਾ ਨਿਸਚਿਤ ਹੀ ਨੰਬਰ 1 ਸਫਦਰਜੰਗ ਰੋਡ ਹੈ) ਪ੍ਰਾਪਤ ਇਹ ਖ਼ਬਰ ਛਾਪੀ ਕਿ ਭਿੰਡਰਾਂਵਾਲੇ ਨੂੰ ਖ਼ੁਦ ਉਹਦੇ ਹੀ ਆਦਮੀਆਂ ਨੇ ਮਾਰ ਦਿੱਤਾ ਹੈ। ਇਹ ਖ਼ਬਰ ਉਹਦੇ ਅਖ਼ਬਾਰ ਦੇ ਪਹਿਲੇ ਸਫ਼ੇ ਉਤੇ ਬੈਨਰ ਹੈਡਲਾਈਨ ਦੇ ਕੇ ਛਾਪੀ ਗਈ। ਜਦੋਂ ਪੋਸਟ-ਮਾਰਟਮ ਰਿਪੋਰਟ ਵਿਚ ਦੱਸਿਆ ਗਿਆ ਕਿ ਭਿੰਡਰਾਂਵਾਲੇ ਦੀ ਦੇਹ ਸਿਰ ਤੋਂ ਪੈਰਾਂ ਤੱਕ ਗੋਲੀਆਂ ਨਾਲ ਛਲਣੀ ਹੈ, ਫੇਰ ਕਿਸੇ ਨੇ ਨਾ ਆਤਮਘਾਤ ਦੀ ਤੇ ਨਾ ਹੀ ਖ਼ੁਦ ਉਹਦੇ ਆਪਣੇ ਆਦਮੀਆਂ ਹੱਥੋਂ ਮਰਨ ਬਾਰੇ ਕੁਝ ਨਾ ਛਾਪਿਆ।

ਕਿਉਂਜੁ ਕੋਈ ਵੀ ਸਤਿਕਾਰਯੋਗ ਸਿੱਖ ਸਰਕਾਰ ਨੂੰ ਪੂਰੀ ਤਰ੍ਹਾਂ ਨਿਰਦੋਸ਼ ਠਹਿਰਾਉਣ ਨੂੰ ਤਿਆਰ ਨਹੀਂ, ਸੋ ਡਰੇ ਹੋਏ ਪੇਂਡੂਆਂ ਤੇ ਗੰਵਾਰ ਲੋਕਾਂ ਨੂੰ ਟੈਲੀਵਿਯਨ ਕੈਮਰਿਆਂ ਦੇ ਸਾਹਮਣੇ ਖੜਾ

ਕੀਤਾ ਜਾਂਦਾ ਅਤੇ ਸਰਕਾਰੀ ਕਰਮਚਾਰੀਆਂ ਵਲੋਂ ਤਿਆਰ ਕੀਤੇ ਹੋਏ ਬਿਆਨ ਉਹਨਾਂ ਤੋਂ ਦਿਵਾਏ ਜਾਂਦੇ ਜੋ ਇਸ ਬਾਰੇ ਹੁੰਦੇ ਕਿ ਫ਼ੌਜੀ ਕਾਰਵਾਈ ਨਾਲ ਪੰਜਾਬ ਵਿਚ ਸ਼ਾਂਤੀ ਕਾਇਮ ਹੋਈ ਹੈ। ਇਹ ਗੱਲ ਉਦੋਂ ਸਪੱਸ਼ਟ ਹੋ ਗਈ ਜਦੋਂ ਅਭਾਗੇ ਕਿਰਪਾਲ ਸਿੰਘ, ਅਕਾਲ ਤਖ਼ਤ ਦੇ ਜੱਥੇਦਾਰ ਨੂੰ ਉਹਦੇ ਹੱਥਾਂ ਵਿਚ ਫੜਾਏ ਗਏ ਇਕ ਕਾਗ਼ਜ਼ ਨੂੰ ਘਬਰਾਹਟ ਵਿਚ ਪੜ੍ਹ ਕੇ ਸੁਣਾਉਂਦਿਆਂ ਵਿਖਾਇਆ ਗਿਆ। ਜਿਨ੍ਹਾਂ ਸਿੱਖਾਂ ਨੇ ਅੱਗੇ ਆ ਕੇ ਖੁਲ੍ਹਮ-ਖੁਲ੍ਹਾ ਆਖਿਆ ਕਿ ਸਰਕਾਰ ਦੀ ਕਾਰਵਾਈ ਉਚਿਤ ਹੈ, ਉਹ ਅਸਲੋਂ ਹੀ ਸ਼੍ਰੀਮਤੀ ਗਾਂਧੀ ਦੀ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਗਵਰਨਰਾਂ ਦੀਆਂ ਪਦਵੀਆਂ ਦੇ ਚਾਹਵਾਨ ਸਨ, ਜਿਵੇਂ ਕਿ ਪ੍ਰੋਫ਼ੈਸਰ ਹਰਬੰਸ ਸਿੰਘ ਤੇ ਡਾ: ਗੋਪਾਲ ਸਿੰਘ ਦਰਦੀ, ਜਿਹੜਾ ਆਖ਼ਰਕਾਰ ਗੋਆ, ਦਮਨ ਤੇ ਦੇਓ ਦਾ ਲੈਫ਼ਟੀਨੈਂਟ ਗਵਰਨਰ ਲੱਗ ਗਿਆ। ਇਹ ਆਮ ਲੋਕ ਜਾਣਦੇ ਸਨ ਕਿ ਪ੍ਰਧਾਨ ਮੰਤਰੀ ਦੇ ਸਕੱਤਰੇਤ ਨੇ ਸੰਭਾਵੀ ਹਿਮਾਇਤੀਆਂ ਨੂੰ ਸੱਦਿਆ ਅਤੇ ਟੈਲੀਵਿਯਨ ਦੀ ਸਕਰੀਨ ਉਤੇ ਪ੍ਰਗਟ ਹੋਣ ਲਈ ਜਾਂ ਪ੍ਰੈਸ ਨੂੰ ਬਿਆਨ ਦੇਣ ਲਈ ਹੁਕਮ ਦਿੱਤਾ।

ਇਸ ਸਮੇਂ ਤੱਕ ਡੋਰ-ਭੋਰ ਹੋਈ ਕਮਿਊਨਿਟੀ ਨੇ ਜਿਸ ਢੰਗ ਨਾਲ ਵੀ ਹੋ ਸਕਿਆ, ਆਪਣੀ ਨਾਰਾਜ਼ਗੀ ਪ੍ਰਗਟਾਈ। ਦੇਸ਼ ਭਰ ਵਿਚ ਅੱਠ ਵੱਖ-ਵੱਖ ਛੌਣੀਆਂ ਵਿਚੋਂ 4000 ਤੋਂ ਉੱਪਰ ਸਿੱਖ ਫ਼ੌਜੀਆਂ ਨੇ ਆਪਣੀਆਂ ਰਜਮੈਂਟਾਂ ਵਿਚੋਂ ਭੱਜ ਕੇ ਅੰਮ੍ਰਿਤਸਰ ਪਹੁੰਚਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੂੰ ਸਥਾਨਕ ਪੁਲਿਸ ਨੇ ਤੇ ਫ਼ੌਜੀਆਂ ਨੇ ਰੋਕਿਆ, ਝੜਪਾਂ ਵਿਚ ਦੋਹਾਂ ਪਾਸਿਆਂ ਦੇ ਦਰਜਨਾਂ ਹੀ ਆਦਮੀ ਮਾਰੇ ਗਏ, ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਐਜੀਟੇਸ਼ਨ ਕਰ ਰਹੇ ਗੱਭਰੂਆਂ ਨੂੰ ਪੁਲਿਸ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਲੋਕ ਸਭਾ ਦੇ ਦੋ ਸਿੱਖ ਮੈਂਬਰਾਂ ਨੇ, ਤੇ ਦੋਵੇਂ ਹੀ ਸ਼੍ਰੀਮਤੀ ਗਾਂਧੀ ਦੀ ਪਾਰਟੀ ਦੇ ਮੈਂਬਰ ਸਨ, ਆਪਣੀਆਂ ਸੀਟਾਂ ਤੋਂ ਤੇ ਪਾਰਟੀ ਮੈਂਬਰੀ ਤੋਂ ਅਸਤੀਫੇ ਦੇ ਦਿੱਤੇ। ਪੰਜਾਬ ਵਿਧਾਨ ਸਭਾ ਦੇ ਕਈ ਮੈਂਬਰਾਂ ਨੇ ਵੀ ਇਵੇਂ ਹੀ ਕੀਤਾ। ਨਾਰਵੇ ਲੱਗੇ ਇਕ ਸਿੱਖ ਡਿਪਲੋਮੈਟ ਨੇ ਉਸ ਦੇਸ਼ ਵਿਚ ਪੁਲੀਟੀਕਲ ਅਸਾਈਲਮ ਲੈ ਲਿਆ, ਮਹਾਰਾਸ਼ਟਰ ਵਿਚ ਲੱਗੇ ਇਕ ਸੀਨੀਅਰ ਪੁਲਿਸ ਅਫ਼ਸਰ ਨੇ ਆਪਣਾ ਗ਼ੁੱਸੇ-ਭਰਿਆ ਪੱਤਰ ਰਾਸ਼ਟਰਪਤੀ ਨੂੰ ਭੇਜਿਆ ਤੇ ਇਸ ਤੋਂ ਪਹਿਲਾਂ ਕਿ ਅਧਿਕਾਰੀ ਉਹਨੂੰ ਜਾ ਨੱਪਦੇ ਉਹ ਅੰਡਰਗਰਾਊਂਡ ਹੋ ਗਿਆ। ਉਘਾ ਇਤਿਹਾਸਕਾਰ, ਡਾ: ਗੰਡਾ ਸਿੰਘ ਅਤੇ ਅਜੀਤ ਦੇ ਸਾਧੂ ਸਿੰਘ ਹਮਦਰਦ ਵਰਗੇ ਪ੍ਰਸਿੱਧ ਵਿਦਵਾਨਾਂ ਨੇ ਪਦਮ ਭੂਸ਼ਨ ਅਵਾਰਡ ਵਾਪਸ ਕਰ ਦਿੱਤੇ ਜਿਹੜੇ ਕੁਝ ਮਹੀਨੇ ਹੀ ਪਹਿਲਾਂ ਉਹਨਾਂ ਨੂੰ ਦਿੱਤੇ ਗਏ ਸਨ। ਪੰਜਾਬ ਦੀ ਅੱਤ ਸਨਮਾਨਯੋਗ ਹਸਤੀ ਭਗਤ ਪੂਰਨ ਸਿੰਘ ਨੇ ਜੀਹਨੂੰ ਕੋਹੜੀਆਂ, ਮਾਨਸਿਕ ਰੋਗੀਆਂ ਤੇ ਯਤੀਮਾਂ ਆਦਿ ਦੀ ਸੇਵਾ ਦੇ ਕਾਜ ਸਦਕਾ, ਕਾਜ਼ ਜੀਹਨੂੰ ਉਹਨੇ ਜੀਵਨ ਅਰਪਿਆ ਹੋਇਆ ਹੈ, ਦਾੜ੍ਹੀ ਵਾਲੀ ਮਦਰ ਟੈਰੀਸਾ ਸੱਦਿਆ ਜਾਂਦਾ ਹੈ, ਪਦਮ ਸ਼੍ਰੀ ਅਵਾਰਡ ਮੋੜ ਦਿੱਤਾ।

ਜ਼ੈਲ ਸਿੰਘ 8 ਜੂਨ 1984 ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ। ਸਰਕਾਰੀ ਸੂਚਨਾ ਸਾਧਨ, ਸਰਗਰਮ ਹੋ ਗਏ, ਪਰ ਪਬਲਿਕ ਰੀਲੇਸ਼ਨਜ਼ ਮਸ਼ਕ ਵਜੋਂ ਜਿਵੇਂ ਦੂਰ-ਦਰਸ਼ਨ ਨੇ ਇਸ ਝਾਕੀ ਨੂੰ ਪੇਸ਼ ਕੀਤਾ ਉਸ ਤੋਂ ਵਧੇਰੇ ਅਯੋਗ ਤਰ੍ਹਾਂ ਪੇਸ਼ ਕੀਤਾ ਹੀ ਨਹੀਂ ਸੀ ਜਾ ਸਕਦਾ। ਖ਼ੁਦ ਗਿਆਨੀ ਜ਼ੈਲ ਸਿੰਘ ਨੇ, ਭਾਵੇਂ ਉਹਨੇ ਜੋ ਕੁਝ ਵੇਖਿਆ, ਵੇਖ ਕੇ ਰੋ ਪਿਆ, ਆਪਣੀ ਕਮਿਊਨਿਟੀ ਦੇ ਜਜ਼ਬਾਤ ਵੱਲ ਨਾਂ-ਮਾਤਰ ਸੰਵੇਦਨਸ਼ੀਲਤਾ ਦਰਸਾਈ। ਉਸ ਸਮੇਂ ਵੀ ਪਰਕਰਮਾ ਉਪਰ ਅਜੇ ਵੀ ਜੰਮਿਆ ਹੋਇਆ ਮਨੁੱਖੀ ਲਹੂ ਖਿੰਡਿਆ ਹੋਇਆ ਸੀ ਤੇ ਇਹਨੇ ਪਵਿੱਤਰ ਸਰੋਵਰ ਦੇ ਪਾਣੀ ਨੂੰ ਲਾਲ ਕੀਤਾ ਹੋਇਆ ਸੀ ਤੇ ਤਿੰਨ ਲੋਥਾਂ ਅਜੇ ਵੀ ਇਸ ਵਿਚ ਤੈਰ ਰਹੀਆਂ ਸਨ। ਇਹ ਤਾਂ ਮਰਘਟ

ਵਾਂਗੂੰ ਦਿੱਸਦਾ ਸੀ। ਗਿਆਨੀ ਜ਼ੈਲ ਸਿੰਘ ਇਸ ਮਰਘਟ ਵਿਚ ਆਪਣੀ ਸਫ਼ੈਦ ਸ਼ੇਰਵਾਨੀ ਤੇ ਚੂੜੀਦਾਰ ਪਜਾਮਾ ਪਹਿਨੀਂ ਤੇ ਕਾਜ ਵਿਚ ਗੁਲਾਬ ਦਾ ਫੁੱਲ ਲਾਈ, ਲਿਸ਼ਕਿਆ-ਪੁਸ਼ਕਿਆ ਬੁੱਢੇ ਲਾੜੇ ਵਾਂਗ ਦਾਖ਼ਲ ਹੋਇਆ। ਉਹਦੇ ਅੰਗ-ਰਖਿਅਕ ਨੇ ਉਹਨੂੰ ਧੁੱਪ ਤੋਂ ਬਚਾਉਣ ਲਈ ਛੱਤਰੀ ਖੋਲ੍ਹੀ। ਰਾਸ਼ਟਰਪਤੀ ਵਲੋਂ ਛੱਤਰੀ-ਬਰਦਾਰ ਨੂੰ ਇਹ ਬੰਦ ਕਰਨ ਲਈ ਆਖਣ ਤੋਂ ਪਹਿਲਾਂ ਹੀ, ਕਿਉਂਜੁ ਗੁਰਦੁਆਰੇ ਅੰਦਰ ਸ਼ਾਹਾਨਾ ਚਿੰਨ੍ਹ ਵਜੋਂ ਛੱਤਰ ਸਿਰਫ਼ ਗ੍ਰੰਥ ਸਾਹਿਬ ਉੱਪਰ ਹੀ ਝੁਲ ਸਕਦਾ ਹੈ, ਦੂਰ-ਦਰਸ਼ਨ ਕੈਮਰਾਮੈਨ ਨੇ ਇਹ ਦ੍ਰਿਸ਼ ਫ਼ਿਲਮਾ ਲਿਆ। ਗੋਲਡਨ ਟੈਂਪਲ ਦੀ ਪਰਕਰਮਾ ਕਰਨ ਪਿਛੋਂ ਜ਼ੈਲ ਸਿੰਘ ਨੇ ਆਪਣੇ ਬੂਟ ਪਹਿਨੇ ਤੇ ਉਹਨੂੰ ਅਕਾਲ ਤਖ਼ਤ ਤੋਂ ਹਾਸਲ ਕੀਤੇ ਗਏ ਹਥਿਆਰ ਵਿਖਾਏ ਗਏ। ਦੂਰ-ਦਰਸ਼ਨ ਨੇ ਦੋਵੇਂ ਦ੍ਰਿਸ਼ ਇਕ ਦੂਜੇ ਨਾਲ ਜੋੜ ਕੇ ਵਿਖਾਏ। ਦਰਸ਼ਕਾਂ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਗਿਆਨੀ ਜੀ ਨੇ ਪਰਕਰਮਾ ਵਿਚ ਹੀ ਬੂਟ ਪਹਿਨੇ ਹੋਏ ਹੋਣ। ਲੋਕਾਂ ਨੇ ਸ਼੍ਰੀਮਤੀ ਗਾਂਧੀ ਦੇ ਭਰੋਸੇਯੋਗ ਹੱਥਠੋਕਿਆਂ, ਆਰ.ਕੇ. ਧਵਨ ਤੇ ਅਰੁਨ ਨਹਿਰੂ ਨੂੰ ਵੀ ਗਿਆਨੀ ਜੀ ਦੇ ਸੱਜੇ-ਖੱਬੇ ਨਾਲ-ਨਾਲ ਲੱਗੇ ਰਹੇ ਤੱਕਿਆ ਤੇ ਇਹ ਨਤੀਜਾ ਕੱਢਿਆ ਕਿ ਉਹ ਇਸ ਲਈ ਨਾਲ-ਨਾਲ ਰਹੇ ਕਿ ਇਸ ਵੱਲ ਧਿਆਨ ਦੇਣ ਕਿ ਰਾਸ਼ਟਰਪਤੀ ਆਪਣਾ ਮੂੰਹ ਵਧੇਰੇ ਨਾ ਖੋਲ੍ਹਣ। ਪੰਜਾਂ ਸਿੰਘ ਸਾਹਿਬਾਨ ਨੇ ਜ਼ੈਲ ਸਿੰਘ ਨੂੰ ਜਿਨ੍ਹਾਂ ਦੋਸ਼ਾਂ ਕਰਕੇ ਤਨਖਾਹੀਆ ਠਹਿਰਾਇਆ ਸੀ ਉਹਨਾਂ ਵਿਚ ਇਹ ਸ਼ਾਮਿਲ ਸਨ : ਛੱਤਰੀ ਸਿਰ 'ਤੇ ਰੱਖਣਾ, ਜੁੱਤੀਆਂ ਪਹਿਨਣਾ ਅਤੇ ਫ਼ੌਜਾਂ ਦੇ ਮੁਖੀ ਦੀ ਹੈਸੀਅਤ ਵਿਚ ਉਸ ਵਾਰੰਟ 'ਤੇ ਦਸਖ਼ਤ ਕਰਨਾ, ਜਿਸ ਨੇ ਫ਼ੌਜ ਨੂੰ ਗੋਲਡਨ ਟੈਂਪਲ ਉਤੇ ਧਾਵੇ ਦੀ ਆਗਿਆ ਦਿੱਤੀ। ਇਹ ਦੋਸ਼ ਪੱਕੀ ਤਰ੍ਹਾਂ ਠੀਕ ਨਹੀਂ ਸਨ, ਗਿਆਨੀ ਜੀ ਨੂੰ ਧਾਵਾ ਬੋਲਣ ਵਾਲੀ ਕਿਸੇ ਦਸਤਾਵੇਜ਼ 'ਤੇ ਦਸਖ਼ਤ ਕਰਨ ਨੂੰ ਨਹੀਂ ਸੀ ਕਿਹਾ ਗਿਆ, ਉਹਨੇ ਪਰਕਰਮਾ ਵਿਚ ਜੁੱਤੀਆਂ ਨਹੀਂ ਸਨ ਪਹਿਨੀਆਂ ਤੇ ਨਾ ਹੀ ਉਹਨੂੰ ਇਲਮ ਸੀ ਕਿ ਉਹਦੇ ਸਿਰ ਉੱਪਰ ਛੱਤਰੀ ਖੋਲ੍ਹੀ ਜਾ ਰਹੀ ਹੈ। ਗਿਆਨੀ ਜੀ ਨੂੰ ਪੂਰੀ ਤਰ੍ਹਾਂ ਇਲਮ ਸੀ ਕਿ ਕਮਿਊਨਿਟੀ ਉਹਨਾਂ ਦੇ ਵਤੀਰੇ ਨੂੰ ਅਪਰਵਾਨ ਕਰਦੀ ਹੈ। ਉਹਦੇ ਖ਼ਿਲਾਫ਼ ਐਲਾਨ ਤੋਂ ਕੁਝ ਦਿਨ ਪਿਛੋਂ ਉਹਨਾਂ ਨੇ ਅਫ਼ਸੋਸ ਨਾਲ ਆਖਿਆ, 'ਮੈਂ ਨਹੀਂ ਸਮਝਦਾ ਕਿ ਸਿੱਖ ਕਦੇ ਮੈਨੂੰ ਖਿਮਾਂ ਕਰ ਦੇਣਗੇ।'

ਸ਼੍ਰੀਮਤੀ ਗਾਂਧੀ ਨੇ ਸਮਝ ਲਿਆ ਕਿ ਉਹਤੋਂ ਨਿਰਣੇ ਸੰਬੰਧੀ ਗੰਭੀਰ ਭੁੱਲ ਹੋਈ ਹੈ। ਉਹ ਏਡੀ ਮਹਾਨ ਨਹੀਂ ਸੀ ਕਿ ਆਪਣੀ ਭੁੱਲ ਮੰਨ ਸਕਦੀ, ਪਰ ਫਿਰ ਵੀ ਉਹਨੇ ਗੋਲਡਨ ਟੈਂਪਲ ਜਾਣ ਦਾ ਫ਼ੈਸਲਾ ਕੀਤਾ। ਜਿਹੜੇ ਲੋਕ ਉਹਦੇ ਨਾਲ ਸਨ, ਉਹਨਾਂ ਅਨੁਸਾਰ ਉਹਨੇ ਜੋ ਕੁਝ ਵੇਖਿਆ ਉਹਨੂੰ ਵੇਖ ਕੇ ਉਹ ਭੈ-ਭੀਤ ਹੋ ਗਈ। ਉਹਨੂੰ ਯਕੀਨ ਦਿਵਾਇਆ ਗਿਆ ਸੀ ਕਿ ਮੁਕਾਬਲੇ ਉਤੇ ਤੇਜ਼ੀ ਨਾਲ ਕਾਬੂ ਪਾ ਲਿਆ ਜਾਵੇਗਾ ਅਤੇ ਇਮਾਰਤਾਂ ਨੂੰ ਮਾਮੂਲੀ ਹਾਨੀ ਪੁੱਜੇਗੀ। ਜਿਨ੍ਹਾਂ ਲੋਕਾਂ ਨੇ ਉਹਨੂੰ ਗ਼ਲਤ ਜਾਣਕਾਰੀ ਦਿੱਤੀ ਸੀ ਉਹਨਾਂ ਦੇ ਖ਼ਿਲਾਫ਼ ਉਹਨੂੰ ਭਾਵੇਂ ਕੇਡਾ ਹੀ ਗ਼ੁੱਸਾ ਕਿਉਂ ਨਾ ਚੜ੍ਹਿਆ ਹੋਵੇ, ਉਹਨੇ ਇਹੋ ਲਾਈਨ ਅਖ਼ਤਿਆਰ ਕਰਨ ਦਾ ਫ਼ੈਸਲਾ ਕੀਤਾ ਕਿ ਸਿਵਾਏ ਫ਼ੌਜ ਨੂੰ ਭੇਜਣ ਦੇ ਸਰਕਾਰ ਸਾਹਮਣੇ ਹੋਰ ਕੋਈ ਰਾਹ ਰਹਿ ਹੀ ਨਹੀਂ ਸੀ ਗਿਆ, ਅਤੇ ਕਿ ਫ਼ੌਜ ਨੇ ਉਹਨੂੰ ਸੌਂਪਿਆ ਗਿਆ ਇਕ ਅਸੁਖਾਵਾਂ ਕਾਰਜ ਪੂਰਾ ਕੀਤਾ ਹੈ। ਸਰਕਾਰੀ ਪ੍ਰਚਾਰ-ਸਾਧਨਾਂ ਅਤੇ ਦਾਸ ਪ੍ਰੈੱਸ ਨੇ ਉਹਦੇ ਵਾਲੀ ਲਾਈਨ ਅਖ਼ਤਿਆਰ ਕੀਤੀ। ਦੂਰਦਰਸ਼ਨ ਵਲੋਂ ਰੋਜ਼-ਰੋਜ਼ ਹਰਿਮੰਦਰ ਦੀਆਂ ਦੂਰੋਂ-ਲੀਤੀਆਂ ਤਸਵੀਰਾਂ ਵਿਖਾਈਆਂ ਜਾਂਦੀਆਂ। ਬੱਸ ਟੈਲੀਵਿਯਨ ਨੇ ਉਦੋਂ ਹੀ ਤਬਾਹ ਹੋਏ ਅਕਾਲ ਤਖ਼ਤ ਦੀ ਤਸਵੀਰ ਵਿਖਾਉਣ ਦਾ ਫ਼ੈਸਲਾ ਕੀਤਾ ਜਦੋਂ ਕਲਕੱਤੇ ਦੇ ਟੈਲੀਗਰਾਫ਼ ਅਤੇ ਮਦਰਾਸ ਦੇ ਹਿੰਦੂ ਨੇ

ਅਕਾਲ ਤਖਤ ਦੀਆਂ ਉਹ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਜਿਨ੍ਹਾਂ ਵਿਚ ਇਹਦਾ ਤਬਾਹ ਹੋਇਆ ਮੱਥਾ ਵਿਖਾਇਆ ਗਿਆ ਸੀ।

ਝੂਠ ਤੇ ਕੂੜ ਦੇ ਨਿਰੰਤਰ ਪ੍ਰਾਪੇਗੰਡੇ ਦਾ ਲਾਭ ਵੀ ਹੋਇਆ। ਇਹ ਆਮ ਤੌਰ 'ਤੇ ਮੰਨਿਆ ਜਾਣ ਲੱਗ ਪਿਆ ਕਿ ਜਿਹੜੇ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਪਰਵਾਨਦੇ ਹਨ ਉਹ ਦੇਸ਼ਭਗਤ ਹਨ....ਜਿਹੜੇ ਇਸ ਨੂੰ ਨਹੀਂ ਮੰਨਦੇ ਉਹ ਫ਼ਿਰਕੂ ਪੱਖਪਾਤ ਤੋਂ ਕੰਮ ਲੈਂਦੇ ਹਨ, ਭਿੰਡਰਾਂਵਾਲੇ ਦੇ ਸਮਰਥਕ ਹਨ, ਖ਼ਾਲਿਸਤਾਨ ਦੇ ਹਿਮਾਇਤੀ ਹਨ ਤੇ ਗ਼ੱਦਾਰ ਹਨ।

ਇਹ ਗੱਲ ਪੂਰੀ ਤਰ੍ਹਾਂ ਸਮਝਣ ਲਈ ਸ਼੍ਰੀਮਤੀ ਗਾਂਧੀ ਨੂੰ ਕੁਝ ਚਿਰ ਲੱਗਿਆ ਕਿ ਫ਼ੌਜੀ ਕਾਰਵਾਈ ਨੇ ਸਿੱਖਾਂ ਨੂੰ ਕਿੰਨਾ ਦੁੱਖ ਪੁਚਾਇਆ ਹੈ। ਕੋਈ ਸਿੱਖ ਵੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ ਕਿ ਇਥੋਂ ਡਾਕੂਆਂ ਤੇ ਧਾੜਵੀਆਂ ਨੂੰ ਕੱਢ ਕੇ, ਜਿਨ੍ਹਾਂ ਨੇ ਨਿਰਦੋਸ਼ ਲੋਕਾਂ ਨੂੰ ਕਤਲ ਕੀਤਾ ਸੀ ਉਹਨੇ ਗੋਲਡਨ ਟੈਂਪਲ ਨੂੰ ਪਵਿੱਤਰ ਬਣਾਇਆ ਹੈ ਅਤੇ ਇਹ ਕਿ ਉਹਨਾਂ ਨੂੰ ਉਹਨਾਂ ਦੇ ਗੜ੍ਹ ਵਿਚ ਹੀ ਉਡਾ ਦੇਣ ਲਈ ਉਹਦੇ ਸਾਹਮਣੇ ਟੈਂਕ ਭੇਜਣ ਤੋਂ ਬਿਨਾਂ ਹੋਰ ਕੋਈ ਰਾਹ ਹੀ ਨਹੀਂ ਸੀ ਰਹਿ ਗਿਆ। ਦੁਨੀਆਂ ਭਰ ਦੇ ਸ਼ਹਿਰਾਂ ਵਿਚ ਜਿੱਥੇ ਸਿੱਖ ਭਾਈਚਾਰੇ ਵਸਦੇ ਹਨ, ਰੋਹ-ਭਰੇ ਮੁਜ਼ਾਹਰੇ ਹੁੰਦੇ ਰਹੇ। ਭਾਰਤੀ ਦੂਤਾਵਾਸਾਂ ਅਤੇ ਡਿਪਲੋਮੈਟਾਂ ਉਤੇ ਹਮਲੇ ਹੋਏ, ਲਾਸ ਏਂਜਲਸ ਓਲਿੰਪਿਕਸ ਵਿਚ ਖ਼ਾਲਿਸਤਾਨ ਦੇ ਨਾਅਰੇ ਲਾਏ ਗਏ ਅਤੇ ਭਾਰਤੀ ਤਿਰੰਗਾ ਪਾੜ ਸੁੱਟਿਆ ਗਿਆ। ਸ਼੍ਰੀਮਤੀ ਗਾਂਧੀ ਤੇ ਰਾਸ਼ਟਰਪਤੀ ਦੋਹਾਂ ਨੂੰ ਹੀ ਹਜ਼ਾਰ-ਹਾ ਤਾਰਾਂ ਤੇ ਚਿੱਠੀਆਂ ਆਈਆਂ, ਜਿਨ੍ਹਾਂ ਵਿਚ ਸਖ਼ਤ ਭਾਸ਼ਾ ਵਰਤ ਕੇ ਮਾੜਾ-ਚੰਗਾ ਆਖਿਆ ਗਿਆ। ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਨੇ ਆਪਣੇ ਦੂਤਾਵਾਸਾਂ ਨੂੰ ਹਜ਼ਾਰਾਂ ਹੀ ਟੇਪ ਤੇ ਆਡੀਉ-ਵਿਜੂਅਲ ਸਾਮਿਗਰੀ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਿਚ ਵੰਡਣ ਲਈ ਭੇਜੀ। ਇਹਨਾਂ ਵਿਚ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਹੋਰਨਾਂ ਦੀਆਂ ਤਕਰੀਰਾਂ ਸ਼ਾਮਿਲ ਸਨ ਜਿਨ੍ਹਾਂ ਨੇ ਸਰਕਾਰੀ ਕਾਰਵਾਈ ਦੀ ਹਿਮਾਇਤ ਕੀਤੀ ਸੀ। ਜਿਥੋਂ ਤੱਕ ਸਿੱਖਾਂ ਦਾ ਸੰਬੰਧ ਹੈ, ਇਹਨਾਂ ਦਾ ਪ੍ਰਭਾਵ ਪੂਰੀ ਤਰ੍ਹਾਂ ਮਨਫ਼ੀ ਸੀ। ਸਰਕਾਰ ਦੇ ਰਿਕਾਰਡ ਨੂੰ ਸੁਆਰਨ ਲਈ ਵ੍ਹਾਈਟ ਪੇਪਰ ਪ੍ਰਕਾਸ਼ਤ ਕਰਨ ਦਾ ਫ਼ੈਸਲਾ ਕੀਤਾ ਗਿਆ।

ਇਸ ਦਾ ਖਰੜਾ ਤਿਆਰ ਕਰਨ ਲਈ ਸਿਖਰਲੇ ਅਧਿਕਾਰੀਆਂ ਦਾ ਇਕ ਸਪੈਸ਼ਲ ਸੈੱਲ ਕਾਇਮ ਕੀਤਾ ਗਿਆ। ਪ੍ਰਧਾਨ ਮੰਤਰੀ ਤੇ ਉਹਦੇ ਭਰੋਸੇਯੋਗ ਕੈਬਨਿਟ ਸਹਿਕਾਰਾਂ ਨੇ ਇਹਨੂੰ ਘੋਖਿਆ ਤੇ ਸੁਧਾਈਆਂ, ਤਰਮੀਮਾਂ ਤੇ ਵਾਧਿਆਂ ਲਈ ਵਾਪਸ ਭੇਜਿਆ, ਇਹਦੀ ਪ੍ਰਕਾਸ਼ਨ-ਤਿਥੀ ਕਈ ਵਾਰ ਮੁਲਤਵੀ ਕਰਨੀ ਪਈ। ਇਹ ਆਖ਼ਰਕਾਰ 10 ਜੁਲਾਈ 1984 ਨੂੰ ਪ੍ਰੈੱਸ ਇਨ-ਫ਼ਾਰਮੇਸ਼ਨ ਬਿਊਰੋ ਵਲੋਂ ਰਿਲੀਜ਼ ਕੀਤਾ ਗਿਆ। ਇਸੇ ਬਿਊਰੋ ਵਲੋਂ ਇਹਨੂੰ ਸਾਰ ਰੂਪ ਵਿਚ ਤਿਆਰ ਕੀਤਾ ਗਿਆ ਤੇ ਇਹ ਸੰਖੇਪ ਰੂਪ ਸਭਨਾਂ ਅਖ਼ਬਾਰਾਂ ਨੇ ਪ੍ਰਕਾਸ਼ਤ ਕੀਤਾ ਤੇ ਕੁਝ ਅਖ਼ਬਾਰਾਂ ਨੇ ਪੂਰਾ ਪਾਠ ਵੀ ਛਾਪਿਆ, ਪਰ ਉਹਨਾਂ ਐਡੀਟਰਾਂ ਨੂੰ ਵੀ ਜਿਨ੍ਹਾਂ ਨੇ ਆਪਣੀ ਸੋਧ ਪ੍ਰਧਾਨ ਮੰਤਰੀ ਦੇ ਸਕੱਤਰੇਤ ਤੋਂ ਲਈ, ਇਹ ਮੰਨਣ 'ਤੇ ਮਜਬੂਰ ਹੋਣਾ ਪਿਆ ਕਿ ਇਹ ਅੱਤ ਨਿਰਾਸ਼ਾਜਨਕ ਦਸਤਾਵੇਜ਼ ਸੀ। ਇਹਦੇ 'ਤੇ ਅਧੂਰਾ ਤੇ ਗੁਮਰਾਹ-ਕਰੂ ਹੋਣ ਦੀ ਨੁਕਤਾਚੀਨੀ ਕੀਤੀ ਗਈ, ਕਈਆਂ ਨੇ ਤਾਂ ਲਿਖਿਆ ਕਿ ਇਹ ਅਕਾਲੀਆਂ ਤੇ ਭਿੰਡਰਾਂਵਾਲੇ ਨਾਲ ਨਿਬੜਨ ਦੇ ਸਿਲਸਿਲੇ ਵਿਚ ਸਰਕਾਰ ਦੀਆਂ ਭੁੱਲਾਂ ਉਤੇ ਪਰਦਾ ਪਾਉਣ ਦਾ ਬੇਈਮਾਨੀ ਵਾਲਾ ਜਤਨ ਹੈ।

ਪੰਜਾਬ ਦੀ ਸਥਿਤੀ ਬਾਰੇ ਸਰਕਾਰ ਦੇ ਵ੍ਹਾਈਟ ਪੇਪਰ ਉੱਪਰ ਇਕ ਹੋਰ ਵ੍ਹਾਈਟ ਪੇਪਰ ਲਿਖਿਆ ਜਾ ਸਕਦਾ ਹੈ। ਇਸ ਵ੍ਹਾਈਟ ਪੇਪਰ ਦਾ ਮੁੱਖ ਵਿਸ਼ਾ ਇਹ ਸੀ ਕਿ ਇਹ ਅਕਾਲੀ ਐਜੀਟੇਸ਼ਨ ਹੀ ਸੀ ਜੀਹਨੇ ਭਿੰਡਰਾਂਵਾਲੇ ਦੀ ਦਹਿਸ਼ਤਪਸੰਦੀ ਨੂੰ ਜਨਮ ਦਿੱਤਾ ਅਤੇ ਕਿਉਂਜੁ ਅਕਾਲੀਆਂ ਨੇ ਇਸ ਬਾਰੇ ਕੁਝ ਨਾ ਕੀਤਾ ਜਾਂ ਉਹ ਕੁਝ ਕਰ ਹੀ ਨਹੀਂ ਸੀ ਸਕਦੇ। ਸੋ, ਸਰਕਾਰ ਦੇ ਸਾਹਮਣੇ ਦਹਿਸ਼ਤਪਸੰਦੀ ਨੂੰ ਖ਼ਤਮ ਕਰਨ ਲਈ ਸਖ਼ਤ ਕਾਰਵਾਈਆਂ ਤੋਂ ਇਲਾਵਾ ਕੋਈ ਰਾਹ ਹੀ ਨਹੀਂ ਸੀ ਰਿਹਾ। ਇਹ ਥੀਸਸ ਕਾਲ-ਕ੍ਰਮ ਅਨੁਸਾਰ ਅਤੇ ਤਥੀ ਤੌਰ 'ਤੇ ਸਹੀ ਨਹੀਂ ਸੀ। ਭਿੰਡਰਾਂਵਾਲੇ ਦੀ ਦਹਿਸ਼ਤਪਸੰਦੀ ਅਕਾਲੀ ਐਜੀਟੇਸ਼ਨ ਤੋਂ ਕਈ ਮਹੀਨੇ ਪਹਿਲਾਂ ਸ਼ੁਰੂ ਹੋ ਚੁੱਕੀ ਹੋਈ ਸੀ। ਜੇ ਰਾਜ ਵਿਚ ਵਿਸ਼ਾਲ ਹਿੰਸਾ ਦੇ ਅਰੰਭ ਦੀ ਤਰੀਕ ਮਿਥਣੀ ਹੀ ਹੈ ਤਾਂ ਇਹ 13 ਅਪ੍ਰੈਲ 1978 ਸੀ ਜਦੋਂ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਅਤੇ ਕੀਰਤਨੀ ਜੱਥੇ ਦੇ ਅਕਾਲੀਆਂ ਵਿਚਕਾਰ ਹੋਈ ਇਕ ਝੜਪ ਵਿਚ ਤੇਰਾਂ ਅਕਾਲੀ ਤੇ ਛੇ ਨਿਰੰਕਾਰੀ ਮਾਰੇ ਗਏ ਸਨ। ਨਿਰੰਕਾਰੀ ਚੀਫ਼ ਬਾਬਾ ਗੁਰਬਚਨ ਸਿੰਘ ਤੇ ਉਹਦੇ ਅਨੁਆਈਆਂ ਉਤੇ ਕਤਲ ਦਾ ਦੋਸ਼ ਲਾਇਆ ਗਿਆ। ਉਹਨਾਂ ਦੀ ਇਹ ਦਲੀਲ ਕਿ ਉਹਨਾਂ ਨੇ ਸਵੈ-ਰਖਿਆ ਵਿਚ ਕਾਰਵਾਈ ਕੀਤੀ ਸੀ, ਸੈਸ਼ਨ ਜੱਜ ਨੇ ਮੰਨ ਲਈ ਤੇ ਉਹਨਾਂ ਨੂੰ ਬਰੀ ਕਰ ਦਿੱਤਾ ਗਿਆ। ਉਸ ਸਮੇਂ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਮੁਖਤਾ ਵਿਚ ਅਕਾਲੀ ਸਰਕਾਰ ਕਾਇਮ ਸੀ। ਭਿੰਡਰਾਂਵਾਲੇ ਨੇ ਰਾਜ-ਸਰਕਾਰ 'ਤੇ ਦਬਾਉ ਪਾਉਣ ਲਈ ਪੂਰੀ ਵਾਹ ਲਾਈ ਕਿ ਉਹ ਇਸ ਬਰੀਅਤ ਦੇ ਖ਼ਿਲਾਫ਼ ਅਪੀਲ ਦਾਇਰ ਕਰੇ। ਬਾਦਲ ਨੇ ਜਿੰਨਾ ਚਿਰ ਹੋ ਸਕਿਆ ਇਸ ਦਬਾਉ ਦਾ ਮੁਕਾਬਲਾ ਕੀਤਾ ਤੇ ਇਹਦੀ ਮਨਜ਼ੂਰੀ ਉਹਨੇ ਆਫ਼ਸ ਵਿਚ ਆਪਣੇ ਆਖ਼ਰੀ ਦਿਨ ਹੀ ਦਿੱਤੀ। ਦਰਬਾਰਾ ਸਿੰਘ ਨੇ, ਜਿਹੜਾ ਉਸ ਪਿਛੋਂ ਮੁੱਖ ਮੰਤਰੀ ਬਣਿਆ, ਝਬਦੇ ਇਹ ਮਨਜ਼ੂਰੀ ਵਾਪਸ ਲੈ ਲਈ। ਭਿੰਡਰਾਂਵਾਲੇ ਨੇ ਮਹਿਸੂਸ ਕੀਤਾ ਕਿ ਤੇਰਾਂ ਜਣਿਆਂ ਦੇ ਕਤਲ ਲਈ ਕੋਈ ਦੰਡ ਨਹੀਂ ਦਿੱਤਾ ਗਿਆ ਤੇ ਕਮਿਊਨਿਟੀ ਨਾਲ ਡਾਢਾ ਅਨਿਆਂ ਹੋਇਆ ਹੈ। 24 ਅਪ੍ਰੈਲ 1980 ਨੂੰ ਦਿੱਲੀ ਵਿਖੇ ਬਾਬਾ ਗੁਰਬਚਨ ਸਿੰਘ ਤੇ ਉਹਦੇ ਬਾਡੀਗਾਰਡ ਨੂੰ ਗੋਲੀ ਨਾਲ ਮਾਰ ਦਿੱਤਾ ਗਿਆ, ਜਿਵੇਂ ਕਿ ਨਿਰੰਕਾਰੀਆਂ ਦੇ ਕੁਝ ਹਿਮਾਇਤੀਆਂ ਨੂੰ ਇਸ ਤੋਂ ਪਹਿਲਾਂ ਕਤਲ ਕੀਤਾ ਗਿਆ ਸੀ।

ਲਾਲਾ ਜਗਤ ਨਾਰਾਇਣ ਨੂੰ 9 ਸਤੰਬਰ 1981 ਨੂੰ ਕਤਲ ਕੀਤਾ ਗਿਆ ਤੇ ਉਹਦੇ ਪੁੱਤਰ ਰਮੇਸ਼ ਚੰਦਰ ਨੂੰ ਸਾਲ ਭਰ ਪਿਛੋਂ ਕਤਲ ਕੀਤਾ ਗਿਆ। 29 ਸਤੰਬਰ 1981 ਨੂੰ ਇੰਡੀਅਨ ਏਅਰਲਾਈਨਜ਼ ਦੇ ਹਵਾਈ ਜਹਾਜ਼ ਦਾ ਅਪਹਰਣ ਕਰ ਕੇ ਉਹਨੂੰ ਲਾਹੌਰ ਲਿਜਾਇਆ ਗਿਆ। ਛੇ ਮਹੀਨੇ ਪਿਛੋਂ ਹੀ ਅਪ੍ਰੈਲ-ਮਈ 1982 ਵਿਚ ਅਕਾਲੀਆਂ ਨੇ ਆਪਣਾ ਮੋਰਚਾ ਸ਼ੁਰੂ ਕੀਤਾ ਸੀ।

ਵ੍ਹਾਈਟ ਪੇਪਰ ਜਿਸ ਵਿਚ ਸਾਰੀ ਜ਼ੁੰਮੇਵਾਰੀ ਭਿੰਡਰਾਂਵਾਲੇ ਉਤੇ ਸੁੱਟੀ ਗਈ, ਇਸ ਤੱਥ ਬਾਰੇ ਚੁੱਪ ਹੈ ਕਿ ਇਹ ਸਰਕਾਰ ਹੀ ਸੀ ਜਿਸ ਨੇ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਦੋਸ਼ ਵਿਚ ਭਿੰਡਰਾਂਵਾਲੇ ਨੂੰ ਕੈਦ ਕੀਤਾ ਸੀ ਤੇ ਇਸੇ ਸਰਕਾਰ ਨੇ ਹੀ ਕੁਝ ਦਿਨ ਪਿਛੋਂ ਉਹਨੂੰ ਰਿਹਾ ਕਰ ਦਿੱਤਾ ਸੀ ਤੇ ਇਹ ਸਰਕਾਰ ਹੀ ਸੀ ਜੀਹਨੇ ਉਹਨੂੰ ਬੰਬਈ ਤੇ ਦਿੱਲੀ ਵਰਗੇ ਸ਼ਹਿਰਾਂ ਵਿਚ ਆਪਣੇ ਹਥਿਆਰਬੰਦ ਅੱਤਵਾਦੀਆਂ ਦੇ ਟੋਲੇ ਨਾਲ ਖੁੱਲ੍ਹਾ ਫਿਰਨ ਦਿੱਤਾ ਸੀ ਤੇ ਇਹਨਾਂ ਵਿਚੋਂ ਕਿਸੇ ਨੂੰ ਪੁੱਛਿਆ ਤੱਕ ਨਹੀਂ ਸੀ ਕਿ ਉਹ ਹਥਿਆਰ ਲੈ ਕੇ ਕਿਵੇਂ ਆਏ ਹਨ ਤੇ ਕੀ ਇਹਨਾਂ ਨੂੰ ਰੱਖਣ ਦੇ ਲਾਇਸੰਸ ਉਹਨਾਂ ਕੋਲ ਹਨ।

ਵ੍ਹਾਈਟ ਪੇਪਰ ਵਿਚ ਅਕਾਲੀ ਆਗੂਆਂ ਤੇ ਸਰਕਾਰ ਦੇ ਪ੍ਰਤੀਨਿਧੀਆਂ ਵਿਚਕਾਰ ਚੱਲੀਆਂ

ਪੀੜ-ਭਰੀਆਂ ਗੱਲਾਂਬਾਤਾਂ ਬਾਰੇ ਬਹੁਤ ਕੁਝ ਆਖਿਆ ਗਿਆ ਹੈ। ਇਸ ਵਿਚ ਅਸਫਲਤਾ ਲਈ ਇਹ ਕਹਿ ਕੇ ਅਕਾਲੀਆਂ ਨੂੰ ਹੀ ਪੂਰੀ ਤਰ੍ਹਾਂ ਜ਼ੁੰਮੇਵਾਰ ਠਹਿਰਾਇਆ ਗਿਆ ਹੈ ਕਿ ਨਿਬੇੜਾ ਹੋਣ ਤੋਂ ਐਨ ਪਹਿਲਾਂ ਅਕਾਲੀ ਅੱਤਵਾਦੀਆਂ ਦੇ ਦਬਾਉ ਹੇਠ ਪਿੱਛੇ ਹਟ ਜਾਂਦੇ, ਪੁਜ਼ੀਸ਼ਨਾਂ ਬਦਲ ਲੈਂਦੇ ਜਾਂ ਆਪਣੀਆਂ ਮੰਗਾਂ ਵਿਚ ਹੋਰ ਮੰਗਾਂ ਜੋੜ ਦਿੰਦੇ। ਇਸ ਉਜ ਦੇ ਪੱਖ ਵਿਚ ਕੋਈ ਦਲੀਲਾਂ ਨਹੀਂ ਦਿੱਤੀਆਂ ਗਈਆਂ ਅਤੇ ਇਹਦਾ ਕਾਫ਼ੀ ਸਬੂਤ ਮਿਲਦਾ ਹੈ ਕਿ ਅਕਾਲੀਆ ਨਾਲੋਂ ਬਹੁਤਾ ਇਹ ਸਰਕਾਰ ਹੀ ਸੀ ਜਿਹੜੀ ਪਿੱਛੇ ਹਟੀ ਤੇ ਜੀਹਨੇ ਆਪਣੀਆਂ ਪੁਜ਼ੀਸ਼ਨਾਂ ਬਦਲੀਆਂ। ਅਕਾਲੀਆਂ ਵਲੋਂ ਮੋਰਚਾ ਲਾਏ ਜਾਣ ਤੋਂ ਛੇ ਮਹੀਨੇ ਪਹਿਲਾਂ 16-17 ਨਵੰਬਰ, 1981 ਨੂੰ ਅਕਾਲੀ ਲੀਡਰਾਂ ਤੇ ਸਰਕਾਰ ਦੇ ਪ੍ਰਤੀਨਿਧਾਂ ਵਿਚਕਾਰ ਇਕ ਗੁਪਤ ਮੀਟਿੰਗ ਹੋਈ, ਜਿਸ ਵਿਚ ਸਮਝੌਤੇ ਦੀਆਂ ਸ਼ਰਤਾਂ ਤੈਹ ਹੋ ਗਈਆਂ। ਇਹ ਅਕਾਲੀ ਨਹੀਂ ਸਨ, ਸਗੋਂ ਸਰਕਾਰ ਹੀ ਸੀ ਜੀਹਨੇ ਆਪਣਾ ਮਨ ਬਦਲਿਆ। ਅੱਗੇ ਚੱਲ ਕੇ ਕਈ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿਚ ਰਾਜੀਵ ਗਾਂਧੀ, ਪਟਿਆਲੇ ਦਾ ਅਮਰਿੰਦਰ ਸਿੰਘ, ਸਵਰਨ ਸਿੰਘ ਅਤੇ ਆਪੋਜ਼ੀਸ਼ਨ ਦੇ ਕੁਝ ਉੱਘੇ ਆਗੂ, ਖ਼ਾਸ ਤੌਰ 'ਤੇ ਸੀ.ਪੀ.ਐਮ. ਦਾ ਹਰਕਿਸ਼ਨ ਸਿੰਘ ਸੁਰਜੀਤ ਸ਼ਾਮਿਲ ਹੋਏ। ਇਹਨਾਂ ਵਿਚੋਂ ਇਕ ਤੋਂ ਬਹੁਤੀਆਂ ਮੀਟਿੰਗਾਂ ਵਿਚ ਨਿਬੇੜੇ ਦੀਆਂ ਸ਼ਰਤਾਂ ਬਾਰੇ ਸਹਿਮਤੀ ਹੋ ਗਈ—ਇਕ ਮੌਕੇ ਤਾਂ ਖ਼ੁਦ ਸ਼੍ਰੀਮਤੀ ਇੰਦਰਾ ਗਾਂਧੀ ਨੇ ਅਕਾਲੀਆਂ ਨੂੰ ਯਕੀਨ ਦਿਵਾਇਆ ਕਿ ਉਹਨਾਂ ਦੇ ਅੰਮ੍ਰਿਤਸਰ ਪਹੁੰਚਦਿਆਂ ਹੀ (ਹਵਾਈ ਜਹਾਜ਼ ਰਾਹੀਂ 50 ਮਿੰਟ) ਉਹਨਾਂ ਨੂੰ ਸਮਝੌਤੇ ਦਾ ਐਲਾਨ ਕਰਨ ਬਾਰੇ ਉਹਦੀ ਕਲੀਅਰੈਂਸ ਮਿਲ ਜਾਵੇਗੀ, ਅਕਾਲੀਆਂ ਦੇ ਅੰਮ੍ਰਿਤਸਰ ਪਹੁੰਚਣ ਤਕ ਸ਼੍ਰੀਮਤੀ ਗਾਂਧੀ ਨੇ ਮਨ ਬਦਲ ਲਿਆ।

ਸ਼੍ਰੀਮਤੀ ਗਾਂਧੀ ਤੇ ਉਹਦੀ ਪਾਰਟੀ ਦੇ ਕਈ ਹੋਰ ਆਗੂ ਮਹੀਨਿਆਂ-ਬੱਧੀ ਪਾਰਲੀਮੈਂਟ ਨੂੰ ਦੱਸਦੇ ਰਹੇ ਸਨ ਤੇ ਪ੍ਰੈੱਸ ਨੂੰ ਇਸ ਸੰਬੰਧੀ ਬਿਆਨ ਦਿੰਦੇ ਰਹੇ ਸਨ ਕਿ ਪੰਜਾਬ ਦੇ ਮਾਮਲਿਆਂ ਵਿਚ ਵਿਦੇਸ਼ੀ ਹੱਥ ਹੈ। ਉਹਨਾਂ ਨੇ ਆਪਣ ਇਹ ਵਿਚਾਰ ਛੁਪਾ ਕੇ ਰੱਖਣ ਦਾ ਕੋਈ ਜਤਨ ਨਹੀਂ ਕੀਤਾ ਕਿ ਉਹਨਾਂ ਦਾ ਇਸ਼ਾਰਾ ਪਾਕਿਸਤਾਨ ਤੇ ਅਮਰੀਕਾ ਵੱਲ ਹੈ। ਜਿਥੋਂ ਤੱਕ ਵਿਦੇਸ਼ੀ ਹੱਥ ਦਾ ਮਾਮਲਾ ਹੈ, ਵ੍ਹਾਈਟ ਪੇਪਰ ਵਿਚ ਇਹਦੇ ਲਈ ਕੋਈ ਸਥਾਨ ਨਹੀਂ। ਸ਼ਾਇਦ ਜੁਲਾਈ 1984 ਵਿਚ ਇੰਡੀਅਨ ਏਅਰਲਾਈਨਜ਼ ਦੇ ਬੋਇੰਗ ਦੇ ਅਪਹਰਣ ਦੇ ਸੰਬੰਧ ਵਿਚ ਮੁਸਾਫ਼ਰਾਂ ਨੂੰ ਰਿਹਾ ਕਰਵਾਉਣ ਤੇ ਹਵਾਈ ਜਹਾਜ਼ ਵਾਪਸ ਕਰਨ ਬਾਰੇ ਪਾਕਿਸਤਾਨ ਸਰਕਾਰ ਦੀ ਮਿਲਵਰਤਨ ਸੀ ਜਿਸ ਨੇ ਖਰੜੇ ਵਿਚ ਇਕ ਹੋਰ ਤਬਦੀਲੀ ਕਰਵਾਈ। ਸ਼ੋਰ-ਸ਼ਰਾਬੇ ਵਾਲੀ ਇਸ ਤੁਹਮਤ ਦੇ ਸਿਲਸਿਲੇ ਵਿਚ ਵੀ ਇਵੇਂ ਹੀ ਹੋਇਆ ਕਿ ਮੁੱਖ ਮੰਤਰੀ ਵਜੋਂ ਫ਼ਾਰੂਕ ਅਬਦੁਲਾ ਨੇ ਜੰਮੂ ਤੇ ਕਸ਼ਮੀਰ ਵਿਖੇ ਅੱਤਵਾਦੀਆਂ ਨੂੰ ਟਰੇਨਿੰਗ ਕੈਂਪ ਕਾਇਮ ਕਰਨ ਦੀ ਆਗਿਆ ਦਿੱਤੀ। ਡਾ: ਅਬਦੁਲਾ ਨੂੰ ਤਖ਼ਤੋਂ ਲਾਹੁਣ ਦੀ ਚਾਲ ਦੇ ਸੰਬੰਧ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਮੁਖ ਦਲੀਲ ਇਹੋ ਦਿੱਤੀ ਸੀ, ਪਰ ਚਾਲ ਦੇ ਸਫਲ ਹੁੰਦੇ ਹੀ ਇਹ ਫ਼ੈਸਲਾ ਕੀਤਾ ਗਿਆ ਕਿ ਵ੍ਹਾਈਟ ਪੇਪਰ ਵਿਚ ਉਹਦੇ ਪਿਛਲੇ ਗ਼ਲਤ ਕੰਮਾਂ ਦੇ ਜ਼ਿਕਰ ਦੀ ਕੋਈ ਲੋੜ ਨਹੀਂ। ਵਧੇਰੇ ਇਹੋ ਜਾਪਦਾ ਹੈ ਕਿ ਇਹਨਾਂ ਟਰੇਨਿੰਗ ਕੈਂਪਾਂ ਦੀ ਹੋਂਦ ਬਾਰੇ ਕੋਈ ਭਰੋਸੇਯੋਗ ਸਬੂਤ ਲੱਭਿਆ ਹੀ ਨਹੀਂ ਜਾ ਸਕਿਆ। ਇਸੇ ਲਈ ਜਿਥੇ ਪ੍ਰੈੱਸ ਵਿਚ ਤਾਂ ਮੁੜ-ਮੁੜ ਇਹਦਾ ਢੰਡੋਰਾ ਪਿੱਟਣ ਦਾ ਫ਼ੈਸਲਾ ਹੋਇਆ ਉਥੇ ਵ੍ਹਾਈਟ ਪੇਪਰ ਵਿਚ ਇਹਦੇ ਬਾਰੇ ਚੁੱਪ ਧਾਰ ਲਈ ਗਈ।

ਕਾਂਗਰਸ (ਆਈ) ਦੇ ਜਨਰਲ ਸਕੱਤਰ ਰਾਜੀਵ ਗਾਂਧੀ ਨੇ ਭਿੰਡਰਾਂਵਾਲੇ ਨੂੰ ਉਸ ਸਮੇਂ ਰਾਜਸੀ

ਆਗੂ ਨਹੀਂ, ਸਗੋਂ ਨਿਰੋਲ ਤੌਰ 'ਤੇ ਇਕ ਧਾਰਮਿਕ ਆਦਮੀ ਦੱਸ ਕੇ ਸਰਟੀਫਿਕੇਟ ਕਿਉਂ ਦਿੱਤਾ ਸੀ ਜਦੋਂ ਉਹਦੀ ਮਾਂ ਤੇ ਉਹਦੇ ਸਲਾਹਕਾਰ ਭਿੰਡਰਾਂਵਾਲੇ ਨੂੰ ਨੇਸਤੋ-ਨਾਬੂਦ ਕਰਨ ਦੀ ਵਿਉਂਤ ਸਾਫ਼ ਤੌਰ 'ਤੇ ਬਣਾ ਰਹੇ ਸਨ (ਜਿਵੇਂ ਕਿ ਉਹ ਆਮ ਤੌਰ 'ਤੇ ਕਰਦਾ ਹੈ, ਰਾਜੀਵ ਨੇ ਅੱਗੇ ਚੱਲ ਕੇ ਇਸ ਤੋਂ ਇਨਕਾਰ ਕੀਤਾ ਕਿ ਉਹਨੇ ਇਹ ਬਿਆਨ ਦਿੱਤਾ ਸੀ)। ਲੰਮੀ ਅਕਾਲੀ ਐਜੀਟੇਸ਼ਨ ਅਤੇ ਭਿੰਡਰਾਂਵਾਲੇ ਦੀਆਂ ਸਰਗਰਮੀਆਂ ਦਾ ਪੰਜਾਬ ਦੀ ਆਰਥਕਤਾ ਉਤੇ ਕੀ ਅਸਰ ਪਿਆ ? ਇਹਦਾ ਕੋਈ ਉੱਤਰ ਨਹੀਂ। ਪੰਜਾਬ ਵਿਚ ਫ਼ਿਰਕੂ ਇਕਸੁਰਤਾ ਦੀ ਬਹਾਲੀ ਲਈ ਹਿੰਦ ਸਰਕਾਰ ਕੀ ਕਰਨਾ ਸੋਚਦੀ ਹੈ ? ਵ੍ਹਾਈਟ ਪੇਪਰ ਵਿਚ ਇਹਦਾ ਕੋਈ ਜ਼ਿਕਰ ਨਹੀਂ ਮਿਲਦਾ, ਪਰ ਸਰਕਾਰ ਦੀਆਂ ਕਾਰਵਾਈਆਂ ਇਹਦੇ ਵੱਲ ਜ਼ਰੂਰ ਕੁਝ ਸੈਨਤ ਕਰਦੀਆਂ ਹਨ। ਜਦ ਕਿ ਸ਼੍ਰੀਮਤੀ ਗਾਂਧੀ ਨੇ ਸਿੱਖ ਮਨ ਨੂੰ ਲੱਗੇ ਫੱਟਾਂ ਉਤੇ ਮਲ੍ਹਮ ਲਾਉਣ ਦੀ ਗੱਲ ਕੀਤੀ ਤਾਂ ਉਹਨੇ ਬੱਸ ਏਨਾ ਕੁ ਹੀ ਕੀਤਾ ਕਿ ਇਹਨਾਂ ਫੱਟਾਂ ਉਤੇ ਚਿੱਟੀ ਪੱਟੀ ਬੰਨ੍ਹ ਦਿੱਤੀ ਤੇ ਇਹਦੇ ਹੇਠਾਂ ਜ਼ਖ਼ਮਾਂ ਨੂੰ ਗਿਸਣ ਦਿੱਤਾ ਤੇ ਵਿਗੜਨ ਦਿੱਤਾ ਗਿਆ। ਲਹਿ ਚੁਕੇ ਪਲੱਸਤਰ ਦੀ ਥਾਂ ਪਲੱਸਤਰ ਲਾਓ, ਗੋਲੀਆਂ ਨਾਲ ਪਏ ਸੁਰਾਖ਼ ਭਰ ਦਿਓ, ਜਲਦੀ ਤੋਂ ਜਲਦੀ ਕੰਧਾਂ ਤੇ ਸਫ਼ੇਦੀ ਕਰ ਦਿਓ ਤਾਂ ਜੁ ਕੋਈ ਇਹ ਜਾਣ ਨਾ ਸਕੇ ਫ਼ੌਜ ਤੇ ਭਿੰਡਰਾਂਵਾਲੇ ਦੇ ਆਦਮੀਆਂ ਵਿਚਕਾਰ ਟਕਰਾਉ ਤੋਂ ਕੇਡੀ ਤਬਾਹੀ ਹੋਈ। ਅੱਗੇ ਚੱਲ ਕੇ ਤਾਂ ਕਿਸੇ ਸ਼ਾਇਰ ਦੇ ਕਹਿਣ ਅਨੁਸਾਰ ਹੋਰ ਵੀ ਮਾੜਾ ਵਾਪਰਨਾ ਸੀ :

ਜ਼ਖ਼ਮ ਕੇ ਭਰਨੇ ਤਲਕ ਨਾਖ਼ੁਨ ਨਾ ਬੜ੍ਹ ਆਏਂਗੇ ਕਯਾ ?

ਅਕਾਲ ਤਖ਼ਤ ਨੂੰ ਏਡੀ ਹਾਨੀ ਪਹੁੰਚ ਚੁਕੀ ਸੀ ਕਿ ਇਹ ਮੁਰੰਮਤੋਂ ਬਾਹਰਲਾ ਕਾਰਜ ਸੀ। ਕੁਝ ਸਿੱਖ ਇਹਨੂੰ ਇਸੇ ਸੂਰਤ ਵਿਚ ਇਕ ਯਾਦਗਾਰ ਵਜੋਂ ਕਾਇਮ ਰੱਖਣਾ ਚਾਹੁੰਦੇ ਸਨ ਤਾਂ ਜੁ ਭਵਿੱਖੀ ਪੀੜ੍ਹੀਆਂ ਜਾਣ ਸਕਣ ਕਿ ਇਕ ਗ਼ੈਰ-ਹਮਦਰਦ ਸਰਕਾਰ ਨੇ ਇਸ ਪਵਿੱਤਰ ਧਰਮ-ਅਸਥਾਨ ਦੀ ਕੀ ਹਾਲਤ ਕਰ ਦਿੱਤੀ ਸੀ, ਪਰ ਇਹ ਗੱਲ ਸਰਕਾਰ ਨੂੰ ਸੂਤ ਨਹੀਂ ਸੀ ਬਹਿੰਦੀ। ਉਹਦਾ ਮੁੱਖ ਏਲਚੀ ਬੂਟਾ ਸਿੰਘ ਸਿੱਖਾਂ ਦੇ ਘਰੀਂ ਬੂਹੇ-ਬੂਹੇ ਬੁਰੀ ਤਰ੍ਹਾਂ ਨੱਠ ਭੱਜ ਕਰਦਾ ਰਿਹਾ ਤਾਂ ਜੁ ਕੋਈ ਅਜਿਹਾ ਸੰਤ ਮਿਲ ਜਾਵੇ ਜਿਹੜਾ ਕਾਰ ਸੇਵਾ ਦਾ ਬੀੜਾ ਚੁੱਕ ਲਵੇ। ਜਿਵੇਂ ਫ਼ੌਜ ਨੇ ਠਠੰਬਰੇ-ਹੋਏ ਜੱਥੇਦਾਰ ਕਿਰਪਾਲ ਸਿੰਘ ਨੂੰ ਟੈਲੀਵਿਯਨ ਕੈਮਰਿਆਂ ਸਾਹਮਣੇ ਲਿਆ ਖੜਾ ਕੀਤਾ ਸੀ ਤਾਂ ਜੁ ਉਹਦੇ ਲਈ ਤਿਆਰ ਕੀਤਾ ਗਿਆ ਬਿਆਨ ਉਹਤੋਂ ਪੜ੍ਹਾਇਆ ਜਾਵੇ, ਉਵੇਂ ਹੀ 90-ਸਾਲਾ ਬਾਬਾ ਖੜਕ ਸਿੰਘ ਨੂੰ ਮਿਲ ਕੇ ਕਿਹਾ ਗਿਆ ਕਿ ਉਹ ਇਸ ਸਨਮਾਨ ਨੂੰ ਆਪਣੇ ਬੁੱਢੇ ਹੁੰਦੇ ਮੋਢਿਆਂ ਉਤੇ ਚੁੱਕ ਲਵੇ। ਪਹਿਲਾਂ ਤਾਂ ਬਾਬਾ ਜੀ ਨੇ ਹੁੰਗਾਰਾ ਭਰ ਦਿੱਤਾ, ਪਰ ਜਦੋਂ ਉਹਨੂੰ ਮਲੂਮ ਹੋਇਆ ਕਿ ਆਰਮੀ ਗੋਲਡਨ ਟੈਂਪਲ ਵਿਚ ਮੌਜੂਦ ਰਹੇਗੀ, ਉਹਨੇ ਬੂਟਾ ਸਿੰਘ ਨੂੰ ਸਪੱਸ਼ਟ ਤਰ੍ਹਾਂ ਅਜਿਹੀ ਭਾਸ਼ਾ ਵਿਚ ਬੁਰਾ-ਭਲਾ ਆਖਿਆ ਜੋ ਵਿਚਾਰੇ ਮੰਤਰੀ ਮਹੋਦੇ ਨੇ ਆਪਣੇ ਪਿੰਡ-ਨਿਵਾਸ ਦੇ ਦਿਨਾਂ ਪਿਛੋਂ ਕਿਤੇ ਨਹੀਂ ਸੀ ਸੁਣੀ।

ਸ਼੍ਰੀਮਤੀ ਗਾਂਧੀ ਨੇ ਸਮਝ ਲਿਆ ਕਿ ਜੇ ਅਕਾਲ ਤਖ਼ਤ ਦੀ ਮੁਰੰਮਤ ਨਾ ਹੋਈ ਤਾਂ ਇਹ ਖ਼ਤਰਨਾਕ ਗੱਲ ਹੋਵੇਗੀ ਤੇ ਉਹਨੇ ਸਾਬਕਾ ਮੰਤਰੀ ਕੇ.ਸੀ. ਪੰਤ ਨੂੰ ਜਿਹੜਾ ਸਾਲ ਭਰ ਪਹਿਲਾਂ ਉਹਦੀ ਪਾਰਟੀ ਵਿਚ ਸ਼ਾਮਿਲ ਹੋਇਆ ਸੀ, ਆਖਿਆ ਕਿ ਉਹ ਉਹਨਾਂ ਅਕਾਲੀ ਆਗੂਆਂ ਨਾਲ ਗੱਲ ਕਰੇ ਜਿਹੜੇ ਅਜੇ ਮੁਕਤ ਸਨ। ਅਕਾਲੀਆਂ ਨੇ ਸਰਕਾਰ ਤੇ ਫ਼ੌਜ ਦੇ ਪ੍ਰਤੀਨਿਧਾਂ ਵਲੋਂ ਰੱਖੀ ਗਈ ਇਹ ਸ਼ਰਤ ਮੋਟੇ ਤੌਰ 'ਤੇ ਮੰਨ ਲਈ ਕਿ ਗੋਲਡਨ ਟੈਂਪਲ ਕਾਂਪਲੈਕਸ ਵਿਚ ਕੋਈ ਹਥਿਆਰ ਲਿਜਾਣ

ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਕਾਰ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਅਕਾਲੀਆਂ ਨੇ ਬੱਸ ਇਹੋ ਇਕ ਸ਼ਰਤ ਰੱਖੀ ਕਿ ਫ਼ੌਜ ਨੂੰ ਗੋਲਡਨ ਟੈਂਪਲ ਵਿਚੋਂ ਪੂਰਨ ਤੋਰ 'ਤੇ ਕੱਢ ਲਿਆ ਜਾਵੇਗਾ। ਸਰਕਾਰ ਇਹ ਮੰਨਣ ਨੂੰ ਤਿਆਰ ਨਹੀਂ ਸੀ ਤੇ ਉਹਨੇ ਕਿਸੇ ਅਜਿਹੇ ਬਾ-ਵਕਾਰ ਆਦਮੀ ਨੂੰ ਲੱਭਣਾ ਸ਼ੁਰੂ ਕਰ ਦਿੱਤਾ, ਜਿਸ ਨੂੰ ਇਹ ਕੰਮ ਸੌਂਪਿਆ ਜਾ ਸਕੇ। ਆਖ਼ਰਕਾਰ ਬੂਟਾ ਸਿੰਘ, ਬੁੱਢਾ ਦਲ ਦੇ ਨਿਹੰਗ ਮੁਖੀ ਸੰਤਾ ਸਿੰਘ ਨੂੰ ਇਹ ਕੰਮ ਸਿਰੇ ਚੜ੍ਹਾਉਣ ਲਈ ਮਿਲਿਆ ਤੇ ਉਹ ਸਹਿਜੇ ਹੀ ਮੰਨ ਗਿਆ। ਉਹਨੇ ਮੰਨਣਾ ਹੀ ਸੀ, ਕਿਉਂਜੁ ਉਹਦੇ ਵਿਰੁਧ ਕਈ ਫ਼ੌਜਦਾਰੀ ਮੁਕੱਦਮੇ ਦਾਇਰ ਸਨ। ਇਹ ਮੁਕੱਦਮੇ ਝਬਦੇ ਵਾਪਸ ਲੈ ਲਏ ਗਏ। ਉਹ ਹਸਾਉਣੀ ਜਿਹੀ ਆਕ੍ਰਿਤੀ ਸੀ—ਹੱਟਾ-ਕੱਟਾ ਭੁੱਚਰ ਬੰਦਾ ਜਿਸ ਦੀ ਗੋਗੜ ਦੱਸਦੀ ਸੀ ਕਿ ਸਮੇਤ ਭੰਗ ਦੇ ਜੀਵਨ ਦੀਆਂ ਚੰਗੀਆਂ ਚੀਜ਼ਾਂ ਦਾ ਸ਼ੌਕੀਨ ਹੈ। ਉਹ ਭਾਵੇਂ ਆਪਣੇ ਆਪ ਨੂੰ ਸੁਲਤਾਨ-ਇ-ਕੌਮ, ਛਿਆਨਵੇਂ ਕਰੋੜੀਆ ਦੱਸਦਾ ਸੀ, ਉਹ ਸਰਕਾਰੀ ਖ਼ੈਰਾਤ ਉਤੇ ਗੁਜ਼ਾਰਾ ਕਰਦਾ ਰਿਹਾ ਸੀ ਤੇ ਇਕ ਵਾਰ ਤਾਂ ਗਿਆਨੀ ਜ਼ੈਲ ਸਿੰਘ ਨੇ ਉਹਨੂੰ ਕਾਰ ਵੀ ਭੇਂਟ ਕੀਤੀ ਸੀ ਤੇ ਉਹਨੇ ਇਹਦੇ ਬਦਲੇ ਗਿਆਨੀ ਜੀ ਨੂੰ ਮਹਾਂਪੁਰਖ ਕਹਿ ਕੇ ਸਨਮਾਨਿਆ ਸੀ। ਸੰਤਾ ਸਿੰਘ ਨੂੰ ਯਕੀਨ ਦਿਵਾਇਆ ਗਿਆ ਕਿ ਉਹਨੂੰ ਜਿੰਨੇ ਪੈਸੇ ਦੀ ਲੋੜ ਹੋਈ ਦਿੱਤਾ ਜਾਵੇਗਾ ਅਤੇ ਫ਼ੌਜ ਉਹਦੀ ਸੁਰੱਖਿਆ ਦਾ ਪ੍ਰਬੰਧ ਕਰੇਗੀ। ਇਹ ਸਿੱਖ ਫ਼ਾਲਸਟਾਫ ਆਪਣੀ ਨਿਹੰਗ ਲਾਮਡੋਰੀ ਨੂੰ ਨਾਲ ਲੈ ਕੇ ਗੱਜਦਾ-ਵੱਜਦਾ ਅੰਮ੍ਰਿਤਸਰ ਪੁੱਜਿਆ। ਇਹਨਾਂ ਦੇ ਨਾਲ ਹੀ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਭਰੇ ਟਰੱਕ ਵੀ ਆਏ। ਸਰਕਾਰੀ ਪ੍ਰਚਾਰ-ਸਾਧਨਾਂ ਨੇ ਉਸ ਆਦਮੀ ਦਾ ਜਿਹੜਾ ਬਹੁਤੇ ਸਿੱਖਾਂ ਦੀਆਂ ਨਜ਼ਰਾਂ ਵਿਚ ਆਪਣੀ ਹੀ ਕਿਸਮ ਦਾ ਬਦਮਾਸ਼ ਸੀ ਤੇ ਜੀਹਨੂੰ ਸਰਕਾਰ ਤੋਂ ਪੈਸਾ ਮਿਲਦਾ ਸੀ, ਖ਼ੁਸ਼ਗਵਾਰ ਬਿੰਬ ਸਿਰਜਣ ਦਾ ਜਤਨ ਕੀਤਾ। ਦੂਰਦਰਸ਼ਨ ਨੇ ਉਹਨੂੰ ਤੇ ਉਹਦੇ ਆਦਮੀਆਂ ਨੂੰ, ਜਿਨ੍ਹਾਂ ਵਿਚੋਂ ਕਈ ਕਾਰਬਾਈਨਾਂ ਨਾਲ ਲੈਸ ਸਨ, ਕੁਝ ਮਲਬਾ ਚੁਕਦਿਆਂ ਵਿਖਾਇਆ। ਬਾਕੀ ਸਾਰਾ ਕੰਮ ਸਰਕਾਰੀ ਨਿਗਰਾਨੀ ਹੇਠ ਭਾੜੇ ਦੇ ਮਜ਼ਦੂਰਾਂ ਤੋਂ ਕਰਵਾਇਆ ਗਿਆ। ਪੰਜਾਂ ਤਖ਼ਤਾਂ ਦੇ ਜੱਥੇਦਾਰਾਂ ਨੇ ਸੰਤਾ ਸਿੰਘ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਤੇ ਉਹਨੂੰ ਸਿੱਖ ਭਾਈਚਾਰੇ ਵਿਚੋਂ ਛੇਕ ਦਿੱਤਾ।

ਇਹਦੇ ਉਤਰ ਵਿਚ ਮੰਤਰੀ ਬੂਟਾ ਸਿੰਘ ਨੇ ਸੰਤਾ ਸਿੰਘ ਭਾਈਚਾਰੇ ਵਿਚੋਂ ਛੇਕਣ ਬਾਰੇ ਹੁਕਮਨਾਮਿਆਂ ਨੂੰ ਅਪ੍ਰਮਾਣਕ ਠਹਿਰਾਉਣ ਲਈ 11 ਅਗਸਤ 1984 ਨੂੰ ਸਰਬੱਤ ਖ਼ਾਲਸਾ ਦਾ ਸਮਾਗਮ ਬੁਲਵਾਇਆ। ਬੂਟਾ ਸਿੰਘ ਨੂੰ ਆਪਣੇ ਸਿੱਖ ਇਤਿਹਾਸ ਦਾ ਇਲਮ ਨਹੀਂ ਸੀ। ਸਰਬੱਤ ਖ਼ਾਲਸਾ ਸਮਾਗਮ ਤਾਂ ਸਰਬ-ਉਚਿਤਾ ਲਈ ਸਿੱਖ ਸੰਗਰਾਮ ਦੇ ਦੌਰ ਵਿਚ ਹੁੰਦੇ ਰਹੇ ਸਨ ਤੇ ਇਹ ਸਾਲ ਵਿਚ ਦੋ ਵਾਰ, ਵੈਸਾਖੀ ਅਤੇ ਦੁਸਹਿਰੇ ਦੇ ਮੌਕਿਆਂ ਉਤੇ ਹੋਇਆ ਕਰਦੇ ਸਨ। ਇਹਨਾਂ ਸਮਾਗਮਾਂ ਵਿਚ ਬਹੁਤਾ ਕਰਕੇ ਫ਼ੌਜੀ ਮੁਹਿੰਮਾਂ ਬਾਰੇ ਹੀ ਵਿਚਾਰ-ਵਟਾਂਦਰੇ ਕੀਤੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਸਿੱਖਾਂ ਦੀ ਬਾਦਸ਼ਾਹਤ ਦੀ ਸਥਾਪਤੀ ਨਾਲ ਇਹ ਸਮਾਗਮ ਹੋਣੇ ਬੰਦ ਕਰ ਦਿੱਤੇ ਗਏ। ਇਤਿਹਾਸਕ ਪੂਰਵ-ਉਦਾਹਰਣ ਦੀ ਅਣਹੋਂਦ ਦੀ ਜਾਂ ਇਸ ਤੱਕ ਦੀ ਪਰਵਾਹ ਨਾ ਕਰਦਿਆਂ ਕਿ ਪੰਜਾਬ ਵਿਚ ਪੰਜਾਂ ਜਾਂ ਵੱਧ ਆਦਮੀਆਂ ਦਾ ਇਕੱਠ ਗੈਰਕਾਨੂੰਨੀ ਐਲਾਨਿਆ ਗਿਆ ਸੀ, ਵਿਸ਼ਾਲ ਪੈਮਾਨੇ ਤੇ ਤਿਆਰੀਆਂ ਕੀਤੀਆਂ ਗਈਆਂ। ਪੰਜਾਬ, ਹਰਿਆਣੇ ਤੇ ਦਿੱਲੀ ਵਿਖੇ ਸਿੱਖ ਵਪਾਰੀਆਂ ਨੂੰ ਸੇਲ-ਟੈਕਸ ਦੇ ਇੰਸਪੈਕਟਰਾਂ ਨੇ ਮਜਬੂਰ ਕੀਤਾ ਕਿ ਉਹ ਕਾਰ ਸੇਵਾ ਲਈ ਚੰਦੇ ਦੇਣ, ਕਿਉਂਜੁ ਕੋਈ ਰਸੀਦਾਂ ਨਹੀਂ ਦਿੱਤੀਆਂ ਗਈਆਂ ਸੋ ਅਨੁਮਾਨ ਲਾਇਆ ਜਾ

ਸਕਦਾ ਹੈ ਕਿ ਜਥਦੀ ਤੌਰ 'ਤੇ ਇਕੱਠੀ ਕੀਤੀ ਗਈ ਰਕਮ ਵਿਚੋਂ ਕਿੰਨੀ ਕੁ ਪ੍ਰਬੰਧਕਾਂ ਕੋਲ ਪਹੁੰਚੀ ਹੋਵੇਗੀ। ਟਰੱਕ ਤੇ ਬੱਸਾਂ ਵਗਾਰੀ ਫੜ ਲਈਆਂ ਗਈਆਂ ਅਤੇ ਪਿੰਡਾਂ ਵਿਚੋਂ ਲੋਕਾਂ ਨੂੰ ਅੰਮ੍ਰਿਤਸਰ ਲਿਆਂਦਾ ਗਿਆ (ਸਭਨਾਂ ਨੂੰ 20 ਰੁਪਏ ਅਤੇ ਭੋਜਨ ਤੇ ਸੈਲ-ਸਪਾਟਾ ਕਰਵਾਉਣ ਦਾ ਵਚਨ ਦਿੱਤਾ ਗਿਆ)। ਪਰ ਇਹਦੇ ਬਾਵਜੂਦ ਇਹ ਇਕੱਠ ਬਿਲਕੁਲ ਪ੍ਰਭਾਵਸ਼ਾਲੀ ਨਹੀਂ ਸੀ। ਸੰਤਾ ਸਿੰਘ ਦੇ ਅਨੁਆਈਆਂ, ਬੂਟਾ ਸਿੰਘ ਦੇ ਮਜ਼ਬੀ ਸਿੱਖਾਂ ਅਤੇ ਗਿਣਤੀ ਦੇ ਨਾਮਧਾਰੀਆਂ ਤੋਂ ਇਲਾਵਾ ਬਹੁਤਾ ਹਿੰਦੂ ਹੀ ਸ਼ਾਮਿਲ ਸਨ। ਜੁਸ਼ੀਲੀਆਂ ਤਕਰੀਰਾਂ ਕੀਤੀਆਂ ਗਈਆਂ। ਬੂਟਾ ਸਿੰਘ ਨੇ ਜੀਹਦਾ ਬਾਬਾ ਖੜਕ ਸਿੰਘ ਨੇ ਨਿਰਾਦਰ ਕੀਤਾ ਸੀ, ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਕੋੜੇ ਮਾਰੇ ਜਾਣ। ਉਹਦੇ ਕਾਰਿਆਂ ਕਾਰਨ ਬੂਟਾ ਸਿੰਘ ਨੂੰ ਵੀ ਤਨਖਾਹੀਆ ਕਰਾਰ ਦਿੱਤਾ ਗਿਆ।

ਅਕਾਲੀ ਦਲ ਵਾਲੇ ਸਰਬੱਤ ਖ਼ਾਲਸਾ ਦੇ ਇਸ ਵਿਖਾਲੇ ਮਾਤਰ ਦੇ ਸਮਾਗਮ ਪਿਛੋਂ ਚੁੱਪ ਕਰਕੇ ਨਹੀਂ ਸੀ ਬਹਿ ਸਕਦੇ। ਉਹਨਾਂ ਨੇ 2 ਸਤੰਬਰ, 1984 ਨੂੰ ਸੰਸਾਰ ਸਿੱਖ ਸਮਾਗਮ ਬੁਲਾਇਆ ਅਤੇ ਭਾਰਤ ਵਿਚ ਤੇ ਵਿਦੇਸ਼ਾਂ ਵਿਚ ਸਿੱਖ ਭਾਈਚਾਰਿਆਂ ਨੂੰ ਸੱਦਾ-ਪੱਤਰ ਭੇਜੇ। ਸਪੱਸ਼ਟ ਸੀ ਕਿ ਅਕਾਲੀਆਂ ਨੇ ਕਿਤੇ ਵਧੇਰੇ ਵੱਡਾ ਤੇ ਵਧੇਰੇ ਪ੍ਰਭਾਵਸ਼ਾਲੀ ਸਮਾਗਮ ਕਰ ਸਕਣਾ ਸੀ। ਇਸ ਵਾਰ ਸਰਕਾਰ ਨੇ ਪ੍ਰਬੰਧਕਾਂ ਨੂੰ ਇਹ ਯਾਦ ਕਰਵਾਉਣ ਦਾ ਫ਼ੈਸਲਾ ਕੀਤਾ ਕਿ ਇੰਡੀਅਨ ਪੀਨਲ ਕੋਡ ਦੀ ਦਫ਼ਾ 144 ਲੱਗੀ ਹੋਈ ਹੈ। ਭਾਰਤੀ ਦੂਤਾਵਾਸਾਂ ਤੇ ਕੌਂਸਲੇਟਾਂ ਨੂੰ ਹਿਦਾਇਤਾਂ ਭੇਜੀਆਂ ਗਈਆਂ ਕਿ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਲਈ ਸਿੱਖਾਂ ਨੂੰ ਵੀਜ਼ੇ ਨਾ ਦਿੱਤੇ ਜਾਣ। ਪੰਜਾਬ, ਹਰਿਆਣਾ ਤੇ ਯੂ.ਪੀ. ਦੀ ਪੁਲਿਸ ਨੇ ਸਿੱਖ ਪਿੰਡਾਂ ਦੇ ਚੱਕਰ ਲਾਏ ਤੇ ਨੰਬਰਦਾਰਾਂ ਨੂੰ ਚੇਤਾਉਣੀ ਦਿੱਤੀ ਕਿ ਜੇ ਕੋਈ ਟਰੈਕਟਰ ਪਿੰਡੋਂ ਨਿਕਲਦਾ ਵੇਖਿਆ ਗਿਆ ਤਾਂ ਉਹਦਾ ਨੰਬਰ ਨੋਟ ਕਰ ਲਿਆ ਜਾਵੇਗਾ। ਅੰਮ੍ਰਿਤਸਰ ਜਾਂਦੇ ਸਭਨਾਂ ਰਾਹਾਂ 'ਤੇ ਸੜਕਾਂ ਉਤੇ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਗਈਆਂ, ਪਰ ਬਾਵਜੂਦ ਰੋਕਾਂ ਦੇ ਅਕਾਲੀ ਸਰਬੱਤ ਖ਼ਾਲਸਾ ਸਮਾਗਮ ਦੇ ਮੁਕਾਬਲੇ 'ਤੇ ਕਿਤੇ ਬਹੁਤੇ ਲੋਕਾਂ ਨੂੰ ਇਕੱਠਾ ਕਰਨ ਵਿਚ ਸਫਲ ਹੋਏ। ਉਹ ਖ਼ਾਲਿਸਤਾਨ ਦੇ ਸਮਰਥਕਾਂ ਦੇ ਬੇਮੁਹਾਰ ਤੱਤਾਂ ਨੂੰ ਵੀ ਕਾਬੂ ਵਿਚ ਰੱਖ ਸਕੇ ਜਿਹੜੇ ਨਾਅਰੇ ਲਾਉਣ ਤੇ ਆਪਣਾ ਝੰਡਾ ਝੁਲਾਉਣ ਤੋਂ ਬਿਨਾਂ ਹੋਰ ਕੁਝ ਨਾ ਕਰ ਸਕੇ। ਇਸ ਕਨਵੈਨਸ਼ਨ ਵਿਚ ਰਾਸ਼ਟਰਪਤੀ ਜ਼ੈਲ ਸਿੰਘ ਤੇ ਮੰਤਰੀ ਬੂਟਾ ਸਿੰਘ ਨੂੰ ਆਪਣੇ ਆਚਰਣ ਦੇ ਸਪੱਸ਼ਟੀਕਰਣ ਲਈ ਸਿੰਘ ਸਾਹਿਬਾਨ ਦੇ ਪੇਸ਼ ਹੋਣ ਦਾ ਹੁਕਮ ਦਿੱਤਾ ਗਿਆ। ਫ਼ੌਜੀ ਕਾਰਵਾਈ ਕਰਨ ਵਾਲੇ ਸਿੱਖ ਜਰਨੈਲਾਂ ਨੂੰ ਸਜ਼ਾ ਨਹੀਂ ਦਿੱਤੀ ਗਈ।

ਓਪਰੇਸ਼ਨ ਬਲਿਊ ਸਟਾਰ ਦੇ ਤਿੰਨ ਮਹੀਨੇ ਪਿਛੋਂ ਕੋਈ ਵੀ ਠੀਕ-ਠੀਕ ਨਹੀਂ ਦੱਸ ਸਕਦਾ ਕਿ ਗੋਲਡਨ ਟੈਂਪਲ ਤੇ ਦੂਜੇ 40 ਗੁਰਦੁਆਰਿਆਂ ਵਿਖੇ ਜਿਨ੍ਹਾਂ ਉਤੇ ਫ਼ੌਜ ਨੇ ਹਮਲਾ ਕੀਤਾ ਸੀ, ਲੜਾਈ ਵਿਚ ਕਿੰਨੇ ਆਦਮੀ ਮਾਰੇ ਗਏ ਜਾਂ ਅੰਮ੍ਰਿਤਸਰ ਪਹੁੰਚਣ ਦੀ ਕੋਸ਼ਿਸ਼ ਵਿਚ ਸੜਕਾਂ ਉਤੇ ਜਾਂ ਖੇਤਾਂ ਵਿਚ ਕਿੰਨੇ ਆਦਮੀ ਮਰੇ। ਸਰਕਾਰ ਦੇ ਬੁਲਾਰੇ ਵੀ ਮੰਨਦੇ ਹਨ ਕਿ ਵ੍ਹਾਈਟ ਪੇਪਰ ਵਿਚ ਦਿੱਤੇ ਗਏ ਅੰਕੜੇ ਬਹੁਤ ਘਟਾ ਕੇ ਦੱਸੇ ਗਏ ਹਨ। ਵ੍ਹਾਈਟ ਪੇਪਰ ਅਨੁਸਾਰ 92 ਸਿਪਾਹੀ ਤੇ ਅਫ਼ਸਰ ਮਰੇ, ਪਰ ਰਾਜੀਵ ਗਾਂਧੀ ਨੇ ਅੱਗੇ ਚੱਲ ਕੇ ਆਖਿਆ ਸੀ ਕਿ ਫ਼ੌਜ ਦੇ 700 ਜਵਾਨ ਮਾਰੇ ਗਏ ਹਨ। ਇਸ ਬਾਰੇ ਕੋਈ ਸ਼ੱਕ ਨਹੀਂ ਕਿ ਜੇ ਸਿਵਿਲੀਅਨ-ਦਹਿਸ਼ਤਪਸੰਦ ਲੋਕਾਂ ਦੀਆਂ ਮੌਤਾਂ ਬਾਰੇ ਸਰਕਾਰ ਵਲੋਂ ਦੱਸੇ ਗਏ ਅੰਕੜੇ—516 ਨਾਲ ਸਿਫ਼ਰ ਜੋੜ ਦਿੱਤੀ ਜਾਵੇ ਤਾਂ ਵਧੇਰੇ ਸਹੀ ਹੋਵੇਗਾ—ਨਿਸਚਿਤ ਤੌਰ 'ਤੇ ਪੰਜ ਕੁ ਹਜ਼ਾਰ ਲੋਕ ਮਾਰੇ ਗਏ।

ਫ਼ੌਜ ਨੇ ਜੋ ਲੁੱਟ-ਮਾਰ ਕੀਤੀ ਉਹਦੇ ਬਾਰੇ ਸਮਾਂ ਪਾ ਕੇ ਹੀ ਜਾਣਿਆ ਜਾ ਸਕੇਗਾ। ਫ਼ੌਜੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਗੋਲਡਨ ਟੈਂਪਲ ਦੇ ਇਰਦ-ਗਿਰਦ ਦੇ ਕਈ ਮਕਾਨਾਂ ਨੂੰ ਖ਼ਾਲੀ ਕਰਨ ਦੇ ਹੁਕਮ ਦਿੱਤੇ ਗਏ ਤੇ ਇਹਨਾਂ ਨੂੰ ਫ਼ੌਜੀਆਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਜਦੋਂ ਮਾਲਕਾਂ ਨੂੰ ਮੁੜ ਆਪਣੇ ਘਰੀਂ ਪਰਤਣ ਦੀ ਆਗਿਆ ਮਿਲੀ ਤਾਂ ਘਰਾਂ ਵਿਚੋਂ ਉਹਨਾਂ ਦੇ ਟੈਲੀਵਿਜਨ ਸੈੱਟ, ਰੇਡੀਉ, ਫਰਿੱਜ, ਕਲਾਕ ਗੱਲ ਕੀ ਜਿਹੜੀਆਂ ਚੀਜ਼ਾਂ ਵੀ ਚੁਕੀਆਂ ਜਾ ਸਕਦੀਆਂ ਸਨ, ਅਲੋਪ ਹੋ ਚੁੱਕੀਆਂ ਸਨ। ਖ਼ੁਦ ਗੋਲਡਨ ਟੈਂਪਲ ਕਾਂਪਲੈਕਸ ਵਿਚ ਦਰਜਨ ਤੋਂ ਉੱਪਰ ਗੁਰਦੁਆਰੇ ਹਨ ਜਿਨ੍ਹਾਂ ਵਿਚੋਂ ਹਰ ਇਕ ਦੀ ਖ਼ੁਦ ਆਪਣੀ ਗੋਲਕ ਹੈ। ਸਹਿਜੇ ਹੀ ਇਹ ਅਨੁਮਾਨਿਆ ਜਾ ਸਕਦਾ ਹੈ ਕਿ ਕਿਸੇ ਵੀ ਸਮੇਂ ਇਹਨਾਂ ਵਿਚੋਂ ਹਰ ਇਕ ਗੋਲਕ ਵਿਚ ਇਕ ਲੱਖ ਰੁਪਏ ਤੋਂ ਉਪਰ ਨਕਦੀ ਹੁੰਦੀ ਸੀ। ਇਹਨਾਂ ਗੋਲਕਾਂ ਤੋਂ ਇਲਾਵਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਤੇ ਇਸਤਰੀ ਅਕਾਲੀ ਦਲ ਦੇ ਦਫ਼ਤਰ ਸਨ ਜਿਥੇ ਰੋਜ਼ਾਨਾ ਲੋੜਾਂ ਦੀ ਪੂਰਤੀ ਲਈ ਨਕਦ ਪੈਸਾ ਰਹਿੰਦਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਕਾ ਲੰਗਰ ਲਈ ਤੇ ਸੈਆਂ ਸੇਵਾਦਾਰਾਂ ਤੇ ਉਜਰਤੀ ਮਜ਼ਦੂਰਾਂ ਦੀਆਂ ਸੇਵਾਵਾਂ ਦਾ ਮੁਆਵਜ਼ਾ ਦੇਣ ਲਈ ਹਰ ਰੋਜ਼ ਇਕ ਲੱਖ ਰੁਪਏ ਤੋਂ ਉੱਪਰ ਵੰਡਦੀ ਹੈ। ਫ਼ੌਜੀ ਕਾਰਵਾਈ ਪਿਛੋਂ ਗੋਲਕਾਂ ਵਿਚ ਜਾਂ ਉਪਰੋਕਤ ਸੰਸਥਾਵਾਂ ਦੇ ਦਫ਼ਤਰਾਂ ਵਿਚ ਇਕ ਵੀ ਸਿੱਕਾ ਨਹੀਂ ਸੀ। ਨਿਸਚਿਤ ਹੀ ਇਹ ਮੰਨਿਆ ਜਾ ਸਕਦਾ ਹੈ ਕਿ ਇਸ ਲੋਟੀ-ਧਾੜੇ ਦੀਆਂ ਨਿਸ਼ਾਨੀਆਂ ਉਤੇ ਪਰਦਾ ਪਾਉਣ ਲਈ ਹੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰਾਂ ਨੂੰ ਜਾਣ ਬੁਝ ਕੇ ਅੱਗ ਲਾਈ ਗਈ ਤਾਂ ਜੁ ਇਹਨਾਂ ਦੀਆਂ ਅਕਾਊਂਟ ਬੁਕਸ ਹੀ ਸਾੜ ਦਿੱਤੀਆਂ ਜਾਣ। ਇਹ ਵੀ ਮੰਨਿਆ ਜਾ ਸਕਦਾ ਹੈ ਕਿ ਮੁਹਾਫ਼ਜ਼ਖ਼ਾਨੇ ਨੂੰ ਜਿਥੇ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਨਕਲਾਂ ਅਤੇ ਹੁਕਮਨਾਮੇ ਪਏ ਸਨ, ਇਹ ਸਮਝ ਕੇ ਅੱਗ ਲਾ ਦਿੱਤੀ ਗਈ ਕਿ ਇਹ ਵੀ ਅਕਾਊਂਟ-ਬੁਕਸ ਹਨ। ਵ੍ਹਾਈਟ ਪੇਪਰ ਵਿਚ ਦੱਸੇ ਗਏ ਦੇ ਉਲਟ ਕਿ ਇਹਨਾਂ ਇਮਾਰਤਾਂ ਨੂੰ ਦੁਪਾਸੀ ਫ਼ਾਇਰਿੰਗ ਦੇ ਦੌਰਾਨ ਅੱਗ ਲੱਗ ਗਈ, ਸਾਡੇ ਕੋਲ ਮੁਹਾਫ਼ਜ਼ ਦਫ਼ਤਰਖ਼ਾਨਾ ਦੇਵਿੰਦਰ ਸਿੰਘ ਦੁੱਗਲ ਦਾ ਬਿਆਨ ਹੈ ਜਿਹੜਾ ਲੜਾਈ ਦੇ ਦੌਰਾਨ ਆਪਣੇ ਦਫ਼ਤਰ ਵਿਚ ਮੌਜੂਦ ਸੀ, ਉਹਦਾ ਬਿਆਨ ਹੈ ਕਿ ਫ਼ੌਜੀ ਕਾਰਵਾਈ ਦਾ ਭੋਗ ਪੈਣ ਪਿਛੋਂ ਹੀ ਮੁਹਾਫ਼ਜ਼ਖ਼ਾਨੇ ਨੂੰ ਅੱਗ ਲਾਈ ਗਈ।

ਪੰਜਾਬ ਉਤੇ ਫ਼ੌਜੀ ਕਬਜ਼ੇ ਦਾ ਅੰਤ ਨਾਗਵਾਰ ਪੱਖ ਇਹ ਹੈ ਕਿ ਪਿੰਡਾਂ ਵਿਚ ਦਹਿਸ਼ਤ ਦਾ ਰਾਜ ਬੇਲਗਾਮ ਕਰ ਦਿੱਤਾ ਗਿਆ। ਜਦੋਂ ਫ਼ੌਜੀ ਜੁਆਨਾਂ ਦੇ ਨਾਲ ਪੁਲਿਸ ਨੇ ਹਥਿਆਰਾਂ ਤੇ ਦਹਿਸ਼ਤਪਸੰਦਾਂ ਦੀ ਭਾਲ ਵਿਚ ਪਿੰਡ-ਪਿੰਡ ਦੀ ਖੋਜ ਕੀਤੀ, ਉਹਨਾਂ ਨੇ ਹਰ ਸਿੱਖ (ਹਿੰਦੂ ਕਦੇ ਵੀ ਨਹੀਂ) ਤੋਂ ਇਕਬਾਲ ਕਰਵਾਉਣ ਲਈ ਤੀਜੇ ਦਰਜੇ ਦੇ ਢੰਗ ਵਰਤੇ। ਕਈਆਂ ਨੂੰ ਕੁੱਟਣ ਪਿਛੋਂ ਹੀ ਛੱਡ ਦਿੱਤਾ ਗਿਆ, ਹੋਰਨਾਂ ਨੂੰ ਪੁਲਿਸ ਸਟੇਸ਼ਨਾਂ ਤੇ ਜੇਲ੍ਹਖ਼ਾਨਿਆਂ ਵਿਚ ਹੋਰ ਪੁੱਛ-ਗਿਛ ਲਈ ਡੱਕ ਦਿੱਤਾ ਗਿਆ। ਇਥੇ ਉਹ ਸੜਦੇ ਰਹੇ, ਕਿਉਂਕਿ ਇਹ ਜਾਣ ਸਕਣਾ ਅਸਲੋਂ ਹੀ ਅਸੰਭਵ ਸੀ ਕਿ ਉਹਨਾਂ ਨੂੰ ਕਿਥੇ ਲਿਜਾਇਆ ਗਿਆ ਹੈ।

ਆਖ਼ਰਕਾਰ ਹੁਣ ਆਗੂ-ਰਹਿਤ ਸਿੱਖ ਕਮਿਊਨਿਟੀ ਦੇ ਕੁਝ ਪ੍ਰਾਈਵੇਟ ਲੋਕ ਆਪਣੇ ਧਰਮ ਦੇ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਏ। ਪਟਿਆਲੇ ਦੇ ਅਮਰਿੰਦਰ ਸਿੰਘ ਨੇ ਹਿਰਾਸਤ ਵਿਚ ਰੱਖੇ ਗਏ ਸਿੱਖ ਸਿਵਿਲੀਆਂ ਦੀ ਡੀਫੈਂਸ ਲਈ ਰਿਟਾਇਰਡ ਜਸਟਸ ਤਾਰਕੁੰਡੇ ਦੀ ਚੇਅਰਮੈਨਸ਼ਿਪ ਹੇਠ ਇਕ ਕਮੇਟੀ ਕਾਇਮ ਕੀਤੀ। ਸਿੱਖ ਸੋਲਜਰਜ਼ ਲੀਗਲ ਏਡ ਕਮੇਟੀ ਵੀ ਕਾਇਮ ਕੀਤੀ ਗਈ, ਜਿਸ

ਵਿਚ ਨਾਨਾ ਪਾਲਖੀਵਾਲਾ, ਸੋਲੀ ਸੋਰਾਬਜੀ ਵਰਗੇ ਉੱਘੇ ਕਾਨੂੰਨਦਾਨਾਂ ਅਤੇ ਰਿਟਾਇਰਡ ਚੀਫ਼ ਜਸਟਸ ਆਰ.ਐਸ. ਨਰੂਲਾ ਨੂੰ ਲਿਆ ਗਿਆ। ਇਹ ਜਾਣਨਾ ਬਹੁਤ ਹੀ ਔਖਾ ਕਾਰਜ ਸੀ ਕਿ ਉਹ ਲੋਕ ਕੌਣ ਹਨ, ਕਿਥੇ ਹਿਰਾਸਤ ਵਿਚ ਰੱਖੇ ਗਏ ਹਨ ਤੇ ਉਹਨਾਂ 'ਤੇ ਕਿਹੜੇ ਦੋਸ਼ ਲਾਏ ਗਏ ਹਨ। ਪੰਜਾਬ ਦੀ ਪ੍ਰੈੱਸ ਉਤੇ ਸਖ਼ਤ ਸੈਂਸਰਸ਼ਿਪ ਦੇ ਕਾਰਨ, ਰਾਜ ਵਿਚ ਪ੍ਰਕਾਸ਼ਤ ਹੁੰਦਾ ਕੋਈ ਵੀ ਅਖ਼ਬਾਰ ਜਾਂ ਰਸਾਲਾ ਪੈਸੇ ਲੈ ਕੇ ਇਹ ਸਾਧਾਰਨ ਜਿਹਾ ਇਸ਼ਤਿਹਾਰ ਛਾਪਣ ਨੂੰ ਵੀ ਤਿਆਰ ਨਹੀਂ ਸੀ ਕਿ ਮੋਇਆਂ, ਫੱਟੜਾਂ, ਹਿਰਾਸਤ ਵਿਚ ਗੱਖਿਆ ਜਾਂ ਗੁੰਮ ਹੋਇਆਂ ਦੇ ਰਿਸ਼ਤੇਦਾਰ ਤੇ ਮਿੱਤਰ ਅਮਰਿੰਦਰ ਸਿੰਘ ਨੂੰ ਜਾਂ ਸਿੱਖ ਸੋਲਜਰਜ਼ ਲੀਗਲ ਏਡ ਕਮੇਟੀ ਨੂੰ ਸੂਚਿਤ ਕਰਨ। ਆਖ਼ਰ ਮਾਸਕ ਗੁਰਮੁਖੀ ਪੇਪਰ, ਪੰਜਾਬ ਡਾਈਜੈਸਟ ਨੇ ਜੋ ਦਿੱਲੀਉਂ ਪ੍ਰਕਾਸ਼ਤ ਹੁੰਦਾ ਹੈ, ਇਹ ਐਲਾਨ ਛਾਪਿਆ, ਇਸ ਦਾ ਅਸਰ ਆਪ-ਮੁਹਾਰਾ ਸੀ। ਇਸ ਮਾਸਕ ਨੂੰ ਗੁਰਮੁਖੀ, ਹਿੰਦੀ, ਉਰਦੂ ਤੇ ਇੰਗਲਿਸ਼ ਵਿਚ ਪੱਤਰਾਂ ਦਾ ਹੜ੍ਹ ਆ ਗਿਆ ਜਿਨ੍ਹਾਂ ਵਿਚ ਭਿਅੰਕਰ ਕਹਾਣੀਆਂ ਦੱਸੀਆਂ ਗਈਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਤਬਾਰ ਨਹੀਂ ਆਉਂਦਾ ਕਿ ਸਭਯ ਸਮਾਜ ਵਿਚ ਇਹ ਕੁਝ ਵੀ ਵਾਪਰ ਸਕਦਾ ਹੈ। ਮਲੂਮ ਹੋਇਆ ਕਿ ਗੋਲਡਨ ਟੈਂਪਲ ਵਿਚੋਂ ਫੜੇ ਗਏ 4 ਤੋਂ 12 ਸਾਲ ਦੀ ਉਮਰ ਦੇ 21 ਮੁੰਡੇ ਲੁਧਿਆਣੇ ਜੇਲ੍ਹ ਵਿਚ ਡੱਕੇ ਹੋਏ ਹਨ ਤੇ ਇਹਨਾਂ ਦੇ ਨਾਂ ਦਹਿਸ਼ਤਪਸੰਦਾਂ ਦੇ ਤਿੰਨ ਪ੍ਰਕਾਰਾਂ ਹੇਠ ਦਰਜ ਹਨ : ਬਹੁਤ ਖ਼ਤਰਨਾਕ, ਖ਼ਤਰਨਾਕ ਤੇ ਸੰਭਾਵੀ ਤੌਰ 'ਤੇ ਖ਼ਤਰਨਾਕ। ਜਦੋਂ ਸ਼੍ਰੀਮਤੀ ਕਮਲਾਦੇਵੀ ਚਟੋਪਾਧਿਆ ਨੇ ਇਹਨਾਂ ਬੱਚਿਆਂ ਵਲੋਂ ਸੁਪਰੀਮ ਕੋਰਟ ਵਿਚ ਹੇਬੀਅਸ ਕਾਰਪਸ ਦੀ ਰਿਟ ਪੇਸ਼ ਕੀਤੀ, ਇਹਨਾਂ ਮੁੰਡਿਆਂ ਨੂੰ ਜਲਦੀ ਹੀ ਤੇ ਚੁਪ-ਚਾਪ ਅੰਮ੍ਰਿਤਸਰ ਭੇਜ ਦਿੱਤਾ ਗਿਆ। 40-ਸਾਲਾ ਜਰਮਨ ਤੀਵੀਂ, ਮਿਊਨਿਖ ਦੀ ਅੰਨਾ ਬਾਯਾਰਾਕ ਨੂੰ, ਜਿਹੜੀ ਇਕ ਸਿੱਖ, ਹਰਦਿਆਲ ਸਿੰਘ ਦੀ ਪਤਨੀ ਹੈ ਤੇ ਜਿਹੜੀ ਆਪਣੇ ਪਤੀ ਦੇ ਸੰਬੰਧੀਆਂ ਨੂੰ ਮਿਲਣ ਲਈ ਸਬੱਬੋਂ ਹੀ ਅੰਮ੍ਰਿਤਸਰ ਆਈ ਹੋਈ ਸੀ, ਪੁਲਿਸ ਨੇ ਫੜ ਲਈ ਤੇ ਲੁਧਿਆਣਾ ਜੇਲ੍ਹ ਵਿਚ ਡੱਕ ਦਿੱਤੀ ਗਈ। ਉਹਦਾ ਪਾਸਪੋਰਟ ਫਾੜ ਦਿੱਤਾ ਗਿਆ। ਤੀਜੀ ਮੰਜ਼ਲ ਦੇ ਵਰਾਂਡੇ ਵਿਚ ਬੈਠੇ ਅਖ਼ਬਾਰ ਪੜ੍ਹ ਰਹੇ ਇਕ ਬਜ਼ੁਰਗ ਦੀ ਖੋਪੜੀ ਗੋਲੀ ਨਾਲ ਉੱਡ ਗਈ, ਇਕ ਆਦਮੀ ਜ਼ੀਹਨੇ ਆਪਣੇ ਜੀਵਨ ਦੇ ਆਖ਼ਰੀ ਵੀਹ ਸਾਲ ਰਾਹੀਂ ਪਰਕਰਮਾ ਸਾਫ਼ ਕਰਨ ਦੇ ਲੇਖੇ ਲਾਏ ਸਨ, ਅਕਾਸ਼ ਵਿਚ ਉਡ-ਪੁਡ ਗਿਆ, ਹਰਿਮੰਦਰ ਦੇ ਦਰਸ਼ਨ ਕਰਨ ਆਈਆਂ ਦੋ ਭੈਣਾਂ ਦਾ ਕਿਤੇ ਨਾਂ-ਨਿਸ਼ਾਨ ਤਕ ਨਹੀਂ ਮਿਲਿਆ। ਅੰਮ੍ਰਿਤਸਰ ਆ ਰਹੇ ਪੇਂਡੂਆਂ ਨੂੰ ਪੱਕੀ ਸੜਕ ਤੋਂ ਲਹਿ ਕੇ ਚੱਲਣ ਲਈ ਹੁਕਮ ਦਿੱਤਾ ਗਿਆ ਤੇ ਉਹ ਨਾਲ-ਲੱਗਦੇ ਖੇਤਾਂ ਥੀਂ ਚੱਲਣ ਲੱਗੇ ਤਾਂ ਫ਼ੌਜੀਆਂ ਨੇ ਗੋਲੀਆਂ ਚਲਾਈਆਂ ਤੇ ਕਈਆਂ ਨੂੰ ਮਾਰ ਦਿੱਤਾ, ਜਿਨ੍ਹਾਂ ਵਿਚ 70 ਵਰ੍ਹੇ ਦੀ ਇਕ ਬੁੱਢੀ ਤੀਵੀਂ ਵੀ ਸੀ। ਲੋਕਾਂ ਨੇ ਆਪਣੇ ਗੁੰਮ-ਸ਼ੁਦਾ ਸੰਬੰਧੀਆਂ ਬਾਰੇ ਜੋ ਖ਼ਬਰਾਂ ਦਿੱਤੀਆਂ ਹਨ ਉਹਨਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਉਹ ਸੈਂਕੜੇ ਹੀ ਹਨ ਤੇ ਉਹ ਵੀ ਮਾਰੇ ਜਾ ਚੁੱਕੇ ਹੀ ਸਮਝੇ ਜਾਂਦੇ ਹਨ।

ਸਿੱਖ ਸੋਲਜਰਜ਼ ਲੀਗਲ ਏਡ ਸੁਸਾਇਟੀ ਵਲੋਂ ਆਰਮਡ ਫ਼ੋਰਸਜ਼ ਦੇ ਸੁਪਰੀਮ ਕਮਾਂਡਰ ਵਜੋਂ ਰਾਸ਼ਟਰਪਤੀ ਨੂੰ, ਰੱਖਿਆ ਮੰਤਰੀ ਨੂੰ ਅਤੇ ਚੀਫ਼ ਆਫ਼ ਆਰਮੀ ਸਟਾਫ਼ ਨੂੰ ਸੰਬੋਧਤ ਪੱਤਰਾਂ ਦਾ ਕੋਈ ਉਤਰ ਨਹੀਂ ਮਿਲਿਆ, ਇਹਨਾਂ ਦੀ ਪਹੁੰਚ-ਸੂਚਨਾ ਭਾਵੇਂ ਦੇ ਦਿੱਤੀ ਗਈ। ਇਹਨਾਂ ਵਿਚ ਕਿਹਾ ਗਿਆ ਸੀ ਕਿ ਜਿਨ੍ਹਾਂ ਸਿੱਖ ਸਿਪਾਹੀਆਂ ਉਤੇ ਭਗੌੜੇ ਹੋਣ ਤੇ ਵਿਦਰੋਹ ਦਾ ਇਲਜ਼ਾਮ ਹੈ ਉਹਨਾਂ ਦੇ ਨਾਂ ਮੁਹਈਆ ਕੀਤੇ ਜਾਣ। ਫਿਰ ਵੀ ਜਦੋਂ ਵਿਦੇਸ਼ਾਂ ਵਿਚਲੀਆਂ ਸਿੱਖ ਸੰਸਥਾਵਾਂ ਨੇ ਅਮਨੈਸਟੀ

ਇੰਟਰਨੈਸ਼ਨਲ (Amnesty International) ਅਤੇ ਹਿਊਮਨ ਰਾਈਟਸ ਕਮਿਸ਼ਨ (Human Rights Commission) ਤਕ ਰਸਾਈ ਹਾਸਲ ਕੀਤੀ ਕਿ ਗ਼ੈਰ-ਕਾਨੂੰਨੀ ਹਿਰਾਸਤਾਂ, ਕੈਦੀਆਂ ਨਾਲ ਬਦਸਲੂਕੀ ਅਤੇ ਸਿੱਖਾਂ ਨਾਲ ਇਨਸਾਫ਼ ਤੋਂ ਇਨਕਾਰ ਦੇ ਸਿਲਸਿਲੇ ਵਿਚ ਜਾਂਚ-ਪੜਤਾਲ ਕੀਤੀ ਜਾਵੇ ਤਾਂ ਸਰਕਾਰ ਨੇ ਸਦਾਚਾਰਕ ਖ਼ਫਗੀ ਦਾ ਅੰਦਾਜ਼ਾ ਅਖ਼ਤਿਆਰ ਕੀਤਾ। ਇਹ ਸਰਕਾਰ ਨੇ ਕਿਹਾ, ਪੂਰੀ ਤਰ੍ਹਾਂ ਅੰਦਰਲਾ ਮਾਮਲਾ ਹੈ।

ਕਰੜੀ ਸੈਂਸਰਸ਼ਿਪ ਕਾਰਨ, ਜਿਸ ਵਿਚ ਰਾਜ ਵਿਚ ਦਾਖ਼ਲ ਹੋਣ ਵਾਲੇ ਵਿਦੇਸ਼ੀ ਪੱਤਰਕਾਰਾਂ ਉਤੇ ਮੁਕੰਮਲ ਪਾਬੰਦੀ ਵੀ ਸ਼ਾਮਿਲ ਹੈ, 'ਓਪਰੇਸ਼ਨ ਬਲਿਊ ਸਟਾਰ' ਤੋਂ ਪਿਛੋਂ ਬੀਤੇ ਮਹੀਨਿਆਂ ਵਿਚ ਜੋ ਕੁਝ ਹੋਇਆ ਉਸ ਬਾਰੇ ਛੁੱਟ ਸਰਕਾਰੀ ਸੰਸਥਾਵਾਂ ਵਲੋਂ ਪੁਣ-ਛਾਣ ਕੇ ਜਾਰੀ ਕੀਤੀਆਂ ਖ਼ਬਰਾਂ ਦੇ ਕੋਈ ਖ਼ਬਰ ਹਾਸਲ ਕਰਨਾ ਅਸੰਭਵ ਸੀ। ਅੱਗੇ ਚੱਲ ਕੇ ਪਤਾ ਲੱਗਿਆ ਕਿ 40 ਦੂਜੇ ਗੁਰਦੁਆਰਿਆਂ ਵਿਚ ਵੀ ਜਿਨ੍ਹਾਂ ਉਤੇ ਫ਼ੌਜ ਨੇ ਤਾਕਤ ਦੇ ਜ਼ੋਰ ਕਬਜ਼ਾ ਕੀਤਾ, ਕਾਫ਼ੀ ਖ਼ੂਨ=ਖ਼ਰਾਬਾ ਹੋਇਆ, ਖ਼ਾਸ ਤੌਰ 'ਤੇ ਪਟਿਆਲਾ ਵਿਖੇ ਦੁਖਨਿਵਾਰਨ ਵਿਚ ਅਤੇ ਇਹ ਵੀ ਮਲੂਮ ਹੋਇਆ ਕਿ ਜੇਲ੍ਹਖ਼ਾਨਿਆਂ ਵਿਚ ਡੱਕੇ ਹਜ਼ਾਰਾਂ ਸਿੱਖ ਮਰਦਾਂ, ਇਸਤਰੀਆਂ ਤੇ ਬੱਚਿਆਂ ਉਤੇ ਮੁਕੱਦਮੇ ਚਲਾਏ ਜਾਣਗੇ ਤੇ ਇਸ ਮਤਲਬ ਲਈ ਅੰਮ੍ਰਿਤਸਰ, ਜਲੰਧਰ, ਪਟਿਆਲੇ ਤੇ ਹੋਰ ਸ਼ਹਿਰਾਂ ਵਿਚ ਸਪੈਸ਼ਲ ਕੋਰਟਾਂ ਕਾਇਮ ਕੀਤੀਆਂ ਗਈਆਂ ਹਨ। ਪਹਿਲੇ ਤਿੰਨ ਮਹੀਨਿਆਂ ਵਿਚ ਕਿਸੇ 'ਤੇ ਵੀ ਮੁਕੱਦਮਾ ਨਾ ਚਲਾਇਆ ਗਿਆ ਤੇ ਨਾ ਹੀ ਕਿਸੇ ਨੂੰ ਜ਼ਮਾਨਤ ਉਤੇ ਰਿਹਾ ਕੀਤਾ ਗਿਆ। ਹਰ ਹਾਲਤ ਵਿਚ, ਕਰਿਮਨਲ ਪ੍ਰੋਸਿਜਰ, ਕੋਡ ਅਤੇ ਇੰਡੀਅਨ ਐਵੀਡੈਂਸ ਐਕਟ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਅਤੇ ਇਸ ਤਰ੍ਹਾਂ ਇਨਸਾਫ਼ ਦੇ ਪਲੜਿਆਂ ਨੂੰ ਮੁਲਜ਼ਮ ਦੇ ਵਿਰੁਧ ਭਰ ਦਿੱਤਾ ਗਿਆ। ਮੈਜਿਸਟਰੇਟ ਇਹਨਾਂ ਦੇ ਮੁਕੱਦਮੇ ਜੇਲ੍ਹਖ਼ਾਨਿਆਂ ਦੇ ਅੰਦਰ ਸੁਣ ਸਕਦੇ ਸਨ ਅਤੇ ਪਬਲਿਕ ਨੂੰ ਦਾਖ਼ਲੇ ਤੋਂ ਇਨਕਾਰ ਕਰ ਸਕਦੇ ਸਨ। ਸਥਾਪਤ ਅਸੂਲ ਦੇ ਉਲਟ ਕਿ ਜਿੰਨਾ ਚਿਰ ਦੋਸ਼ ਸਾਬਤ ਨਾ ਹੋ ਜਾਵੇ, ਆਦਮੀ ਨੂੰ ਨਿਰਦੋਸ਼ ਸਮਝਿਆ ਜਾਵੇਗਾ, ਪੰਜਾਬ ਵਿਚ ਬੰਦੇ ਨੂੰ ਉਦੋਂ ਤੱਕ ਮੁਜਰਮ ਸਮਝਿਆ ਜਾਵੇਗਾ ਜਦੋਂ ਤੱਕ ਉਹ ਆਪਣੇ ਆਪ ਨੂੰ ਨਿਰਦੋਸ਼ ਸਾਬਤ ਨਹੀਂ ਕਰ ਦਿੰਦਾ, ਕਿਉਂਜੁ ਇਸ ਸੂਰਤ ਵਿਚ ਮੁਕੱਦਮੇ ਚਲਾਏ ਜਾਣ ਵਾਲੇ ਕਰੀਬ-ਕਰੀਬ ਸਭ ਲੋਕ ਸਿੱਖ ਹਨ, ਇਸ ਲਈ ਆਖਿਆ ਜਾ ਸਕਦਾ ਹੈ ਕਿ ਸੈਕੂਲਰ ਰਾਜ, ਅਰਥਾਤ ਭਾਰਤ ਵਿਚ ਸਿੱਖਾਂ ਲਈ ਹੋਰ ਕਾਨੂੰਨ ਹੈ ਅਤੇ ਬਾਕੀ ਦੇ ਭਾਰਤੀਆਂ ਲਈ ਹੋਰ ਕਾਨੂੰਨ ਹੈ।

★

ਪੰਜਵਾਂ ਅਧਿਆਇ

ਕੀ ਕੀਤਾ ਜਾ ਸਕਦਾ ਹੈ ?

'ਮੇਰੀ ਮਾਂ ਜਿਸ ਦੀ ਆਯੂ 94 ਵਰ੍ਹੇ ਹੈ, ਨੇ ਮੇਰੇ ਸ਼ਿਮਲੇ ਪਹੁੰਚਣ ਤੋਂ ਪਹਿਲਾਂ ਨਾ ਕੁਝ ਖਾਧਾ ਨਾ ਪੀਤਾ। ਮੈਂ ਜਾ ਕੇ ਯਕੀਨ ਦਿਵਾਇਆ ਕਿ ਹਰਿਮੰਦਰ ਸਾਹਿਬ ਬਿਲਕੁਲ ਸਹੀ ਸਲਾਮਤ ਹੈ ਤਾਂ ਹੀ ਕੁਝ ਖਾਧਾ। ਉਹਨੂੰ ਅਖ਼ਬਾਰਾਂ ਦੀਆਂ ਖ਼ਬਰਾਂ ਅਤੇ ਰੇਡੀਉ ਬਰਾਡਕਾਸਟਾਂ ਉਤੇ ਕੋਈ ਵਿਸ਼ਵਾਸ ਨਹੀਂ ਸੀ ਤੇ ਉਹਨੇ ਕਿਹਾ ਸੀ ਕਿ ਮੇਰੇ ਮੂੰਹੋਂ ਇਹ ਸੁਣ ਕੇ ਹੀ ਕੁਝ ਮੂੰਹ ਪਾਵੇਗੀ।'

ਇਹ ਗੱਲ ਮੈਨੂੰ ਦਿਆਲ ਨੇ ਦੱਸੀ ਜਦੋਂ ਮੈਂ ਉਹਨੂੰ ਫ਼ੌਜੀ ਕਾਰਵਾਈ ਤੋਂ ਪਿਛੋਂ ਮਿਲਿਆ। ਗੋਲਡਨ ਟੈਂਪਲ ਵਿਚ ਫ਼ੌਜ ਦਾ ਦਾਖ਼ਲ ਹੋਣਾ ਹੀ ਹਰ ਸਿੱਖ ਲਈ ਇਕ ਧੱਕਾ ਸੀ, ਉਹ ਭਾਵੇਂ ਦੇਸ਼ ਵਿਚ ਸੀ ਜਾਂ ਵਿਦੇਸ਼ ਵਿਚ। ਤੇ ਸੋਚ ਦੀ ਰੁਚੀ ਇਸ ਤਰ੍ਹਾਂ ਦੀ ਸੀ ਕਿ ਜੇ ਸਰਕਾਰ ਇਹ ਕਰ ਸਕਦੀ ਹੈ ਤਾਂ ਉਹ ਕੁਝ ਵੀ ਕਰ ਸਕਦੀ ਹੈ, ਇਥੋਂ ਤੱਕ ਕਿ ਬੇਹੂਦਗੀ ਨਾਲ ਗੋਲਡਨ ਟੈਂਪਲ ਨੂੰ ਤਬਾਹ ਵੀ ਕਰ ਸਕਦੀ ਹੈ ਤੇ ਉਸ ਤੋਂ ਕਿਸੇ ਇਨਸਾਫ਼ ਤੇ ਨਿਆਂ ਦੀ ਆਸ ਰੱਖਣੀ ਹੀ ਫ਼ਜ਼ੂਲ ਹੈ।

ਇਸ ਗੱਲ ਨੇ ਕਿ ਗੋਲਡਨ ਟੈਂਪਲ ਕਾਇਮ ਹੈ, ਧਰਵਾਸ ਦਿੱਤੀ, ਪਰ ਇਸ ਗੱਲ ਨੇ ਕਿ ਅਕਾਲ ਤਖ਼ਤ ਤਬਾਹ ਹੋ ਗਿਆ ਹੈ, ਸਿੱਖ ਮਨ ਨੂੰ ਡੂੰਘਾ ਫੱਟ ਲਾਇਆ, ਇਹ ਉਹਨਾਂ ਦੇ ਗੁਰੂਆਂ ਦੀ ਸੀਟ ਰਹੀ ਸੀ। ਇਹ ਗੱਲ ਭੁੱਲ ਗਈ ਕਿ ਇਹ ਭਿੰਡਰਾਂਵਾਲਾ ਸੀ ਜੀਹਨੇ ਇਸ ਧਰਮ-ਅਸਥਾਨ ਨੂੰ ਗੜ੍ਹ ਬਣਾ ਕੇ ਤੇ ਕਾਤਲਾਂ ਦੀ ਪਨਾਹ-ਗਾਹ ਬਣਾ ਕੇ ਅਪਵਿੱਤਰ ਕੀਤਾ, ਉਹਦੇ ਬਾਰੇ ਤਾਂ ਬੱਸ ਇਹੋ ਗੱਲ ਯਾਦ ਰਹੀ ਕਿ ਉਹ ਅਕਾਲ ਤਖ਼ਤ ਦੀ ਗੱਖਿਆ ਕਰਦਿਆਂ ਮਾਰਿਆ ਗਿਆ। ਭਾਵੇਂ ਵਧੇਰੇ ਜ਼ਿੰਮੇਵਾਰ ਸਿੱਖ ਭਿੰਡਰਾਂਵਾਲੇ ਦੇ ਗੁਨਾਹ ਨੂੰ ਮੰਨਦੇ ਹਨ ਤੇ ਉਹਨੂੰ ਨਾ ਰੋਕਣ ਦੇ ਸਿਲਸਿਲੇ ਵਿਚ ਆਪਣੇ ਦੋਸ਼ ਨੂੰ ਵੀ, ਉਹ ਵੀ ਉਸ ਦੁੱਖ ਦੀ ਤਕੜੀ ਲਹਿਰ ਵਿਚ ਵਹਿ ਗਏ ਹਨ, ਜਿਸ ਨੇ ਉਹਨਾਂ ਦੀ ਕਮਿਊਨਿਟੀ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ ਤੇ ਉਹ ਵੀ ਓਪਰਿਆਏ-ਜਾਣ (alienation) ਦੇ ਅਹਿਸਾਸ ਦਾ ਸ਼ਿਕਾਰ ਹਨ।

1981 ਤਕ ਬੱਸ ਗਿਣਤੀ ਦੇ ਸਿੱਖ ਹੀ ਖ਼ੁਦਅਖ਼ਤਿਆਰ ਸਿੱਖ ਰਾਜ ਦੇ ਸੁਪਨੇ ਲੈਂਦੇ ਜਾਂ ਇਹਦੇ ਬਾਰੇ ਗੱਲ ਕਰਦੇ ਸਨ ਤੇ ਜਿਹੜੇ ਇਹ ਗੱਲ ਕਰਦੇ ਸਨ ਉਹਨਾਂ ਨੂੰ ਮਜ਼ਾਕ ਮਜ਼ਾਕ ਵਿਚ 'ਖ਼ਾਲਿਸਤਾਨੀ' ਆਖਿਆ ਜਾਂਦਾ ਸੀ, ਪਰ ਅਕਾਲੀ ਐਜੀਟੇਸ਼ਨ ਤੇ ਭਿੰਡਰਾਂਵਾਲੇ ਦੀ ਚੜ੍ਹਤ ਨੇ ਇਹਨਾਂ ਦੀਆਂ ਸਫ਼ਾਂ ਵਿਚ ਵਾਧਾ ਕੀਤਾ ਅਤੇ ਖ਼ਾਲਿਸਤਾਨ ਸ਼ਬਦ ਨੂੰ ਸਿੱਖਾਂ ਦੀ ਵਡੇਰੀ ਗਿਣਤੀ ਵਿਚ, ਖ਼ਾਸ ਕਰਕੇ ਉਹਨਾਂ ਵਿਚ ਜਿਹੜੇ ਵਿਦੇਸ਼ਾਂ ਵਿਚ ਰਹਿੰਦੇ ਸਨ, ਸਤਿਕਾਰ-ਯੋਗਤਾ ਮਿਲ

ਗਈ। ਹੁਣ ਇਸ ਸੰਕਲਪ ਨੇ ਜੜ੍ਹ ਫੜ ਲਈ, ਖ਼ਾਸ ਤੌਰ 'ਤੇ ਨੌਜਵਾਨ ਸਿੱਖਾਂ ਵਿਚ ਭਾਵੇਂ ਵਡੇਰੀ ਪੀੜ੍ਹੀ ਦੇ ਬਹੁਤੇ ਸਿੱਖ ਅਜੇ ਵੀ ਇਹਨੂੰ ਮੂਰਖਤਾ ਸਮਝਦੇ ਹਨ। ਸਿੱਖਾਂ ਦਾ ਵਰਤਮਾਨ ਰੋਂ ਅਜਿਹਾ ਹੈ ਕਿ ਜੇ ਅੱਜ ਰਿਫਰੈਂਡਮ ਹੋ ਜਾਵੇ ਤਾਂ ਬਹੁਗਿਣਤੀ ਵੱਖਰੇ ਰਾਜ ਦੇ ਪੱਖ ਵਿਚ ਵੋਟਾਂ ਪਾ ਦੇਵੇਗੀ।

ਜਿਥੋਂ ਤੱਕ ਹਿੰਦੂਆਂ ਦਾ ਸੰਬੰਧ ਹੈ, ਫ਼ੌਜੀ ਕਾਰਵਾਈ ਤੋਂ ਪਹਿਲਾਂ ਉਹਨਾਂ ਦੀ ਕਮਿਊਨਿਟੀ ਦੇ ਅਨੇਕਾਂ ਮੈਂਬਰਾਂ ਦੇ ਕਤਲਾਂ ਨੇ ਹੀ ਉਹਨਾਂ ਦੀ ਬਹੁ-ਗਿਣਤੀ ਦੇ ਵਤੀਰੇ ਨੂੰ ਪ੍ਰਭਾਵਤ ਕੀਤਾ ਸੀ, ਖ਼ਾਸ ਤੌਰ 'ਤੇ ਉਤਰ ਭਾਰਤ ਵਿਚ ਰਹਿਣ ਵਾਲਿਆਂ ਨੂੰ। ਅਕਾਲੀ ਮੰਗਾਂ ਦੇ ਸਾਰ ਨੂੰ ਜਾਂ ਵੇਰਵੇ ਨੂੰ ਨਾ-ਜਾਣਦਿਆਂ, ਨਾ-ਸਮਝਦਿਆਂ, ਉਹਨਾਂ ਨੇ ਮੰਨ ਲਿਆ ਕਿ ਸਿੱਖ ਹਿੰਦੂਆਂ ਨੂੰ ਪੰਜਾਬ ਵਿਚੋਂ ਬਾਹਰ ਕੱਢਣ ਲਈ ਅਤੇ ਖ਼ੁਦ ਆਪਣਾ ਰਾਜ ਕਾਇਮ ਕਰਨ ਲਈ ਹਿੰਦੂਆਂ ਨੂੰ ਮਾਰ ਰਹੇ ਹਨ।

ਇਸੇ ਲਈ ਫ਼ੌਜੀ ਕਾਰਵਾਈ ਸਦਕਾ ਉਹਨਾਂ ਨੇ ਸੁਖ ਦਾ ਸਾਹ ਲਿਆ। ਜਦ ਕਿ ਬੀਤੇ ਵਿਚ ਹਿੰਦੂ ਸਿੱਖਾਂ ਨੂੰ ਇਕ ਬੇਫ਼ਿਕਰ ਕਮਿਊਨਿਟੀ, ਮਿੱਤਰ-ਭਾਵੀ ਤੇ ਵਫ਼ਾਦਾਰ ਲੋਕ ਸਮਝਦੇ ਸਨ, ਹੁਣ ਉਹ ਹੋਰ ਤਰ੍ਹਾਂ ਸੋਚਣ ਲੱਗੇ। ਕਾਰੋਬਾਰੀ ਅਤੇ ਸਮਾਜਕ ਸੰਬੰਧ ਵੀ ਜਾਰੀ ਹਨ। ਸਿੱਖਾਂ ਤੇ ਹਿੰਦੂਆਂ ਨੂੰ ਅਜੇ ਵੀ ਇਕ ਦੂਜੇ ਦੀਆਂ ਬਾਹਵਾਂ ਵਿਚ ਬਾਹਵਾਂ ਪਾਈ ਤੁਰੇ-ਫਿਰਦਿਆਂ ਵੇਖਿਆ ਜਾ ਸਕਦਾ ਹੈ ਜਿਵੇਂ ਕਿ ਮਿੱਤਰ ਤੇ ਸੰਗੀ ਸਾਥੀ ਕਰਦੇ ਹਨ, ਪਰ ਅਕਸਰ ਹਿੰਦੂ ਤੇ ਸਿੱਖ ਹੁਣ ਇਕ ਦੂਜੇ ਵੱਲ ਸਾਵਧਾਨੀ ਨਾਲ ਡਰ ਤੇ ਸ਼ੱਕ ਨਾਲ ਤੱਕਦੇ ਹਨ।

ਖ਼ਾਲਿਸਤਾਨ ਇਕ ਅਜਿਹਾ ਵਿਸ਼ਾ ਹੈ ਜਿਸ ਉਤੇ ਘਰਾਂ ਵਿਚ, ਕਲੱਬਾਂ ਤੇ ਹੋਰ ਥਾਈਂ, ਹਿੰਦੂ ਵੀ ਉਵੇਂ ਹੀ ਗੱਲਾਂ ਕਰਦੇ ਹਨ ਜਿਵੇਂ ਸਿੱਖ। ਪੰਜਾਬ ਵਿਚ ਅਲਹਿਦਗੀ ਦੇ ਡਰ ਹੁਣ ਅਸਲੀ ਹਨ। ਹਿੰਦੂਆਂ ਨੂੰ ਹੁਣ ਇਹ ਡਰ ਖਾ ਰਿਹਾ ਹੈ ਕਿ ਉਹਨਾਂ ਨੂੰ ਚਾਲੀ ਵਰ੍ਹੇ ਵਿਚ ਹੁਣ ਦੂਜੀ ਵਾਰ ਉਖੜਨਾ ਪਵੇਗਾ। ਅਜੀਬ ਹੈ ਕਿ ਉਹ ਵੀ ਉਸੇ ਤਰ੍ਹਾਂ ਦਾ ਹੱਲ ਸੋਚਦੇ ਹਨ ਜਿਹੜਾ ਭਿੰਡਰਾਂਵਾਲੇ ਦੇ ਹੱਲ ਵਰਗਾ ਹੀ ਹੈ—ਦੇਸ਼ ਦੇ ਬਾਕੀ ਹਿੱਸਿਆਂ ਵਿਚ ਰਹਿੰਦੇ ਸਿੱਖਾਂ ਨੂੰ, ਜੋ ਕਮਿਊਨਿਟੀ ਦਾ ਇਕ-ਤਿਹਾਈ ਦੇ ਬਰਾਬਰ ਹਨ, ਵਸੋਂ ਦੇ ਸਮੂਹ-ਵਟਾਂਦਰੇ ਵਿਚ ਸਿੱਖ ਰਾਜ ਵਿਚ ਭੇਜ ਦਿੱਤਾ ਜਾਵੇ।

ਖੈਰੇ ਇਹ ਗੱਲ ਸਰਦਾਰ ਪਟੇਲ ਨੇ ਆਖੀ ਸੀ ਜਾਂ ਨਹੀਂ, ਉਹਦਾ ਹਵਾਲਾ ਦੇ ਕੇ ਆਖਿਆ ਜਾਂਦਾ ਹੈ ਕਿ ਸਿੱਖ ਖ਼ੁਦ ਆਪਣਾ ਰਾਜ ਕਾਇਮ ਕਰਨ ਲਈ ਪੰਜਾਬ ਦੇ ਛੇ ਜ਼ਿਲ੍ਹੇ ਲੈ ਸਕਦੇ ਹਨ ਅਤੇ ਬਾਕੀ ਭਾਰਤ 'ਚੋਂ ਸਿੱਖ ਵਸੋਂ ਨੂੰ ਵੀ ਉਥੇ ਹੀ ਜਾਣਾ ਹੋਵੇਗਾ।

ਆਂਧਰਾ ਪ੍ਰਦੇਸ, ਕਰਨਾਟਕਾ, ਕੇਰਲਾ ਤੇ ਤਾਮਿਲਨਾਡੂ ਵਿਚ ਹਿੰਦੂਆਂ ਦਾ ਵਤੀਰਾ ਆਮ ਤੌਰ 'ਤੇ ਵੱਖਰੀ ਤਰ੍ਹਾਂ ਹੈ। ਇਹਨਾਂ ਰਾਜਾਂ ਵਿਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਉਹ ਸਥਾਨਕ ਤੇ ਪ੍ਰਾਦੇਸ਼ਕ ਭਾਵਨਾਵਾਂ ਦਾ ਅਟੁੱਟ ਅੰਗ ਬਣ ਚੁੱਕੇ ਹੋਏ ਹਨ, ਉਹਨਾਂ ਵਿਚੋਂ ਅਨੇਕਾਂ ਨੂੰ ਤਾਂ ਪੰਜਾਬੀ ਵੀ ਨਹੀਂ ਆਉਂਦੀ। ਉਹਨਾਂ ਲਈ ਤਾਂ ਦੂਰ-ਦੁਰਾਡੇ ਦੇ ਪੰਜਾਬ ਵਿਚ ਵਾਪਰਦੀਆਂ ਘਟਨਾਵਾਂ ਨੂੰ ਸਮਝਣਾ ਵੀ ਮੁਸ਼ਕਲ ਹੈ।

ਪੰਜਾਬ ਵਿਚ ਵਸਦੇ ਪੰਜਾਬੀ ਹਿੰਦੂਆਂ ਨੂੰ ਉਸ ਰਾਜ ਵਿਚ ਆਪਣੇ ਭਵਿੱਖ ਬਾਰੇ ਨਿਸਚਾ ਨਹੀਂ ਜਿਥੇ ਉਹ ਘੱਟ-ਗਿਣਤੀ ਵਿਚ ਹਨ ਤੇ ਇਹਨਾਂ ਹਿੰਦੂਆਂ ਦੀ ਬਹੁਗਿਣਤੀ ਨੇ ਇਸ ਸੰਭਾਵਨਾ ਨੂੰ ਮੁਖ ਰੱਖਦਿਆਂ ਆਪਣੇ ਅਸਾਸੇ ਪੰਜਾਬੋਂ ਬਾਹਰ ਲੈ ਜਾਣ ਲਈ ਪਹਿਲਾਂ ਹੀ ਯੋਜਨਾਵਾਂ ਬਣਾ ਲਈਆਂ ਹੋਈਆਂ ਹਨ।

ਹਿੰਦੂ ਸਦਾ ਲਈ ਅਕਾਲੀਆਂ ਦੇ ਤੇ ਉਹਨਾਂ ਦੀਆਂ ਮੰਗਾਂ ਦੇ ਵਿਰੋਧੀ ਰਹੇ ਹਨ ਜਿਹੜੇ ਭਾਵੇਂ ਉਹਨਾਂ ਦੀਆਂ ਮੰਗਾਂ ਧਾਰਮਿਕ ਉਭਾਰਾਂ ਵਿਚ ਲਪੇਟੀਆਂ ਹੋਈਆਂ ਹੁੰਦੀਆਂ ਸਨ, ਕਈ ਵਾਰ ਸਭਨਾਂ ਪੰਜਾਬੀਆਂ ਦੀਆਂ ਮੰਗਾਂ ਨੂੰ ਪੇਸ਼ ਕਰਦੇ ਹਨ। ਉਦੋਂ ਵੀ ਜਦੋਂ ਪੰਜਾਬੀ ਹਿੰਦੂਆਂ ਨੇ ਆਪਣੀ ਮਾਂ-ਬੋਲੀ ਵਜੋਂ ਪੰਜਾਬੀ ਬੋਲੀ ਨੂੰ ਹੀ ਤਲਾਂਜਲੀ ਦੇ ਦਿੱਤੀ—ਇਕ ਅਜਿਹੀ ਗੱਲ ਜੀਹਦੇ ਲਈ ਖਿਮਾਂ ਨਹੀਂ ਕੀਤਾ ਜਾ ਸਕਦਾ—ਉਹਨਾਂ ਨੇ ਅਜਿਹਾ ਖ਼ਾਸ ਤੌਰ 'ਤੇ ਇਸ ਕਰਕੇ ਕੀਤਾ, ਕਿਉਂਜੁ ਅਕਾਲੀ ਭਾਸ਼ਾਈ ਰਾਜ ਕਾਇਮ ਕਰਨ ਉਤੇ ਜ਼ੋਰ ਦੇ ਰਹੇ ਸਨ, ਪਰ ਹਿੰਦੂ ਸਮਝਦੇ ਸਨ ਉਹਨਾਂ ਦੇ ਨਿਸ਼ਾਨੇ ਫ਼ਿਰਕੂ ਸਨ ਤੇ ਇਸੇ ਕਾਰਨ ਹੀ ਪੰਜਾਬੀ ਹਿੰਦੂਆਂ ਨੇ ਆਪਣੇ ਆਪ ਨੂੰ ਨਵੀਂ ਦਿੱਲੀ ਨਾਲ ਜੋੜਿਆ ਤੇ ਚੰਡੀਗੜ੍ਹ ਨਾਲ ਨਹੀਂ, ਅਜਿਹਾ ਉਹਨਾਂ ਨੇ ਦੇਸ਼ ਦੀ ਬਹੁਗਿਣਤੀ ਕਮਿਊਨਿਟੀ ਤੇ ਮੁਖ-ਧਾਰਾ ਦਾ ਅੰਗ ਹੋਣ ਦੇ ਅਹਿਸਾਸ ਨਾਲ ਕੀਤਾ। ਸਿੱਖਾਂ ਵਲੋਂ ਆਪਣੀ ਵੱਖਰੀ ਹੋਂਦ ਨੂੰ ਕਾਇਮ ਰੱਖਣ ਬਾਰੇ ਕੀਤੇ ਗਏ ਸਭ ਜਤਨਾਂ ਨੂੰ ਹਿੰਦੂਆਂ ਨੇ ਆਪਣੇ ਹਿੱਤਾਂ ਦੇ ਅਤੇ ਦੇਸ਼ ਦੇ ਹਿੱਤਾਂ ਦੇ ਵਿਰੁਧ ਸਮਝਿਆ।

ਨਿਰਸੰਦੇਹ ਹਿੰਦੂਆਂ ਤੇ ਸਿੱਖਾਂ ਵਿਚਲੇ ਖ਼ੂਨ ਦੇ ਨਾਤੇ ਨੇ ਇਹਨਾਂ ਨੂੰ ਜੋੜੀ ਰੱਖਿਆ, ਪਰ ਇਹਨੇ ਇਕ ਦੂਜੇ ਨੂੰ ਯਕੀਨਨ ਲੈ ਲਿਆ ਹੋਇਆ ਸੀ। ਹੁਣ ਫਿਰਕੂ ਲੀਹਾਂ ਉਤੇ ਇਸ ਨਵੇਂ ਪਾੜੇ ਨੇ ਦੋਹਾਂ ਕਮਿਊਨਿਟੀਆਂ ਨੂੰ ਹੀ ਧੱਕਾ ਲਾਇਆ।

ਮੇਰਾ ਆਪਣਾ ਪ੍ਰਭਾਵ ਇਹ ਹੈ ਕਿ ਸਿੱਖਾਂ ਤੋਂ ਹਿੰਦੂਆਂ ਦੀ ਦੂਜਾਇਗੀ ਦਾ ਕਾਰਨ ਇਹ ਤੱਥ ਹੈ ਕਿ ਹਿੰਦੂ ਅਜੇ ਤੱਕ ਇਹ ਨਹੀਂ ਭੁੱਲੇ ਕਿ 1947 ਦੀ ਦੇਸ਼-ਵੰਡ ਪਿਛੋਂ ਪੰਜਾਬ ਵਿਚ ਅਜਿਹਾ ਰਾਜ ਸੀ ਜਿਹੜਾ ਅੰਮ੍ਰਿਤਸਰ ਤੋਂ ਦਿੱਲੀ ਤੱਕ ਫੈਲਿਆ ਹੋਇਆ ਸੀ ਤੇ ਜਿਥੇ ਉਹ 60 ਫੀਸਦੀ, ਅਰਥਾਤ ਚੰਗੀ ਬਹੁਗਿਣਤੀ ਵਿਚ ਸਨ, ਪਰ ਕੱਟੇ-ਵੱਢੇ ਰਾਜ ਵਿਚ ਉਹ ਮੁੜ ਘੱਟ-ਗਿਣਤੀ ਬਣ ਗਏ।

ਇਕ ਸਮੇਂ ਜਦੋਂ ਫਿਰਕੂ ਵੰਡ ਅਜੇ ਬਸ ਚਿੰਨ੍ਹ-ਮਈ ਹੀ ਸੀ, ਬਹੁਤ ਸਾਰੇ ਸਿੱਖ ਵੀ ਇਸ ਗੱਲੋਂ ਪਰੇਸ਼ਾਨ ਸਨ ਕਿ ਰਾਜ ਨੂੰ ਹੁਣ ਮੁੜ ਹੋਰ ਛੁਟੇਰਾ ਕੀਤਾ ਜਾ ਰਿਹਾ ਹੈ। ਮੈਨੂੰ ਯਾਦ ਹੈ ਕਿ ਇਹ ਸੁਣ ਕੇ ਕਿ ਪੰਜਾਬ ਨੂੰ ਕੱਟ ਕੇ ਇਸ ਵਿਚੋਂ ਪੰਜਾਬੀ ਸੂਬਾ ਬਣਾਇਆ ਜਾਵੇਗਾ, ਮੈਂ ਆਪਣੇ ਮਿੱਤਰ, ਸਾਧੂ ਸਿੰਘ ਹਮਦਰਦ, ਐਡੀਟਰ ਅਜੀਤ ਨੂੰ ਫ਼ੋਨ ਕੀਤਾ। ਉਹਨੇ ਵੀ ਪ੍ਰਸਤਾਵਿਤ ਵੰਡ ਦੀ ਵਿਰੋਧਤਾ ਕੀਤੀ ਤੇ ਉਹ ਮੇਰੇ ਨਾਲ ਸਹਿਮਤ ਸੀ ਕਿ ਪੰਜਾਬ ਨੂੰ ਇਹਦੇ ਸਮੁੱਚੇ ਰੂਪ ਵਿਚ ਕਾਇਮ ਰੱਖਣ ਲਈ ਜਤਨ ਕੀਤੇ ਜਾਣ। ਉਹਨੇ ਫਤਹ ਸਿੰਘ ਨਾਲ ਗੱਲਬਾਤ ਕਰਨ ਲਈ ਮੇਰੇ ਨਾਲ ਅੰਮ੍ਰਿਤਸਰ ਜਾਣਾ ਮੰਨਿਆ।

ਅੰਮ੍ਰਿਤਸਰ ਜਾਣ ਤੋਂ ਪਹਿਲਾਂ ਮੈਂ ਉਸ ਸਮੇਂ ਦੇ ਕਾਂਗਰਸ ਪ੍ਰਧਾਨ ਕਾਮਰਾਜ ਨਾਲ ਇਸ ਬਾਰੇ ਗੱਲਬਾਤ ਕਰਨ ਬਾਰੇ ਸੋਚਿਆ। ਇਹ ਉਹ ਸਮਾਂ ਸੀ ਜਦੋਂ ਸ਼੍ਰੀਮਤੀ ਗਾਂਧੀ ਉਹਦੀ ਸਲਾਹ ਨੂੰ ਸਹਿਜੇ ਹੀ ਠੁਕਰਾ ਨਹੀਂ ਸੀ ਸਕਦੀ।

ਭਗਵਤ ਦਿਆਲ, ਜਿਹੜਾ ਹਰਿਆਣੇ ਦਾ ਪਹਿਲਾ ਮੁੱਖ ਮੰਤਰੀ ਬਣਿਆ, ਉਦੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਸੀ। ਉਹ ਟਰੇਡ ਯੂਨੀਅਨ ਖੇਤਰ ਤੋਂ ਆਇਆ ਸੀ ਤੇ ਉੱਨਤੀ ਕਰਦਿਆਂ ਇਸ ਪਦਵੀ 'ਤੇ ਪੁੱਜ ਗਿਆ ਸੀ ਤੇ ਉਹਨੂੰ ਰਾਜ ਦੇ ਮਜ਼ਦੂਰਾਂ ਦੀ ਕਾਫ਼ੀ ਹਿਮਾਇਤ ਹਾਸਲ ਸੀ। ਉਹਨੇ ਅ-ਵੰਡੇ ਪੰਜਾਬ ਦੇ ਲਾਭਾਂ ਨੂੰ ਸਮਝਿਆ ਤੇ ਮੈਨੂੰ ਦੱਸਿਆ ਕਿ ਉਹ ਪੰਜਾਬ ਨੂੰ ਮੁਤਹਿਦ ਰੱਖਣ ਦਾ

ਵਿਰੋਧ ਨਹੀਂ ਕਰੇਗਾ, ਪਰ ਉਹਨੇ ਇਸ 'ਤੇ ਜ਼ੋਰ ਦਿੱਤਾ ਕਿ ਰਾਜ ਦੇ ਹਿੰਦੀ-ਬੋਲਦੇ ਇਲਾਕਿਆਂ ਦੇ ਵਿਕਾਸ ਲਈ ਇਕ ਵੱਖਰਾ ਬੋਰਡ ਕਾਇਮ ਕਰਨਾ ਹੋਵੇਗਾ। ਉਹਨੇ ਆਖਿਆ ਕਿ ਉਹ ਪਬਲਿਕ ਵਿਚ ਤਾਂ ਇਹ ਕਹਿੰਦਾ ਰਹੇਗਾ ਕਿ ਹਰਿਆਣੇ ਨਾਲ ਧੋਖਾ ਕੀਤਾ ਗਿਆ ਹੈ, ਪਰ ਸਾਂਝੀ ਤਜਵੀਜ਼ ਵਿਰੁਧ ਉਹ ਕੋਈ ਕਾਰਵਾਈ ਨਹੀਂ ਕਰੇਗਾ।

ਇਹਨਾਂ ਭਰੋਸਿਆਂ ਨਾਲ ਲੈਸ ਹੋ ਕੇ ਮੈਂ ਜਲੰਧਰ ਪੁੱਜਿਆ ਜਿਥੋਂ ਮੈਂ ਮੋਟਰ ਰਾਹੀਂ ਅੰਮ੍ਰਿਤਸਰ ਗਿਆ। ਹਮਦਰਦ ਨੇ ਫਤਹ ਸਿੰਘ ਦੇ ਸਹਇਕਾਂ ਨੂੰ ਫ਼ੋਨ ਉਤੇ ਦੱਸ ਛੱਡਿਆ ਹੋਇਆ ਸੀ ਕਿ ਅਸੀਂ ਕਿਹੜੇ ਮਿਸ਼ਨ 'ਤੇ ਆ ਰਹੇ ਹਾਂ। ਫਤਹ ਸਿੰਘ ਉਦੋਂ ਅਕਾਲ ਤਖ਼ਤ ਉਪਰ ਇਕ ਕਮਰੇ* ਵਿਚ ਟਿਕਿਆ ਹੋਇਆ ਸੀ—ਇਹ ਗੱਲ ਇਸ ਧਰਮ-ਅਸਥਾਨ ਦੀ ਨਿਰਾਦਰੀ ਸੀ, ਕਿਉਂਜੁ ਕੋਈ ਵੀ ਨਾਸ਼ਵਾਨ ਮਨੁੱਖ ਗੁਰੂਆਂ ਤੋਂ ਉੱਪਰ ਨਹੀਂ ਹੋ ਸਕਦਾ ਤੇ ਗੁਰੂਆਂ ਦੀ ਸੀਟ ਹੇਠਲੀ ਮੰਜ਼ਲ 'ਤੇ ਸੀ।

ਹਮਦਰਦ ਮੈਨੂੰ ਪੌੜੀਆਂ ਉਤੇ ਛੱਡ ਕੇ ਵਾਪਸ ਚੱਲਿਆ ਗਿਆ—ਸ਼ਾਇਦ ਇਸ ਕਰਕੇ ਕਿ ਉਹਨੇ ਸੋਚਿਆ ਹੋਵੇਗਾ ਕਿ ਮੇਰੇ ਇਕੱਲੇ ਨਾਲ ਫਤਹ ਸਿੰਘ ਵਧੇਰੇ ਖੁੱਲ੍ਹ ਕੇ ਗੱਲਾਂ ਕਰ ਸਕੇਗਾ। ਸੋ ਮੈਂ ਇਕੱਲਾ ਹੀ ਫਤਹ ਸਿੰਘ ਦੇ ਕਮਰੇ ਵਿਚ ਗਿਆ।

ਫਤਹ ਸਿੰਘ ਫ਼ਰਸ਼ ਉਤੇ ਹੀ ਲੰਮਾ ਪਿਆ ਸੀ ਤੇ ਦੋ ਸ਼ਰਧਾਲੂ ਉਹਦੀਆਂ ਲੱਤਾਂ ਘੁੱਟ ਰਹੇ ਸੀ। ਉਹਨੂੰ ਮੇਰੀ ਉਡੀਕ ਸੀ ਤੇ ਸ਼ਰਧਾਲੂਆਂ ਦੇ ਉਥੋਂ ਜਾਂਦਿਆਂ ਹੀ ਮੈਂ ਆਪਣੇ ਆਉਣ ਦਾ ਮਨੋਰਥ ਦੱਸਿਆ। ਮੈਂ ਆਖਿਆ ਕਿ ਪੰਜਾਬੀ ਤਾਂ ਸਗੋਂ ਪੰਜਾਬ ਦਾ ਦਿੱਲੀ ਤਕ ਪਸਾਰ ਹੋਇਆ ਵੇਖਣਾ ਚਾਹੁਣਗੇ ਅਤੇ ਪੰਜਾਬ ਨੂੰ ਵੰਡਣ ਦੀ ਤਜਵੀਜ਼ ਤਾਂ ਭੈ-ਭੀਤ ਕਰਨ ਵਾਲੀ ਹੈ। ਮੈਂ ਉਹ ਤਜਵੀਜ਼ ਉਹਦੇ ਸਾਹਮਣੇ ਰੱਖੀ ਜਿਹੜੀ ਹਮਦਰਦ ਨੇ ਸੂਤਰਬਧ ਕੀਤੀ ਸੀ ਤੇ ਯਕੀਨ ਦਿਵਾਇਆ ਕਿ ਨਵਾਂ ਪੰਜਾਬ ਜਿਹੜਾ ਪਾਨੀਪਤ ਤੱਕ ਫੈਲਿਆ ਹੋਵੇਗਾ, ਪੰਜਾਬੀ ਸੂਬਾ ਹੋਵੇਗਾ ਤੇ ਗੁਰਮੁਖੀ ਲਿਪੀ ਵਿਚ ਪੰਜਾਬੀ ਰਾਜ ਦੀ ਸਰਕਾਰੀ ਭਾਸ਼ਾ ਹੋਵੇਗੀ।

ਫਤਹ ਸਿੰਘ ਨੇ ਸਹਿਜੇ ਜਿਹੇ ਆਖਿਆ ਕਿ ਇਹ ਗੱਲ ਨਿਆਈਂ ਨਹੀਂ ਹੋਵੇਗੀ, ਕਿਉਂਕਿ ਇਸ ਵਿਚ ਹਿੰਦੀ-ਬੋਲਦੇ ਲੋਕ ਸ਼ਾਮਿਲ ਹੋਣਗੇ ਜਿਹੜੇ ਪੰਜਾਬ ਦਾ ਹਿੱਸਾ ਬਣਨਾ ਨਹੀਂ ਚਾਹੁੰਦੇ। ਮੈਂ ਆਖਿਆ ਕਿ ਪਾਨੀਪਤ ਤੱਕ ਰਹਿੰਦੇ ਲੋਕ ਪੰਜਾਬੀ ਹਨ ਜਿਹੜੇ ਦੇਸ਼-ਵੰਡ ਤੋਂ ਪਿਛੋਂ ਉਥੇ ਜਾ ਟਿਕੇ ਸਨ, ਉਹਨਾਂ ਦੇ ਮੂਲ ਘਰ ਪਾਕਿਸਤਾਨ ਵਿਚ ਸਨ। ਉਹਨਾਂ ਦੀਆਂ ਰਵਾਇਤਾਂ, ਸਭਿਆਚਾਰ ਤੇ ਲਿਬਾਸ ਅਤੇ ਉਹਨਾਂ ਦੀ ਬੋਲੀ ਪੰਜਾਬੀ ਹਨ। ਫਤਹ ਸਿੰਘ ਨੇ ਮੁੜ ਕਿਹਾ ਕਿ ਉਹ ਤਾਂ ਅਜਿਹਾ ਪੰਜਾਬ ਚਾਹੁੰਦਾ ਹੈ, ਜਿਸ ਵਿਚ ਉਹ ਲੋਕ ਹੀ ਹੋਣਗੇ ਜਿਨ੍ਹਾਂ ਨੂੰ 'ਪੰਜਾਬੀ ਸੂਬੇ' ਦੇ ਫ਼ਲਸਫ਼ੇ ਵਿਚ ਯਕੀਨ ਹੈ।

ਮੈਂ ਕਿਹਾ ਕਿ ਇਹਦੇ ਅਰਥ ਤਾਂ ਸਿਰਫ ਸਿੱਖ ਹੋਏ। ਉਹਨੇ ਜ਼ੋਰਦਾਰ ਤਰ੍ਹਾਂ ਇਸ ਦੋਸ਼ ਤੋਂ ਇਨਕਾਰ ਕੀਤਾ, ਪਰ ਉਹਦੇ ਮਨ ਦੀ ਗੱਲ ਬਾਹਰ ਆ ਗਈ ਜਦੋਂ ਉਹਨੇ ਇਹ ਆਖਿਆ ਕਿ ਉਹ ਸਿੱਖ ਜਿਹੜੇ ਆਪਣੇ ਕੇਸ ਤੇ ਦਾੜ੍ਹੀ ਕੱਟਦੇ ਹਨ ਤੇ ਹਜ਼ਾਮਤ ਕਰਦੇ ਹਨ ਉਹਨਾਂ ਨੂੰ ਬਾਹਰ ਰੱਖਿਆ ਜਾਵੇਗਾ। ਮੈਂ ਉਹਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਕਿ ਪੰਜਾਬੀ ਸੂਬੇ ਵਿਚ ਵਸੋਂ-ਰਚਨਾ ਦੇ ਬਾਵਜੂਦ, ਫ਼ੌਜ ਕੇਂਦਰੀ ਸਰਕਾਰ ਦੇ ਅਧੀਨ ਰਹੇਗੀ। ਉਹਨੇ ਇਹ ਵੀ ਸ਼ਿਕਾਇਤ ਕੀਤੀ ਕਿ ਆਲ

---

* *ਅੱਗੇ ਚੱਲ ਕੇ ਇਸੇ ਕਮਰੇ ਵਿਚ ਭਿੰਡਰਾਂਵਾਲੇ ਨੇ ਆਣ ਡੇਰੇ ਲਾਏ ਸਨ।*

ਇੰਡੀਆ ਰੇਡੀਓ ਗੁਰਬਾਣੀ ਬਰਾਡਕਾਸਟ ਨਹੀਂ ਕਰਦਾ, ਮੈਂ ਫੇਰ ਦੱਸਿਆ ਕਿ ਆਲ ਇੰਡੀਆ ਰੇਡੀਓ ਕੇਂਦਰ ਦੇ ਅਧੀਨ ਸੂਚਨਾ ਤੇ ਬਰਾਡਕਾਸਟਿੰਗ ਮੰਤਰਾਲੇ ਦਾ ਇਕ ਵਿਭਾਗ ਹੈ।

ਸਪੱਸ਼ਟ ਹੈ ਕਿ ਬਹੁਤ ਸਾਰੀਆਂ ਗੱਲਾਂ ਬਾਰੇ ਫਤਹ ਸਿੰਘ ਦਾ ਗਿਆਨ ਸੀਮਿਤ ਸੀ। ਨਾਲੇ ਉਹ ਤਾਂ ਹਰ ਕੀਮਤ ਉਤੇ ਪੰਜਾਬੀ ਸੂਬਾ ਚਾਹੁੰਦਾ ਸੀ, ਉਹਦੇ ਨਾਲ ਤਾਂ ਬਸ ਇਹਦੇ ਬਾਰੇ ਬਹਿਸ ਹੋ ਹੀ ਨਹੀਂ ਸੀ ਸਕਦੀ। ਮੈਂ ਨਿਰਾਸ ਮੁੜਿਆ, ਪਰ ਜਦੋਂ ਸਿੱਖਾਂ ਨੇ ਪੰਜਾਬੀ ਸੂਬੇ 'ਤੇ ਰਾਜ ਕਰਨ ਦੇ ਅਧਿਕਾਰ ਦੀ ਮੰਗ ਕੀਤੀ ਤਾਂ ਮੇਰੇ ਉਤੇ ਹੋਣ ਵਾਲਾ ਪ੍ਰਤੀਕਰਮ ਉਸ ਤਰ੍ਹਾਂ ਨਹੀਂ ਸੀ ਹੋਇਆ, ਜਿਸ ਤਰ੍ਹਾਂ ਦਾ ਪੰਜਾਬੀ ਹਿੰਦੂਆਂ ਦੀ ਬਹੁਗਿਣਤੀ ਉਤੇ ਹੋਇਆ। ਸਭੇ ਅਕਾਲੀ ਐਜੀਟੇਸ਼ਨਾਂ ਹੀ ਇਯ ਦ੍ਰਿਸ਼ਟੀਕੋਣ ਨੂੰ ਇਕਸਾਰ ਤੌਰ 'ਤੇ ਪੇਸ਼ ਕਰਦੀਆਂ ਰਹੀਆਂ ਸਨ।

ਭਾਵੇਂ ਰਾਜ ਦੇ ਮੁੱਖ ਮੰਤਰੀ ਸਿੱਖ ਰਹੇ, ਇਹਨਾਂ ਵਿਚੋਂ ਬਹੁਤੇ ਕਾਂਗਰਸੀ ਸਨ। ਬਸ ਅਕਾਲੀ-ਜਨਤਾ ਕੁਲੀਸ਼ਨ ਸਮੇਂ ਹੀ, 1977 ਵਿਚ ਮੁੱਖ ਮੰਤਰੀ ਕਾਂਗਰਸੀ ਨਹੀਂ ਸੀ। ਇਸ ਪਿਛੋਂ ਅਕਾਲੀਆਂ ਨੇ ਸਦਾ ਹੀ ਇਹ ਗੱਲ ਜ਼ੋਰ ਨਾਲ ਪੇਸ਼ ਕਰਨੀ ਚਾਹੀ ਕਿ ਸਿਰਫ਼ ਅਕਾਲੀ ਹੀ ਸਿੱਖ ਹਨ।

ਭਾਰਤ ਸਰਕਾਰ ਨੇ ਸਿਆਣਪ ਵਿਖਾਉਣੀ ਸੀ ਕਿ ਜੇ ਉਹ ਉਹਨਾਂ ਅਕਾਲੀ ਮੰਗਾਂ ਨੂੰ ਮੰਨ ਲੈਂਦੀ ਜੋ ਸਭਨਾਂ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਸਨ, ਪਰ ਸਰਕਾਰ ਨੇ ਸਭਨਾਂ ਅਕਾਲੀ ਐਜੀਟੇਸ਼ਨਾਂ ਨਾਲ ਇਸ ਤਰ੍ਹਾਂ ਨਿਬੜਨਾ ਚਾਹਿਆ ਜਿਵੇਂ ਇਹ ਕਾਨੂੰਨ ਤੇ ਅਮਨ ਦਾ ਹੀ ਮਸਲਾ ਹੋਣ, ਪੰਜਾਬ ਦੇ ਹਿੰਦੂਆਂ ਨੇ 'ਸਿੱਖ ਗ਼ਲਬੇ' ਤੋਂ ਡਰਦਿਆਂ, ਨਵੀਂ ਦਿੱਲੀ ਦਾ ਸਾਥ ਦਿੱਤਾ। ਹਰ ਅਕਾਲੀ ਐਜੀਟੇਸ਼ਨ ਦੇ ਸਿੱਟੇ ਵਜੋਂ ਸਿੱਖਾਂ ਤੇ ਹਿੰਦੂਆਂ ਵਿਚਲਾ ਪਾੜਾ ਹੋਰ ਚੌੜਾ ਹੋ ਗਿਆ। ਹੁਣ ਫ਼ੌਜੀ ਕਾਰਵਾਈ ਨੇ ਦੋਹਾਂ ਕਮਿਊਨਿਟੀਆਂ ਨੂੰ ਆਖ਼ਰੀ ਬੱਚੇ ਤਕ ਇਕ ਦੂਜੇ ਤੋਂ ਪੂਰੀ ਤਰ੍ਹਾਂ ਦੂਰ ਕਰ ਦਿੱਤਾ ਹੈ।

ਅੱਜ ਪੰਜਾਬ ਦੇ ਸਰਸਰੀ ਜਿਹੇ ਦੌਰੇ ਪਿਛੋਂ ਦੋਹਾਂ ਕਮਿਊਨਿਟੀਆਂ ਵਿਚਕਾਰ ਸੰਬੰਧਾਂ ਵਿਚਲੇ ਖਿਚਾਉ ਨੂੰ ਮਹਿਸੂਸਿਆ ਜਾ ਸਕਦਾ ਹੈ ਜਿਹੜੀਆਂ ਇਕ ਦੂਜੇ ਤੋਂ ਏਡੀਆਂ ਦੂਰ ਕਦੇ ਵੀ ਨਹੀਂ ਸਨ ਜਿਡੀਆਂ ਅੱਜ ਹਨ।

ਸਿੱਖਾਂ ਦੇ ਦਿਲਾਂ ਵਿਚ ਦੁੱਖ ਅਤੇ ਨਿਰਾਦਰੀ ਦਾ ਅਹਿਸਾਸ ਏਡਾ ਡੂੰਘਾ ਹੈ ਕਿ ਉਹ ਸਮਝਣ ਲੱਗ ਪਏ ਹਨ ਕਿ ਉਹ ਇਕ ਪੀੜਿਤ ਤੇ ਮਜ਼ਲੂਮ ਘੱਟ-ਗਿਣਤੀ ਹਨ। ਦੂਜੇ ਪਾਸੇ ਹਿੰਦੂਆਂ ਨੂੰ, ਬਿਨਾਂ ਕਿਸੇ ਛੋਟ ਦੇ ਇਸ ਪੱਖੋਂ ਰਾਹਤ ਮਿਲੀ ਹੈ ਕਿ ਬੀਤੇ ਦੋ ਸਾਲਾਂ ਦਾ ਸਿਰਾਂ ਉਤੇ ਲਟਕਦਾ ਖ਼ਤਰਾ ਦੂਰ ਹੋ ਗਿਆ ਹੈ। ਕਈ ਥਾਈਂ ਉਹਨਾਂ ਨੇ ਫ਼ੌਜੀ ਕਾਰਵਾਈ ਉਤੇ ਖ਼ੁਸ਼ੀ ਵੀ ਮਨਾਈ, ਪਰ ਬਹੁਤਿਆਂ ਨੂੰ ਭਾਵੇਂ ਇਹ ਤਸੱਲੀ ਹੋਈ ਕਿ ਫ਼ੌਜੀ ਕਾਰਵਾਈ ਨੇ ਦਹਿਸ਼ਤਪਸੰਦੀ ਨੂੰ ਦਬਾ ਦਿੱਤਾ ਹੈ, ਗੋਲਡਨ ਟੈਂਪਲ ਨੂੰ ਪੁੱਜੇ ਨੁਕਸਾਨ ਨੇ ਦੁਖੀ ਕੀਤਾ ਜਿਹੜਾ ਉਹਨਾਂ ਲਈ ਵੀ ਓਡਾ ਹੀ ਪਵਿੱਤਰ ਹੈ ਜਿਡਾ ਸਿੱਖਾਂ ਲਈ।

ਸਮਾਂ ਜ਼ਖ਼ਮਾਂ ਨੂੰ ਰਾਜ਼ੀ ਕਰ ਸਕਦਾ ਹੈ, ਪਰ ਬੀਤੇ ਨੂੰ ਪਿਛਾਂਹ ਹੀ ਛੱਡ ਦੇਣ ਲਈ ਚੇਤੰਨ ਜਤਨਾਂ ਦੀ ਲੋੜ ਹੈ। ਬੁਧੀਮਾਨ ਲੀਡਰਸ਼ਿਪ ਦੀ ਜ਼ਰੂਰਤ ਹੈ ਜਿਹੜੀ ਮੁੜ-ਸਿਰਜਣਾ ਦੇ ਅਮਲ ਨੂੰ ਗਤੀਸ਼ੀਲ ਕਰਨ ਲਈ ਪਹਿਲਕਦਮੀ ਤੋਂ ਕੰਮ ਲੈ ਸਕੇ। ਇਸ ਤਰ੍ਹਾਂ ਦੀ ਲੀਡਰਸ਼ਿਪ ਵੀ ਕਮਿਊਨਿਟੀ ਕੋਲ ਨਜ਼ਰ ਨਹੀਂ ਆਉਂਦੀ। ਦੋਵੇਂ ਹੀ ਬੀਤੇ ਨੂੰ ਜੱਫੀ ਪਾਈਂ ਬੈਠੀਆਂ ਹਨ ਤੇ ਇਕ ਦੂਜੇ ਉਤੇ ਦੋਸ਼

ਥੱਪੇ ਜਾ ਰਹੇ ਹਨ।

ਹਾਲ ਦੀ ਘੜੀ ਅਕਾਲੀ ਪਾਰਟੀ ਬੱਸ ਨਾਂ ਵਿਚ ਹੀ ਜਿਊਂਦੀ ਹੈ, ਇਹਦੇ ਬਹੁਤੇ ਸਿਖਰਲੇ ਆਗੂ ਬਦਨਾਮ ਹੋ ਚੁੱਕੇ ਹਨ ਜਾਂ ਜੇਲ੍ਹਾਂ ਵਿਚ ਹਨ। ਪਾਰਟੀ ਦੀ ਥਲਵੀਂ ਲੀਡਰਸ਼ਿਪ ਆਪਣੇ ਅਨੁਆਈਆਂ ਨੂੰ ਨਾਲ ਰੱਖਣ ਲਈ ਸਿੱਖਾਂ ਤੇ ਹਿੰਦੂਆਂ ਵਿਚਲੇ ਮਤਭੇਦਾਂ ਨੂੰ ਉਭਾਰਨ ਦਾ ਕੰਮ ਹੀ ਕਰ ਰਹੀ ਹੈ, ਸਿੱਖ ਸੰਸਥਾਵਾਂ ਵਲੋਂ ਪਾਸ ਕੀਤੇ ਗਏ ਮਤਿਆਂ ਵਿਚ 'ਨਿਰਦੋਸ਼ ਸਿੱਖਾਂ' ਦੀ ਮੌਤ ਉਤੇ ਤਾਂ ਅਫ਼ਸੋਸ ਪ੍ਰਗਟਾਇਆ ਗਿਆ ਹੈ, ਪਰ ਨਿਰਦੋਸ਼ ਹਿੰਦੂਆਂ ਦੇ ਮਾਰੇ ਜਾਣ ਦਾ ਜ਼ਿਕਰ ਤੱਕ ਨਹੀਂ ਹੁੰਦਾ। ਸ਼ਹੀਦੀ ਦਿਵਸ ਨੇ ਸਿਰਫ਼ ਸਿੱਖਾਂ ਦੀ ਯਾਦ ਨੂੰ ਹੀ ਨਿਵਾਜਿਆ ਜੋ ਫ਼ੌਜੀ ਕਾਰਵਾਈ ਦੇ ਦੌਰਾਨ ਮਾਰੇ ਗਏ। ਜੇ ਭਿੰਡਰਾਂਵਾਲੇ ਦੇ ਆਦਮੀਆਂ ਹੱਥੋਂ ਮਾਰੇ ਗਏ ਹਿੰਦੂਆਂ ਦੀ ਮੌਤ 'ਤੇ ਵੀ ਦੁੱਖ ਪ੍ਰਗਟਾਇਆ ਜਾਂਦਾ ਤਾਂ ਫਿਰਕੂ ਪ੍ਰਕਿਰਤੀ ਦਾ ਨਹੀਂ, ਸਗੋਂ ਪੰਜਾਬੀ ਪ੍ਰਕਿਰਤੀ ਦੇ ਇਕ ਨਵੇਂ ਕਾਂਡ ਦਾ ਸ਼੍ਰੀ ਗਣੇਸ਼ ਹੋ ਸਕਦਾ ਸੀ।

ਸਿੱਖ ਗ਼ੁੱਸੇ ਦੀ ਸੇਧ ਸ਼੍ਰੀਮਤੀ ਗਾਂਧੀ ਦੇ ਹੀ ਨਹੀਂ, ਸਗੋਂ ਹਿੰਦੂਆਂ ਦੇ ਵਿਰੁਧ ਵੀ ਹੈ, ਭਾਵੇਂ ਇਹਨਾਂ ਹਿੰਦੂਆਂ ਦਾ ਫ਼ੌਜਾਂ ਭੇਜਣ ਬਾਰੇ ਸਰਕਾਰ ਦੇ ਫ਼ੈਸਲੇ ਨਾਲ ਕੋਈ ਸੰਬੰਧ ਨਹੀਂ ਤੇ ਇਹੋ ਗੱਲ ਪ੍ਰਸਪਰ ਮੇਲ-ਮਿਲਾਪ ਦੇ ਅਮਲ ਨੂੰ ਵਧੇਰੇ ਮੁਸ਼ਕਲ ਬਣਾਉਂਦੀ ਹੈ। ਪੰਜਾਬ ਵਿਚ ਫ਼ੌਜ ਦੀ ਮੌਜੂਦਗੀ ਵੱਲ ਦੋਹਾਂ ਕਮਿਊਨਿਟੀਆਂ ਦਾ ਵਤੀਰਾ ਇਕ ਟੈਸਟ-ਕੇਸ ਰਿਹਾ ਹੈ। ਸਿੱਖ ਫ਼ੌਜ ਦੀ ਤੁਰਤ ਵਾਪਸੀ ਦੀ ਮੰਗ ਕਰਦੇ ਰਹੇ ਹਨ, ਹਿੰਦੂ ਫ਼ੌਜ ਨੂੰ ਇਥੇ ਰੱਖੀ ਰੱਖਣ ਦੀ ਹਿਮਾਇਤ ਕਰਦੇ ਰਹੇ ਹਨ, ਕਿਉਂਜੁ ਉਹਨਾਂ ਨੂੰ ਡਰ ਸੀ ਕਿ ਫ਼ੌਜ ਦੇ ਵਾਪਸ ਜਾਂਦਿਆਂ ਹੀ 'ਬਦਲੇ ਦੀਆਂ ਕਾਰਵਾਈਆਂ' ਸ਼ੁਰੂ ਹੋ ਜਾਣਗੀਆਂ।

ਹੋ ਸਕਦਾ ਸੀ ਕਿ ਸਿੱਖ, ਉਹ ਭਾਵੇਂ ਗ਼ੁੱਸੇ ਤੇ ਓਪਰਿਆਏ-ਹੋਏ ਹਨ, ਆਪਣਾ ਵਤੀਰਾ ਤਬਦੀਲ ਕਰ ਲੈਂਦੇ ਜੇਕਰ ਸਰਕਾਰ ਦੀ ਇਮਾਨਦਾਰੀ ਵਿਚ ਅਤੇ ਹਿੰਦੂਆਂ ਦੇ ਸੈਕੂਲਰਿਜ਼ਮ ਵਿਚ ਉਹਨਾਂ ਦਾ ਵਿਸ਼ਵਾਸ ਕਾਇਮ ਰਹਿੰਦਾ। ਹੁਣ ਦੋਹਾਂ ਕਮਿਊਨਿਟੀਆਂ ਨੂੰ ਆਪਣੇ ਆਪ ਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ : ਇਥੋਂ ਉਹਨਾਂ ਨੇ ਕਿਧਰ ਜਾਣਾ ਹੈ ? ਹਿੰਦੂ ਸਮਝਣ ਲੱਗੇ ਹਨ ਕਿ ਫ਼ੌਜ ਕੋਈ ਉੱਤਰ ਨਹੀਂ ਅਤੇ ਜੇ ਇਹਨੂੰ ਅਨਿਸਚਿਤ ਕਾਲ ਲਈ ਰੱਖਿਆ ਗਿਆ ਤਾਂ ਹੋ ਸਕਦਾ ਹੈ ਇਹਦੀ ਕਾਰਗਰਤਾ ਹੀ ਉਡ-ਪੁਡ ਜਾਵੇ ਅਤੇ ਫਿਰਕੂ ਮਾਮਲਿਆਂ ਵਿਚ ਉਲਝ ਜਾਵੇ। ਪਰ ਪੰਜਾਬੀ ਹਿੰਦੂ ਵਰਤਮਾਨ ਸਿੱਖ ਲੀਡਰਸ਼ਿਪ ਨਾਲ ਕੋਈ ਇਕਸੁਰਤਾ ਕਾਇਮ ਨਹੀਂ ਕਰ ਸਕਦੇ, ਇਸੇ ਕਾਰਨ ਦੋਵੇਂ ਕਮਿਊਨਿਟੀਆਂ ਇਕ ਦੂਜੇ ਤੋਂ ਦੂਰ-ਦੂਰ ਖੜੀਆਂ ਹਨ।

ਸੁਝਾਉ ਦਿੱਤਾ ਗਿਆ ਹੈ ਕਿ ਚੰਗੇਰੀਆਂ ਆਰਥਕ ਹਾਲਤਾਂ ਸਿੱਖਾਂ ਤੇ ਹਿੰਦੂਆਂ ਦੋਹਾਂ ਦਾ ਧਿਆਨ ਉਹਨਾਂ ਦੇ ਤੁੱਛ ਧਾਰਮਿਕ ਮਤਭੇਦਾਂ ਵਲੋਂ ਲਾਂਭੇ ਲਿਜਾ ਸਕਦੀਆਂ ਹਨ, ਪਰ ਪੰਜਾਬ ਸਦਾ ਹੀ ਸਾਡੇ ਦੇਸ਼ ਵਿਚ ਇਕ ਅੱਤ ਖ਼ੁਸ਼ਹਾਲ ਰਾਜ ਰਿਹਾ ਹੈ। ਪੰਜਾਬ ਵਿਖੇ ਸਾਵੇ ਇਨਕਲਾਬ ਦਾ ਅਧਿਅਨ ਜੋ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਜੀ.ਐਸ. ਭੱਲਾ ਅਤੇ ਜੀ.ਕੇ. ਚੱਡਾ ਨੇ ਕੀਤਾ ਹੈ, ਇਹ ਤੱਥ ਪੇਸ਼ ਕਰਦਾ ਹੈ :

'ਸਿੰਜਾਈ ਹੇਠ ਸਮੁੱਚੇ ਤੇ ਨਿਰੋਲ ਰਕਬਿਆਂ ਦੇ ਪੱਖੋਂ, ਪੰਜਾਬ ਨੂੰ ਸਦਾ ਹੀ ਸਮੁੱਚੇ ਰਾਸ਼ਟਰ ਨੂੰ ਪ੍ਰਾਪਤ ਸਹੂਲਤਾਂ ਨਾਲੋਂ ਤਿੰਨ ਗੁਣਾ ਸਹੂਲਤਾਂ ਮਿਲਦੀਆਂ ਰਹੀਆਂ ਹਨ, 1965-66 ਅਤੇ

1978-79 ਵਿਚਲੇ ਦੌਰ ਵਿਚ ਫ਼ਸਲ-ਹੇਠਲੇ ਰਕਬੇ ਦੇ ਪ੍ਰਤੀ ਏਕੜ ਪਿੱਛੇ ਖਾਦਾਂ ਦੀ ਵਰਤੋਂ ਪੰਜਾਬ ਵਿਚ 8.84 ਕਿਲੋਗਰਾਮ ਤੋਂ ਵਧ ਕੇ 90.96 ਕਿਲੋਗਰਾਮ ਹੋ ਗਈ ਜਦ ਕਿ ਭਾਰਤ ਵਿਚ ਇਹ ਵਾਧਾ 4.90 ਕਿਲੋਗਰਾਮ ਤੋਂ ਵਧ ਕੇ ਸਿਰਫ਼ 29.80 ਕਿਲੋਗਰਾਮ ਦਾ ਸੀ, 1972 ਵਿਚ ਪੰਜਾਬ ਵਿਚ ਬੀਜੇ ਹੋਏ ਹਰ 102 ਹੈਕਟੇਅਰ ਪਿੱਛੇ ਇਕ ਟਰੈਕਟਰ ਸੀ ਜਦ ਕਿ ਰਾਸ਼ਟਰੀ ਪੱਧਰ ਉਤੇ 922 ਹੈਕਟੇਅਰ ਪਿੱਛੇ ਇਕ ਸੀ।

1972 ਵਿਚ ਹੀ ਪੰਜਾਬ ਵਿਚ ਬਿਜਾਈ ਹੇਠਲੇ ਹਰ 14 ਹੈਕਟਰ ਪਿੱਛੇ ਇਕ ਟਿਊਬਵੈੱਲ ਸੀ, ਜਦ ਕਿ ਭਾਰਤ ਵਿਚ 43 ਹੈਕਟਰ ਪਿੱਛੇ ਇਕ ਸੀ। ਪੰਜਾਬ ਵਿਚ ਸਮੁੱਚੀ ਬਿਜਲੀ ਦਾ 43 ਫੀਸਦੀ ਖੇਤੀਬਾੜੀ ਦੇ ਲੇਖੇ ਲੱਗਦਾ ਹੈ ਜਦ ਕਿ ਭਾਰਤ ਵਿਚ ਇਹ ਫੀਸਦੀ ਸਿਰਫ਼ 12 ਹੈ, ਫ਼ਸਲ ਹੇਠਲੇ ਹਰ ਹੈਕਟੇਅਰ ਪਿੱਛੇ, ਪੰਜਾਬ ਦੇ ਕਾਸ਼ਤਕਾਰ ਨੂੰ ਉਸ ਨਾਲੋਂ ਦੂਣਾ ਸਹਿਕਾਰੀ ਕਰਜ਼ਾ ਮਿਲਦਾ ਹੈ ਜਿੰਨਾ ਰਾਸ਼ਟਰੀ ਪੱਧਰ ਉਤੇ ਉਹਦੇ ਪ੍ਰਤੀਰੂਪ ਨੂੰ ਮਿਲਦਾ ਹੈ, ਜਦ ਕਿ 1960-61 ਵਿਚ ਇਸ ਸੰਬੰਧ ਵਿਚ ਕੋਈ ਫ਼ਰਕ ਨਹੀਂ ਸੀ, ਪੰਜਾਬ ਵਿਚ ਕੁਲ ਜ਼ਰਾਇਤੀ ਪੈਦਾਵਰ 1950-51, 1965-66 ਦੇ ਦੌਰ ਵਿਚ 4.54 ਫੀਸਦੀ ਸਾਲਾਨਾ ਦੀ ਦਰ ਨਾਲ ਵਧੀ ਜਦ ਕਿ ਰਾਸ਼ਟਰੀ ਪੈਮਾਨੇ 'ਤੇ ਇਹ ਦਰ 2.36 ਫੀਸਦੀ ਰਹੀ। 1965-66 ਤੋਂ 1977-78 ਦੇ ਦੌਰ ਵਿਚ ਪੰਜਾਬ ਰਾਜ ਵਿਚ ਪੈਦਾਵਰ ਵਿਚ ਸਾਲਾਨਾ ਵਾਧੇ ਦੀ ਦਰ 8.38 ਫੀਸਦੀ ਰਹੀ ਜਦ ਕਿ ਸਮੁੱਚੇ ਦੇਸ਼ ਵਿਚ ਇਹ ਦਰ 4 ਫੀਸਦੀ ਰਹੀ।

'ਉਦਯੋਗ ਵਿਚ ਵਾਧਾ ਵੀ ਕਾਫ਼ੀ ਪ੍ਰਭਾਵਸ਼ਾਲੀ ਰਿਹਾ। 1960-61—1977-78 ਦੇ ਦੌਰ ਵਿਚ ਇਸ ਸੈਕਟਰ ਵਿਚ ਵਾਧੇ ਦੀ ਦਰ 6.87 ਫੀਸਦੀ ਰਹੀ। ਇਹਨਾਂ ਸਭਨਾਂ ਤੱਤਾਂ ਦੇ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ 1960-61 ਤੋਂ 1977-78 ਤੱਕ ਦੇ ਪੂਰੇ ਦੌਰ ਵਿਚ ਪੰਜਾਬ ਵਿਚ ਜੀ-ਪ੍ਰਤੀ ਆਮਦਨ 3.17 ਫੀਸਦੀ ਵਧੀ ਜਦ ਕਿ ਸਮੁੱਚੇ ਭਾਰਤ ਵਿਚ 1.21 ਫੀਸਦੀ ਵਧੀ।'

ਸਮੱਸਿਆ ਦਾ ਕੇਂਦਰਿਕ ਆਰਥਕ ਨਹੀਂ, ਸਗੋਂ ਰਾਜਸੀ ਹੈ ਅਤੇ ਰਾਜਸੀ ਮਸਲੇ ਤਾਕਤ ਦੇ ਜ਼ੋਰ ਨਹੀਂ ਨਜਿਠੇ ਜਾ ਸਕਦੇ। ਨਾ ਹੀ ਅਕਾਲੀ ਲੀਡਰਸ਼ਿਪ ਨੂੰ ਮਲੀਆਮੇਟ ਕੀਤਾ ਜਾ ਸਕਦਾ ਹੈ ਜਿਸ ਦੀ ਆਸ ਕਿ ਸ਼੍ਰੀਮਤੀ ਗਾਂਧੀ ਨੂੰ ਸੀ। ਫ਼ੌਜੀ ਕਾਰਵਾਈ ਪਿਛੋਂ, ਉਹ ਨਹੀਂ ਸੀ ਚਾਹੁੰਦੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਲੀਡਰਸ਼ਿਪ ਨੂੰ ਪ੍ਰਮੁਖਤਾ ਹਾਸਲ ਰਹੇ। ਉਹ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕੋ ਸਿੱਕੇ ਦੇ ਦੋ ਪਾਸੇ ਸਮਝਦੀ ਸੀ।

ਸਿੱਖ ਲੀਡਰਸ਼ਿਪ ਵਿਚ ਪੈਦਾ ਹੋਈ ਖ਼ਲਾ ਸਿਰਫ਼ ਅੱਤਵਾਦੀਆਂ ਦੀ ਹੀ ਸਹਾਈ ਹੋ ਸਕਦੀ ਹੈ ਅਤੇ ਲੌਂਗੋਵਾਲ, ਬਾਦਲ ਤੇ ਬਰਨਾਲਾ ਵਰਗੇ ਮਾਡਰੇਟ ਅਕਾਲੀ ਆਗੂਆਂ ਦੀ ਆਪਣੀ ਹਿਮਾਇਤ ਗੁਆ ਬਹਿਣ ਦੀ ਸੰਭਾਵਨਾ ਨੂੰ ਖ਼ਤਰਨਾਕ ਸਮਝਣਾ ਚਾਹੀਦਾ ਹੈ, ਕਿਉਂਕਿ ਇਹਦਾ ਬਦਲ ਬਸ ਇਕ ਹੋਰ ਭਿੰਡਰਾਂਵਾਲਾ ਹੀ ਹੋਵੇਗਾ।

ਪਾਕਿਸਤਾਨ ਦਾ ਜਰਨੈਲ ਜ਼ਿਆ ਵੀ ਚਿਰੋਕਣਾ ਸਾਹਮਣੇ ਰਿਹਾ ਹੈ, ਖ਼ਾਸ ਤੌਰ 'ਤੇ ਗੋਲਡਨ ਟੈਂਪਲ ਵਿਚ ਫ਼ੌਜੀ ਕਾਰਵਾਈ ਤੋਂ ਬਾਅਦ ਨਵੀਂ ਦਿੱਲੀ ਦੀ ਸੂਚਨਾ ਅਨੁਸਾਰ ਕਈ ਅਜਿਹੇ ਸਿੱਖ ਫੜੇ ਗਏ ਹਨ ਜਿਹੜੇ ਪਾਕਿਸਤਾਨ ਗਏ ਤੇ ਉਥੋਂ ਹਥਿਆਰ ਲੈ ਕੇ ਮੁੜੇ। ਉਹਨਾਂ ਵਿਚੋਂ ਕੁਝ ਨੇ ਮੰਨਿਆ ਹੈ ਕਿ ਲਾਹੌਰ ਵਿਖੇ ਟਰੇਨਿੰਗ ਕੈਂਪ ਮੌਜੂਦ ਹਨ। ਜ਼ਿਆ ਦੀਆਂ ਖ਼ੁਦ ਆਪਣੀਆਂ

ਮਜਬੂਰੀਆਂ ਹਨ, ਪਰ ਉਹ ਉਚਿਰ ਹੀ ਮਹੱਤਾ ਰੱਖਦਾ ਹੈ ਜਿਚਿਰ ਮਾਡਰੇਟ ਅਕਾਲੀ ਲੀਡਰਸ਼ਿਪ ਨੂੰ ਲਾਂਭੇ ਰੱਖਿਆ ਜਾਂਦਾ ਹੈ।

ਜਦੋਂ ਅਕਾਲੀਆਂ ਨੇ ਅਨੰਦਪੁਰ ਸਾਹਿਬ ਮਤੇ ਵਿਚ ਤਰਮੀਮ ਕਰਕੇ ਇਹ ਮੰਨ ਲਿਆ ਸੀ ਕਿ ਇਹ ਅਸਲ ਵਿਚ ਕੇਂਦਰ-ਰਾਜਕੀ ਸੰਬੰਧਾਂ ਬਾਰੇ ਹੀ ਹੈ ਤਾਂ ਹੱਲ ਲੱਭਣਾ ਸੌਖਾ ਹੋਣਾ ਚਾਹੀਦਾ ਸੀ। ਅਕਾਲੀ ਮੰਗਾਂ, ਜਿਨ੍ਹਾਂ ਨੂੰ ਉਹਨਾਂ ਨੇ ਸਿੱਖ ਮੰਗਾਂ ਬਣਾ ਦਰਸਾਇਆ, ਦਰਿਆਈ ਪਾਣੀਆਂ, ਚੰਡੀਗੜ੍ਹ ਜਾਂ ਹੋਰ ਇਲਾਕੇ ਦੇ ਪ੍ਰਸੰਗ ਵਿਚ ਅਸਲੋਂ ਹੀ ਪੰਜਾਬੀ ਮੰਗਾਂ ਹਨ ਤੇ ਇਸ ਸੂਰਤ ਵਿਚ ਇਹਨਾਂ ਤੋਂ ਰਾਜ ਵਿਚ ਰਹਿੰਦੇ ਹਿੰਦੂਆਂ ਤੇ ਸਿੱਖਾਂ ਨੂੰ ਸਮਾਨ ਲਾਭ ਪੁੱਜਦਾ ਹੈ।

ਇਹ ਸਮਾਂ ਇਸ ਉਤੇ ਜ਼ੋਰ ਦੇਣ ਦਾ ਨਹੀਂ ਕਿ ਅਕਾਲੀ ਧਰਮ ਤੇ ਰਾਜਨੀਤੀ ਨੂੰ ਇਕ ਦੂਜੇ ਵਿਚ ਨਾ ਮਿਲਾਉਣ। ਅਕਾਲੀ ਪਾਰਟੀ ਤੇ ਸਿੱਖ ਕਮਿਊਨਿਟੀ ਵੀ ਆਪਣੇ ਬਾਰੇ ਏਡੀ ਗ਼ੈਰ-ਯਕੀਨੀ ਹੈ ਕਿ ਉਹ ਅਜਿਹਾ ਕੁਝ ਨਹੀਂ ਕਰ ਸਕਦੀ ਜਿਸ ਨੂੰ ਅੱਤਵਾਦੀਏ ਰਿਆਇਤ ਦੇਣਾ ਆਖਣ। ਅਕਾਲੀਆਂ ਨੂੰ ਤੇ ਸਿੱਖ ਬੁਧੀਜੀਵੀਆਂ ਨੂੰ ਤਾਂ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਮੁੜ ਉਸ ਕਿਸਮ ਦੀ ਰਾਜਨੀਤੀ ਵੱਲ ਪਰਤਿਆ ਜਾਵੇ ਜਿਹੜੀ ਸਿੱਖਾਂ ਦੇ ਜਜ਼ਬਾਤਾਂ ਨੂੰ ਹੀ ਟੁੰਬਦੀ ਹੈ, ਕੀ ਉਹਨਾਂ ਦੀ ਅਪੀਲ ਦੀ ਸੇਧ ਸਭਨਾਂ ਪੰਜਾਬੀਆਂ ਵੱਲ ਨਾ ਹੋਵੇ ਅਤੇ ਸਿੱਖਾਂ ਤੇ ਹਿੰਦੂਆਂ ਵਿਚ ਕੋਈ ਫ਼ਰਕ ਨਾ ਕਰੇ ?

ਹੋ ਸਕਦਾ ਹੈ, ਅਜੇ ਲੰਮੇ ਚਿਰ ਤੱਕ ਅਜਿਹਾ ਨਾ ਕੀਤਾ ਜਾ ਸਕੇ, ਕਿਉਂਕਿ ਦੋਹਾਂ ਕਮਿਊਨਿਟੀਆਂ ਦੇ ਵਤੀਰਿਆਂ ਵਿਚ ਢੇਰ ਫ਼ਰਕ ਹੈ। ਫ਼ੌਜੀ ਭਗੌੜਿਆਂ ਦਾ ਸਵਾਲ ਵੀ ਗੰਭੀਰ ਮਸਲੇ ਪੈਦਾ ਕਰ ਸਕਦਾ ਹੈ। ਹਿੰਦੂ ਆਮ ਤੌਰ 'ਤੇ ਕੋਈ ਨਰਮੀ ਵਿਖਾਉਣਾ ਨਹੀਂ ਚਾਹੁੰਦੇ, ਕਿਉਂਕਿ ਉਹਨਾਂ ਦੇ ਖ਼ਿਆਲ ਵਿਚ ਭਗੌੜਾ ਬਸ ਭਗੌੜਾ ਹੀ ਹੈ, ਪਰ ਸਿੱਖ ਸਮਝਦੇ ਹਨ ਕਿ ਹਾਲਾਤ ਹੀ ਅਜਿਹੇ ਸਨ ਕਿ ਜਵਾਨ ਜਜ਼ਬਾਤੀ ਤੌਰ 'ਤੇ ਬੇਚੈਨ ਹੋ ਗਏ। ਦੋਹਾਂ ਕਮਿਊਨਿਟੀਆਂ ਕੋਲ ਕੋਈ ਸਬਰ ਨਹੀਂ—ਇਕ ਦੂਜੇ ਨੂੰ ਸਮਝਦ ਲਈ ਵੀ ਨਹੀਂ ਤੇ ਦੋਹਾਂ ਵਿਚ ਹੀ ਸਾਖ਼ ਵਾਲੇ ਲੋਕ ਟਾਵੇਂ-ਟਾਵੇਂ ਹੀ ਹਨ।

ਨਾਲੇ, ਸਥਿਤੀ ਨੂੰ ਬਹਾਲ ਕਰਨ ਦੇ ਜਤਨਾਂ ਵਿਚ ਸਰਕਾਰ ਵੀ ਇਮਾਨਦਾਰ ਨਹੀਂ, ਕਿਉਂਕਿ ਹਾਕਮ ਪਾਰਟੀ ਦੀਆਂ ਨਜ਼ਰਾਂ ਤਾਂ ਇਸ ਵੇਲੇ ਚੋਣ-ਪ੍ਰਾਪਤੀਆਂ ਉਤੇ ਹੀ ਟਿਕੀਆਂ ਹੋਈਆਂ ਹਨ। ਅਕਾਲੀ ਦਲ ਨਾਲ ਲੜਨ ਦੇ ਆਪਣੇ ਜਤਨ ਵਿਚ, ਜਿਹੜਾ ਰਾਜ ਵਿਚ ਉਹਦਾ ਰਾਜਸੀ ਸ਼ਰੀਕ ਹੈ। ਕਾਂਗਰਸ (ਆਈ) ਬੁੱਢਾ ਦਲ ਦੇ ਮੁਖੀ ਸੰਤਾ ਸਿੰਘ ਵਰਗੇ ਕੁਝ ਸਿੱਖ ਲੀਡਰਾਂ ਨੂੰ ਨਾਲ ਲੈ ਰਹੀ ਹੈ ਅਤੇ ਰਾਜ ਵਿਚ ਸੈਕੂਲਰ ਰਾਜਨੀਤੀ ਦੀ ਹੌਸਲਾਅਫ਼ਜ਼ਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।

ਤਾਕਤ ਦੇ ਬਲਬੂਤੇ ਦਾ ਅੰਦਾਜ਼ ਅਖ਼ਤਿਆਰ ਕਰਕੇ, ਜਿਵੇਂ ਕਿ ਗੋਲਡਨ ਟੈਂਪਲ ਵਿਚ ਪਬਲਿਕ ਵਰਕਸ ਡਿਪਾਰਟਮੈਂਟ ਵਲੋਂ ਕਰਵਾਈ ਗਈ ਕਾਰ ਸੇਵਾ ਦੇ ਸੰਬੰਧ ਵਿਚ ਕੀਤਾ ਗਿਆ, ਸਰਕਾਰ ਨੇ ਮੁੜ ਤਾਕਤ ਦੀ ਵਰਤੋਂ ਕੀਤੀ ਤੇ ਇਹ ਇਕ ਅਜਿਹਾ ਤੱਤ ਹੈ ਜੀਹਦੇ ਨਾਲ ਤੀਜੇ ਜਗਤ ਦੇ ਲੀਡਰਾਂ ਦਾ ਖ਼ਾਸ ਤੌਰ 'ਤੇ ਮੋਹ ਹੈ। ਇਸ ਸਿੱਟੇ ਨੂੰ ਟੈਰਰਿਸਟ ਅਫੈਕਟਡ ਏਅਰੀਆਜ਼ (ਸਪੈਸ਼ਲ ਕੋਰਟਸ) ਆਰਡੀਨੈਂਸ ਨਾਲ ਪੱਕਾ ਕਰ ਦਿੱਤਾ ਗਿਆ ਹੈ ਜਿਹੜਾ ਮੌਜੂਦਾ ਅਦਾਲਤਾਂ ਦੇ ਲਾਂਭਿਉਂ

ਵੀ ਲੰਘਦਾ ਹੈ ਅਤੇ ਇਹਦੇ ਅਧੀਨ ਦਹਿਸ਼ਤਪਸੰਦ ਨੇ ਹੀ ਸਾਬਤ ਕਰਨਾ ਹੈ ਕਿ ਉਹ ਦਹਿਸ਼ਤਪਸੰਦ ਨਹੀਂ ਹੈ। ਸਾਫ਼ ਤੌਰ 'ਤੇ ਕਾਂਗਰਸ (ਆਈ) ਨੇ ਸਿੱਖ ਵੋਟ ਨੂੰ ਆਪਣੀ ਵੋਟ ਨਹੀਂ ਸਮਝਿਆ, ਇਸੇ ਲਈ ਉਹ ਹਿੰਦੂ ਵੋਟ ਉਤੇ ਧਿਆਨ ਕੇਂਦਰਿਤ ਕਰ ਰਹੀ ਹੈ।

ਸਰਕਾਰ ਅਗਲੀਆਂ ਚੋਣਾਂ ਤੱਕ ਲੋਹੇ ਨੂੰ ਤਪਾਈ ਰੱਖਣਾ ਚਾਹੁੰਦੀ ਹੈ ਦਿੱਸਦੀ ਹੈ ਤਾਂ ਜੁ ਹਾਕਮ ਪਾਰਟੀ ਦੇਸ਼ ਦੀ ਹਿੰਦੂ-ਪੱਟੀ ਵਿਚ ਲਾਹਾ ਖੱਟ ਸਕੇ। ਇਹ ਦੁਖਾਂਤ ਹੈ ਕਿ 'ਮਲ੍ਹਮ ਲਾਉਣਾ' ਲਈ ਜਿਸ ਬਾਰੇ ਸ਼੍ਰੀਮਤੀ ਗਾਂਧੀ ਏਨੇ ਮੌਕਿਆਂ 'ਤੇ ਬੋਲੀ ਹੈ, ਕੋਈ ਅਮਲੀ ਜਤਨ ਨਹੀਂ ਕੀਤਾ ਜਾ ਰਿਹਾ ਤੇ ਹੋਰ ਵੀ ਵਧੇਰੇ ਦੁਖਾਂਤਕ ਇਹ ਹੈ ਕਿ ਸਿੱਖ ਕਮਿਊਨਿਟੀ ਇਹ ਨਹੀਂ ਸਮਝ ਰਹੀ ਕਿ ਨਾਟਕ ਦਾ ਵਿਲੇਨ (ਖਲਨਾਇਕ) ਹਿੰਦੂ ਨਹੀਂ, ਸਗੋਂ ਸਰਕਾਰ ਹੈ, ਜਾਂ ਵਧੇਰੇ ਸਹੀ ਤੌਰ 'ਤੇ ਹਾਕਮ ਪਾਰਟੀ ਹੈ।

ਕੋਹਾਲੀ ਅੰਮ੍ਰਿਤਸਰ ਲਾਗੇ ਇਕ ਛੋਟਾ ਜਿਹਾ ਪਿੰਡ ਹੈ। ਇਥੇ 250 ਘਰ ਹਨ, ਇਹਨਾਂ ਵਿਚੋਂ 35 ਹਿੰਦੂਆਂ ਦੇ ਤੇ ਬਾਕੀ ਦੇ ਸਿੱਖਾਂ ਦੇ ਹਨ। ਕੋਹਾਲੀ ਦੇ ਸਿੱਖ ਤੇ ਹਿੰਦੂ ਅਗਸਤ 1947 ਵਿਚ ਪਾਕਿਸਤਾਨ ਤੋਂ ਇਥੇ ਆ ਕੇ ਵੱਸੇ ਸਨ। ਭਿੰਡਰਾਂਵਾਲੇ ਦੇ ਆਦਮੀਆਂ ਨੇ ਜਦੋਂ ਮਾਸੂਮ ਲੋਕਾਂ ਨੂੰ ਮਾਰਨਾ ਆਰੰਭਿਆ ਤਾਂ ਇਸ ਸਮੇਂ ਝੁੱਲੀ ਤੱਤੀ ਹਵਾ ਨੇ ਕੋਹਾਲੀ ਦੇ ਸਿੱਖਾਂ ਤੇ ਹਿੰਦੂਆਂ ਵਿਚਲੇ ਸੰਬੰਧਾਂ ਨੂੰ ਪ੍ਰਭਾਵਤ ਨਾ ਕੀਤਾ, ਇਥੋਂ ਤੱਕ ਕਿ ਜਦੋਂ ਪਿੰਡ ਦੇ ਤਿੰਨ ਹਿੰਦੂ ਪਰਿਵਾਰ ਡਰ ਦੇ ਮਾਰੇ ਪਿੰਡ ਛੱਡ ਕੇ ਅੰਮ੍ਰਿਤਸਰ ਚਲੇ ਗਏ ਤਾਂ ਪਿੰਡ ਦੇ ਪੰਚ ਜਾ ਕੇ ਉਹਨਾਂ ਨੂੰ ਪਿੰਡ ਮੋੜ ਲਿਆਏ।

ਹੁਣ ਉਸੇ ਪਿੰਡ ਵਿਚ ਬੇਚੈਨੀ ਹੈ, ਦੋਵੇਂ ਕਮਿਊਨਿਟੀਆਂ ਦੁਜਾਇਗੀ ਦੀ ਅਵਸਥਾ ਵਿਚ ਹਨ ਅਤੇ ਇਥੋਂ ਦੇ ਹਿੰਦੂ ਤੇ ਸਿੱਖ ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਜਾਂ ਨਮਸਕਾਰ ਕਰਦੇ ਹਨ ਤਾਂ ਇਸ ਵਿਚ ਵੀ ਸਾਵਧਾਨੀ ਤੇ ਰੁਖਾਪਨ ਪਾਏ ਜਾਂਦੇ ਹਨ। ਹਿੰਦੂ ਤੇ ਸਿੱਖ ਦੋਵੇਂ ਇਸ ਤਰ੍ਹਾਂ ਜੀ-ਥੀ ਰਹੇ ਹਨ ਜਿਵੇਂ ਉਹ ਦੋ ਵੱਖ-ਵੱਖ ਜਗਤਾਂ ਦੇ ਜੀਵ ਹੋਣ ਅਤੇ ਕਰੀਬ-ਕਰੀਬ ਸਾਰਾ ਰਾਜ ਹੀ ਕੋਹਾਲੀ ਬਣਿਆ ਹੋਇਆ ਹੈ ਅਤੇ ਇਹੋ ਹੀ ਸਭ ਤੋਂ ਪਹਿਲਾਂ, ਪੰਜਾਬ ਦਾ ਦੁਖਾਂਤ ਹੈ।

★

ISBN 93-82289-17-3